ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

The Motto of Our University
(SEWA)
SKILL ENHANCEMENT
EMPLOYABILITY
WISDOM
ACCESSIBILITY

SELF-INSTRUCTIONAL STUDY MATERIAL FOR JGND PSOU

## JAGAT GURU NANAK DEV
## PUNJAB STATE OPEN UNIVERSITY, PATIALA
(Established by Act No. 19 of 2019 of the Legislature of State of Punjab)

# CERTIFICATE COURSE ON VALUES AND LEARNING OF SIKHISM

## SEMESTER I

## CISE-1

# VALUES AND VIRTUES

Head Quarter:C/28, The Lower Mall, Patiala-147001
Website: www.psou.ac.in

ALL COPYRIGHTS WITH JGND PSOU, PATIALA

The Study Material has been prepared exclusively under the guidance of Jagat Guru Nanak Dev Punjab State Open University, Patiala, as per the syllabi prepared by Committee of Experts and approved by the Academic Council.

The University reserves all the copyrights of the study material. No part of this publication may be reproduced or transmitted in any form.

**COURSE COORDINATOR AND EDITOR:**

Sukhdev Singh
Assistant Professor
School of Religious Studies
Jagat Guru Nanak Dev Punjab State Open University

**LIST OF CONSULTANTS/ CONTRIBUTORS**

| Sr. No. | Name |
|---|---|
| 1 | Dr. Jaswinder Singh |
| 2 | Dr. Tejindepal Singh |
| 3 | Dr. Palwinder Kaur |

**JAGAT GURU NANAK DEV PUNJAB STATE OPEN UNIVERSITY, PATIALA**
**(Established by Act No. 19 of 2019 of the Legislature of State of Punjab)**

# PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 10 Learner Support Centres/Study Centres, to enable students to make use of reading facilities, and for curriculum-based co nselling and practicals. We, at the University, welcome you to be a part of this instituition of knowledge.

Prof. Anita Gill
Dean Academic Affairs

# Syllabus

## Values and Virtues

## CISE 1

**Total Marks: 100**
**External Marks: 70**
**Internal Marks: 30**
**Credits: 6**
**Pass Percentage: 35%**

### SECTION A

Nature and classification of values intrinsic and instrumental, Spiritual and Secular values, Education and Political values, Wisdom, Justice, Courage,

### SECTION B

Nam, Dan, Ishnan, Truthfulness, Humility, Contentment, Protecting of Environment

**JAGAT GURU NANAK DEV PUNJAB STATE OPEN UNIVERSITY, PATIALA**

**(Established by Act No. 19 of 2019 of the Legislature of State of Punjab)**

# CISE-1: Values and Virtues

**COURSE COORDINATOR AND EDITOR: SUKHDEV SINGH**

| UNIT NO. | UNIT NAME |
|---|---|
| UNIT 1 | Nature and classification of values intrinsic and instrumental, |
| UNIT 2 | Spiritual and Secular Values |
| UNIT 3 | Education and Political Values |
| UNIT 4 | Wisdom |
| UNIT 5 | Justice |
| UNIT 6 | Courage |
| UNIT 7 | Nam |
| UNIT 8 | Dan |
| UNIT 9 | Truthfullness |
| UNIT 10 | Humility |
| UNIT 11 | Contentment |
| UNIT 12 | Protecting of Environment |

## PROGRAMME: CERTIFICATE COURSE ON VALUE AND LEARNING OF SIKHISM

**COURSE: VALUES AND VIRTUES**

**SEMESTER-I**

---

## UNIT I - NATURE AND CLASSIFICATION OF VALUES

---

**STRUCTURE**

1.0 ਉਦੇਸ਼

1.1 ਜਾਣ-ਪਛਾਣ

1.2 ਕੀਮਤ ਮੀਮਾਂਸਾ: ਘੇਰਾ ਅਤੇ ਵਰਗੀਕਰਨ

1.2.1 ਕੀਮਤ ਮੀਮਾਂਸਾ ਦਾ ਘੇਰਾ

1.2.2 ਕੀਮਤਾਂ ਦਾ ਵਰਗੀਕਰਨ

1.3 ਵਿਅਕਤੀਗਤ ਕੀਮਤਾਂ ਅਤੇ ਸਮਾਜਕ ਕੀਮਤਾਂ

1.3.1 ਵਿਅਕਤੀਗਤ ਕੀਮਤਾਂ

1.3.2 ਸਮਾਜਕ ਕੀਮਤਾਂ

1.4 ਅੰਦਰੂਨੀ ਅਤੇ ਸਾਧਨੀ ਕੀਮਤਾਂ

1.4.1 ਅੰਦਰੂਨੀ ਕੀਮਤਾਂ

1.4.2 ਸਾਧਨੀ ਕੀਮਤਾਂ

1.5 ਧਰਮ ਅਤੇ ਕੀਮਤਾਂ ਦਾ ਸੰਬੰਧ

1.6 ਸਿੱਖ-ਕੀਮਤਾਂ

1.7 ਸਾਰ

1.8 ਵਿਸਤਾਰ ਵਿਚ ਪੜ੍ਹਣਯੋਗ ਪੁਸਤਕਾਂ

1.9 ਅਭਿਆਸ ਲਈ ਪ੍ਰਸ਼ਨ

1.0 **ਉਦੇਸ਼**

- ਕੀਮਤਾਂ ਦੇ ਸੁਭਾਅ ਅਤੇ ਵਰਗਵੰਡ ਦੀ ਪਛਾਣ ਕਰਨੀ।
- ਅੰਦਰੂਨੀ ਅਤੇ ਬਾਹਰੀ ਕੀਮਤਾਂ ਬਾਰੇ ਜਾਣਨਾ।
- ਸਿੱਖ ਧਰਮ ਦੀਆਂ ਕੀਮਤਾਂ ਬਾਰੇ ਸਮਝਣਾ।

1.1 **ਜਾਣ-ਪਛਾਣ**

ਕੀਮਤਾਂ ਉਨ੍ਹਾਂ ਕਦਰਾਂ ਜਾਂ ਮਾਨਤਾਵਾਂ ਨੂੰ ਆਖਦੇ ਹਨ, ਜੋ ਕਿ ਕਿਸੇ ਵਿਸ਼ਵਾਸ ਜਾਂ ਗੁਣਾਂ ਨੂੰ ਮੁੱਲ ਪ੍ਰਦਾਨ ਕਰਦੇ ਹਨ। ਕੀਮਤ ਤੋਂ ਇਹ ਭਾਵ ਵੀ ਹੋ ਸਕਦਾ ਹੈ ਕਿ ਉਹ ਗੁਣ ਜਾਂ ਸੰਸਕਾਰ ਜੋ ਕਿ ਕਿਸੇ ਸਭਿਆਚਾਰ, ਮੁੱਲਕ ਜਾਂ ਧਰਮ ਦੇ ਅਨੁਸਾਰ ਜਰੂਰੀ ਹੋਣ। ਕੀਮਤ-ਮੀਮਾਂਸਾ ਦਰਸ਼ਨ-ਸ਼ਾਸਤਰ ਦੇ ਤਿੰਨ ਮੁੱਖ ਅੰਗਾਂ ਵਿਚੋਂ ਇਕ ਹੈ। ਤੱਤ ਮੀਮਾਂਸਾ ਅਤੇ ਗਿਆਨ ਮੀਮਾਂਸਾ ਦਰਸ਼ਨ-ਸ਼ਾਸ਼ਤਰ ਪਹਿਲੇ ਦੋ ਭਾਗ ਹਨ। ਕੀਮਤ-ਮੀਮਾਸਾਂ ਦਾ ਸੰਬੰਧ ਮਨੁੱਖ ਦੀਆਂ ਵਿਵਹਾਰਕ ਨੀਤੀਆਂ ਹਨ, ਜਿਨ੍ਹਾਂ ਰਾਹੀਂ ਜੀਵਨ-ਮੁੱਲਾਂ ਨੂੰ ਨਿਰਧਾਰਤ ਕਰਦਾ ਹੋਇਆ ਆਪਣੇ ਸਮਾਜ ਦੀ ਸਿਰਜਣਾ ਲਈ ਨਿਯਮ ਘੜਦਾ ਹੈ। ਇਹ ਨਿਯਮ ਮਨੁੱਖ ਅਤੇ ਸਮਾਜ ਦੇ ਆਪਣੀ ਰਿਸ਼ਤੇ ‘ਤੇ ਆਧਾਰਤ ਹੁੰਦੇ ਹਨ , ਜਿਸ ਵਿਚ ਮਨੁੱਖ ਅਤੇ ਸਮਾਜ ਦੀ ਕੁਝ ਪਰਮ-ਉਦੇਸ਼ ਮਿਥੇ ਜਾਂਦੇ ਹਨ, ਜਿਨ੍ਹਾਂ ਦੀ ਕਈ ਪ੍ਰਕਾਰ ਦੀ ਵੰਡ ਹੈ। ਕੀਮਤਾਂ ਦਰਸ਼ਨਮਈ ਵਿਧੀਆਂ ਵਿਚੋਂ ਪੈਦਾ ਹੋਏ ਗਿਆਨ-ਸ਼ਾਸਤਰ ਰਾਹੀਂ ਮਨੁੱਖੀ ਸੁਭਾਅ ਨੂੰ ਦਿਸ਼ਾ ਦੇਣ ਦਾ ਕੰਮ ਵੀ ਕਰਦੀਆਂ ਹਨ। ਪਹਿਲਾਂ ਭਾਵੇਂ ਨੈਤਿਕ-ਸ਼ਾਸਤਰ ਨੂੰ ਦਰਸ਼ਨ ਸ਼ਾਸਤਰ ਦਾ ਤੀਜਾ ਅੰਗ ਮੰਨਿਆ ਜਾਂਦਾ ਸੀ, ਪਰ ਨੈਤਿਕ-ਸ਼ਾਸਤਰ ਅਤੇ ਸਦਾਚਾਰ ਨੂੰ ਵੀ ਮੁੱਲ ਕੀਮਤਾਂ ਹੀ ਪ੍ਰਦਾਨ ਕਰਦੀਆਂ ਹਨ। ਕੀਮਤਾਂ ਮਨੁੱਖੀ ਜੀਵਨ ਦੇ ਹਰ ਇਕ ਵਿਸ਼ੇ ਨਾਲ ਸੰਬੰਧਤ ਹਨ ਅਤੇ ਉਹਨਾਂ ਅਨੁਸਾਰ ਇਸਦੇ ਅਧਿਐਨ ਅਤੇ ਸਮਝ ਲਈ ਕਈ ਭਾਗ ਵੰਡੇ ਜਾਂਦੇ ਹਨ ਅਤੇ ਵਿਸ਼ੇ ਨੂੰ ਵਿਸੱਤਾਰ ਦਿੱਤਾ ਜਾਂਦਾ ਹੈ।

1.2 **ਕੀਮਤ ਮੀਮਾਂਸਾ: ਘੇਰਾ ਅਤੇ ਵਰਗੀਕਰਣ**

ਕੀਮਤ-ਮੀਮਾਂਸਾ ਦਾ ਘੇਰਾ ਬਹੁਤ ਵਿਸਤਰਿਤ ਹੈ। ਮਨੁੱਖ ਦੇ ਜੀਵਨ ਨਾਲ ਜੁੜੇ ਹਰ ਇਕ ਵਿਸ਼ੇ ਅਤੇ ਖੇਤਰ ਵਿਚ ਕੀਮਤਾਂ ਦੀ ਮਹੱਤਵਪੂਰਣ ਭੂਮਿਕਾ ਹੈ। ਵਿਸ਼ੇ ਦੇ ਸੁਭਾਅ ਅਤੇ ਸਰੂਪ ਕਰਕੇ ਕੀਮਤਾਂ ਵਿਚ ਫਰਕ ਵੀ ਦਿਖਾਈ ਦਿੰਦੇ ਹਨ। ਕੀਮਤਾਂ ਆਪਾ ਵਿਰੋਧੀ ਵੀ ਹੁੰਦੀਆਂ ਹਨ। ਕਿਸੇ ਇਕ ਮਨੁੱਖ, ਸਮਾਜ, ਖੇਤਰ ਆਦਿ ਨਾਲ ਸੰਬੰਧਤ ਕੀਮਤ ਕਿਸੇ ਹੋਰ ਵਿਅਕਤੀ, ਸਮਾਜ ਜਾਂ ਖੇਤਰ ਦੇ ਸਥਾਪਤ ਆਦਰਸ਼ ਤੋਂ ਉਲਟ ਵੀ ਹੋ ਸਕਦੀ ਹੈ ਪਰ ਆਮ ਤੌਰ ‘ਤੇ ਕੁਝ ਕੀਮਤਾਂ ਵਿਸ਼ਵ-ਵਿਆਪੀ ਹੁੰਦੀਆਂ ਹਨ ਜਿਵੇਂ ਕਿ ਇਮਾਨਦਾਰੀ, ਸਚਾਈ ਆਦਿ।

1.2.1 **ਕੀਮਤ ਮੀਮਾਂਸਾ ਦਾ ਘੇਰਾ**

ਕੀਮਤਾਂ ਹਰ ਉਸ ਵਿਸ਼ੇ ਅਤੇ ਵਿਵਹਾਰ ਨੂੰ ਆਪਣੇ ਘੇਰੇ ਵਿਚ ਲਿਆਂਦੀਆਂ ਹਨ, ਜੋ ਸਮਾਜ ਅਤੇ ਮਨੁੱਖ ਨਾਲ ਸਬੰਧਿਤ ਹੈ। ਕੀਮਤਾਂ ਦਾ ਮੁੱਖ ਕਾਰਜ ਮਨੁੱਖ ਦੇ ਅੰਤਰੀਵ ਜਾਂ ਆਪੇ ਵਿਚ ਕੁਝ ਧਾਰਨਾਵਾਂ, ਜੋ ਕਿ ਸਰਵਵਿਆਪੱਖ ਗੁਣ ਦੇ ਤੌਰ ‘ਤੇ ਸਥਾਪਤ ਹੁੰਦੀਆਂ ਹਨ, ਨੂੰ ਹੌਲੀ-ਹੌਲੀ ਵੱਖ-ਵੱਖ ਵਿਧੀਆਂ ਰਾਹੀਂ ਵਸਾਉਣਾ ਹੁੰਦਾ ਹੈ ਜਾਂ ਸਥਾਪਤ ਕਰਨਾ ਹੁੰਦਾ ਹੈ। ਇਸਦੇ ਨਾਲ ਹੀ ਕੁਝ ਕਾਰਜਾਂ ਜਾਂ ਗਤੀਵਿਧੀਆਂ ਸੰਬੰਧੀ ਸਾਵਧਾਨ ਕਰਨਾ ਵੀ ਹੁੰਦਾ ਹੈ, ਜੋ ਮਨੁੱਖ ਅਤੇ ਸਮਾਜ ਵਾਸਤੇ ਤਰੁੰਤ ਜਾਂ ਲੰਬੇ ਸਮੇਂ ਵਿਚ ਹਾਨੀਕਾਰਕ ਹੋ ਸਕਦੀਆਂ ਹਨ। ਇਸ ਸਭ ਦਾ ਮੁੱਲ ਉਦੇਸ਼ ਮਨੁੱਖ ਦੇ ਵਿਵਹਾਰ ਨੂੰ ਨਿਸ਼ਚਤ ਸੰਸਕਾਰਾਂ ਵਿਚ ਢਾਲਿਆ ਜਾ ਸਕੇ। ਕਿਸੇ ਵੀ ਕਰਤਵ ਨੂੰ ਮੁੱਲ ਜਾਂ ਪ੍ਰਮਾਣਕ ਕਿਵੇਂ ਕੀਤਾ ਜਾਵੇ, ਇਹ ਕੀਮਤ-ਮੀਮਾਂਸਾ ਰਾਹੀਂ ਵਾਚਿਆ ਜਾਂਦਾ ਹੈ। ਕੀਮਤਾਂ ਦਾ ਅਧਿਐਨ ਮੁੱਖ ਤੌਰ ‘ਤੇ ਦਰਸ਼ਨ-ਸ਼ਾਸਤਰ ਦਾ ਭਾਗ

ਮੰਨਿਆ ਹੈ ਪਰ ਦਰਸ਼ਨ-ਸ਼ਾਸਤਰ ਤੋਂ ਇਲਾਵਾ ਵਿਭਿੰਨ ਵਿਸ਼ਿਆਂ ਦੇ ਚਿੰਤਕਾਂ ਨੇ ਇਸਨੂੰ ਕਈ ਵਿਸ਼ਿਆਂ ਵਿਚ ਇਕ ਪ੍ਰਮੁੱਖ ਵਿਧਾ ਜਾਂ ਹਿੱਸੇ ਵਜੋਂ ਸਵੀਕਾਰ ਕੀਤਾ ਹੈ, ਜਿਸ ਵਿਚੋਂ ਕੁਝ ਪ੍ਰਮੁੱਖ ਵਿਸ਼ੇ ਮਾਨਵ-ਵਿਗਿਆਨ, ਧਰਮ-ਸ਼ਾਸਤਰ, ਰਾਜਨੀਤੀ, ਕਾਨੂੰਨ, ਸਮਾਜ-ਵਿਗਿਆਨ, ਮਨੋਵਿਗਿਆਨ, ਵਿਵਹਾਰਕ-ਸ਼ਾਸਤਰ, ਵਪਾਰਕ-ਸ਼ਾਸਤਰ, ਇਤਿਹਾਸ ਆਦਿ। ਇਨ੍ਹਾਂ ਵਿਸ਼ਿਆਂ ਤੋਂ ਇਲਾਵਾ ਵੀ ਬਹੁਤ ਸਾਰੇ ਵਿਸ਼ੇ ਅਤੇ ਖੇਤਰ ਇਸ ਤਰ੍ਹਾਂ ਦੇ ਹਨ, ਜਿਨ੍ਹਾਂ ਵਿਚ ਕੀਮਤਾਂ ਦੀ ਭੂਮਿਕਾ ਬੜੀ ਮਹੱਤਵਪੂਰਨ ਹੈ।

### 1.2.2 ਕੀਮਤਾਂ ਦਾ ਵਰਗੀਕਰਨ

ਕੀਮਤਾਂ ਸੰਬੰਧੀ ਵਿਸ਼ਵ ਦੇ ਵੱਖ-ਵੱਖ ਚਿੰਤਕਾਂ ਨੇ ਇਹਨਾਂ ਦੀ ਪਰਿਗ਼ਬਾਸ਼ਾ, ਵਿਧੀ, ਵਰਤੋਂ, ਖੇਤਰ ਅਤੇ ਵਰਗੀਕਰਣ ਬਾਰੇ ਕਾਰਜ ਕੀਤੇ ਹਨ। ਕੀਮਤ-ਮੀਮਾਂਸਾ ਦੇ ਖੇਤਰ ਵਿਚ ਪ੍ਰਮੁੱਖ ਅਤੇ ਸਥਾਪਤ ਕੀਮਤਾਂ ਨੂੰ ਹੇਠ ਲਿਖੇ ਅਨੁਸਾਰ ਵੰਡਿਆ ਜਾ ਸਕਦਾ ਹੈ:

- **ਸਿਧਾਂਤਕ ਕੀਮਤਾਂ**

  ਸਿਧਾਂਤਕ ਕੀਮਤਾਂ ਤੋਂ ਭਾਵ ਕਿਸੇ ਮਨੁੱਖ, ਸਮਾਜ ਜਾਂ ਖੇਤਰ ਵਿਚ ਜੀਵਨ ਦੇ ਲਗਾਤਾਰ ਅਭਿਆਸ ਵਿਚੋਂ ਨਿਰਮਤ ਹੋਏ ਕੁਝ ਸੂਤਰਾਂ ਨੂੰ ਸਿਧਾਂਤ ਦੇ ਤੌਰ ‘ਤੇ ਸਥਾਪਤ ਕਰਕੇ ਲਾਗੂ ਕੀਤਾ ਜਾਂਦਾ ਹੈ। ਇਹ ਸੂਤਰ ਕਿਸੇ ਵਿਅਕਤੀ, ਸਮਾਜ ਜਾਂ ਖੇਤਰ ਦੇ ਲੰਬੇ ਅਭਿਆਸ ਵਿਚੋਂ ਨਿਰਮਤ ਹੋਏ ਹੁੰਦੇ ਹਨ ਅਤੇ ਆਪਣੇ ਆਪ ਵਿਚ ਵਿਸ਼ੇਸ਼ ਹੁੰਦੇ ਹਨ। ਕਿਸੇ ਵੀ ਵਿਅਕਤੀ ਦੇ ਜੀਵਨ, ਸਮਾਜ ਅਤੇ ਖੇਤਰ ਵਿਚ ਸਥਾਪਤ ਸਿਧਾਂਤ ਉਹਾਂ ਦੀ ਪਛਾਣ ਹੁੰਦੇ ਹਨ ਅਤੇ ਮਾਣ ਕਰਨ ਯੋਗ ਹੁੰਦੇ ਹਨ। ਉਹਨਾਂ ਨਿਸ਼ਚਤ ਸਿਧਾਂਤਾਂ ਦੇ ਵਿਵਹਾਰਕ ਅਭਿਆਸ ਲਈ ਵਿਸ਼ੇਸ਼ ਧਿਆਨ ਦਿਤਾ ਜਾਂਦਾ ਹੈ। ਉਦਾਹਰਣ ਦੇ ਤੌਰ ‘ਤੇ ਇਤਿਹਾਸਕ ਜੰਗਾਂ ਦੌਰਾਨ ਸਿੱਖ-ਯੋਧਿਆਂ ਨੇ ਇਤਿਹਾਸ ਵਿਚ ਇਸ ਨੁਕਤੇ ਨੂੰ ਸਿਧਾਂਤਬਧ ਕੀਤਾ ਹੈ ਕਿ ਉਹ ਕਿਸੇ ਇਸਤਰੀ ਅਤੇ ਬੱਚੇ ‘ਤੇ ਵਾਰ ਨਹੀਂ ਕਰਦੇ।

- **ਆਰਥਿਕ ਕੀਮਤਾਂ**

  ਆਰਥਿਕ ਕੀਮਤਾਂ ਤੋਂ ਭਾਵ ਕਿਸੇ ਉਹ ਕੀਮਤਾਂ ਜਾਂ ਮੁੱਲ ਹਨ, ਜੋ ਆਰਥਿਕਤਾ ਦੇ ਖੇਤਰ ਵਿਚ ਨਿਰਧਾਰਤ ਹੁੰਦੀਆਂ ਹਨ। ਵਿਅਕਤੀਗਤ ਅਤੇ ਸਮਾਜਕ ਜੀਵਨ ਵਿਚ ਇਹਨਾਂ ਕੀਮਤਾਂ ਦੀ ਬਹੁਤ ਮਹਤਤਾ ਹੁੰਦੀ ਹੈ ਕਿਉਂਕਿ ਜੀਵਨ ਦਾ ਪਾਸਾਰ ਆਰਥਿਕਤਾ ਦੇ ਵਿਵਹਾਰ ਨਾਲ ਜੁੜਿਆ ਹੁੰਦਾ ਹੈ। ਇਸ ਲਈ ਇਹਨਾਂ ਕੀਮਤਾਂ ਦਾ ਪ੍ਰਗ਼ਭਾਵ ਵਿਅਕਤੀਗਤ ਅਤੇ ਸਮਾਜਕ ਹੁੰਦਾ ਹੈ। ਵਿਅਕਤੀ ਦੀਆਂ ਸਾਧਾਰਨ ਲੋੜਾਂ ਤੋਂ ਲੈ ਕੇ ਸਮਾਜ ਅਤੇ ਦੇਸ਼ ਦੀ ਤਰਕੀ ਵਿਚ ਆਰਥਿਕਤਾ ਦੀ ਅਹਿਮ ਭੂਮਿਕਾ ਹੁੰਦੀ ਹੈ। ਆਰਥਿਕ ਕੀਮਤਾਂ ਕਈ ਤਰ੍ਹਾਂ ਦੇ ਸ਼ੋਸ਼ਣ ਨੂੰ ਨਿਯੰਤਰਿਤ ਕਰਦੀਆਂ ਹਨ। ਉਦਾਹਰਣ ਦੇ ਤੌਰ ‘ਤੇ ਵਾਸੱਤਾ ਦੀ ਕਾਲਾਬਾਜ਼ਾਰੀ, ਗੋਦਾਮੀਕਰਣ ਆਦਿ ਸਮੱਸਿਆਵਾਂ ਨੂੰ ਆਰਥਿਕ ਕੀਮਤਾਂ ਵਿਚੋਂ ਨਿਰਮਤ ਕੀਤੇ ਕਾਨੂੰਨਾਂ ਰਾਹੀਂ ਨਿਯੰਤਰਣ ਕੀਤਾ ਜਾਂਦਾ ਹੈ।

- **ਸਮਾਜਕ ਕੀਮਤਾਂ**

  ਹਰ ਇਕ ਸਮਾਜ ਦੀਆਂ ਕਈ ਵਿਸ਼ੇਸ਼ੱਤਾਵਾਂ ਹੁੰਦੀਆਂ ਹਨ ਕਿ ਇਸ ਸਮਾਜ ਦੇ ਵਿਚ ਇਹ ਖਾਸ ਗੁਣ ਹਨ, ਜਿਨ੍ਹਾਂ ਕਰਕੇ ਇਹ ਵਿਸ਼ੇਸ਼ ਹੈ। ਸਮਾਜਕ ਕੀਮਤਾਂ ਮਨੁੱਖ ਦੇ ਰੋਜ਼ਾਨਾ ਅਤੇ ਨਿਤਪ੍ਰਤੀ ਜੀਵਨ ਤੋਂ ਲੈ ਕੇ ਸਮਾਜ ਦੇ ਪ੍ਰਮੁੱਖ ਵਰਤਾਰਿਆਂ ਸੰਬੰਧੀ ਨਿਸ਼ਚਤ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਸਮੂਹਕ ਅਤੇ ਵੱਡ ਪੱਧਰ ‘ਤੇ ਲੋਕਾਂ ਦਾ ਭਲਾ ਹੋਵੇ। ਵਿਅਕਤੀਗਤ ਆਜ਼ਾਦੀ ਸਨਮਾਨ ਨੂੰ ਧਿਆਨ ਵਿਚ ਰਖਦਿਆਂ ਪ੍ਰਮੁੱਖ ਰੂਪ ਵਿਚ ਸਮਾਜ ਦੇ ਸਮੂਹਕ ਵਰਗਾਂ ਨੂੰ ਸੰਬੋਧਿਤ ਹੁੰਦੀਆਂ ਹਨ। ਉਦਾਹਰਣ ਦੇ ਤੌਰ ‘ਤੇ

ਪਿਛਲੇ ਸਮੇਂ ਵਿਚ ਬਿਹਾਰ ਪ੍ਰਦੇਸ਼ ਵਿਚ ਸਰਕਾਰ ਦੁਆਰਾ ਪੂਰੇ ਰਾਜ ਵਿਚ ਸ਼ਰਾਬ ਪੀਣ ਅਤੇ ਵੇਚਣ 'ਤੇ ਮਨਾਹੀ ਕਰ ਦਿਤੀ ਜਾਂ ਰੋਕ ਲਗਾ ਦਿਤੀ। ਵਿਅਕਤੀਗਤ ਤੌਰ 'ਤੇ ਬਹੁਤ ਸਾਰੇ ਲੋਕਾਂ ਦੇ ਵਿਅਕਤੀਗਤ ਜੀਵਨ ਲਈ ਇਹ ਗਲਤ ਫੈਸਲਾ ਸੀ ਪਰ ਰਾਜ ਦੀਆਂ ਲਖਾਂ ਔਰਤਾਂ ਦਾ ਜੀਵਨ, ਜੋ ਕਿ ਸ਼ਰਾਬ ਕਰਕੇ ਤਬਾਹ ਹੋ ਰਿਹਾ ਸੀ, ਵਿਚ ਬਹੁਤ ਵੱਡ ਫਰਕ ਆਏ। ਸ਼ਰਾਬ ਨਾ ਪੀਣਾ ਇਕ ਕੀਮਤ ਵਜੋਂ ਸਥਾਪਤ ਕੀਤਾ ਗਿਆ।

- ਰਾਜਨੀਤਿਕ ਕੀਮਤਾਂ

  ਸਮਾਜ ਨੂੰ ਚਲਾਉਣ ਵਿਚ ਇਕ ਮਹੱਤਵਪੂਰਣ ਭੂਮਿਕਾ ਰਾਜਨੀਤਿਕ ਸੱਤਾ ਦੀ ਹੈ ਜਾਂ ਵਰਤਮਾਨ ਸੰਦਰਭ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਮਾਜ ਦੇ ਹਰ ਇਕ ਵਰਤਾਰੇ ਨੂੰ ਪ੍ਰਭਾਵਤ ਕਰਨ ਵਾਲੀ ਪ੍ਰਮੁੱਖ ਸੱਤਾ ਰਾਜਨੀਤੀ ਹੀ ਹੈ। ਜਿਸ ਸਮਾਜ ਵਿਚ ਰਾਜਨੀਤਿਕ ਕੀਮਤਾਂ ਦੀ ਸਥਾਪਨਾਨਾ ਹੋਵੇ, ਉਥੇ ਨਿਰਕੁੰਸ਼ੱਤਾ ਆ ਜਾਵੇਗੀ, ਬਦਅਮਨੀ ਅਤੇ ਬੇਚੈਨੀ ਫੈਲੇਗੀ। ਅਜਿਹਾ ਹੋਣ ਕਰਕੇ ਆਮ ਲੋਕ ਬਾਗ਼ੀਆਨਾ ਰੁਖ਼ ਅਖ਼ਤਿਆਰ ਕਰ ਲੈਂਦੇ ਹਨ, ਜਿਸ ਕਰਕੇ ਅੰਤ ਵਿਚ ਹਿੰਸਾ ਵਾਪਰਦੀ ਹੈ। ਇਸ ਲਈ ਹਰ ਇਕ ਸਮਾਜ ਆਪਣੀਆਂ ਵਿਸ਼ੇਸ਼ ਰਾਜਨੀਤਕ ਕੀਮਤਾਂ ਦੀ ਸਥਾਪਨਾਕਰਦਾ ਹੈ ਤਾਂਕਿ ਸਮਾਜ ਦਾ ਸਾਵਾਂਪਣ ਬਰਕਰਾਰ ਰਹਿ ਸਕੇ ਅਤੇ ਵਿਅਕਤੀਗਤ ਅਤੇ ਸਮਾਜਕ ਜੀਵਨ ਦੀ ਸੁਤੰਤਰਤਾ ਬਣੀ ਰਹੇ। ਸਮਾਜ ਵਿਚ ਸਥਾਪਤ ਰਾਜਨੀਤਿਕ ਕੀਮਤਾਂ ਇਹ ਸਥਾਪਤ ਕਰਦੀਆਂ ਹਨ ਕਿਸ ਤਰ੍ਹਾਂ ਦੇ ਲੋਕ ਉਸ ਸਮਾਜ ਦੇ ਆਗੂ ਹੋਣ। ਇਸ ਕਰ ਇਹਨਾਂ ਕੀਮਤਾਂ ਨੂੰ ਲਗਾਤਾਰ ਘੜਿਆ ਅਤੇ ਸੰਵਾਰਿਆ ਜਾਂਦਾ ਹੈ ਕਿ ਸਮੇਂ ਦੀ ਨਿਰੰਤਰਤਾ ਵਿਚ ਇਹ ਕੀਮਤਾਂ ਸਥਾਪਤ ਰਹਿ ਸਕਣ।

- ਸੁਹਜਾਤਮਕ ਕੀਮਤਾਂ

  ਮਨੁੱਖੀ ਜੀਵਨ ਦਾ ਇਕ ਵਿਸ਼ੇਸ਼ ਪੱਖ ਕਲਾ ਅਤੇ ਸੁਹਜ ਨਾਲ ਜੁੜਿਆ ਹੋਇਆ ਹੈ, ਜਿਸ ਵਿਚ ਉਸਦੇ ਮਨੋ-ਭਾਵਾਂ ਨੂੰ ਜੀਵਨ ਵਿਚ ਚਿਤਰਣ ਵਾਲੇ ਵਿਸ਼ਿਆਂ ਦਾ ਬਹੁਤ ਮਹੱਤਵਪੂਰਣ ਯੋਗਦਾਨ ਹੁੰਦਾ ਹੈ। ਸਮਾਜ ਵਿਚ ਵੱਖ-ਵੱਖ ਕਲਾਵਾਂ, ਚਿਤਰਕਾਰੀ, ਬੁਤਤਰਾਸ਼ੀ, ਸੰਗੀਤ ਆਦਿ ਸੁਹਜ ਨਾਲ ਜੁੜੇ ਹੋਏ ਅਨੁਸ਼ਾਸ਼ਨ ਜਾਂ ਵਿਸ਼ੇ ਹਨ। ਇਹਨਾਂ ਦੇ ਸੰਦਰਭ ਵਿਚ ਸਥਾਪਤ ਕੀਮਤਾਂ ਸੁਹਜਾਤਮਕ ਕੀਮਤਾਂ ਅਖਵਾਉਂਦੀਆਂ ਹਨ। ਇਹ ਕੀਮਤਾਂ ਕਿਸੇ ਵੀ ਸਮਾਜ ਦੀ ਸਗਲ ਜੀਵਨ-ਸ਼ੈਲੀ 'ਤੇ ਵਿਸ਼ੇਸ਼ ਪ੍ਰਭਾਵ ਪਾਉਂਦੀਆਂ ਹਨ। ਸਹੁਜਾਤਮਕ ਕੀਮਤਾਂ ਰਾਹੀਂ ਪਤਾ ਲਗਦਾ ਹੈ ਕਿ ਵਿਸ਼ੇਸ਼ ਸਮਾਜ ਆਪਣੇ ਸੁਹਜ-ਆਦਰਸ਼ਾਂ ਨੂੰ ਲੈ ਕੇ ਕਿਸ ਤਰ੍ਹਾਂ ਗੰਭੀਰ ਹੈ। ਉਦਾਹਰਣ ਵਜੋਂ ਪੰਜਾਬ ਵਿਚ ਪ੍ਰਸਾਰਤ ਸੰਗੀਤ ਰਾਹੀਂ ਜਿਸ ਤਰ੍ਹਾਂ ਦੀ ਔਰਤ, ਨਸ਼ੇ, ਹਥਿਆਰਾਂ, ਗੱਡੀਆਂ ਆਦਿ ਨੂੰ ਪ੍ਰਦਰਸ਼ਿਤ ਕੀਤਾ ਜਾ ਰਿਹਾ ਹੈ, ਉਸ ਵਿਚ ਕਿਸੇ ਵੀ ਤਰ੍ਹਾਂ ਦੀ ਸੁਹਜਾਤਮਕ ਕੀਮਤ ਨਹੀਂ ਹੈ।

- ਧਾਰਮਿਕ ਕੀਮਤਾਂ

  ਕੀਮਤਾਂ ਦਾ ਬੁਨਿਆਦੀ-ਧੁਰਾ ਧਰਮ ਹੈ। ਜੋ ਵੀ ਵਿਅਕਤੀ ਅਤੇ ਸਮਾਜ ਕਿਸੇ ਧਰਮ ਜਾਂ ਵਿਸ਼ਵਾਸ਼ ਨਾਲ ਸੰਬੰਧਤ ਹੈ, ਉਸ ਦੁਆਰਾ ਕੀਮਤਾਂ ਦਾ ਅਨੁਸਰਣ ਧਰਮ ਦੇ ਅਨੁਭਵ ਅਤੇ ਉਸਦੇ ਵਿਵਹਾਰ ਨਾਲ ਸੰਬੰਧਤ ਹੁੰਦਾ ਹੈ। ਧਰਮ, ਕੀਮਤਾਂ ਦੀ ਸਥਾਪਤੀ ਲਈ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ ਅਤੇ ਹਰ ਇਕ ਸਮਾਜ ਵਿਚ ਧਰਮ ਸੰਬੰਧੀ ਮਾਨਤਾਵਾਂ ਅਤੇ ਵਿਸ਼ੇਸ਼ ਵਿਸ਼ਵਾਸ਼ ਹੁੰਦੇ ਹਨ। ਧਰਮ-ਨਿਰਪੱਖ ਸਮਾਜਾਂ ਵਿਚ ਵੀ ਧਰਮ ਦੀ ਇਕ ਵਿਸ਼ੇਸ਼ ਭੂਮਿਕਾ ਮੰਨੀ ਜਾਂਦੀ ਹੈ। ਧਾਰਮਿਕ ਕੀਮਤਾਂ ਕਿਸੇ ਵੀ ਸਮਾਜ ਦੇ

ਮਨੁੱਖੀ-ਜੀਵਨ ਨੂੰ ਸੰਗਠਤ ਅਤੇ ਖ਼ੁਸ਼ਹਾਲ ਕਰਨ ਵਿਚ ਭੂਮਿਕਾਵਾਂ ਨਿਭਾਉਂਦੀਆਂ ਹਨ, ਜਿਸ ਵਿਚ ਸਾਂਝੇਪਣ ਨੂੰ ਕੇਂਦਰੀ ਸਥਾਨ ਪ੍ਰਾਪਤ ਹੈ। ਉਦਾਹਰਣ ਵਜੋਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਸਿੱਖੀ ਦੁਆਰਾ ਸਥਾਪਤ ਲੰਗਰ-ਪਰੰਪਰਾ ਇਕ ਕੀਮਤ ਦੇ ਤੌਰ 'ਤੇ ਸਥਾਪਤ ਹੋ ਚੁਕੀ ਹੈ। ਇਸਦੇ ਕਰਕੇ ਪੰਜਾਬ ਵਿਚ ਮੁਸਲਮਾਨ ਅਤੇ ਹਿੰਦੂ ਵੀ ਲੰਗਰ ਲਗਾਉਂਦੇ ਹਨ ਭਾਵੇਂ ਕਿ ਉਹਨਾਂ ਦੀਆਂ ਧਰਮ-ਪਰੰਪਰਾਵਾਂ ਵਿਚ "ਲੰਗਰ-ਪਰੰਪਰਾ" ਸਰੂਪ ਅਤੇ ਸੁਭਾਅ ਪਖੋਂ ਕਾਫੀ ਭਿੰਨ ਹੈ।

- **ਵਿਵਹਾਰਕ ਕੀਮਤਾਂ**
  ਸਮਾਜ ਵਿਚ ਵਿਅਕਤੀ ਅਤੇ ਵਿਅਕਤੀਆਂ ਦਾ ਸਮੂਹ ਕਿਸ ਤਰ੍ਹਾਂ ਵਿਵਹਾਰ ਕਰੇ ਜਾਂ ਉਸਦੇ ਵਿਵਹਾਰ ਦੇ ਆਦਰਸ਼ ਕੀ ਹੋਣ, ਨੂੰ ਵਿਵਹਾਰਕ ਕੀਮਤਾਂ ਤੈਅ ਕਰਦੀਆਂ ਹਨ। ਸਮਾਜ ਦੀ ਸੰਰਚਨਾ ਵਿਚ ਕਈ ਵਿਸ਼ੇਸ਼ ਤਤਾਂ ਵਿਚ ਇਕ ਵਿਵਹਾਰ ਹੈ ਪਰ ਉਸ ਵਿਵਹਾਰ ਦਾ ਸਰੂਪ ਅਤੇ ਸੁਭਾਅ ਕੀ ਹੋਵੇ, ਇਹ ਸਮਾਜ ਵਿਚ ਸਥਾਪਤ ਵਿਵਹਾਰਕ ਕੀਮਤਾਂ 'ਤੇ ਨਿਰਗ਼ਬਰ ਕਰਦਾ ਹੈ। ਵਿਵਹਾਰਕ ਕੀਮਤਾਂ ਮਨੁੱਖੀ ਜੀਵਨ ਦੇ ਰੋਜ਼ਾਨਾਮਈ ਜੀਵਨ ਨਾਲ ਜੁੜੀਆਂ ਹੁੰਦੀਆਂ ਹਨ। ਉਦਾਹਰਣ ਦੇ ਤੌਰ 'ਤੇ ਸਿੱਖ-ਸਮਾਜ ਵਿਚ ਔਰਤ ਦਾ ਸਥਾਨ ਇਸ ਤਰ੍ਹਾਂ ਦਾ ਹੈ ਕਿ ਆਪਣੀ ਪਤਨੀ ਤੋਂ ਇਲਾਵਾ ਬਾਕੀ ਔਰਤਾਂ ਉਮਰ ਦੇ ਹਿੱਸਾਬ ਨਾਲ ਮਾਂ, ਭੈਣ ਅਤੇ ਧੀ ਦੀ ਭੂਮਿਕਾ ਵਾਂਗ ਸਤਿਕਾਰੀਆਂ ਜਾਂਦੀਆਂ ਹਨ। ਬੱਸ, ਰੇਲ ਦੀ ਭੀੜ ਵਿਚ ਔਰਤ ਨੂੰ ਬੈਠਣ ਦੀ ਜਗ੍ਹਾਂ ਪਹਿਲਾਂ ਦਿਤੀ ਜਾਂਦੀ ਹੈ ਅਤੇ ਛੋਟੇ ਬੱਚੇ ਅਤੇ ਉਸਦੀ ਮਾਂ ਨੂੰ ਉਸ ਤੋਂ ਵੀ ਪਹਿਲਾਂ।

ਇਹਨਾਂ ਕੀਮਤਾਂ ਤੋਂ ਇਲਾਵਾ ਹੋਰ ਵੀ ਕਈ ਕੀਮਤਾਂ ਹਨ, ਜੋ ਕਿ ਵੱਖ-ਵੱਖ ਸਮਾਜਾਂ ਵਿਚ ਆਪਣੀ ਵਿਸ਼ੇਸ਼ ਭੂਮਿਕਾ ਰਖਦੀਆਂ ਹਨ, ਜਿਵੇਂ ਕਿ:

- ਜੈਵਿਕ੍ਹ ਕੀਮਤਾਂ
- ਕੁਦਰਤੀ ਕੀਮਤਾਂ
- ਗਿਆਨਾਤਮਕ ਕੀਮਤਾਂ
- ਨਿਰਕੁੰਸ਼ ਕੀਮਤਾਂ
- ਪੱਕੀਆਂ ਕੀਮਤਾਂ
- ਜ਼ਰੂਰੀ ਕੀਮਤਾਂ

## 1.3 ਵਿਅਕਤੀਗਤ ਕੀਮਤਾਂ ਅਤੇ ਸਮਾਜਕ ਕੀਮਤਾਂ

ਉਪਰੋਕਤ ਕੀਮਤਾਂ ਤੋਂ ਇਲਾਵਾ ਵੀ ਹੋਰ ਵੀ ਕੀਮਤਾਂ ਹਨ, ਜੋ ਕਿ ਕਈ ਤਰ੍ਹਾਂ ਦੇ ਵਿਸ਼ਿਆਂ ਜਾਂ ਨਾਲ ਖੇਤਰ ਨਾਲ ਸੰਬੰਧਤ ਹੁੰਦੀਆਂ ਹਨ। ਇਹਨਾਂ ਕੀਮਤਾਂ ਦਾ ਦਾਰਸ਼ਨਿਕਾਂ ਨੇ ਵਿਸ਼ੇ ਅਨੁਸਰਣੀ ਵਰਗੀਕਰਣ ਕੀਤਾ ਹੈ। ਪਰ ਜਿਆਦਾਤਰ ਕੀਮਤਾਂ ਨੂੰ ਦੋ ਪੱਧਰ 'ਤੇ ਵੰਡਿਆ ਗਿਆ ਹੈ, ਜਿਸ ਵਿਚ ਵਿਅਕਤੀਗਤ ਕੀਮਤਾਂ ਅਤੇ ਸਮਾਜਕ ਕੀਮਤਾਂ ਹਨ।

### 1.3.1 ਵਿਅਕਤੀਗਤ ਕੀਮਤਾਂ

ਵਿਅਕਤੀਗਤ ਕੀਮਤਾਂ ਤੋਂ ਭਾਵ ਉਹ ਕਦਰਾਂ ਹਨ, ਜਿਨ੍ਹਾਂ ਕੋਈ ਮਨੁੱਖ ਆਪਣੇ ਜੀਵਨ ਵਿਚ ਕਈ ਉਦੇਸ਼ਾਂ ਨੂੰ ਮਿਥਦਾ ਹੋਇਆ ਧਾਰਨ ਕਰਦਾ ਹੈ ਅਤੇ ਉਸ ਅਨੁਸਾਰ ਆਪਣਾ ਜੀਵਨ ਬਸਰ ਕਰਨ ਦਾ ਲਗਾਤਾਰ ਅਭਿਆਸ ਕਰਦਾ ਹੈ। ਇਹ ਕੀਮਤਾਂ ਕਿਸੇ ਵਿਅਕਤੀ ਦੀ ਇਛਾ ਨਾਲ ਸੰਬੰਧਤ ਹੁੰਦੀਆਂ ਹਨ, ਜਿਹਨਾਂ ਨੂੰ ਉਹ ਆਪਣੀ ਮਰਜ਼ੀ ਨਾਲ ਚੁਣਦਾ ਹੈ। ਇਹ ਵਰਤਾਰਾ ਇਕ ਵਾਰ ਦਾ ਨਾ ਹੋ ਕੇ

ਜ਼ਿੰਦਗੀ ਵਿਚ ਲਗਾਤਾਰ ਹੁੰਦਾ ਰਹਿੰਦਾ ਹੈ। ਇਸ ਕਰਕੇ ਵਿਅਕਤੀ ਸਮੇਂ ਅਨੁਸਾਰ ਇਹਨਾਂ ਨੂੰ ਬਦਲਦਾਵੀ ਰਹਿੰਦਾ ਹੈ ਅਤੇ ਜ਼ਿੰਦਗੀ ਦੇ ਅਨੇਕ ਅਨੁਭਵਾਂ ਰਾਹੀਂ ਉਹ ਆਪਣੇ ਜੀਵਨ ਵਿਚ ਕੁਝ ਕੀਮਤਾਂ ਨੂੰ ਸਥਾਪਤ ਕਰਨ ਦੇ ਸਮਰਥ ਵੀ ਹੋ ਜਾਂਦਾ ਹੈ। ਪਰ ਇਹ ਵੀ ਜ਼ਰੂਰੀ ਨਹੀਂ ਹੈ ਕਿ ਹਰ ਇਕ ਵਿਅਕਤੀ ਆਪਣੇ ਜੀਵਨ ਵਿਚ ਕੁਝ ਕੀਮਤਾਂ ਨੂੰ ਧਾਰ ਕੇ ਆਪਣੇ ਜੀਵਨ ਵਿਚ ਨਿਸ਼ਚਤ ਕਰ ਲਵੇ ਕਿਉਂਕਿ ਉਸਦੇ ਜੀਵਨ-ਅਭਿਆਸ ਵਿਚ ਉਸਦੇ ਪਰਿਵਾਰ, ਆਲਾ-ਦੁਆਲਾ ਅਤੇ ਸਮਾਜ ਦਾ ਇਕ ਵਰਤਾਰਾ ਚਲ ਰਿਹਾ ਹੁੰਦਾ ਹੈ, ਜਿਸਦਾ ਲਗਾਤਾਰ ਅਸਰ ਵਿਅਕਤੀਗਤ ਜੀਵਨ 'ਤੇ ਪੈਂਦਾ ਰਹਿੰਦਾ ਹੈ। ਇਸ ਤੋਂ ਇਲਾਵਾ ਵਿਅਕਤੀਗਤ ਕੀਮਤਾਂ ਨੂੰ ਨਿਰਧਾਰਿਤ, ਪ੍ਰੇਰਿਤ ਅਤੇ ਸਥਾਪਤ ਕਰਨ ਲਈ ਕਈ ਤਰ੍ਹਾਂ ਦੇ ਪ੍ਰਭਾਵ ਅਸਰ ਪਾਉਂਦੇ ਹਨ ਜਿਵੇਂ ਕਿ ਪਰਿਵਾਰਕ-ਸੰਸਕਾਰ, ਵਿੱਦਿਅਕ-ਪ੍ਰਣਾਲੀ, ਧਾਰਮਕ-ਅਨੁਭਵ ਅਤੇ ਸਸਕਾਰ, ਕਾਨੂੰਨ-ਵਿਵਸੱਤਾ, ਮਨੋਵਿਗਿਆਨਕ ਪ੍ਰਭਾਵ ਅਤੇ ਜੀਵਨ-ਅਭਿਆਸ ਵਿਚ ਸੰਬੰਧਤ ਵਿਅਕਤੀਆਂ ਦੀ ਭੂਮਿਕਾ। ਇਨ੍ਹਾਂ ਵਰਤਾਰਿਆਂ ਕਰਕੇ ਹੀ ਮਨੁੱਖ ਆਪਣੀ ਹੋਂਦ ਅਤੇ ਹਸਤੀ, ਇਸਦੇ ਵਰਤਾਓ ਸੰਬੰਧੀ ਚੇਤੰਨ ਹੋ ਕੇ ਆਪਣੇ ਸਰੀਰ ਅਤੇ ਮਨ ਨੂੰ ਨਿਸ਼ਚਤ ਕੀਤੀਆਂ ਜਾਂ ਆਤਮ ਵਿਚ ਧਾਰੀਆਂ ਕੀਮਤਾਂ ਸੰਬੰਧੀ ਅਭਿਆਸ ਕਰਦਾ ਰਹਿੰਦਾ ਹੈ।

### 1.3.2 ਸਮਾਜਕ ਕੀਮਤਾਂ

ਕੀਮਤਾਂ ਦਾ ਦੂਜਾ ਪ੍ਰਮੁੱਖ ਹਿੱਸਾ ਸਮਾਜਕ ਕੀਮਤਾਂ ਹਨ, ਜਿਨ੍ਹਾਂ ਨੂੰ ਨਿਰਮਤ ਅਤੇ ਨਿਸ਼ਚਤ ਤਾਂ ਭਾਵੇਂ ਕਿਸੇ ਮਨੁੱਖ ਵਲੋਂ ਹੀ ਕੀਤਾ ਜਾਂਦਾ ਹੈ ਪਰ ਉਹਾਂ ਦੀ ਸਥਾਪਨਾਵਿਅਕਤੀਗਤ ਨਹੀਂ ਹੁੰਦੀ ਬਲਕਿ ਉਸਦੀ ਸਥਾਪਤੀ ਲਈ ਪ੍ਰਵਾਨਗੀ ਸਮੂਹਕ ਹੁੰਦੀ ਹੈ ਤਾਂ ਕਿ ਉਸ ਨੂੰ ਸਮਾਜ ਵਿਚ ਲਾਗੂ ਕੀਤਾ ਜਾ ਸਕੇ। ਵਿਅਕਤੀਗਤ ਅਤੇ ਸਮਾਜਕ ਕੀਮਤਾਂ ਵਿਚ ਇਕ ਵਡਾ ਵੱਖਰੇਵਾਂ ਇਹ ਹੁੰਦਾ ਹੈ ਕਿ ਇਹਨਾਂ ਕੀਮਤਾਂ ਨੂੰ ਵਿਅਕਤੀਆਂ ਦੇ ਵੱਡੇ ਸਮੂਹਾਂ 'ਤੇ ਲਾਗੂ ਕਰਨਾ ਹੁੰਦਾ ਹੈ, ਜਿਸ ਕਰਕੇ ਉਸਦੀ ਸੰਰਚਨਾ ਅਤੇ ਲਗਾਤਾਰ ਅਭਿਆਸ ਲਈ ਵਧੇਰੇ ਚੇਤਨਤਾ ਦੀ ਲੋੜ ਹੁੰਦੀ ਹੈ। ਸਮਾਜਕ ਕੀਮਤਾਂ ਨੂੰ ਸਥਾਪਤ ਕਰਨ ਲਈ ਵਿਅਕਤੀਆਂ ਦੇ ਸਮੂਹਾਂ ਨੂੰ ਉਹਨਾਂ ਦੀ ਮਹਤਤਾ ਤੋਂ ਜਾਣੂ ਅਤੇ ਚੇਤੰਨ ਕਰਵਾਉਣ ਲਈ ਲਗਾਤਾਰ ਕਈ ਤਰ੍ਹਾਂ ਦੇ ਅਭਿਆਸ ਕੀਤੇ ਜਾਂਦੇ ਹਨ, ਜਿਸ ਵਿਚ ਕਾਨੂੰਨ ਅਤੇ ਸੱਤਾ ਦੀ ਭੂਮਿਕਾ ਵੀ ਅਹਿਮ ਹੁੰਦੀ ਹੈ। ਵਿਅਕਤੀਗਤ ਕੀਮਤਾਂ ਕਿਸੇ ਮਨੁੱਖ ਦੀਆਂ ਨਿੱਜੀ ਹੋਣ ਕਾਰਣ ਉਹਨਾਂ ਦੇ ਅਪਨਾਉਣ ਅਤੇ ਛਡਣ ਲਈ ਕਿਸੇ ਪ੍ਰਵਾਨਗੀ ਦੀ ਲੋੜ ਨਹੀਂ ਹੁੰਦੀ ਅਤੇ ਉਹਨਾਂ ਦਾ ਸਹਿਜੇ ਹੀ ਤਿਆਗ ਕੀਤਾ ਜਾ ਸਕਦਾ ਹੈ ਜਾਂ ਅਪਣਾਇਆ ਜਾ ਸਕਦਾ ਹੈ ਪਰ ਸਮਾਜਿਕ ਕੀਮਤਾਂ ਦੇ ਸੰਦਰਭ ਵਿਚ ਇਸ ਤਰ੍ਹਾਂ ਨਹੀਂ ਹੁੰਦਾ। ਸਮਾਜਕ ਕੀਮਤਾਂ ਇਕਸਾਰ ਲਾਗੂ ਹੁੰਦੀਆਂ ਹਨ ਅਤੇ ਜਿਹਨਾਂ ਦਾ ਮੁੱਖ ਉਦੇਸ਼ ਉਸ ਸਮਾਜ ਦੀ ਸਾਂਝੀ ਚੇਤਨਾ ਹੁੰਦੀ ਹੈ, ਜਿਸ ਵਿਚ ਉਸ ਸਮਾਜ ਵਿਚ ਰਹਿਣ ਵਾਲੇ ਵਿਅਕਤੀ ਉਸ ਕੀਮਤ ਸੰਬੰਧੀ ਇਕ ਸਾਂਝੀ ਰਾਇ ਰਖਦੇ ਹਨ, ਜਿਸ ਕਰਕੇ ਇਹ ਕੀਮਤਾਂ ਸਮਾਜ ਨੂੰ ਆਪਸ ਵਿਚ ਜੋੜਣ ਦਾ ਅਤੇ ਕਿਸੇ ਇਕ ਸੂਤਰ ਵਿਚ ਪਰੋਣ ਦਾ ਕਾਰਜ ਵੀ ਕਰਦੀਆਂ ਹਨ। ਇਸ ਲਈ ਸਮਾਜਕ ਕੀਮਤਾਂ ਨੂੰ ਨਾ ਤਾ ਜਲਦੀ ਸਥਾਪਤ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਸਹਿਜੇ ਇਹਨਾਂ ਦਾ ਤਿਆਗ ਕੀਤਾ ਜਾ ਸਕਦਾ ਹੈ ਕਿਉਂਕਿ ਅਜਿਹਾ ਕਰਨ ਲਈ ਸਮਾਜ ਦੇ ਵੱਡੇ ਹਿੱਸੇ ਦੀ ਸਹਿਮਤੀ ਅਤੇ ਪ੍ਰਵਾਨਗੀ ਜ਼ਰੂਰੀ ਹੁੰਦੀ ਹੈ। ਇਸ ਤੋਂ ਇਲਾਵਾ ਕੀਮਤਾਂ ਦੇ ਸੰਦਰਭ ਵਿਚ ਸਮਾਜ ਦੇ ਅਭਿਆਸ ਸਮਾਜਕ-ਵਿਵਸੱਤਾ, ਧਾਰਮਕ ਵਿਵਹਾਰ, ਮਾਨਤਾਵਾਂ ਅਤੇ ਸੰਸਕਾਰ, ਲੋਕ ਵਿਸ਼ਵਾਸ਼ ਅਤੇ ਪਰੰਪਰਾਵਾਂ, ਰਾਜਨੀਤਿਕ, ਕਾਨੂੰਨੀ, ਆਰਥਕ ਅਤੇ ਸਭਿਆਚਾਰਕ ਵਰਤਾਰੇ ਆਦਿ ਵੀ ਇਹ ਨਿਸ਼ਚਤ ਕਰਦੇ ਹਨ ਕਿ ਕੀਮਤਾਂ ਦਾ ਸੁਭਾਅ, ਸਰੂਪ ਅਤੇ ਵਰਤਾਰਾ ਕੀ ਹੋਵੇ।

## 1.4 ਅੰਦਰੂਨੀ ਅਤੇ ਸਾਧਨੀ ਕੀਮਤਾਂ

ਕੀਮਤਾਂ ਦੇ ਅਧਿਐਨ ਵਿਚ ਅੰਦਰੂਨੀ ਅਤੇ ਸਾਧਨੀ ਕੀਮਤਾਂ ਦਾ ਵਿਸ਼ੇਸ਼ ਮਹੱਤਵ ਹੈ। ਮਨੁੱਖ ਦੇ ਅੰਤਰੀਵ ਅਨੁਭਵ ਨਾਲ ਸੰਬੰਧਤ ਕੀਮਤਾਂ, ਜੋ ਕਿ ਕਿਸੇ ਵਿਅਕਤੀ ਜਾਂ ਮਨੁੱਖ ਵਲੋਂ ਆਪਣੇ ਵਿਅਕਤੀਗਤ ਅਨੁਭਵ

ਰਾਹੀਂ ਅਭਿਆਸ ਕੀਤੇ ਹੁੰਦੇ ਹਨ, ਜਿਹਨਾਂ ਵਿਚੋਂ ਕੁਝ ਕੀਮਤਾਂ ਸਥਾਪਤ ਹੁੰਦੀਆਂ ਹਨ ਅਤੇ ਕੁਝ ਸਮੇਂ ਦੇ ਤਜ਼ਰਬਿਆਂ ਅਤੇ ਜੀਵਨ ਦੇ ਅਨੁਭਵਾਂ ਅਨੁਸਾਰ ਬਦਲਦੀਆਂ ਵੀ ਰਹਿੰਦੀਆਂ ਹਨ। ਇਸ ਦੇ ਸਾਧਨੀ ਕੀਮਤਾਂ ਜਾਂ ਮੁੱਲ ਕਿਸੇ ਕਾਰਜ ਜਾਂ ਉਦੇਸ਼ ਵਿਚ ਸਹਾਈ ਹੋਣ ਨਾਲ ਸੰਬੰਧਤ ਹਨ।

### 1.4.1 ਅੰਦਰੂਨੀ ਕੀਮਤਾਂ

ਕੀਮਤਾਂ-ਮੀਮਾਂਸਾ ਵਿਚ ਅੰਦਰੂਨੀ ਕੀਮਤਾਂ ਜਾਂ ਮੁੱਲ ਉਨ੍ਹਾਂ ਗੁਣਾਂ ਨੂੰ ਕਿਹਾ ਜਾਂਦਾ ਹੈ, ਜੋ ਆਪਣੇ ਆਪ ਵਿਚ ਕੀਮਤੀ ਹੁੰਦੇ ਹਨ। ਇਨ੍ਹਾਂ ਕੀਮਤਾਂ ਨੂੰ ਕਿਸੇ ਬਾਹਰਲੇ ਮੁੱਲ ਤੋਂ ਕੀਮਤ ਲੈਣ ਦੀ ਲੋੜ ਨਹੀਂ ਹੁੰਦੀ ਬਲਕਿ ਇਹ ਕੀਮਤਾਂ ਦੂਸਰੇ ਗੁਣ ਜਾਂ ਵਸੱਤਾ ਨੂੰ ਮੁੱਲ ਪ੍ਰਦਾਨ ਕਰਦੇ ਹਨ। ਅੰਦਰੂਨੀ ਮੁੱਲ ਹਮੇਸ਼ਾ ਹੀ ਵਸੱਤਾ ਦੇ ਵਿਚੋਂ ਹੀ ਪ੍ਰਗਟ ਹੁੰਦੇ ਹਨ ਅਤੇ ਉਹ ਆਪਣੇ ਆਪ ਵਿਚ ਸੰਪੂਰਨ ਹੁੰਦੇ ਹਨ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਉਹਨਾਂ ਦਾ ਸਰੂਪ ਅਤੇ ਸੁਭਾਅ ਆਪਣੇ ਗੁਣ ਕਰਕੇ ਵਿਲਖਣ ਹੁੰਦਾ ਹੈ, ਜਿਸਨੂੰ ਕਿਸੇ ਦੂਜੇ ਮੁੱਲ ਜਾਂ ਕੀਮਤਾ ਨਾਲ ਬਦਲਿਆ ਨਹੀਂ ਜਾ ਸਕਦਾ। ਨੈਤਿਕ-ਸ਼ਾਸਤਰ ਅਨੁਸਾਰ ਉਹ ਸਾਰੇ ਕਾਰਜ, ਜੋ ਸਦਾਚਾਰਕ ਤੌਰ 'ਤੇ ਸਹੀ ਹੁੰਦੇ ਹਨ ਅਤੇ ਅੰਦਰੂਨੀ ਹੁੰਦੇ ਹਨ। ਉਹਨਾਂ ਦੇ ਅਭਿਆਸ ਕਰਕੇ ਪੈਦਾ ਹੋਏ ਸਿਟਿਆਂ ਦਾ ਇਸ ਗਲ ਤੋਂ ਮੁੱਲਾਂਕਣ ਨਹੀਂ ਕੀਤਾ ਜਾਂਦਾ ਕਿ ਉਹਨਾਂ ਦਾ ਪ੍ਰਭਾਵ ਕੀ ਹੈ ਕਿਉਂਕਿ ਅੰਦਰੂਨੀ ਮੁੱਲ ਉਸ ਆਦਰਸ਼ਾਂ ਨਾਲ ਸੰਬੰਧਤ ਹੁੰਦੇ ਹਨ। ਅੰਦਰੂਨੀ ਮੁੱਲਾਂ ਨੂੰ ਵੀ ਦੋ ਹਿਸਿਆਂ ਵਿਚ ਵੰਡਿਆ ਗਿਆ ਹੈ:

(ੳ) ਸੰਬੰਧਤ ਅੰਦਰੂਨੀ ਮੁੱਲ

ਸੰਬੰਧਤ ਮੁੱਲ ਕਿਸੇ ਵੀ ਮਨੁੱਖ ਦੇ ਸਭਿਆਚਾਰ-ਵਿਵਹਾਰ ਅਤੇ ਉਸਦੇ ਜੀਵਨ-ਅਨੁਭਵਾਂ ਨਾਲ ਸੰਬੰਧਤ ਹੁੰਦੇ ਹਨ। ਇਹ ਮੁੱਲ ਸਮੇਂ ਅਤੇ ਸਥਾਨ ਅਨੁਸਾਰ ਬਦਲ ਸਕਦੇ ਹਨ, ਵਿਸਤਰਿਤ ਹੁੰਦੇ ਹਨ ਅਤੇ ਖਤਮ ਵੀ ਹਨ। ਇਹ ਮੁੱਲ ਹਰ ਸਥਿਤੀ, ਵਰਤੋਂ, ਉਪਯੋਗ ਅਤੇ ਕੰਮ ਅਨੁਸਾਰੀ ਬਦਲੇ ਜਾਂ ਵਿਸਤਰਤ ਕੀਤੇ ਜਾ ਸਕਦੇ ਹਨ।

(ਅ) ਸੰਪੂਰਨ ਅੰਦਰੂਨੀ ਮੁੱਲ

ਇਹ ਮੁੱਲ ਦਾਰਸ਼ਨਿਕ ਪੱਖ ਨਾਲ ਸੰਬੰਧਤ ਹੁੰਦੇ ਹਨ, ਜਿਸ ਕਰਕੇ ਸੁਭਾਅ ਵਜੋਂ ਸੰਪੂਰਨ ਅਤੇ ਅਜ਼ਾਦ ਹੁੰਦੇ ਹਨ। ਇਨ੍ਹਾਂ ਮੁੱਲਾਂ ਉਪਰ ਕਿਸੇ ਵੀ ਵਿਅਕਤੀਗਤ, ਸਮਾਜਕ ਜਾਂ ਸਭਿਆਚਾਰਕ ਪ੍ਰਭਾਵਾਂ ਦਾ ਅਸਰ ਨਹੀਂ ਹੁੰਦਾ।

### 1.4.2 ਸਾਧਨੀ ਕੀਮਤਾਂ

ਸਾਧਨੀ ਕੀਮਤਾਂ ਜਾਂ ਸਾਧਨ ਮੁੱਲ, ਆਪਣੇ ਆਪ ਵਿਚ ਅੰਤਿਮ ਨਹੀਂ ਹੁੰਦੇ ਬਲਕਿ ਕਿਸੇ ਸਿੱਖਰਲੇ ਗੁਣ ਜਾਂ ਮੁੱਲ ਨੂੰ ਪ੍ਰਾਪਤ ਕਰਨ ਦੇ ਸਾਧਨ ਹੁੰਦੇ ਹਨ। ਉਦਾਹਰਣ ਦੇ ਤੌਰ 'ਤੇ ਸੁਖ ਜਾਂ ਖੁਸ਼ੀ ਆਪਣੇ ਆਪ ਵਿਚ ਸਿੱਖਰਲੇ ਮੁੱਲ ਹਨ ਅਤੇ ਖਾਣ-ਪੀਣ, ਪਰਿਵਾਰ, ਦੋਸਤ, ਭਾਈਚਾਰਾ ਅਤੇ ਧਨ ਆਦਿ ਖੁਸ਼ੀ ਦੇਣ ਵਾਲੇ ਸਾਧਨ ਹਨ, ਜੋ ਖੁਸ਼ੀ ਦੇ ਉਦੇਸ਼ ਲਈ ਸਾਧਨ ਦੇ ਤੌਰ 'ਤੇ ਕਾਰਜ ਕਰਦੇ ਹਨ। ਅੰਦਰੂਨੀ ਅਤੇ ਸਾਧਨ ਮੁੱਲ ਦੇ ਵਿਚਕਾਰ ਵੱਡਾ ਫਰਕ ਇਹੀ ਹੈ ਕਿ ਇਕ ਆਪਣੇ ਆਪ ਵਿਚ ਅੰਤਿਮ ਜਾਂ ਸਿੱਖਰ ਹੁੰਦਾ ਹੈ ਅਤੇ ਦੂਸਰਾ ਉਸ ਸਿੱਖਰ ਤਕ ਪਹੁੰਚਣ ਦਾ ਸਾਧਨ ਹੈ। ਵਸੱਤਾ ਦੇ ਵਿਚ ਸਾਧਨ ਮੁੱਲ ਉਦੋਂ ਹੀ ਵੇਖੇ ਜਾਂਦੇ ਹਨ, ਜਦੋ ਉਨ੍ਹਾਂ ਦੇ ਵਿਚ ਕਿਸੇ ਉਦੇਸ਼ ਨੂੰ ਪ੍ਰਾਪਤ ਕਰਨ ਦੀ ਗੁਣਵਤਾ ਅਤੇ ਸਾਧਨ ਦੇ ਤੌਰ 'ਤੇ ਵਰਤੇ ਜਾ ਸਕਣ ਵਾਲੇ ਗੁਣ ਹੋਣ। ਕੰਮ ਵਾਲੇ ਸੰਦਾਂ ਉਦਾਹਰਣ ਦੇ ਤੌਰ 'ਤੇ ਕਲਮ ਤੋਂ ਲੈ ਕੇ ਮਸ਼ੀਨਾਂ ਆਦਿ ਦੇ ਵਿਚ ਸਾਧਨ ਮੁੱਲ ਹੁੰਦਾ ਹੈ ਕਿਉਂਕਿ ਇਹ ਮਨੁੱਖ ਦੇ ਕਿਸੇ ਉਦੇਸ਼ ਭਾਵ ਕੰਮ ਕਰਨ ਵਿਚ ਸਹਾਈ ਹੁੰਦੇ ਹਨ।

ਕਈ ਅਜਿਹੇ ਕਾਰਜ ਹੁੰਦੇ ਹਨ, ਜਿਨ੍ਹਾਂ ਨੂੰ ਕਰਕੇ ਖੁਸ਼ੀ ਪ੍ਰਾਪਤ ਹੁੰਦੀ ਹੈ, ਪਰ ਜੇ ਕੋਈ ਇਸ ਸੰਬੰਧੀ ਪ੍ਰਸ਼ਨ ਕਰੇ ਕਿ ਖੁਸ਼ੀ ਕਿਉਂ ਚਾਹੀਦੀ ਹੈ ਤਾਂ ਇਹ ਪ੍ਰਸ਼ਨ ਆਪਣੇ ਆਪ ਗੰਭੀਰ ਅਤੇ ਪੇਚੀਦਾ ਹੈ। ਸੁਖ ਉਹ ਸੁਭਾਅ ਜਾਂ ਵਰਤਾਰਾ ਹਨ ਜੋ ਹਰ ਇਕ ਮਨੁੱਖ ਦੀਆਂ ਲੋੜਾਂ ਵਿਚ ਬੁਨਿਆਦੀ ਉਦੇਸ਼ ਦੇ ਤੌਰ 'ਤੇ ਸਥਾਪਤ ਹਨ। ਮਨੁੱਖ ਇਹਨਾਂ ਮੁੱਲਾਂ ਦੀ ਪ੍ਰਾਪਤੀ ਵਾਸਤੇ ਜ਼ਿੰਦਗੀ ਭਰ ਕਾਰਜ ਕਰਦਾ ਹੈ ਅਤੇ ਇਸ ਦੌਰਾਨ ਸਹਾਇਤਾ ਕਰਨ ਵਾਲੇ ਸੰਦ ਸਾਧਨ ਮੁੱਲ ਦੇ ਵਰਗ ਵਿਚ ਗਿਣੇ ਜਾਂਦੇ ਹਨ।

## 1.5 ਧਰਮ ਅਤੇ ਕੀਮਤਾਂ ਦਾ ਸੰਬੰਧ

ਧਰਮ ਅਤੇ ਕੀਮਤਾਂ ਦਾ ਆਪਸੀ ਸੰਬੰਧ ਬੁਤ ਮਹੱਤਵਪੂਰਣ ਹੈ ਕਿਉਂਕਿ ਸਮਾਜ ਵਿਚ ਧਰਮ ਦਾ ਸਥਾਨ ਇੰਨਾ ਪ੍ਰਗ਼ਭਾਵਸ਼ਾਲੀ ਹੈ ਕਿ ਦੁਨੀਆ ਦੇ ਕਿਸੇ ਵੀ ਸਮਾਜ ਵਿਚ ਜੋ ਸੰਰਚਨਾਵਾਂ ਹੋਈਆਂ ਹਨ, ਉਹਨਾਂ ਦਾ ਮੁੱਲ ਆਧਾਰ ਧਰਮ ਹੀ। ਆਧੁਨਿਕ ਯੁਗ ਵਿਚ ਧਰਮ ਅਤੇ ਵਿਗਿਆਨ ਦੇ ਵੱਖਰੇਵੇਂ ਦੇ ਸਿਧਾਂਤਾਂ ਨੂੰ ਸਥਾਪਤ ਕਰਨ ਵਾਲੇ ਚਿੰਤਕਾਂ ਨੇ ਧਰਮ-ਨਿਰਪੱਖ ਕੀਮਤਾਂ ਨੂੰ ਘੜਣ, ਤਰਾਸ਼ਣ ਅਤੇ ਸਥਾਪਤ ਕਰਨ ਵਿਚ ਬਹੁਤ ਕੀਤੀ ਹੈ ਪਰ ਉਹਨਾਂ ਦੁਆਰਾ ਦਰਸ਼ਨ ਦੇ ਖੇਤਰ ਅਤੇ ਅਧਿਐਨ ਦੀ ਵਿਵਾਹਰਕਤਾ ਵਿਚ ਸਥਾਪਤ ਕੀਤੀਆਂ ਕੀਮਤਾਂ ਦੇ ਸੂਖ਼ਮ ਅਧਿਐਨ ਦੌਰਾਨ ਇਹ ਪਤਾ ਲਗਦਾ ਹੈ ਕਿ ਇਹਨਾਂ ਕੀਮਤਾਂ ਦੇ ਅੰਤਰੀਵ ਵਿਚ ਧਰਮ ਦੇ ਸੂਤਰ ਕਿਸੇ ਨਾ ਕਿਸੇ ਤਰ੍ਹਾਂ ਵਿਦਮਾਨ ਹਨ। ਦੁਨੀਆਂ ਦਾ ਕੋਈ ਵੀ ਸਮਾਜ ਧਰਮ ਦੇ ਪ੍ਰਗ਼ਭਾਵ ਤੋਂ ਮੁਕਤ ਨਹੀਂ ਹੈ ਅਤੇ ਹਰ ਇਕ ਸਮਾਜ ਵਿਚ ਕਿਸੇ ਨਾ ਕਿਸੇ ਤਰ੍ਹਾਂ ਕੀਮਤਾਂ ਨੂੰ ਧਰਮ ਦੇ ਅਭਿਆਸ ਜੈ ਉਸਦੀ ਵਿਵਹਾਰਕਤਾ ਨਾਲ ਜੋੜ ਕੇ ਹੀ ਦਰਸਾਇਆ ਜਾਂਦਾ ਹੈ। ਦੁਨੀਆਂ ਵਿਚ ਧਰਮਾਂ ਦੇ ਵਿਭਿੰਨ ਅਭਿਆਸਾਂ ਵਿਚੋਂ ਨਿਰਮਤ ਹੋਈਆਂ ਕੀਮਤਾਂ ਹੀ ਕਿਸੇ ਨਾ ਕਿਸੇ ਰੂਪ ਵਿਚ ਸਥਾਪਤ ਹੋਈਆਂ ਹਨ, ਜਿਨ੍ਹਾਂ ਵਿਚੋਂ ਕੁਝ ਕੀਮਤਾਂ ਪੂਰੀ ਦੁਨੀਆਂ ਵਿਚ ਸਾਂਝੇ ਤੌਰ 'ਤੇ ਸਥਾਪਤ ਹਨ ਅਤੇ ਕੁਝ ਕੀਮਤਾਂ ਕਿਸੇ ਧਰਮ ਜਾਂ ਸਮਾਜ ਵਿਚ ਵਿਸ਼ੇਸ਼ ਹਨ। ਉਦਾਹਰਣ ਦੇ ਤੌਰ 'ਤੇ 'ਸਚ ਬੋਲਣਾ' ਦੀ ਕੀਮਤ ਦੁਨੀਆਂ ਵਿਚ ਇਕ ਆਦਰਸ਼ ਦੇ ਤੌਰ 'ਤੇ ਸਥਾਪਤ ਹਨ ਪਰ ਜਾਪਾਨ ਦੇ ਸਮੂਰਾਈ ਕਬੀਲੇ ਦੇ ਯੋਧੇ ਹਾਰ ਜਾਣ 'ਤੇ ਆਤਮ-ਹਤਿਆ ਕਰਕੇ ਆਪਣੇ ਸਨਮਾਨ ਦੀ ਬਹਾਲੀ ਰਖਦੇ ਹਨ, ਜੋ ਕਿ ਉਨ੍ਹਾਂ ਦੀ ਉਚਤਮ ਕੀਮਤ ਹੈ ਪਰ ਇਹ ਕੀਮਤ ਦੂਸਰੇ ਸਮਾਜਾਂ ਵਿਚ ਆਦਰਸ਼ਕ ਨਹੀਂ ਹੈ।

## 1.6 ਸਿੱਖ-ਕੀਮਤਾਂ

ਸਿੱਖ-ਕੀਮਤਾਂ ਮੂੱਲ ਰੂਪ ਵਿਚ ਅਧਿਆਤਮਕ ਸਿਧਾਂਤਾਂ ਅਤੇ ਉਸਦੇ ਵਿਵਹਾਰਕ ਪ੍ਰਸੰਗ ਦੀ ਇਕਸੁਰਤਾ ਨਾਲ ਸੰਬੰਧਤ ਹਨ। ਸਿੱਖ ਜੀਵਨ ਸ਼ੈਲ਼ੀ ਕੀਮਤਾਂ ਨੂੰ ਸਗਲ ਅਨੁਭਵ ਵਿਚ ਆਤਮਸਾਤ ਕਰਦੀ ਹੈ ਅਤੇ ਕੀਮਤਾਂ ਦੇ ਸੰਦਰਭ ਵਿਚ ਅਮਲ ਜਾਂ ਵਿਵਹਾਰ ਦੇ ਤੌਰ ਤੇ ਵਖਰੇਵੇਂ ਸਮੇਂ ਅਤੇ ਸਥਾਨ ਕਰਕੇ ਹੋ ਸਕਦੇ ਹਨ ਪਰ ਆਦਰਸ਼ ਅਤੇ ਸਿਟੇ ਵਜੋਂ ਨਹੀਂ। ਸਿੱਖ ਜੀਵਨ ਦਾ ਧੁਰਾ ਗੁਰੂ-ਸਾਹਿਬਾਨ ਦੁਆਰਾ ਸਥਾਪਤ ਸਿਧਾਂਤ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਗੁਰੂ ਸਾਹਿਬਾਨ ਦਾ ਜੀਵਨ-ਆਦਰਸ਼ ਹੈ, ਜਿਸਨੂੰ ਸਿੱਖਾਂ ਨੇ ਆਪਣੇ ਜੀਵਨ ਦੇ ਉਚਤਮ ਮੁੱਲ ਜਾਂ ਕੀਮਤ ਵਜੋਂ ਮਿਥ ਕੇ ਆਪਣੇ ਜੀਵਨ ਵਿਚ ਧਾਰਨ ਕੀਤਾ ਹੈ ਅਤੇ ਇਤਿਹਾਸ ਵਿਚ ਲਗਾਤਾਰ ਅਭਿਆਸ ਕੀਤਾ ਹੈ। ਸਿੱਖ-ਸਮਾਜ ਦੀ ਉਸਾਰੀ ਵਿਚ ਗੁਰੂ-ਸਾਹਿਬਾਨ ਦੁਆਰਾ ਸਥਾਪਤ ਆਦਰਸ਼ਾਂ ਨੂੰ ਲਗਾਤਾਰ ਅਭਿਆਸ ਕੀਤਾ ਗਿਆ ਹੈ। ਸਿੱਖ-ਕੀਮਤਾਂ ਵਿਚ ਆਕਲਪੁਰਖ ਦਾ ਤਸੱਵਰ ਜਾਂ ਚਿੰਤਨ ਬਹੁਤ ਅਹਿਮ ਹੈ ਕਿਉਂਕਿ ਸਿੱਖੀ ਨੇ ਜਿਸ ਤਰ੍ਹਾਂ ਪਰਮ-ਹਸਤੀ ਜਾਂ ਅੰਤਿਮ-ਹਸਤੀ ਵਾਹਿਗੁਰੂ ਨੂੰ ਅਨੁਭਵ ਕੀਤਾ ਹੈ ਅਤੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਸਾਹਿਬਾਨ ਦੁਆਰਾ ਸਥਾਪਤ ਹੋਇਆ ਹੈ, ਉਹ ਸਿੱਖ-ਜੀਵਨ ਦਾ ਆਦਰਸ਼ ਹੈ। ਸਿੱਖੀ ਰਾਹੀਂ ਨਾਮ, ਸਿਮਰਨ, ਸੇਵਾ, ਸਤਿ, ਸਚਿਆਰ, ਗੁਰਮੁੱਖ, ਸੰਗਤ, ਖ਼ਾਲਸਾ, ਸਰਬਤ ਦਾ ਭਲਾ, ਚੜ੍ਹਦੀ ਕਲਾ ਆਦਿ ਇਸ ਤਰ੍ਹਾਂ ਦੇ ਨੈਤਿਕ ਮੁੱਲਾਂ ਜਾਂ ਕੀਮਤਾਂ ਦੀ ਸਥਾਪਨਾਹੋਈ ਹੈ, ਜਿਸ ਵਿਚੋਂ ਇਕ ਨਵੇਂ ਸਮਾਜ, ਜਿਸਦਾ ਮੁੱਲ 'ਸ਼ਬਦ-ਅਨੁਭਵ' ਹੈ ਅਤੇ ਉਦੇਸ਼ 'ਸ਼ਬਦ-ਸਭਿਅਤਾ' ਹੈ, ਦੀ ਸਿਰਜਨਾ ਲਈ ਆਧਾਰ ਸਿਰਜੇ ਗਏ ਹਨ।

1.7 <u>ਸਾਰ</u>

- ਕੀਮਤਾਂ ਕਿਸੇ ਵੀ ਵਿਅਕਤੀ ਅਤੇ ਸਮਾਜ ਲਈ ਮਹੱਤਵਪੂਰਨ ਆਧਾਰ ਹਨ।
- ਕੀਮਤਾਂ ਦਾ ਘੇਰਾ ਮਨੁੱਖੀ ਚੇਤਨਾ ਨਾਲ ਸੰਬੰਧਤ ਹਰ ਉਸ ਵਿਸ਼ੇ ਨਾਲ ਸੰਬੰਧਤ ਹੈ, ਜਿਸ ਵਿਚ ਵਿਅਕਤੀ ਅਤੇ ਸਮਾਜ ਦਾ ਦਖਲ ਹੈ।
- ਵੱਖ-ਵੱਖ ਕੀਮਤਾਂ ਵਿਅਕਤੀਗਤ ਅਨੁਭਵ ਤੋਂ ਲੈ ਕੇ ਸਮਾਜ ਦੇ ਮੁੱਲ ਆਧਾਰਾਂ ਨਾਲ ਸੰਬੰਧਤ ਹਨ, ਜਿਸ ਵਿਚ ਵਿਅਕਤੀ ਅਤੇ ਸਮਾਜ ਦੇ ਵਿਭਿੰਨ ਖੇਤਰਾਂ ਵਿਚ ਉਹ ਖੇਤਰ ਦੇ ਸੁਭਾਅ ਅਤੇ ਸਰੂਫ ਅਨੁਸਾਰੀ ਹੋ ਕੇ ਸੰਬੰਧਤ ਹੁੰਦੀਆਂ ਹਨ।
- ਕੀਮਤਾਂ ਅਤੇ ਧਰਮ ਦਾ ਸੰਬੰਧ ਬਹੁਤ ਮਹੱਤਵਪੂਰਣ ਹੈ ਕਿਉਂਕਿ ਕੀਮਤਾਂ ਦਾ ਮੁੱਲ ਆਧਾਰ ਧਰਮ ਹੀ ਹੈ ਭਾਵੇਂ ਕਿ ਬਹੁਤ ਸਾਰੀਆਂ ਅਜਿਹੀਆਂ ਕੀਮਤਾਂ ਹਨ, ਜਿਨ੍ਹਾਂ ਦਾ ਸਿਧਾਂ ਸੰਬੰਧ ਧਰਮ ਨਾਲ ਦਿਖਾਈ ਨਹੀਂ ਦਿੰਦਾ ਪਰ ਅਧਿਐਨ ਕਰਨ ਉਪਰੰਤ ਸਹਿਜੇ ਹੀ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਇਹ ਕੀਮਤ ਧਰਮ ਦੇ ਕਿਸ ਅਨੁਭਵ ਜਾਂ ਵਰਤਾਰੇ ਤੋਂ ਪ੍ਰਭਾਵਤ ਜਾਂ ਮੁਤਾਸਰ ਹੈ।
- ਸਿੱਖ-ਕੀਮਤਾਂ ਦਾ ਮੁੱਲ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ-ਸਾਹਿਬ ਦਾ ਜੀਵਨ-ਦਰਸ਼ਨ ਹੈ, ਜਿਨ੍ਹਾਂ ਤੋਂ ਸਿੱਖ-ਜੀਵਨ ਦੀ ਘਾੜਤ ਹੋਈ ਹੈ।
- ਸਿੱਖ-ਕੀਮਤਾਂ ਦਾ ਸਿਧਾਂਤਕ ਅਤੇ ਵਿਵਹਾਰਕ ਰੂਪ ਇਕਸੁਰਤਾ ਵਾਲਾ ਹੈ ਅਤੇ ਜਿਸ ਕਰਕੇ ਅੰਦਰੂਨੀ ਅਤੇ ਸਾਧਨੀ ਕੀਮਤਾਂ ਨੇ ਇਕ-ਦੂਜੇ ਨੂੰ ਆਤਮ-ਸਾਤ ਕੀਤਾ ਹੋਇਆ ਹੈ।

1.8 <u>ਵਿਸਤਾਰ ਵਿਚ ਪੜ੍ਹਨਯੋਗ ਪੁਸਤਕਾਂ</u>


- ਜਸਪਾਲ ਸਿੰਘ (2009), *ਰਾਜ ਦਾ ਸਿੱਖ ਸੰਕਲਪ,* ਨਵਯੁਗ ਪਬਲਿਸ਼ਰਜ਼, ਦਿੱਲੀ।
- ਜਸਬੀਰ ਸਿੰਘ ਆਹਲੂਵਾਲੀਆ (2017), *ਸਿੱਖ ਫ਼ਲਸਫ਼ੇ ਦੀ ਭੂਮਿਕਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ
- ਮਨਮੋਹਨ ਸਿੰਘ, *ਮਾਨਵੀ ਕਦਰਾਂ-ਕੀਮਤਾਂ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1987
- ਪਰਮਜੀਤ ਕੌਰ ਸੰਧੂ, *ਕਦਰਾਂ-ਕੀਮਤਾਂ ਦੀ ਸਿਖਿਆ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2010
- ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ (ਦੋ ਭਾਗ)*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1995
- Gurnam Kaur (ed.), *Sikh Value System and Social Change*, Patiala: Punjabi University, 1995
- Wazir Singh, *The Sikh Vision*, Delhi: Ess Ess Publications, 1992


1.9 <u>ਅਭਿਆਸ ਲਈ ਪ੍ਰਸ਼ਨ</u>

ਪ੍ਰਸ਼ਨ 1. ਕੀਮਤਾਂ ਤੋਂ ਕੀ ਭਾਵ ਹੈ?

ਪ੍ਰਸ਼ਨ 2. ਕੀਮਤਾਂ ਦੇ ਘੇਰੇ ਦਾ ਵਿਸੱਤਾਰ ਦਸੋ।

ਪ੍ਰਸ਼ਨ 3. ਪ੍ਰਮੁੱਖ ਕੀਮਤਾਂ ਦਾ ਵਰਗੀਕਰਨ ਕਰੋ।

ਪ੍ਰਸ਼ਨ 4. ਅੰਦਰੂਨੀ ਅਤੇ ਸਾਧਨੀ ਕੀਮਤਾਂ ਤੋਂ ਕੀ ਭਾਵ ਹੈ?

ਪ੍ਰਸ਼ਨ 5. ਸਿੱਖ-ਕੀਮਤਾਂ ਦਾ ਮੁੱਲ ਸੁਭਾਅ ਕੀ ਹੈ।

**PROGRAMME: CERTIFICATE COURSE ON VALUE AND LEARNING OF SIKHISM**

**COURSE: VALUES AND VIRTUES**

**SEMESTER-I**

## UNIT II - SPIRITUAL AND SECULAR VALUES

**STRUCTURE**

2.0 ਉਦੇਸ਼

2.1 ਜਾਣ-ਪਛਾਣ

2.1.1 ਪਰਿਭਾਸ਼ਾ ਤੇ ਖੇਤਰ
2.1.2 ਪਰਿਭਾਸ਼ਾ
2.1.3 ਖੇਤਰ

2.3 ਅਧਿਆਤਮਕ ਕੀਮਤਾਂ

2.4 ਧਰਮ ਵਿਚ ਕੀਮਤਾਂ ਦਾ ਮਹੱਤਵ

2.5 ਧਰਮ-ਨਿਰਪੱਖ ਕੀਮਤਾਂ

2.6 ਸਿੱਖ ਸਿਧਾਂਤ ਤੇ ਕੀਮਤਾਂ:

2.6.1 ਨਾਮ-ਸਿਮਰਨ

2.6.2 ਕੀਰਤਨ

2.6.3 ਸੇਵਾ

2.6.4 ਕਿਰਤ

2.6.5 ਸੰਤੋਖ

2.7 ਸਿੱਖ ਵਿਵਹਾਰ ਅਤੇ ਕੀਮਤਾਂ

2.7.1 ਭਾਈ ਮੰਝ ਜੀ ਦੀ ਸੇਵਾ

2.7.2 ਭਾਈ ਨੰਦ ਲਾਲ ਜੀ ਦੀ ਨਿਮਰਤਾ

2.7.3 ਭਾਈ ਬਚਿੱਤਰ ਸਿੰਘ ਦੀ ਨਿਡਰਤਾ

2.8 ਸਾਰ

2.9 ਵਿਸਤਰਤ ਵਿਚ ਪੜ੍ਹਨ ਲਈ ਪੁਸਤਕਾਂ

2.10 ਅਭਿਆਸ ਲਈ ਪ੍ਰਸ਼ਨ

### 2.0 ਉਦੇਸ਼

- ਕੀਮਤਾਂ ਦੇ ਸੰਕਲਪ ਨੂੰ ਜਾਣਨਾ।
- ਅਧਿਆਤਮਕ ਤੇ ਧਰਮ-ਨਿਰਪੱਖ ਕੀਮਤਾਂ ਨੂੰ ਸਮਝਣਾ।
- ਸਿੱਖ ਧਰਮ ਵਿਚ ਕੀਮਤਾਂ ਦੇ ਮਹੱਤਵ ਨੂੰ ਜਾਣਨਾ।

## 2.1. ਜਾਣ-ਪਛਾਣ

ਕਿਸੇ ਵੀ ਖੇਤਰ ਦੇ ਲੋਕਾਂ ਦਾ ਜੀਵਨ-ਮਿਆਰ ਇਸ ਗਲ ਤੋਂ ਪ੍ਰਤੀਤ ਹੁੰਦਾ ਹੈ ਕਿ ਉਹਨਾਂ ਲੋਕਾਂ ਦੇ ਜੀਵਨ ਵਿਚ ਕਿਹੜੀਆਂ ਕਦਰਾਂ-ਕੀਮਤਾਂ ਨੂੰ ਕਿਸ ਤਰ੍ਹਾਂ ਦਾ ਸਥਾਨ ਪ੍ਰਾਪਤ ਹੈ। ਕੀਮਤਾਂ ਮਨੁੱਖੀ ਜੀਵਨ ਦੇ ਆਰਥਿਕ, ਸਮਾਜਕ, ਧਾਰਮਿਕ, ਨੈਤਿਕ ਆਦਿ ਖੇਤਰਾਂ ਦਾ ਅਹਿਮ ਹਿੱਸਾ ਹੁੰਦੀਆਂ ਹੈ, ਜਿਸ ਨੂੰ ਮਨੁੱਖ ਆਪਣੀ ਚੇਤਨਾ ਤੇ ਵਿਵਹਾਰ ਵਿਚ ਢਾਲ ਕੇ ਆਪਣੇ ਜੀਵਨ ਦੀ ਉਤਮਤਾ ਸਥਾਪਿਤ ਕਰਨ ਲਈ ਯਤਨਸ਼ੀਲ ਰਹਿੰਦਾ ਹੈ। ਸਾਧਾਰਨ ਸ਼ਬਦਾਂ ਵਿਚ ਕੀਮਤ ਦਾ ਸੰਬੰਧ ਕਿਸੇ ਵਸਤੂ ਦੇ ਵਟਾਂਦਰੇ ਜਾਂ ਵਪਾਰਕ ਉਦੇਸ਼ ਲਈ ਮਿਥੇ ਗਏ ਮੁੱਲ ਤੋਂ ਹੁੰਦਾ ਹੈ, ਜਿਸ ਦਾ ਸੰਬੰਧ ਅਰਥ-ਸ਼ਾਸਤਰ ਨਾਲ ਹੈ। ਪਰੰਤੂ ਆਧੁਨਿਕ ਕਾਲ ਵਿਚ ਇਸ ਦਾ ਪ੍ਰਯੋਗ ਮਨੁੱਖੀ ਜੀਵਨ ਦੇ ਮਾਨਵਵਾਦੀ ਸਰੋਕਾਰਾਂ ਨਾਲ ਸੰਬੰਧਿਤ ਖੇਤਰਾਂ ਵਿਚ ਹੋਣ ਲਗ ਪਿਆ ਹੈ। ਕੀਮਤ ਮਨੁੱਖੀ ਜੀਵਨ ਦੇ ਉਨ੍ਹਾਂ ਸਦਗੁਣਾਂ ਨੂੰ ਕਿਹਾ ਜਾਂਦਾ ਹੈ, ਜੋ ਮਨੁੱਖੀ ਵਿਹਾਰ ਵਿਚ ਸ਼ਾਮਿਲ ਕਾਰਜਾਂ ਦੇ ਚੰਗੇ-ਮਾੜੇ, ਲਾਭਦਾਇਕ-ਹਾਨੀਕਾਰਕ ਆਦਿ ਪੱਖਾਂ ਨੂੰ ਨਿਰਧਾਰਿਤ ਕਰਨ ਲਈ ਆਧਾਰ ਬਣਦੇ ਹੋਣ, ਜਿਸ ਤਰਾਂ ਨੈਤਿਕ-ਸ਼ਾਸਤਰ ਵਿਚ ਸਚ, ਈਮਾਨਦਾਰੀ, ਭਲਾਈ, ਆਦਿ ਮਨੁੱਖੀ ਜੀਵਨ ਦੀ ਖੁਸ਼ਹਾਲੀ ਲਈ ਮਹੱਤਵਪੂਰਨ ਕੀਮਤਾਂ ਹਨ।

## 2.2. ਪਰਿਭਾਸ਼ਾ ਤੇ ਖੇਤਰ

### 2.2.1. ਪਰਿਭਾਸ਼ਾ

ਕੀਮਤ-ਸਿਧਾਂਤ axiology ਦਾ ਪੰਜਾਬੀ ਰੂਪਾਂਤਰਣ ਹੈ, ਜੋ ਕਿ ਯੂਨਾਨੀ ਭਾਸ਼ਾ ਦੇ ਸ਼ਬਦ Axio ਤੇ Logs ਤੋਂ ਮਿਲ ਕੇ ਬਣਿਆ ਹੈ। Axio ਦਾ ਅਰਥ ਹੈ ਕੀਮਤ ਤੇ Logs ਦਾ ਅਰਥ ਹੈ ਤਰਕ, ਗਿਆਨ ਜਾਂ ਸਿਧਾਂਤ। ਇਸ ਤਰ੍ਹਾਂ ਕੀਮਤ-ਸਿਧਾਂਤ ਨੂੰ ਮਨੁੱਖੀ ਵਿਵਹਾਰ ਦੇ ਸਰਵੋਤਮ ਮੁੱਲਾਂ ਜਾਂ ਕੀਮਤਾਂ ਦੇ ਸੁਭਾਅ ਦਾ ਤਰਕਪੂਰਨ ਜਾਂ ਵਿਧੀਪੂਰਵਕ੍ਰ ਅਧਿਐਨ ਕਰਨ ਦੇ ਰੂਪ ਵਿਚ ਪ੍ਰੀਭਾਸ਼ਤ ਕੀਤਾ ਗਿਆ ਹੈ। ਕੀਮਤਾਂ ਤੋਂ ਭਾਵ ਬੁਨਿਆਦੀ ਤੌਰ 'ਤੇ ਕਿਸੇ ਵਸਤੂ ਨੂੰ ਜਾਂ ਵਰਤਾਰੇ ਦੀ ਸਾਰਥਕਤਾ ਸਮਝਦੇ ਹੋਏ ਉਸਨੂੰ ਖ਼ਾਸ ਨਿਯਮਾਂ ਰਾਹੀਂ ਆਦਰਸ਼ਕ ਰੂਪ ਵਿਚ ਸਥਾਪਤ ਕਰਨਾ ਹੈ ਤਾਂਕਿ ਪੀੜ੍ਹੀ ਦਰ ਪੀੜ੍ਹੀ ਉਹਨਾਂ ਕੀਮਤਾਂ ਦਾ ਅਭਿਆਸ ਕੀਤਾ ਜਾ ਸਕੇ। ਕਿਸੇ ਵੀ ਵਰਗ ਜਾਂ ਖੇਤਰ ਦੀਆਂ ਆਦਰਸ਼ਕ ਕੀਮਤਾਂ ਅਤੇ ਉਸਦਾ ਅਭਿਆਸ ਹੀ ਨਿਸ਼ਚਤ ਕਰਦਾ ਹੈ ਕਿ ਉਸ ਸਮਾਜ ਦਾ ਜਨ-ਜੀਵਨ ਕਿਹੋ ਜਿਹਾ ਹੈ ਅਤੇ ਕਿਹੜੇ ਆਦਰਸ਼ਕ ਉਦੇਸ਼ਾਂ ਅਨੁਸਾਰ ਆਪਣਾ ਜੀਵਨ ਜੀਉਂਦੇ ਹਨ। ਇਹ ਉਸ ਸਮਾਜ ਦੇ ਲੋਕਾਂ ਦੀ ਦੂਜੇ ਸਮਾਜਾਂ ਨਾਲੋਂ ਵਿਲੱਖਣਤਾ ਵੀ ਹੁੰਦੀ ਹੈ ਅਤੇ ਪ੍ਰਾਪਤੀ ਵੀ।

### 2.1.4 ਖੇਤਰ

ਕੀਮਤ-ਸਿਧਾਂਤ ਦਰਸ਼ਨ-ਸ਼ਾਸਤਰ ਦੇ ਖੇਤਰ ਵਿਚ, ਵੀਹਵੀਂ ਸਦੀ ਦੇ ਮੁਢਲੇ ਸਾਲਾਂ ਵਿਚ ਸਾਹਮਣੇ ਆਇਆ ਹੈ, ਜਿਸ ਦਾ ਪ੍ਰਮੁੱਖ ਉਦੇਸ਼ ਕੀਮਤਾਂ ਦੀ ਵਿਆਖਿਆ, ਕੀਮਤਾਂ ਦਾ ਵਰਗੀਕਰਣ, ਕੀਮਤਾਂ ਨੂੰ ਨਿਰਧਾਰਿਤ ਕਰਨਾ, ਉਚਤਮ-ਨਿਮਨ ਕੀਮਤਾਂ, ਅੰਦਰੂਨੀ-ਬਾਹਰੀ ਕੀਮਤਾਂ ਆਦਿ ਪੱਖਾਂ ਬਾਰੇ ਅਧਿਐਨ ਕਰਨਾ ਹੈ। ਕੀਮਤਾਂ ਦਾ ਸੰਕਲਪੱਖ ਖੇਤਰ ਬਹੁਤ ਵਿਸ਼ਾਲ ਹੈ, ਜੋ ਕਿ ਅਧਿਐਨ ਦੇ ਵਿਸ਼ਿਆਂ ਤੋਂ ਲੈ ਕੇ ਜੀਵਨ ਦੇ ਵਿਵਹਾਰ ਤਕ ਫੈਲਿਆ ਹੋਇਆ ਹੈ। ਹਰੇਕ ਖੇਤਰ ਵਿਚ ਉਸਦੀਆਂ ਆਪਣੀਆਂ ਕੀਮਤਾਂ ਨਿਰਧਾਰਿਤ ਕੀਤੀਆਂ ਗਈਆਂ ਹਨ ਅਤੇ ਉਹਨਾਂ ਦੇ ਸਥਾਪਨਾਲਈ ਲਗਾਤਾਰ ਅਭਿਆਸ ਕੀਤਾ ਜਾਂਦਾ ਹੈ। ਵੱਖਰੇ-ਵੱਖਰੇ ਵਿਦਵਾਨਾਂ ਨੇ ਕੀਮਤਾਂ ਨੂੰ ਆਪਣੀ ਅਧਿਐਨ ਅਤੇ ਸਮਝ ਅਨੁਸਾਰ ਵਰਗੀਕ੍ਰਿਤ ਕੀਤਾ ਹੈ। ਸਾਂਝੇ ਤੌਰ 'ਤੇ ਕੀਮਤਾਂ ਨੂੰ ਆਰਥਿਕ ਕੀਮਤਾਂ, ਸਮਾਜਿਕ ਕੀਮਤਾਂ, ਰਾਜਨੀਤਿਕ ਕੀਮਤਾਂ, ਬੌਧਿਕ ਕੀਮਤਾਂ, ਸੁਹਜਾਤਮਕ ਕੀਮਤਾਂ, ਭਾਵਨਾਤਮਕ ਕੀਮਤਾਂ, ਨੈਤਿਕ ਕੀਮਤਾਂ, ਧਾਰਮਿਕ ਕੀਮਤਾਂ ਆਦਿ ਵਿਚ ਵੰਡ ਕੇ ਅਧਿਐਨ ਕਰਨ ਦੇ ਯਤਨ ਕੀਤੇ ਗਏ ਹਨ। ਇਨ੍ਹਾਂ ਕੀਮਤਾਂ 'ਚੋਂ ਕੁਝ ਕੀਮਤਾਂ ਨੂੰ ਉਚਤਮ ਦਰਜੇ ਤੇ ਕੁਝ ਨੂੰ ਨਿਮਨ ਦਰਜੇ, ਕੁਝ ਨੂੰ ਸੱਤਾਈ ਤੇ ਕੁਝ ਨੂੰ ਅਸੱਤਾਈ ਅਤੇ ਕੁਝ ਕੀਮਤਾਂ ਨੂੰ ਅੰਤ੍ਰੀਵੀ ਤੇ ਸਾਧਨੀ ਕੀਮਤਾਂ ਵਿਚ ਵੰਡ ਕੇ ਵੀ ਅਧਿਐਨ ਕੀਤਾ ਜਾਂਦਾ ਹੈ। ਇਹ ਸਾਰੀਆਂ ਕੀਮਤਾਂ ਮਨੁੱਖੀ ਜੀਵਨ ਦਾ

ਮਹੱਤਵਪੂਰਨ ਹਿੱਸਾ ਹਨ ਤੇ ਇਨ੍ਹਾਂ ਸਾਰੀਆਂ ਕੀਮਤਾਂ ਦੇ ਸਮੂਹਿਕ ਪ੍ਰਗਟਾਵੇ ਨਾਲ ਹੀ ਨੈਤਿਕ ਜੀਵਨ ਸੰਭਵ ਹੁੰਦਾ ਹੈ। ਇਹ ਸਾਰੀਆਂ ਕੀਮਤਾਂ ਮਨੁੱਖੀ ਅਤੇ ਸਮਾਜਕ ਚਰਿਤਰ ਨਿਰਮਾਣ ਵਿਚ ਯੋਗਦਾਨ ਪਾਉਂਦੀਆਂ ਹਨ ਅਤੇ ਕਿਸੇ ਪਰਮ-ਕੀਮਤ ਤਕ ਪਹੁੰਚਣ ਲਈ ਵੀ ਇਹ ਸਾਰੀਆਂ ਕੀਮਤਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਜ਼ਰੂਰੀ ਹੁੰਦਾ ਹੈ।

## 2.3. ਅਧਿਆਤਮਕ ਕੀਮਤਾਂ

ਅਧਿਆਤਮਕ ਕੀਮਤਾਂ ਉਹ ਹਨ, ਜਿਨ੍ਹਾਂ ਦਾ ਸਿੱਧਾ ਸੰਬੰਧ ਧਰਮ ਦੇ ਅਨੁਭਵ ਅਤੇ ਉਸਦੇ ਅਭਿਆਸ ਨਾਲ ਹੈ। ਧਰਮ ਦੇ ਖੇਤਰ ਵਿਚ ਅਧਿਆਤਮਕ ਕੀਮਤਾਂ ਨੂੰ ਕੇਂਦਰੀ ਸਥਾਨ ਪ੍ਰਾਪਤ ਹੈ। ਅਧਿਆਤਮਕ ਕੀਮਤਾਂ ਵਿਚ ਪਰਮਸੱਤਾ ਦੀ ਪ੍ਰਾਪਤੀ ਅਤੇ ਮਨੁੱਖੀ ਮੁਕਤੀ ਨੂੰ ਉਚਤਮ ਉਦੇਸ਼ ਮੰਨਦੇ ਹੋਏ ਉਸਦੀ ਪ੍ਰਾਪਤੀ ਲਈ ਨਿਸ਼ਚਤ ਕੀਮਤਾਂ ਨੂੰ ਸਰਵ-ਉਚ ਮੰਨਿਆ ਗਿਆ ਹੈ ਇਸ ਲਈ ਹੋਰ ਸਾਰੀਆਂ ਉਚ ਕੀਮਤਾਂ ਨੂੰ ਮਨੁੱਖੀ ਚੇਤਨਾ ਤੇ ਵਿਹਾਰ ਦਾ ਹਿੱਸਾ ਬਣਾਉਣਾ ਜ਼ਰੂਰੀ ਹੁੰਦਾ ਹੈ ਤਾਂਕਿ ਪਰਮ-ਕੀਮਤ ਪ੍ਰਤੀ ਅਗੇ ਵਧਿਆ ਜਾ ਸਕੇ। ਧਰਮ ਦੇ ਅਨੇਕ ਅਨੁਭਵਾਂ ਵਿਚ ਆਪਣੀਆਂ ਵਿਸ਼ੇਸ਼ ਅਧਿਆਤਮਕ ਕੀਮਤਾਂ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ, ਜਿਹਨਾਂ ਨੂੰ ਵੱਖਰੇ-ਵੱਖਰੇ ਧਰਮ-ਅਭਿਆਸਾਂ ਰਾਹੀਂ ਧਰਮ ਦੇ ਪੈਰੋਕਾਰ ਸਰਵ-ਉਚ ਕੀਮਤ ਦੀ ਪ੍ਰਾਪਤੀ ਲਈ ਯਤਨਸ਼ੀਲ ਰਹਿੰਦੇ ਹਨ।ਧਰਮ ਵਿਚ ਧਰਮ-ਨਿਰਪੱਖ ਕੀਮਤਾਂ ਦੀ ਵੱਖਰੇ ਤੌਰ ‘ਤੇ ਪਛਾਣ ਸਥਾਪਿਤ ਨਹੀਂ ਕੀਤੀ ਜਾਂਦੀ, ਸਗੋਂ ਧਰਮ-ਨਿਰਪੱਖ ਕੀਮਤਾਂ, ਅਧਿਆਤਮਕ ਕੀਮਤਾਂ ਵਿਚ ਹੀ ਸੰਮਲਿਤ ਹੁੰਦੀਆਂ ਹਨ। ਉਦਾਹਰਨ ਲਈ ਧਰਮ-ਨਿਰਪੱਖ ਕੀਮਤਾਂ ਵਿਚ ਈਮਾਨਦਾਰੀ ਵਾਲਾ ਜੀਵਨ ਬਿਤਾਉਣਾ ਇਕ ਉਚ ਕੀਮਤ ਹੈ, ਜੋ ਉਸ ਦੇ ਬਾਹਰੀ ਜਾਂ ਦੁਨਿਆਵੀ ਪੱਖ ਨਾਲ ਸੰਬੰਧ ਰਖਦੀ ਹੈ ਅਤੇ ਇਸ ਕੀਮਤ ਨੂੰ ਧਾਰਨ ਕਰਨ ਲਈ ਕੋਈ ਉਦੇਸ਼, ਉਤਸ਼ਾਹ ਧਰਮ-ਨਿਰਪੱਖਤਾ ਨਹੀਂ ਦਿੰਦੀ। ਸਿੱਖ ਧਰਮ ਵਿਚ ਇਮਾਨਦਾਰੀ ਨੂੰ ਅਧਿਆਤਮਕ ਕੀਮਤ ਵਜੋਂ ਮਨੁੱਖ ਦੇ ਅੰਤ੍ਰੀਵ ਨਾਲ ਜੋੜ ਕੇ, ਉਸ ਨੂੰ ਈਮਾਨਦਾਰੀ ਨਾਲ ਜੀਵਨ ਬਿਤਾਉਣ ਲਈ ਉਤਸ਼ਾਹਿਤ ਕੀਤਾ ਗਿਆ ਹੁੰਦਾ ਹੈ।

## 2.4. ਧਰਮ ਵਿਚ ਕੀਮਤਾਂ ਦਾ ਮਹੱਤਵ

ਵਿਸ਼ਵ ਦੇ ਹਰੇਕ ਧਰਮ-ਅਨੁਭਵ ਵਿਚ ਕੀਮਤਾਂ ਦਾ ਵਿਸ਼ੇਸ਼ ਮਹੱਤਵ ਹੈ। ਧਰਮ ਵਿਚ ਸਥਾਪਤ ਕੀਮਤਾਂ ਦਾ ਉਦੇਸ਼ ਪ੍ਰਮਾਤਮਾ ਦੀ ਪ੍ਰਾਪਤੀ, ਮਨੁੱਖੀ ਜੀਵਨ ਦਾ ਕਲਿਆਣ, ਸੁਖੀ ਜੀਵਨ, ਮੁਕਤੀ ਆਦਿ ਹਨ। ਬਾਕੀ ਸਾਰੀਆਂ ਕੀਮਤਾਂ ਮਨੁੱਖੀ ਜੀਵਨ ਦੀ ਮੁਕਤੀ ਲਈ ਸਹਾਇਕ ਕੀਮਤਾਂ ਵਜੋਂ ਕਾਰਜ ਕਰਦੀਆਂ ਹਨ। ਧਰਮ ਦੇ ਖੇਤਰ ਵਿਚ ਕੀਮਤਾਂ ਦੇ ਸ੍ਰੋਤ ਪ੍ਰਮੁੱਖ ਤੌਰ ‘ਤੇ ਧਾਰਮਿਕ ਗ੍ਰੰਥ ਹਨ, ਜਿਨ੍ਹਾਂ ਵਿਚ ਇਸ਼ਟ ਦੀ ਸਿੱਖਿਆ, ਉਪਦੇਸ਼ ਆਦਿ ਨੂੰ ਅਧਿਆਤਮਕ ਕੀਮਤਾਂ ਦੇ ਰੂਪ ਵਿਚ ਲਿਆ ਜਾਂਦਾ ਹੈ। ਸਾਮੀ ਧਰਮਾਂ ਵਿਚੋਂ ਯਹੂਦੀ ਧਰਮ ਦਾ ਆਧਾਰ ‘ਦਸ ਆਦੇਸ਼’ ਹਨ, ਜਿਨ੍ਹਾਂ ਦੀ ਪਾਲਣਾ ਯਹੂਦੀ ਜੀਵਨ ਦਾ ਆਧਾਰ ਹਨ। ਈਸਾਈ ਧਰਮ ਵਿਚ ਕਦਰਾਂ-ਕੀਮਤਾਂ ਦਾ ਸ੍ਰੋਤ ਬਾਇਬਲ ਅਤੇ ਯਿਸੂ ਮਸੀਹ ਦਾ ਜੀਵਨ ਹੈ, ਜਿਸ ਵਿਚ ਸ਼ਾਮਿਲ ਕੀਮਤਾਂ ਨੂੰ ਮਨੁੱਖੀ ਮੁਕਤੀ ਲਈ ਸਹਾਇਕ ਮੰਨਿਆ ਗਿਆ ਹੈ। ਬਾਇਬਲ ਅੰਦਰ ਪਿਆਰ, ਸ਼ਾਂਤੀ, ਨਿਆਂ, ਸਿਆਣਪ, ਪਰਉਪਕਾਰ, ਇਕ ਰਗ਼ਬ ‘ਤੇ ਵਿਸ਼ਵਾਸ ਆਦਿ ਕੀਮਤਾਂ ਮਨੁੱਖ-ਜੀਵਨ ਦੀ ਮੁਕਤੀ ਲਈ ਸਹਾਇਕ ਹਨ। ਇਸਲਾਮ ਵਿਚ, ਮੁਸਲਿਮ ਜੀਵਨ ਦੇ ਪੰਜ ਸਤੰਭ ਖੁਦਾ ਵਿਚ ਵਿਸ਼ਵਾਸ, ਨਮਾਜ਼, ਜ਼ਕਾਤ, ਰੋਜ਼ੇ, ਹਜ ਹਨ। ਇਹ ਪੰਜ ਕੀਮਤਾਂ ਮੁਸਲਿਮ ਜੀਵਨ ਦਾ ਆਧਾਰ ਹਨ ਤੇ ਇਸਲਾਮ ਦੇ ਹਰੇਕ ਪੈਰੋਕਾਰ ਲਈ ਇਨ੍ਹਾਂ ਕੀਮਤਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਜ਼ਰੂਰੀ ਮੰਨਿਆ ਗਿਆ ਹੈ। ਭਾਰਤੀ ਧਰਮਾਂ ਵਿਚੋਂ ਸਨਾਤਨ ਪਰੰਪਰਾ ਨੇ ਧਰਮ, ਅਰਥ, ਕਾਮ, ਮੋਕਸ਼ ਨੂੰ ਮਨੁੱਖੀ ਜੀਵਨ ਦੀਆਂ ਸਰਬ-ਉਚ ਕੀਮਤਾਂ ਪ੍ਰਵਾਨ ਕੀਤਾ ਹੈ, ਜਿਨ੍ਹਾਂ ਨੂੰ ਪੁਰਸ਼ਾਰਥ ਵੀ ਕਿਹਾ ਜਾਂਦਾ ਹੈ। ਧਰਮ ਤੋਂ ਭਾਵ ਈਸ਼ਵਰ ਵਿਚ ਵਿਸ਼ਵਾਸ, ਕਰਤਵ, ਨੈਤਿਕਤਾ ਆਦਿ ਤੋਂ ਹੈ। ਅਰਥ ਤੋਂ ਭਾਵ ਮਨੁੱਖੀ ਭੌਤਿਕ ਲੋੜਾਂ ਨਾਲ ਸੰਬੰਧਿਤ ਕੀਮਤਾਂ, ਕਾਮ ਤੋਂ ਭਾਵ ਸ੍ਰਿਸ਼ਟੀ ਨਿਰੰਤਰਤਾ, ਮਾਨਸਿਕਖੁਸ਼ੀ, ਸੁੰਦਰਤਾ ਸੰਬੰਧੀ ਕੀਮਤਾਂ ਹਨ। ਮੋਕਸ਼ ਤੋਂ ਭਾਵ ਮੁਕਤੀ ਹੈ। ਇਨ੍ਹਾਂ ਵਿਚੋਂ ਧਰਮ ਤੇ ਮੁਕਤੀ ਨੂੰ ਉਚ ਕੀਮਤਾਂ ਪ੍ਰਵਾਨ ਕੀਤਾ ਗਿਆ ਹੈ। ਬੁੱਧ ਮਤ

ਵਿਚ ਨਿਰਵਾਣ ਪ੍ਰਾਪਤੀ ਲਈ ਅਸ਼ਟ ਮਾਰਗ ਨੂੰ ਮਹੱਤਵਪੂਰਨ ਮੰਨਿਆ ਗਿਆ ਹੈ। ਅਸ਼ਟ ਮਾਰਗ ਦੇ ਅਠ ਪੜਾਅ (ਸਮਯਕ) ਠੀਕ ਦ੍ਰਿਸ਼ਟੀ, ਠੀਕ ਸੰਕਲਪ, ਠੀਕ ਬਾਣੀ, ਠੀਕ ਕਰਮ, ਠੀਕ ਵਿਹਾਰ, ਠੀਕ ਉਦਮ, ਠੀਕ ਸਿਮ੍ਰਤੀ, ਠੀਕ ਸਮਾਧੀ ਨੂੰ ਬੁਧ ਮਤ ਦੀਆਂ ਸਰਵ-ਉਚ ਕੀਮਤਾਂ ਪ੍ਰਵਾਨ ਕੀਤਾ ਗਿਆ ਹੈ। ਜੈਨ ਮਤ ਵਿਚ ਅੰਤਿਮ ਸਚ ਕੈਵਲਯ ਗਿਆਨ ਦੀ ਪ੍ਰਾਪਤੀ ਲਈ ਜੈਨ ਕੀਮਤਾਂ ਸਹਾਇਕ ਹਨ, ਜਿਨ੍ਹਾਂ ਵਿਚੋਂ ਤ੍ਰਿਰਤਨ ਮਹੱਤਵਪੂਰਨ ਹਨ। ਤ੍ਰਿਰਤਨ, ਸਚਾ ਧਰਮ, ਸਚਾ ਗਿਆਨ, ਸਚਾ ਆਚਾਰ ਜੈਨ ਮਤ ਦੀਆਂ ਮਹੱਤਵਪੂਰਨ ਕੀਮਤਾਂ ਹਨ। ਧਰਮ ਵਿਚ ਕੀਮਤਾਂ ਧਰਮ ਦੇ ਅੰਤਿਮ ਉਦੇਸ਼ ਮੁਕਤੀ, ਸਚੇ ਗਿਆਨ ਦੀ ਪ੍ਰਾਪਤੀ ਲਈ ਸਹਾਇਕ ਮੰਨੀਆਂ ਜਾਂਦੀਆਂ ਹਨ।

## 2.5. ਧਰਮ-ਨਿਰਪੱਖ ਕੀਮਤਾਂ

ਪੂਰਵ ਆਧੁਨਿਕ ਕਾਲ ਵਿਚ ਸਭ ਤਰਾਂ ਦੀਆਂ ਕੀਮਤਾਂ ਉਪਰ ਧਾਰਮਿਕ ਪ੍ਰਭਾਵ ਸੀ। ਪੱਛਮ ਵਿਚ ਈਸਾਈ ਕੈਥੋਲਿਕ ਚਰਚ ਨੇ ਸਾਰੀਆਂ ਕੀਮਤਾਂ ਨੂੰ ਆਪਣੇ ਅਧਿਕਾਰ ਖੇਤਰ ਹੇਠ ਰਖਿਆ ਹੋਇਆ ਸੀ। ਪਰੰਤੂ ਚਰਚ ਦੇ ਅਰਾਜਕ ਸੁਭਾਉ ਕਾਰਨ ਯੋਰਪ ਵਿਚ 15ਵੀਂ ਸਦੀ ਦੌਰਾਨ ਜਾਗਰਿਤੀ ਕਾਲ ਸ਼ੁਰੂ ਹੋਇਆ, ਜਿਸ ਕਰਕੇ ਹੌਲੀ-ਹੌਲੀ ਦੂਸਰੇ ਖੇਤਰ ਜਿਵੇਂ ਰਾਜਨੀਤਿਕ, ਵਿਗਿਆਨ ਆਦਿ ਨੇ ਆਪਣੇ-ਆਪ ਨੂੰ ਚਰਚ ਦੇ ਪ੍ਰਭਾਵ 'ਚੋਂ ਕਢ ਕੇ ਆਪਣੇ ਸੁਤੰਤਰ ਖੇਤਰਾਂ ਨੂੰ ਸਥਾਪਿਤ ਕੀਤਾ ਤੇ ਆਪਣੇ ਵਿਧਾਨ ਤੇ ਲੋੜਾਂ ਨੂੰ ਧਿਆਨ ਵਿਚ ਰਖਕੇ ਕੀਮਤਾਂ ਸਥਾਪਿਤ ਕੀਤੀਆਂ। ਅਲਗ ਖੇਤਰਾਂ ਦੁਆਰਾ ਸਥਾਪਿਤ ਇਨ੍ਹਾਂ ਕੀਮਤਾਂ ਨੂੰ ਧਰਮ-ਨਿਰਪੱਖ ਕੀਮਤਾਂ ਕਿਹਾ ਜਾਂਦਾ ਹੈ, ਜਿਸ ਵਿਚ ਕਿਸੇ ਧਰਮ ਦੀ ਸ਼ਮੂਲੀਅਤ ਨਹੀਂ ਮੰਨੀ ਜਾਂਦੀ। ਧਰਮ-ਨਿਰਪੱਖ ਕੀਮਤਾਂ ਨੂੰ ਮਾਨਵਵਾਦੀ ਸਰੋਕਾਰਾਂ ਤਕ ਸੀਮਤ ਕੀਤਾ ਗਿਆ ਹੈ, ਜਿਸ ਦਾ ਕੇਂਦਰ ਮਨੁੱਖ ਹੈ ਅਤੇ ਉਸ ਦੇ ਨੈਤਿਕ ਜੀਵਨ ਲਈ ਜ਼ਰੂਰੀ ਹੈ ਕਿ ਉਹ ਸਥਾਪਿਤ ਕੀਮਤਾਂ ਨੂੰ ਆਪਣੇ ਜੀਵਨ ਵਿਚ ਧਾਰਨ ਕਰੇ। ਇਨ੍ਹਾਂ ਕੀਮਤਾਂ ਦਾ ਧਰਮ ਨਾਲ ਸਿਧੇ ਤੌਰ 'ਤੇ ਕੋਈ ਸੰਬੰਧ ਨਹੀਂ ਮੰਨਿਆ ਗਿਆ ਹੈ, ਜਿਵੇਂ ਕਿ ਈਮਾਨਦਾਰੀ, ਪਰਉਪਕਾਰ, ਮਿਹਨਤ, ਸਬਰ, ਸਹਿਣਸ਼ੀਲਤਾ, ਸਮਾਨਤਾ, ਭਲਾਈ, ਦਾਨ, ਭਰਾਤਰੀ ਭਾਵ, ਮਨੁੱਖੀ ਅਧਿਕਾਰ ਆਦਿ ਕੀਮਤਾਂ ਧਰਮ-ਨਿਰਪੱਖ ਜਾਂ ਸੰਸਾਰਿਕ ਕੀਮਤਾਂ ਹਨ, ਜਿਨ੍ਹਾਂ ਨੂੰ ਮਨੁੱਖੀ ਜੀਵਨ ਵਿਚ ਧਾਰਨ ਕਰਨਾ, ਮਾਨਵਵਾਦੀਆਂ ਨੇ ਧਰਮ ਦੀ ਦਖਲ-ਅੰਦਾਜ਼ੀ ਤੋਂ ਬਿਨਾ ਵੀ ਸੰਭਵ ਮੰਨਿਆ ਹੈ। ਧਰਮ-ਨਿਰਪੱਖ ਕੀਮਤਾਂ ਵਿਚ ਕੁਝ ਕੀਮਤਾਂ ਇਸ ਪ੍ਰਕਾਰ ਹਨ:

### ਆਰਥਿਕ ਅਤੇ ਵਪਾਰਕ ਕੀਮਤਾਂ:

ਆਰਥਿਕ ਕੀਮਤਾਂ ਦਾ ਸੰਬੰਧ ਅਰਥ-ਸ਼ਾਸਤਰ ਦੇ ਖੇਤਰ ਨਾਲ ਹੈ, ਜਿਸ ਵਿਚ ਵਪਾਰਕ ਉਦੇਸ਼ ਲਈ ਵਸੱਤਾ ਦੇ ਉਤਪਾਦਨ, ਵਟਾਂਦਰੇ ਸੰਬੰਧੀ ਕੀਮਤਾਂ ਸ਼ਾਮਿਲ ਹੁੰਦੀਆਂ ਹਨ। ਵਿਸ਼ਵੀਕਰਣ ਰਾਹੀਂ ਇਨ੍ਹਾਂ ਕੀਮਤਾਂ ਨੂੰ ਸਥਾਪਤ ਕੀਤਾ ਗਿਆ ਹੈ ਤਾਂ ਕਿ ਵਿਸ਼ਵ ਦੇ ਵੱਖ-ਵੱਖ ਖੇਤਰਾਂ ਦੇ ਵਾਪਾਰੀ ਇਮਾਨਦਾਰੀ ਨਾਲ ਇਕ-ਦੂਜੇ ਦੇ ਦੇਸ਼ਾਂ ਵਿਚ ਵਾਪਾਰ ਕਰ ਸਕਣ।

### ਸਭਿਆਚਾਰਕ ਕੀਮਤਾਂ:

ਹਰੇਕ ਖਿਤੇ ਦਾ ਆਪਣਾ ਵਿਸ਼ੇਸ਼ ਸਭਿਆਚਾਰ ਹੁੰਦਾ ਹੈ, ਜਿਸ ਦੇ ਵਿਕ੍ਰਾਸ ਤੇ ਮਜ਼ਬੂਤੀ ਲਈ ਸਭਿਆਚਾਰਕ ਕੀਮਤਾਂ ਸਥਾਪਿਤ ਕੀਤੀਆ ਜਾਂਦੀਆਂ ਹਨ। ਆਮ ਤੌਰ 'ਤੇ ਕਿਸੇ ਸਭਿਆਚਾਰ ਵਿਚ ਅਹਿੰਸਾ, ਨਿਮਰਤਾ, ਪਰਉਪਕਾਰ, ਉਦਮ, ਸਹਿਣਸ਼ੀਲਤਾ ਆਦਿ ਕੀਮਤਾਂ ਨੂੰ ਸਭਿਆਚਾਰਕ ਕੀਮਤਾਂ ਦੇ ਤੌਰ 'ਤੇ ਦੇਖਿਆ ਜਾਂਦਾ ਹੈ ਪਰ ਇਸਦੇ ਨਾਲ ਹੀ ਕਈ ਕੀਮਤਾਂ ਵਿਸ਼ੇਸ਼ ਸਭਿਆਚਾਰ ਦੇ ਖਾਣ-ਪੀਣ, ਪਾਉਣ-ਪਹਿਨਣ, ਰਹਿਣ-ਸਹਿਣ, ਬੋਲ-ਚਾਲ, ਸੰਗੀਤ ਆਦਿ ਨਾਲ ਜੁੜੀਆਂ ਹੋਈਆਂ ਹਨ ਅਤੇ ਇਸ ਵਿਚ ਦੂਜੇ ਸਭਿਆਚਾਰ ਦੇ ਲੋਕਾਂ ਦੁਆਰਾ ਇਹਨਾਂ ਦਾ ਸਨਮਾਨ ਕਰਨਾ ਵੀ ਸ਼ਾਮਿਲ ਹੈ।

**ਸੁਹਜਾਤਮਕ ਕੀਮਤਾਂ:**

ਸੁਹਜਾਤਮਕ ਕੀਮਤਾਂ ਮਨੁੱਖ ਦੇ ਅੰਦਰ ਸੁੰਦਰਤਾ, ਕਲਾ ਦੇ ਅਨੁਭਵ ਨਾਲ ਸੰਬੰਧਿਤ ਕੀਮਤਾਂ ਹੁੰਦੀਆਂ ਹਨ। ਇਸ ਤਰਾਂ ਦੀਆਂ ਕੀਮਤਾਂ ਵਿਅਕਤੀ ਦੇ ਸੁਹਜ ਜਾਂ ਕਲਾ ਪੱਖ ਨੂੰ ਨਿਖਾਰਣ ਲਈ ਮਹੱਤਵਪੂਰਨ ਹੁੰਦੀਆਂ ਹਨ। ਇਹਨਾਂ ਕੀਮਤਾਂ ਤੋਂ ਭਾਵ ਕਿਸੇ ਇਕ ਖੇਤਰ ਜਾਂ ਵਰਗ ਦੇ ਲੋਕਾਂ ਦੁਆਰਾ ਸਮਾਜ ਵਿਚ ਵਿਭਿੰਨ ਕਲਾਵਾਂ ਪ੍ਰਤੀ ਸਨਮਾਨਜਨਕ ਰਹਿਣਾ ਹੈ।

**ਸਰੀਰਿਕ ਕੀਮਤਾਂ:**

ਕਿਸੇ ਵੀ ਮਨੁੱਖ ਲਈ ਉਸਦੀ ਸਿਹਤ ਦਾ ਤੰਦਰੁਸਤ ਹੋਣਾ ਨਰੋਏ ਸਮਾਜ ਦੀ ਨਿਸ਼ਾਨੀ ਹੈ। ਇਸ ਲਈ ਸਰੀਰਿਕ ਅਰੋਗਤਾ, ਸਿਹਤਯਾਬੀ ਸੰਬੰਧੀ ਵੀ ਕੀਮਤਾਂ ਨੂੰ ਵੀ ਮੌਜੂਦਾ ਸਿਖਿਆ ਵਿਚ ਸ਼ਾਮਿਲ ਕੀਤਾ ਗਿਆ ਹੈ।

**ਨੈਤਿਕ ਕੀਮਤਾਂ:**

ਸਭਿਅਕ ਸਮਾਜ ਦੀ ਸਥਾਪਤੀ ਲਈ ਜ਼ਰੂਰੀ ਹੈ ਕਿ ਸਮਾਜ ਵਿਚ ਰਹਿਣ ਵਾਲੇ ਮਨੁੱਖ ਨੈਤਿਕ ਕੀਮਤਾਂ ਦੇ ਧਾਰਨੀ ਹੋਣ ਅਤੇ ਉਸਦਾ ਲਗਾਤਾਰ ਅਭਿਆਸ ਕਰਨ। ਸਮਾਜ ਵਿਚ ਰਹਿਣ ਵਾਲੇ ਮਨੁੱਖਾਂ ਅੰਦਰ ਸਚ, ਸਬਰ, ਈਮਾਨਦਾਰੀ, ਨਿਮਰਤਾ, ਸਹਿਣਸ਼ੀਲਤਾ, ਦਾਨ, ਭਲਾਈ, ਆਪਸੀ ਪਿਆਰ, ਮਿਹਨਤ ਆਦਿ ਨੈਤਿਕ ਕੀਮਤਾਂ ਦੀ ਝਲਕ ਸਭਿਅਕ ਮਨੁੱਖਾਂ ਦੀ ਨਿਸ਼ਾਨੀ ਮੰਨੀ ਜਾਂਦੀ ਹੈ। ਧਰਮ-ਨਿਰਪੱਖ ਕੀਮਤਾਂ ਵਿਚ ਮੁੱਲ ਤੌਰ 'ਤੇ ਨੈਤਿਕ ਕੀਮਤਾਂ ਉਤੇ ਕੇਂਦ੍ਰਿਤ ਕੀਤਾ ਗਿਆ ਹੈ। ਨੈਤਿਕ ਕੀਮਤਾਂ ਨੂੰ ਮਨੁੱਖੀ ਜੀਵਨ ਅਤੇ ਸਮਾਜ ਦੀ ਬਿਹਤਰੀ ਲਈ ਜ਼ਰੂਰੀ ਮੰਨਿਆ ਹੈ। ਕਿਸੇ ਦੇਸ਼ ਦੇ ਲਿਖਤੀ ਸੰਵਿਧਾਨ ਵਿਚ ਵੀ ਧਰਮ-ਨਿਰਪੱਖ ਕੀਮਤਾਂ ਦਾ ਜ਼ਿਕਰ ਕੀਤਾ ਗਿਆ ਹੁੰਦਾ ਹੈ, ਜੋ ਉਸ ਦੇਸ਼ ਦੇ ਵਸਨੀਕ ਨੂੰ ਉਥੇ ਰਹਿਣ-ਸਹਿਣ ਲਈ ਅਪਨਾਉਣੀਆਂ ਪੈਂਦੀਆਂ ਹਨ, ਜਿਨ੍ਹਾਂ ਵਿਚ ਕੁਝ ਕੀਮਤਾਂ ਵਿਅਕਤੀ ਦੇ ਸਵੈ ਦੀ ਅਜ਼ਾਦੀ ਨਾਲ ਸੰਬੰਧਿਤ, ਕੁਝ ਦੇਸ਼ ਦੀ ਖੁਸ਼ਹਾਲੀ ਹਿਤ ਸ਼ਾਮਿਲ ਕੀਤੀਆਂ ਜਾਂਦੀਆਂ ਹਨ।

## 2.6. ਸਿੱਖ ਸਿਧਾਂਤ ਤੇ ਕੀਮਤਾਂ:

ਸਿੱਖ ਕੀਮਤਾਂ ਦੇ ਪ੍ਰਮੁੱਖ ਸ੍ਰੋਤ ਦਸ ਗੁਰੂ ਸਾਹਿਬਾਨ ਦਾ ਆਦਰਸ਼ਮਈ ਜੀਵਨ, ਬਾਣੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਸ ਤੋਂ ਇਲਾਵਾ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਗੋਯਾ ਜੀ ਦੀਆਂ ਰਚਨਾਵਾਂ ਵਿਚ ਸਿੱਖ-ਕੀਮਤਾਂ ਦੇ ਇਸ਼ਾਰੇ ਹਨ। ਸਿੱਖ-ਸਾਹਿਤ ਵਿਚ ਜਨਮ-ਸਾਖੀ ਸਾਹਿਤ, ਗੁਰਬਿਲਾਸ, ਰਹਿਤਨਾਮੇ ਆਦਿ ਗ੍ਰੰਥਾਂ ਵਿਚ ਸਿੱਖ-ਕੀਮਤਾਂ ਦਾ ਵਰਨਣ ਮਿਲਦਾ ਹੈ। ਗੁਰਬਾਣੀ ਦੇ ਅਧਿਐਨ ਤੇ ਵਿਸ਼ਲੇਸ਼ਣ ਰਾਹੀਂ, ਸਿੱਖ-ਵਿਦਵਾਨਾਂ ਨੇ ਆਪਣੀ-ਆਪਣੀ ਸਮਝ ਅਨੁਸਾਰ ਸਿੱਖ ਕੀਮਤਾਂ ਦਾ ਵਰਗੀਕਰਣ ਕੀਤਾ ਹੈ। ਸਿੱਖ ਕੀਮਤਾਂ ਦੇ ਸਮੁਚੇ ਅਧਿਐਨ ਤੋਂ ਇਸ ਗਲ ਵਿਚ ਕੋਈ ਸੰਦੇਹ ਨਹੀਂ ਕਿ ਗੁਰਬਾਣੀ ਵਿਚ ਸਭ ਤੋਂ ਉਚੀ ਕੀਮਤ ਮਨੁੱਖ ਜੀਵਨ ਦੀ ਮੁਕਤੀ ਮੰਨਿਆ ਗਿਆ ਹੈ। ਮਨੁੱਖੀ ਜੀਵਨ ਲਈ ਨਾਮ-ਸਿਮਰਨ ਰਾਹੀਂ, ਅਕਾਲ ਪੁਰਖ ਵਿਚ ਅਭੇਦ ਹੋਣਾ, ਮੁਕਤੀ ਪ੍ਰਾਪਤ ਕਰਨੀ ਹੀ ਸਰਵ-ਉਚ ਕੀਮਤ ਪ੍ਰਵਾਨ ਕੀਤੀ ਗਈ ਹੈ ਤੇ ਬਾਕੀ ਕੀਮਤਾਂ ਇਸ ਉਦੇਸ਼ ਦੀ ਪੂਰਤੀ ਲਈ ਸਹਾਇਕ ਕੀਮਤਾਂ ਹਨ।

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

ਗੁਰਬਾਣੀ ਵਿਚ ਸੰਸਾਰਿਕ ਕੀਮਤਾਂ ਨੂੰ ਅਧਿਆਤਮਕ ਕੀਮਤਾਂ ਦੇ ਪ੍ਰਸੰਗ ਵਿਚ ਰਖ ਕੇ, ਇਨ੍ਹਾਂ ਕੀਮਤਾਂ ਦੀ ਵਿਵਹਾਰਕਤਾ ਨੂੰ ਗੁਰਮੁੱਖ ਜੀਵਨ ਰਾਹੀਂ ਪ੍ਰਗਟ ਕੀਤਾ ਗਿਆ ਹੈ। ਗੁਰਮੁੱਖ ਜੀਵਨ ਵਿਚੋਂ ਇਨ੍ਹਾਂ ਕੀਮਤਾਂ ਦੀ ਝਲਕ ਸਹਿਜ ਰੂਪ ਵਿਚ ਦੇਖਣ ਨੂੰ ਮਿਲਦੀ ਹੈ। ਗੁਰਬਾਣੀ ਵਿਚ ਸੰਸਾਰਿਕ ਕੀਮਤਾਂ ਨੂੰ ਅਧਿਆਤਮਕ ਪ੍ਰਸੰਗ ਵਿਚ ਸਚਿਆਰ, ਕਿਰਤ, ਸੇਵਾ, ਸੰਤੋਖ, ਵੰਡ ਕੇ ਛਕਣਾ ਆਦਿ ਮੌਲਿਕ ਰੂਪ ਵਿਚ ਪੇਸ਼ ਕਰਕੇ ਮਨੁੱਖ ਦੀ ਮੁਕਤੀ ਲਈ ਸਹਾਇਕ ਮੰਨਿਆ ਹੈ। ਇਨ੍ਹਾਂ ਕੀਮਤਾਂ ਦਾ ਕੇਂਦਰ ਮਨੁੱਖ ਨਾ ਹੋ ਕੇ ਅਕਾਲ-ਪੁਰਖ ਹੈ। ਆਧੁਨਿਕ ਕਾਲ

ਵਿਚ ਧਰਮ-ਨਿਰਪੱਖ ਕੀਮਤਾਂ, ਸੰਸਥਾਗਤ ਪੱਧਰ ‘ਤੇ ਸਥਾਪਿਤ ਕੀਮਤਾਂ ਹਨ ਜੋ ਕੁਝ ਹਾਲਾਤਾਂ ਵਿਚ ਮਨੁੱਖ ਨੂੰ ਸਟੇਟ ਦੇ ਅਧੀਨ ਕਰਨ ਲਈ ਵੀ ਘੜ੍ਹੀਆਂ ਗਈਆਂ ਹੁੰਦੀਆਂ ਹਨ। ਪਰੰਤੂ ਸਿੱਖ ਧਰਮ ਵਿਚ ਅਧਿਆਤਮਕ ਕੀਮਤਾਂ, ਅਕਾਲ-ਪੁਰਖ ਦੇ ਨਿਰਮਲ ਭਉ ਵਿਚ ਰਹਿ ਕੇ ਉਸ ਦੀ ਜੀਵਨ ਮੁਕਤੀ ਲਈ ਸਹਾਇਕ ਕੀਮਤਾਂ ਹਨ। ਗੁਰਬਾਣੀ ਵਿਚ ਕੁਝ ਕੀਮਤਾਂ ਇਸ ਪ੍ਰਕਾਰ ਹਨ:

### 2.6.1. ਨਾਮ-ਸਿਮਰਨ

ਗੁਰਬਾਣੀ ਵਿਚ ਨਾਮ-ਸਿਮਰਨ ਮਹੱਤਵਪੂਰਨ ਅਧਿਆਤਕ ਕੀਮਤ ਹੈ, ਜਿਸ ਨੂੰ ਮਨੁੱਖੀ ਜੀਵਨ ਦਾ ਆਧਾਰ ਮੰਨਿਆ ਜਾ ਸਕਦਾ ਹੈ। ਗੁਰਬਾਣੀ ਵਿਚ ਨਾਮ-ਸਿਮਰਨ ਤੋਂ ਬਿਨਾ ਮਨੁੱਖ ਜੀਵਨ ਨੂੰ ਅਧੂਰਾ ਦਰਸਾਇਆ ਗਿਆ ਹੈ। ਮਨੁੱਖ ਦੀ ਸੰਪੂਨਤਾ ਅਕਾਲ-ਪੁਰਖ ਨਾਲ ਮਿਲਾਪ ਕਰਕੇ ਹੈ, ਜੋ ਨਾਮ-ਸਿਮਰਨ ਨੂੰ ਜੀਵਨ ਦਾ ਆਧਾਰ ਬਣਾ ਕੇ ਸੰਭਵ ਹੈ। ਜੋ ਆਪਣੇ ਅੰਦਰ ਨਾਮ ਨੂੰ ਵਸਾ ਲੈਂਦਾ ਹੈ, ਉਸ ਨੂੰ ਕੋਈ ਹੋਰ ਭਟਕਣਾ, ਤ੍ਰਿਸ਼ਨਾ ਨਹੀਂ ਰਹਿੰਦੀ। ਉਸ ਦੀ ਸਭ ਮਨੋਕਾਮਨਾਵਾਂ ਨਾਮ ਰਾਹੀਂ ਪੂਰੀਆਂ ਹੋ ਜਾਂਦੀਆਂ ਹਨ। ਨਾਮ ਹੀ ਜੀਵਨ ਦਾ ਆਧਾਰ ਹੈ, ਜਿਸ ਤੋਂ ਸਭ ਨਿਰਮਤ ਹੋਇਆ ਹੈ:

ਨਾਮ ਕੇ ਧਾਰੇ ਸਗਲੇ ਜੰਤ॥
ਨਾਮ ਕੇ ਧਾਰੇ ਖੰਡ ਬ੍ਰਹਮੰਡ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥
ਨਾਮ ਕੇ ਧਾਰੇ ਆਗਾਸ ਪਾਤਾਲ॥
ਨਾਮ ਕੇ ਧਾਰੇ ਸਗਲ ਆਕਾਰ॥
ਨਾਮ ਕੇ ਧਾਰੇ ਪੁਰੀਆ ਸਭ ਭਵਨ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥

### 2.6.2. ਕੀਰਤਨ

ਕੀਰਤਨ ਗੁਰਬਾਣੀ ਵਿਚ ਸਿੱਖ ਜੀਵਨ ਦੇ ਵਿਹਾਰ ਦੀ ਅਹਿਮ ਕੀਮਤ ਹੈ। ਗੁਰੁ ਸਾਹਿਬਾਨ ਨੇ ਕੀਰਤਨ ਨੂੰ ਸਿੱਖ ਜੀਵਨ ਵਿਚ ਵਿਸ਼ੇਸ਼ ਸਥਾਨ ਦਿਤਾ ਹੈ। ਕੀਰਤਨ ਦਾ ਅਰਥ ਅਕਾਲ-ਪੁਰਖ ਦੀ ਉਸਤਤਿ ਕਰਨ ਤੋਂ ਹੈ। ਗੁਰਬਾਣੀ ਵਿਚ ਕੀਰਤਨ ਕਰਨ ਤੇ ਸੁਣਨ ਨੂੰ ਆਤਮਿਕ ਸ਼ਾਂਤੀ ਦਾ ਮਾਰਗ ਦਰਸਾਇਆ ਹੈ, ਜਿਸ ਰਾਹੀਂ ਸਭ ਤਰਾਂ ਦੇ ਦੁਖ-ਕਲੇਸ਼ ਖਤਮ ਹੋ ਜਾਂਦੇ ਹਨ।

ਹਰਿ ਕੀਰਤਨ ਸੁਣੈ ਹਰਿ ਕੀਰਤਨ ਗਾਵੈ॥
ਤਿਸੁ ਜਨ ਦੂਖੁ ਨਿਕਟਿ ਨਹੀ ਆਵੈ॥

### 2.6.3. ਸੇਵਾ

ਗੁਰਬਾਣੀ ਵਿਚ ਸੇਵਾ ਸਿੱਖ ਜੀਵਨ ਦੀ ਉਚਤਮ ਅਤੇ ਮਹੱਤਵਪੂਰਨ ਕੀਮਤ ਹੈ। ਗੁਰਬਾਣੀ ਵਿਚ ਸੇਵਾ, ਸਿੱਖ ਜੀਵਨ ਦੀ ਪਰਮ-ਕੀਮਤ ਮੁਕਤੀ ਲਈ ਸਹਾਇਕ ਕੀਮਤ ਹੈ। ਸੇਵਾ ਕਰਨ ਨਾਲ ਮਨੁੱਖ ਅੰਦਰ ਦਇਆ, ਹਲੀਮੀ ਆਦਿ ਗੁਣਾਂ ਦਾ ਸੰਚਾਰ ਹੁੰਦਾ ਹੈ ਤੇ ਉਸ ਦਾ ਆਤਮਿਕ ਵਿਕ੍ਰਾਸ ਹੁੰਦਾ ਹੈ। ਸਿੱਖੀ ਵਿਚ ਸਾਧ-ਸੰਗਤ, ਗਰੀਬ ਅਤੇ ਲੋੜਵੰਦ ਦੀ ਸੇਵਾ ਦਾ ਵਿਸ਼ੇਸ਼ ਮਹੱਤਵ ਹੈ। ਲੰਗਰ ਵਿਚ ਸੇਵਾ ਕਰਨੀ, ਭਾਂਡੇ ਮਾਂਜਣੇ, ਝਾੜੂ ਲਾਉਣਾ ਆਦਿ ਸਿੱਖ ਜੀਵਨ ਵਿਚ ਸੇਵਾ ਦੇ ਵਿਸ਼ੇਸ਼ ਪਹਿਲੂ ਹਨ, ਜਿਸ ਨਾਲ ਮਨ ਵਿਚ ਨਿਮਰਤਾ ਭਾਵ ਪੈਦਾ ਹੁੰਦਾ ਹੈ ਤੇ ਅਹੰਕਾਰ ਦਾ ਮਿਟਣਾ ਸ਼ੁਰੂ ਹੁੰਦਾ ਹੈ। ਸਿੱਖੀ ਵਿਚ ਸੇਵਾਪੰਥੀ ਸੰਪਰਦਾਇ ਨੇ ਸੇਵਾ ਨੂੰ ਹੀ ਪ੍ਰਮੁੱਖ ਤੌਰ ਤੇ ਆਪਣੇ ਜੀਵਨ ਵਿਚ ਅਧਿਆਤਮਕ ਕੀਮਤ ਵਜੋਂ ਅਪਣਾਇਆ ਹੈ ਤੇ ਸੇਵਾ ਰਾਹੀਂ ਆਪਣੇ ਜੀਵਨ ਦੇ ਪਰਮ ਉਦੇਸ਼ ਦੀ

ਪੂਰਤੀ ਲਈ ਯਤਨਸ਼ੀਲ ਹਨ। ਗੁਰਬਾਣੀ ਵਿਚ ਸਤਿਗੁਰੂ ਦੀ ਸੇਵਾ 'ਤੇ ਵਿਸ਼ੇਸ਼ ਜ਼ੋਰ ਦਿਤਾ ਗਿਆ ਹੈ, ਜੋ ਅਕਾਲ-ਪੁਰਖ ਨਾਲ ਮਿਲਾਪ ਵਿਚ ਸਹਾਈ ਹੁੰਦੀ ਹੈ ਤੇ ਮਨੁੱਖ ਦਾ ਜੀਵਨ ਸਫਲਾ ਕਰਦੀ ਹੈ।

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥
ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥
ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿੱਖੀ ਕੰਨੇ॥
ਜਿ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ॥
ਇਹ ਚਾਲ ਨਿਰਾਲੀ ਗੁਰਮੁੱਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ॥

### 2.6.4. ਕਿਰਤ

ਸਿੱਖੀ ਵਿਚ ਨਾਮ ਜਪਣਾ, ਕਿਰਤ ਕਰਨੀ, ਵੰਡ ਛਕਣਾ ਮਹੱਤਵਪੂਰਨ ਸਿੱਖ ਕੀਮਤਾਂ ਹਨ। ਧਰਮ-ਨਿਰਪੱਖ ਕੀਮਤਾਂ ਅਨੁਸਾਰ ਸਿਰਫ਼ 'ਕੰਮ ਹੀ ਪੂਜਾ ਹੈ' ਦਾ ਨਾਅਰਾ ਮਨੁੱਖ ਦੇ ਜੀਵਨ ਵਿਚੋਂ ਨਾਮ ਦੀ ਦਾਤਿ ਨੂੰ ਮਨਫ਼ੀ ਕਰਦਾ ਹੈ। ਗੁਰਬਾਣੀ ਵਿਚ ਕਿਰਤ ਅਤੇ ਕੀਰਤ ਨੂੰ ਇਕੋ ਸਮੇ ਤੇ ਸੰਭਵ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਗੁਰਬਾਣੀ ਦਾ ਸੰਦੇਸ਼ ਹੈ ਕਿ ਮਨੁੱਖ ਨੂੰ ਆਪਣੇ ਹਥਾਂ-ਪੈਰਾਂ ਨਾਲ ਸਚੀ ਕਿਰਤ ਕਮਾਉਣੀ ਚਾਹੀਦੀ ਹੈ ਤੇ ਕਿਰਤ ਕਰਦਿਆਂ ਮੁੱਖ ਚੋਂ ਨਾਮ ਜਪਣਾ ਚਾਹੀਦਾ ਹੈ ਤੇ ਅਕਾਲ-ਪਰਖ ਨਾਲ ਸੁਰਤਿ ਜੋੜਨ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ।

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥

### 2.6.5. ਸੰਤੋਖ

ਸੰਤੋਖ ਗੁਰਬਾਣੀ ਵਿਚ ਮਨੁੱਖੀ ਸੁਭਾਅ ਨਾਲ ਸੰਬੰਧਿਤ ਕੀਮਤ ਹੈ, ਜੋ ਮਨੁੱਖ ਦੇ ਖੁਸ਼ਹਾਲ ਜੀਵਨ ਬਸਰ ਕਰਨ ਵਿਚ ਸਹਾਈ ਹੁੰਦੀ ਹੈ। ਸੰਤੋਖ ਮਨੁੱਖੀ ਮਨ ਦੀ ਅਜਿਹੀ ਅਵਸਥਾ ਹੈ, ਜਿਸ ਵਿਚ ਮਿਹਨਤ ਤੋਂ ਬਾਅਦ ਜੋ ਮਿਲੇ, ਉਸੇ ਨਾਲ ਗੁਜ਼ਾਰਾ ਕਰਦਾ ਹੋਇਆ ਮਨੁੱਖ ਅਕਾਲ-ਪੁਰਖ ਦੇ ਸ਼ੁਕਰਾਨੇ ਵਿਚ ਰਹਿੰਦਾ ਹੈ। ਸੰਤੋਖੀ ਮਨੁੱਖ ਕਿਸੇ ਪ੍ਰਕਾਰ ਦੀਆਂ ਵਾਧੂ ਇਛਾਵਾਂ ਆਪਣੇ ਮਨ ਵਿਚ ਨਹੀਂ ਪਾਲਦਾ। ਗੁਰਬਾਣੀ ਮਨੁੱਖ ਨੂੰ ਹਿਰਦੇ ਵਿਚ ਸੰਤੋਖ ਧਾਰਨ ਕਰਨ ਦੀ ਪ੍ਰੇਰਨਾ ਦਿੰਦੀ ਹੈ:

ਸਤਿ ਸੰਤੋਖਿ ਰਹਹੁ ਜਨ ਭਾਈ॥

ਇਸ ਤੋਂ ਇਲਾਵਾ ਵੀ ਨਿਮਰਤਾ, ਸਹਿਣਸ਼ੀਲਤਾ, ਦਇਆ, ਭਲਾਈ, ਖਿਮਾ, ਸਚਿਆਰ, ਦਲੇਰੀ, ਵਿਸ਼ਵਾਸ ਆਦਿ ਮਹੱਤਵਪੂਰਨ ਕੀਮਤਾਂ ਹਨ, ਜਿਨ੍ਹਾਂ ਨੂੰ ਗੁਰਬਾਣੀ ਵਿਚ ਮਨੁੱਖ ਨੂੰ ਧਾਰਨ ਕਰਨ ਦੀ ਪ੍ਰੇਰਨਾ ਦਿਤੀ ਹੈ।

## 2.7. ਸਿੱਖ ਵਿਵਹਾਰ ਅਤੇ ਕੀਮਤਾਂ

ਸਿੱਖ ਵਿਵਹਾਰ ਗੁਰਬਾਣੀ ਅਨੁਭਵ ਹੈ, ਜਿਸ ਕਰਕੇ ਗੁਰਬਾਣੀ ਵਿਚੋਂ ਨਿਰਮਤ ਕੀਮਤਾਂ ਨੂੰ ਸਿੱਖ ਆਪਣੀ ਵਿਹਾਰਕਤਾ ਵਿਚ ਢਾਲਣ ਲਈ ਯਤਨਸ਼ੀਲ ਰਹਿੰਦਾ ਹੈ। ਸਿੱਖ ਇਤਿਹਾਸ ਵਿਚ ਬਹੁਤ ਸਾਰੇ ਸਿੱਖਾਂ ਦੀਆਂ ਉਦਾਹਰਨਾਂ ਹਨ, ਜਿਨ੍ਹਾਂ ਦਾ ਜੀਵਨ ਸਿੱਖ-ਕੀਮਤਾਂ ਦੇ ਉਚੇ ਆਦਰਸ਼ਾਂ ਨਾਲ ਇਕਸੁਰ ਸੀ ਤੇ ਮੌਜੂਦਾ ਸਮੇਂ ਤਕ ਉਨ੍ਹਾਂ ਸਿੱਖਾਂ ਦਾ ਜੀਵਨ ਸਿੱਖ-ਵਿਹਾਰਿਕਤਾ ਲਈ ਪ੍ਰੇਰਨਾਦਾਇਕ ਬਣਿਆ ਹੋਇਆ ਹੈ।

### 2.7.1. ਭਾਈ ਮੰਝ ਜੀ ਦੀ ਸੇਵਾ

ਭਾਈ ਮੰਝ ਜੀ ਗੁਰੂ ਅਰਜਨ ਦੇਵ ਜੀ ਸਮੇਂ ਹੋਇਆ ਸ਼ਰਧਾਲੂ ਸਿੱਖ ਸੀ। ਗੁਰੂ ਸਾਹਿਬ ਦੀ ਸ਼ਰਨ ਆਉਣ ਤੋਂ ਪਹਿਲਾਂ ਉਹ ਸਖੀ ਸਰਵਰ ਦੀ ਪੂਜਾ ਕਰਦਾ ਸੀ ਤੇ ਉਸ ਦੇ ਘਰ ਸਖੀ ਸਰਵਰ ਦੀ ਜਗਾ ਵੀ ਬਣੀ ਹੋਈ ਸੀ। ਇਕ ਦਿਨ ਗੁਰੂ ਸਾਹਿਬ ਦੇ ਦਰਬਾਰ ਆਇਆ ਤਾਂ ਸਤਿਸੰਗਤਿ ਕਰਕੇ ਗੁਰੂ ਸਾਹਿਬ ਕੋਲ ਬੇਨਤੀ ਕੀਤੀ ਕਿ ਉਸ ਨੂੰ ਸਿੱਖੀ ਦੀ ਦਾਤਿ ਬਖਸ਼ੋ। ਗੁਰੂ ਸਾਹਿਬ ਨੇ ਭਾਈ ਮੰਝ ਨੂੰ ਬਚਨਾਂ ਦੀ ਬਖ਼ਸ਼ਿਸ਼ ਕੀਤੀ ਅਤੇ ਭਾਈ ਮੰਝ ਨੇ ਆਪਣੇ ਆਪ ਨੂੰ ਗੁਰੂ-ਸੇਵਾ ਵਿਚ ਅਰਪਣ ਕਰ ਦਿਤਾ। ਇਕ ਦਿਨ ਭਾਈ ਮੰਝ ਗੁਰੂ ਘਰ ਦੇ ਲੰਗਰ ਲਈ ਲੱਕੜਾਂ ਲੈਣ ਗਏ

ਤਾਂ ਰਸਤੇ ਵਿਚ ਤੂਫ਼ਾਨ ਆ ਜਾਣ ਕਾਰਨ ਭਾਈ ਮੰਝ ਲੱਕੜਾਂ ਸਮੇਤ ਖੂਹ ਵਿਚ ਡਿਗ ਗਏ। ਜਦੋਂ ਸਿੱਖਾਂ ਨੂੰ ਪਤਾ ਲਗਾ ਤਾਂ ਉਨ੍ਹਾਂ ਭਾਈ ਮੰਝ ਨੂੰ ਬਾਹਰ ਕਢਣ ਦਾ ਵਸੀਲਾ ਕੀਤਾ। ਭਾਈ ਮੰਝ ਨੇ ਕਿਹਾ ਪਹਿਲਾਂ ਲੰਗਰ ਵਾਸਤੇ ਲਿਆਂਦੀਆਂ ਲੱਕੜਾਂ ਬਾਹਰ ਕਢੋ ਤਾਂ ਜੋ ਗਿਲੀਆਂ ਨਾ ਹੋਣ। ਪਹਿਲਾਂ ਲੱਕੜਾਂ ਖੂਹ ਚੋਂ ਬਾਹਰ ਕਢੀਆਂ ਗਈਆਂ ਤੇ ਫਿਰ ਭਾਈ ਮੰਝ ਬਾਹਰ ਆਏ। ਗੁਰੂ ਸਾਹਿਬ ਨੂੰ ਜਦੋਂ ਇਸ ਬਾਰੇ ਪਤਾ ਲਗਾ ਤਾਂ ਗੁਰੂ ਸਾਹਿਬ ਭਾਈ ਮੰਝ ਦੀ ਸੇਵਾ ਤੋਂ ਬਹੁਤ ਖੁਸ਼ ਹੋਏ ਤੇ ਆਪਣੇ ਗਲ ਲਾ ਕੇ ਬਖ਼ਸ਼ਿਸ਼ ਕੀਤੀ ਅਤੇ ਕਿਹਾ 'ਮੰਝ ਪਿਆਰਾ ਗੁਰੂ ਕੋ ਗੁਰ ਮੰਝ ਪਿਆਰਾ'।

### 2.7.2. ਭਾਈ ਨੰਦ ਲਾਲ ਜੀ ਦੀ ਨਿਮਰਤਾ

ਭਾਈ ਨੰਦ ਲਾਲ ਜੀ ਆਪਣੇ ਸਮੇਂ ਦੇ ਮਹਾਨ ਫ਼ਾਰਸੀ ਵਿਦਵਾਨ ਅਤੇ ਉਚਤਮ ਦਰਜ਼ੇ ਦੀ ਕਵੀ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਨੂੰ "ਭਾਈ" ਦੀ ਬਖ਼ਸ਼ਿਸ਼ ਕੀਤੀ ਅਤੇ ਉਹਨਾਂ ਦਾ ਗੁਰੂ-ਘਰ ਵਿਚ ਸਮਾਨ ਇਕ ਮਹਾਂ-ਕਵੀ ਵਜੋਂ ਸੀ। ਭਾਈ ਨੰਦ ਲਾਲ ਜੀ ਗੁਰੂ ਘਰ ਵਿਚ ਆਉਣ ਤੋਂ ਪਹਿਲਾਂ ਮੁਗ਼ਲ ਦਰਗ਼ਬਾਰ ਵਿਚ ਨੌਕਰੀ 'ਤੇ ਸਨ ਅਤੇ ਜਦ ਉਹਨਾਂ ਨੂੰ ਇਸ ਗਲ ਦਾ ਭੇਤ ਪਿਆ ਕਿ ਔਰੰਗਜ਼ੇਬ ਉਹਨਾਂ ਨੂੰ ਜ਼ਬਰੀਂ ਮੁਸਲਮਾਨ ਬਣਾ ਸਕਦਾ ਹੈ ਤਾਂ ਉਹ ਗੁਰੂ ਜੀ ਦੀ ਸ਼ਰਨ ਵਿਚ ਆ ਗਏ। ਗੁਰੂ ਜੀ ਹਰ ਰੋਜ਼ ਕਵੀ-ਦਰਬਾਰ ਵਿਚ ਕਵੀਆਂ ਤੋਂ ਕਵਿਤਾ ਸੁਣਦੇ ਪਰ ਉਹਨਾਂ ਨੇ ਕਦੇ ਭਾਈ ਨੰਦ ਲਾਲ ਜੀ ਨੂੰ ਕਵਿਤਾ ਸੁਣਾਉਣ ਨੂੰ ਨਾ ਕਿਹਾ। ਭਾਈ ਨੰਦ ਲਾਲ ਜੀ ਨੂੰ ਇਸ ਗਲ ਦੀ ਹੈਰਾਨੀ ਸੀ ਕਿ ਉਹ ਇੰਨੇ ਵੱਡ ਕਵੀ ਹਨ ਪਰ ਗੁਰੂ ਜੀ ਉਨ੍ਹਾਂ ਦੀ ਕਵਿਤਾ ਨਹੀਂ ਸੁਣਦੇ। ਪਰ ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਗੁਰੂ ਜੀ ਭਾਈ ਨੰਦ ਲਾਲ ਦਾ ਹਿਰਦਾ ਉਸ ਅਵਸਥਾ ਲਈ ਤਿਆਰ ਕਰ ਰਹੇ ਸਨ, ਜਿਸ ਵਿਚ ਨਾਮ ਦੀ ਬਖਸ਼ਿਸ਼ ਹੋਣੀ ਸੀ। ਗੁਰੂ ਜੀ ਨੇ ਭਾਈ ਨੰਦ ਲਾਲ ਜੀ ਨੂੰ ਲੰਗਰ ਦੀ ਸੇਵਾ ਕਰਨ ਲਈ ਕਿਹਾ। ਭਾਈ ਨੰਦ ਲਾਲ ਜੀ ਗੁਰੂ ਘਰ ਦੇ ਲੰਗਰ ਵਿਚ ਰੋਜ਼ਾਨਾ ਸੇਵਾ ਕਰਨ ਲਗੇ। ਸੇਵਾ ਕਰਦਿਆਂ-ਕਰਦਿਆਂ ਭਾਈ ਨੰਦ ਲਾਲ ਜੀ ਦੇ ਅੰਦਰੋਂ ਹੌਲੀ-ਹੌਲੀ ਅਨੁਭਵ ਦੀ ਮੰਡਲ ਸਿਰਜਣੇ ਸ਼ੁਰੂ ਹੋਏ। ਇਕ ਦਿਨ ਭਾਈ ਨੰਦ ਲਾਲ ਜੀ ਆਟਾ ਗੁੰਨ ਰਹੇ ਸਨ ਤਾਂ ਗੁਰੂ ਜੀ ਸਿੱਖ ਦੇ ਭੇਸ ਵਿਚ ਆਏ ਤੇ ਭਾਈ ਨੰਦ ਲਾਲ ਜੀ ਨੂੰ ਕਿਹਾ ਕਿ ਲੰਗਰ ਛਕਾਉ। ਭਾਈ ਨੰਦ ਲਾਲ ਜੀ ਨੇ ਅਧਗੁੱਝਾ ਆਟਾ ਤੇ ਉਬਲ ਰਹੀ ਦਾਲ ਲਿਆ ਕੇ ਉਹਨਾਂ ਦੇ ਸਾਹਮਣੇ ਰਖੀ ਤੇ ਕਿਹਾ ਅਜੇ ਤਕ ਇਹੀ ਬਣਿਆ ਹੈ, ਜੇ ਤੁਸੀਂ ਥੋੜਾਂ ਇੰਤਜ਼ਾਰ ਕਰ ਸਕੋ ਤਾਂ ਮੈ ਪਰਸ਼ਾਦਾ ਤਿਆਰ ਕਰਕੇ ਲਿਆਉਂਦਾ ਹਾਂ। ਗੁਰੂ ਸਾਹਿਬ ਭਾਈ ਸਾਹਿਬ ਦੀ ਸੇਵਾ ਤੋਂ ਖੁਸ਼ ਹੋਏ ਤੇ ਅਗਲੇ ਦਿਨ ਦਰਗ਼ਬਾਰ ਵਿਚ ਬੁਲਾ ਕੇ ਭਾਈ ਨੰਦ ਲਾਲ ਜੀ ਤੋਂ ਉਨ੍ਹਾਂ ਦੀਆਂ ਕਵਿਤਾਵਾ ਸੁਣੀਆਂ ਅਤੇ ਉਹਨਾਂ ਦੀ ਨਿਮਰਤਾ ਅਤੇ ਸੇਵਾ ਰਾਹੀਂ ਸਿੱਖਾਂ ਨੂੰ ਗੁਰੂ ਤੋਂ ਨਿਵਾਜੇ ਸਾਹਿਤ ਦੀ ਪ੍ਰਾਪਤੀ।

### 2.7.3. ਭਾਈ ਬਚਿੱਤਰ ਸਿੰਘ ਦੀ ਨਿਡਰਤਾ

ਭਾਈ ਬਚਿੱਤਰ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦਾ ਨਿਡਰ ਯੋਧਾ ਸੀ। ਜਦੋਂ ਮੁਗਲਾਂ ਤੇ ਪਹਾੜੀ ਰਾਜਿਆਂ ਨੇ ਇਕ ਹਾਥੀ ਨੂੰ ਸ਼ਰਾਬ ਨਾਲ ਰਜਾ ਕੇ, ਅਨੰਦਪੁਰ ਸਾਹਿਬ ਦੇ ਕਿਲੇ 'ਤੇ ਹਮਲਾ ਕਰਨ ਲਈ ਭੇਜਿਆ ਤਾਂ ਗੁਰੂ ਸਾਹਿਬ ਨੇ ਦੁਨੀ ਚੰਦ ਨੂੰ ਹਾਥੀ ਦਾ ਮੁਕਾਬਲਾ ਕਰਨ ਲਈ ਕਿਹਾ। ਗੁਰੂ ਸਾਹਿਬ ਕੋਲੋ ਸ਼ਰਾਬੀ ਹਾਥੀ ਨਾਲ ਮੁਕਾਬਲੇ ਦਾ ਹੁਕਮ ਸੁਣ ਕੇ ਦੁਨੀ ਚੰਦ ਰਾਤੋ-ਰਾਤ ਕਿਲਾ ਛਡ ਕੇ ਭਜ ਗਿਆ। ਗੁਰੂ ਸਾਹਿਬ ਨੇ ਭਾਈ ਬਚਿੱਤਰ ਸਿੰਘ ਨੂੰ ਥਾਪੜਾ ਦੇ ਕੇ ਹਾਥੀ ਨਾਲ ਮੁਕਾਬਲਾ ਕਰਨ ਲਈ ਤੋਰਿਆ। ਜਦ ਸਿੱਖਾਂ ਨੇ ਗੁਰੂ ਸਾਹਿਬ ਨੂੰ ਦਸਿਆ ਕਿ ਦੁਨੀ ਚੰਦ ਭਜ ਗਿਆ ਹੈ ਤਾਂ ਮਹਾਰਾਜ ਨੇ ਕਿਹਾ ਕਿ ਸਾਡਾ ਸ਼ੇਰ ਬਚਿੱਤਰ ਸਿੰਘ ਹਾਥੀ ਨਾਲ ਲੜੇਗਾ। ਜਦ ਭਾਈ ਬਚਿੱਤਰ ਸਿੰਘ ਨੂੰ ਪਤਾ ਲਗਿਆ ਕਿ ਗੁਰੂ ਸਾਹਿਬ ਨੇ ਉਸਨੂੰ ਆਪਣਾ ਸ਼ੇਰ ਕਿਹਾ ਹੈ ਤਾਂ ਉਸਨੂੰ 'ਨਿਰਭਉ ਪਦ' ਦੇ ਮੰਡਲਾਂ ਦਾ ਅਨੁਭਵ ਹੋਇਆ। ਭਾਈ ਬਚਿੱਤਰ ਸਿੰਘ ਇਸ ਅਨੁਭਵ ਵਿਚ ਜਦ ਗੁਰੂ ਜੀ ਸਾਹਮਣੇ ਹਾਜ਼ਰ ਹੋਇਆ ਤਾਂ ਉਸਨੇ ਕਿਹਾ ਕਿ ਗੁਰੂ ਜੀ ਦੇ ਸ਼ੇਰ ਅਗੇ ਹਾਥੀ ਛੋਟਾ ਹੈ, ਮੁਕਾਬਲਾ ਬਰਾਬਰ ਦਾ ਨਹੀਂ। ਗੁਰੂ ਜੀ ਤੋਂ ਥਾਪੜਾ ਲੈ ਕੇ ਭਾਈ ਬਚਿੱਤਰ ਸਿੰਘ ਨੇ ਯੁੱਧਾਂ ਦੇ ਮੈਦਾਨ ਵਿਚ ਸ਼ਰਾਬੀ ਹਾਥੀ ਦੇ ਮਥੇ 'ਤੇ ਆਪਣੀ ਨਾਗਣੀ ਨਾਲ ਵਾਰ ਕੀਤਾ, ਜੋ ਢਾਲ ਨੂੰ ਚੀਰਦੀ ਹੋਈ ਉਸਦੇ ਮਥੇ ਅੰਦਰ ਧਸ ਗਈ ਤੇ ਜ਼ਖ਼ਮੀ ਹਾਥੀ ਪਿਛੇ ਭਜ ਗਿਆ, ਜਿਸਨੇ ਆਪਣੀਆਂ ਹੀ ਫ਼ੌਜ਼ਾਂ ਨੂੰ ਦਰੜ ਦਿਤਾ। ਇਸ ਤਰ੍ਹਾਂ ਭਾਈ ਬਚਿੱਤਰ ਸਿੰਘ ਰਾਹੀਂ ਗੁਰੂ ਦੇ ਬੋਲਾਂ ਨੂੰ ਕਮਾਉਣ ਕਰਕੇ ਜੋ ਨਿਡਰਤਾ ਅਤੇ ਦਲੇਰੀ ਦੀ ਦਾਤ ਮਿਲੀ, ਉਹ ਸਿੱਖ-ਪਰੰਪਰਾ ਵਿਚ ਇਕ ਕੀਮਤ ਦੇ ਤੌਰ 'ਤੇ ਸਥਾਪਤ ਹੈ।

2.8. <u>ਸਾਰ</u>

- ਮਨੁੱਖੀ ਜੀਵਨ ਵਿਚ ਕਦਰਾਂ-ਕੀਮਤਾਂ ਦਾ ਵਿਸ਼ੇਸ਼ ਮਹੱਤਵ ਹੈ। ਮਨੁੱਖੀ ਵਿਹਾਰ ਨਾਲ ਸੰਬੰਧਿਤ ਹਰੇਕ ਖੇਤਰ ਦੀਆਂ ਆਪਣੀਆਂ ਵਿਸ਼ੇਸ਼ ਕੀਮਤਾਂ ਨਿਸ਼ਚਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਦੀ ਵਿਵਹਾਰਕਤਾ ਨਾਲ ਮਨੁੱਖ ਦਾ ਖੁਸ਼ਹਾਲ ਜੀਵਨ ਸੰਭਵ ਹੁੰਦਾ ਹੈ।
- ਧਰਮ ਵਿਚ ਸਥਾਪਿਤ ਕੀਮਤਾਂ ਮਨੁੱਖ ਦੀਆਂ ਅਧਿਆਤਮਕ-ਕੀਮਤਾਂ ਕਹਾਉਂਦੀਆਂ ਹਨ, ਜੋ ਕਿ ਉਸਦੇ ਅਤੇ ਉਸਦੇ ਆਲੇ-ਦੁਆਲੇ ਦੇ ਸਮਾਜ ਨੂੰ ਨੈਤਿਕਮਈ, ਉਚਤਮ ਅਤੇ ਆਦਰਸ਼ਮਈ ਬਣਾਉਂਦੀਆਂ ਹਨ।
- ਧਰਮ-ਨਿਰਪੱਖ ਜਾਂ ਸੰਸਾਰਿਕ ਕੀਮਤਾਂ ਵਜੋਂ ਸਮਾਜ ਵਿਚ ਸਥਾਪਤ ਕੀਮਤਾਂ ਧਰਮ ਨੂੰ ਆਪਣੇ ਵਿਚ ਸਿਧੇ ਤੌਰ 'ਤੇ ਸੰਮਲਿਤ ਨਹੀਂ ਕਰਦੀਆਂ ਭਾਵੇਂ ਕਿ ਉਹਨਾਂ ਦਾ ਮੁੱਖ ਉਦੇਸ਼ ਚੰਗੇ ਮਨੁੱਖ ਅਤੇ ਸਮਾਜ ਦੀ ਘਾੜਤ ਹੁੰਦੀ ਹੈ।
- ਅਧਿਆਤਮਕ-ਕੀਮਤਾਂ ਦੀ ਪ੍ਰਾਪਤੀ ਅਤੇ ਸਥਾਪਨਾਲਈ ਧਰਮ ਦੇ ਸਿਧਾਂਤਾਂ ਦਾ ਪੀੜ੍ਹੀ ਦਰ ਪੀੜ੍ਹੀ ਅਭਿਆਸ ਕੀਤਾ ਜਾਂਦਾ ਹੈ।
- ਸਿੱਖ-ਅਧਿਆਤਮਕ ਕੀਮਤਾਂ ਮਨੁੱਖ ਅਤੇ ਸਮਾਜ ਨੂੰ ਕਲਿਆਣਕਾਰੀ ਸਿਰਜਣਾ ਲਈ ਬਹੁਤ ਮਹੱਤਵਪੂਰਣ ਹਨ।
- ਸਿੱਖ-ਸਿਧਾਂਤਾਂ ਵਿਚ ਮਾਨਵਵਾਦੀ ਸਰੋਕਾਰਾਂ ਨਾਲ ਸੰਬੰਧਿਤ ਕੀਮਤਾਂ ਨੂੰ ਅਧਿਆਤਮਕਤਾ ਦੇ ਪ੍ਰਸੰਗ ਵਿਚ ਰਖ ਕੇ, ਉਸ ਦੀ ਵਿਵਹਾਰਕਤਾ ਨੂੰ ਅਕਾਲ-ਪੁਰਖ ਦੀ ਪ੍ਰਾਪਤੀ ਲਈ, ਮਨੁੱਖੀ ਜੀਵਨ ਦੀ ਮੁਕਤੀ ਲਈ ਸਹਾਇਕ ਕੀਮਤਾਂ ਵਜੋਂ ਪ੍ਰਵਾਨਿਆ ਗਿਆ ਹੈ।

2.9. <u>ਵਿਸਤਰਤ ਵਿਚ ਪੜ੍ਹਨ ਲਈ ਪੁਸਤਕਾਂ</u>


- ਮਨਮੋਹਨ ਸਿੰਘ, *ਮਾਨਵੀ ਕਦਰਾਂ-ਕੀਮਤਾਂ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1987
- ਪਰਮਜੀਤ ਕੌਰ ਸੰਧੂ, *ਕਦਰਾਂ-ਕੀਮਤਾਂ ਦੀ ਸਿਖਿਆ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2010
- ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ (ਦੋ ਭਾਗ)*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1995
- Wazir Singh, *The Sikh Vision*, Delhi: Ess Ess Publications, 1992
- Gurnam Kaur (ed.), *Sikh Value System and Social Change*, Patiala: Punjabi University, 1995


2.10. <u>ਅਭਿਆਸ ਲਈ ਪ੍ਰਸ਼ਨ</u>

ਪ੍ਰਸ਼ਨ 1. ਕੀਮਤਾਂ ਕੀ ਹੁੰਦੀਆਂ ਹਨ?

ਪ੍ਰਸ਼ਨ 2. ਅਧਿਆਤਮਕ ਤੇ ਸੰਸਾਰਿਕ ਕੀਮਤਾਂ ਵਿਚ ਕੀ ਅੰਤਰ ਹੈ?

ਪ੍ਰਸ਼ਨ 3. ਸਿੱਖ ਅਧਿਆਮਕ ਕੀਮਤਾਂ ਬਾਰੇ ਦਸੋ।

ਪ੍ਰਸ਼ਨ 4. ਸਿੱਖ-ਕੀਮਤਾਂ ਦੇ ਵਿਵਹਾਰਕ ਉਦਾਹਰਣਾਂ ਦਿਓ।

## PROGRAMME: CERTIFICATE COURSE ON VALUE AND LEARNING OF SIKHISM

**COURSE: VALUES AND VIRTUES**

**SEMESTER-I**

---

**UNIT III - EDUCATION AND POLITICAL VALUES**

---

**STRUCTURE**

3.0 ਉਦੇਸ਼

3.1 ਜਾਣ-ਪਛਾਣ

3.2 ਵਿੱਦਿਅਕ ਕੀਮਤਾਂ

3.2.1 ਰਸਮੀ ਵਿੱਦਿਆ

3.2.2 ਗ਼ੈਰ-ਰਸਮੀ ਵਿੱਦਿਆ

3.3 ਆਧੁਨਿਕਤਾ ਅਤੇ ਵਿੱਦਿਆ

3.4 ਰਾਜਨੀਤਿਕ ਕੀਮਤਾਂ

3.5 ਸਿੱਖ ਵਿੱਦਿਅਕ-ਕੀਮਤਾਂ

3.6 ਸਿੱਖੀ ਅਤੇ ਰਾਜਨੀਤਿਕ ਕੀਮਤਾਂ

3.6.1 ਕਲਿਆਣਕਾਰੀ-ਰਾਜ

3.6.2 ਮੀਰੀ-ਪੀਰੀ ਦਾ ਸਿਧਾਂਤ

3.6.3 ਖ਼ਾਲਸਾ-ਪ੍ਰਕਾਸ਼

3.7 ਸਾਰ

3.8 ਵਿਸਤਾਰ ਵਿਚ ਪੜ੍ਹਣਯੋਗ ਪੁਸਤਕਾਂ

3.9 ਅਭਿਆਸ ਲਈ ਪ੍ਰਸ਼ਨ

## 3.0 ਉਦੇਸ਼

- ਰਾਜਨੀਤਿਕ ਕੀਮਤਾਂ ਦੇ ਆਧਾਰਾਂ ਨੂੰ ਸਮਝਣਾ।
- ਵਿੱਦਿਅਕ ਕੀਮਤਾਂ ਬਾਰੇ ਜਾਣਨਾ।
- ਸਿੱਖ ਰਾਜਨੀਤਿਕ ਅਤੇ ਵਿੱਦਿਅਕ ਕੀਮਤਾਂ ਨੂੰ ਸਮਝਣਾ।

## 3.1. ਜਾਣ-ਪਛਾਣ

ਮਨੁੱਖੀ ਜੀਵਨ ਦੀਆਂ ਕੀਮਤਾਂ ਦੇ ਪ੍ਰਸੰਗ ਵਿਚ ਰਾਜਨੀਤਿਕ ਅਤੇ ਵਿੱਦਿਅਕ ਕੀਮਤਾਂ ਬਹੁਤ ਮਹੱਤਵਪੂਰਣ ਹਨ ਕਿਉਂਕਿ ਰਾਜਨੀਤਕਿ ਵਰਤਾਰਾ ਸਮਾਜ ਨੂੰ ਆਪਣੀਆਂ ਵੱਖ-ਵੱਖ ਕਿਰਿਆਵਾਂ ਰਾਹੀਂ ਪ੍ਰਭਾਵਤ ਕਰਦਾ ਰਹਿੰਦਾ ਹੈ ਅਤੇ ਵਿੱਦਿਅਕ ਵਰਤਾਰਾ ਸਮਾਜ ਦੀਆਂ ਪ੍ਰਸਥਿਤੀਆਂ ਨੂੰ ਹਮੇਸ਼ਾਂ ਵਾਚਣ ਅਤੇ ਜਾਚਣ ਲਈ ਉੱਤਰਦਾਈ ਰਹਿੰਦਾ ਹੈ। ਰਾਜਨੀਤੀ ਪ੍ਰਾਚੀਨ ਕਾਲ ਤੋਂ ਲੈ ਕੇ ਹੁਣ ਤੱਕ ਕਈ ਪੜ੍ਹਾਵਾਂ ਵਿਚੋਂ ਲੰਘੀ ਹੈ ਅਤੇ ਇਸਦੇ ਵੱਖ-ਵੱਖ ਰੂਪ ਅਤੇ ਸੰਰਚਨਾਵਾਂ ਵਿਸ਼ਵ ਦੇ ਵੱਖ-ਵੱਖ ਸਥਾਪਨਾਂ ‘ਤੇ ਕਾਰਜ ਕਰ ਰਹੀਆਂ ਹਨ। ਮੱਧਕਾਲ ਤਕ ਰਾਜਾਸ਼ਾਹੀ ਰਾਜਨੀਤੀ ਦਾ ਪ੍ਰਭਾਵ ਬਹੁਤ ਜਿਆਦਾ ਰਿਹਾ ਪਰ ਯੋਰਪ ਦੇ ਜਾਗਰਿਤੀ ਕਾਲ ਦੌਰਾਨ ਵਾਪਰੀਆਂ ਘਟਨਾਵਾਂ ਅਤੇ ਆਧੁਨਿਕਤਾ ਦੇ ਉਥਾਨ ਕਰਕੇ ਰਾਜਨੀਤੀ ਵਿਚ ਵੱਡੀਆਂ ਤਬਦੀਲੀਆਂ ਆਈਆਂ। ਆਧੁਨਿਕਤਾ ਵਿਚੋਂ ਰਾਜਨੀਤੀ ਦੇ ਪੈਦਾ ਹੋਏ ਨਮੂਨੇ ਜਾਂ ਮਾਡਲ ਦਾ ਇਕ ਪ੍ਰਮੁੱਖ ਰੂਪ ਦੋ ਵਿਸ਼ਵ-ਯੁੱਧਾਂ ਰਾਹੀਂ ਪ੍ਰਦਸ਼ਿਤ ਹੋਇਆ ਅਤੇ ਇਸ ਤੋਂ ਬਾਅਦ ਵਿਸ਼ਵ-ਰਾਜਨੀਤੀ ਦੀਆਂ ਪ੍ਰਕਿਰਿਆਵਾਂ ਤੇਜ਼ੀ ਨਾਲ ਬਦਲੀਆਂ। ਇਕ ਪਾਸੇ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਨੇ ਆਪਣੇ ਆਪ ਨੂੰ ਪ੍ਰਮਾਣੂ ਹਥਿਆਰਾਂ ਅਤੇ ਸ਼ਕਤੀਸ਼ਾਲੀ ਜੰਗੀ ਸਮਾਨ ਨੂੰ ਵਧ ਤੋਂ ਵਧ ਇਕੱਤਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਦੂਜੇ ਪਾਸੇ ਵੱਖ-ਵੱਖ ਦੇਸ਼ਾਂ ਨੇ ਜੰਗਾਂ, ਯੁੱਧਾਂ ਤੋਂ ਬਚਣ ਲਈ ਵੱਖ-ਵੱਖ ਨੀਤੀਆਂ ਅਪਣਾਈਆਂ ਅਤੇ ਵਧ ਤੋਂ ਵਧ ਮੁਲਕਾਂ ਨਾਲ ਸ਼ਾਂਤੀ-ਸੰਧੀਆਂ ਕੀਤੀਆਂ। ਇਸ ਸਭ ਵਰਤਾਰੇ ਦੌਰਾਨ ਵਿੱਦਿਅਕ ਢਾਂਚੇ ਵੀ ਬਦਲੇ ਅਤੇ ਉਹਨਾਂ ਵਿਚ ਸਥਾਪਤ ਕੀਮਤਾਂ ਦੇ ਰੂਪਾਂਤਰਣ ਵੀ ਹੋਏ ਅਤੇ ਨਾਲ ਹੀ ਕਈ ਤਰ੍ਹਾਂ ਦੇ ਨਵੇਂ ਢਾਂਚੇ ਵੀ ਸ਼ਾਮਿਲ ਹੋਏ।

## 3.2. ਵਿੱਦਿਅਕ ਕੀਮਤਾਂ

ਵਿੱਦਿਆ, ਮਨੁੱਖ ਨਾਲ ਉਸਦੇ ਜਨਮ ਤੋਂ ਹੀ ਜੁੜਿਆ ਹੋਇਆ ਵਰਤਾਰਾ ਹੈ, ਜਿਸ ਰਾਹੀਂ ਉਹ ਲਗਾਤਾਰ ਆਪਣੀ ਜ਼ਿੰਦਗੀ ਵਿਚ ਸਿੱਖਦਾ ਹੈ। ਮਨੁੱਖ ਦੁਆਰਾ ਵੱਖ-ਵੱਖ ਤਰੀਕਿਆਂ ਅਤੇ ਅਨੁਭਵਾਂ ਰਾਹੀਂ ਸਿੱਖਣ ਦੀ ਪ੍ਰਕਿਰਿਆ ਤੋਂ ਗ੍ਰਹਿਣ ਕੀਤਾ ਵਿੱਦਿਆ ਦੇ ਖੇਤਰ ਵਿਚ ਆਉਂਦਾ ਹੈ। ਵਿੱਦਿਆ ਗ੍ਰਹਿਣ ਕਰਨ ਵਿਚ ਰਸਮੀ ਅਤੇ ਗ਼ੈਰ-ਰਸਮੀ ਦੋਵੇਂ ਵਿਧੀਆਂ ਕਾਰਜ ਕਰਦੀਆਂ ਹਨ। ਇਹ ਦੋਵੇਂ ਵਿਧੀਆਂ ਪੁਰਾਤਨ ਸਮੇਂ ਭਾਵ ਪ੍ਰਾਚੀਨ ਸਮਿਆਂ ਤੋਂ ਹੀ ਪ੍ਰਚਲਿਤ ਰਹੀਆਂ ਹਨ:

### 3.2.1. ਰਸਮੀ ਵਿੱਦਿਆ

ਰਸਮੀ ਤੌਰ ‘ਤੇ ਵਿੱਦਿਅ ਾਦੇ ਮੁੱਖ ਕੇਂਦਰ ਪਾਠਸ਼ਾਲਾਵਾਂ, ਧਰਮਸ਼ਾਲਾਵਾਂ, ਮਠ, ਸੰਤਾਂ-ਮਹਾਂਪੁਰਖ਼ਾਂ ਦੇ ਵੱਖ-ਵੱਖ ਸਥਾਨ ਆਦਿ ਸਨ, ਜਿਥੇ ਵਿਦਿਅਰਥੀ ਨੂੰ ਇਕ ਖ਼ਾਸ ਉਮਰ ਬਾਅਦ ਪੜ੍ਹਣ ਲਈ ਭੇਜਿਆ ਜਾਂਦਾ ਸੀ। ਹਰ ਇਕ ਆਸ਼ਰਮ ਜਾਂ ਪਾਠਸ਼ਾਲਾ ਦਾ ਆਪਣਾ ਵਿਧੀ-ਵਿਧਾਨ ਅਤੇ ਸਮਾਂ ਸੀ। ਵਿਦਿਅਰਥੀ ਦੀ ਚੋਣ ਤੋਂ ਲੈ ਕੇ ਉਸ ਦੀਆਂ ਵਿਭਿੰਨ ਪ੍ਰੀਖਿਆਵਾਂ ਦਾ ਅਧਿਕਾਰ ਪਾਠਸ਼ਾਲਾ ਦੇ ਮੁੱਖੀ ਨੂੰ ਹੀ ਸੀ। ਪੂਰੇ ਵਿਸ਼ਵ ਵਿਚ ਗਿਆਨ-ਪ੍ਰਾਪਤੀ ਦੇ ਮੁੱਖ ਸਥਾਨ ਧਰਮ-ਸਥਾਨ ਹੀ ਸਨ। ਭਾਰਤੀ-ਗਿਆਨ ਪੱਧਤੀ ਵਿਚ ‘ਗੁਰੂ-ਚੇਲਾ’ ਦੀ ਪਰੰਪਰਾ ਸਥਾਪਤ ਸੀ। ਇਸੇ ਤਰ੍ਹਾਂ ਵੱਖ-ਵੱਖ ਧਰਮ-ਪਰੰਪਰਾਵਾਂ ਵਿਚ ਵੱਖ-ਵੱਖ ਅਨੁਭਵਾਂ ਦੀ ਵਿਸਤਾਰਤਾ ਲਈ ਵੱਖ-ਵੱਖ ਸਥਾਨ ਉਪਲਬਧ ਸਨ, ਜਿਥੇ ਜਿਗਿਆਸੂ ਜਾ ਕੇ ਆਪਣਾ ਸ਼ੰਕਾ ਨਿਵਰਤ ਕਰ ਸਕਦਾ ਸੀ ਅਤੇ ਗਿਆਨ-ਪ੍ਰਾਪਤ ਕਰ ਸਕਦਾ ਸੀ। ਪਰ ਉਸਨੂੰ ਉਸ ਸਥਾਨ ਦੀ ਮਰਿਯਾਦਾ ਦਾ ਪਾਲਣ ਕਰਨਾ ਪੈਂਦਾ ਸੀ।

ਗਿਆਨ-ਪ੍ਰਾਪਤੀ ਦੀ ਇਸ ਵਿਧੀ ਵਿਚ ਮਨੁੱਖ ਵੱਖ-ਵੱਖ ਤਰ੍ਹਾਂ ਦੇ ਗਿਆਨ ਇਕਸੁਰਤਾ ਵਿਚ ਗ੍ਰਹਿਣ ਕਰਦਾ ਸੀ।

3.2.2. ਗ਼ੈਰ-ਰਸਮੀ ਵਿੱਦਿਆ

ਗ਼ੈਰ-ਰਸਮੀ ਵਿੱਦਿਆ ਤੋਂ ਭਾਵ ਉਹ ਗਿਆਨ ਹੈ, ਜੋ ਮਨੁੱਖ ਵੱਖ-ਵੱਖ ਵਸੀਲਿਆਂ ਰਾਹੀਂ ਆਪਣੇ ਤੌਰ 'ਤੇ ਹਾਸਿਲ ਕਰਦਾ ਸੀ। ਮਨੁੱਖ ਜੀਵਨ ਦੇ ਬਹੁਤ ਸਾਰੇ ਵਰਤਾਰਿਆਂ ਦੀ ਸਮਝ ਆਪਣੇ ਪਰਿਵਾਰ ਅਤੇ ਆਲੇ-ਦੁਆਲੇ ਤੋਂ ਗ੍ਰਹਿਣ ਕਰਦਾ ਹੈ, ਜਿਸ ਵਿਚ ਉਸਨੂੰ ਜੀਵਨ ਵਿਚ ਲੋੜੀਂਦੀਆਂ ਜੁਗਤਾਂ ਤੋਂ ਇਲਾਵਾ ਕਿਤਾ-ਮੁੱਖੀ ਗਿਆਨ ਹਾਸਿਲ ਹੁੰਦਾ ਸੀ। ਵਿਸ਼ੇਸ਼ ਕਿਤਿਆਂ ਦੇ ਲੋਕ ਵਿਸ਼ੇਸ਼ ਗਿਆਨ ਦੀ ਮੁਹਾਰਤ ਰਖਦੇ ਸਨ, ਜੋ ਕਿ ਪੀੜ੍ਹੀ ਦਰ ਪੀੜ੍ਹੀ ਚਲਦਾ ਸੀ। ਇਸ ਤਰ੍ਹਾਂ ਦੀਆਂ ਕਈ ਗਿਆਨ-ਵਿਧੀਆਂ ਲੋਕ ਸਹਿਜ-ਸੁਭਾ ਸਿੱਖਦੇ ਸਨ ਅਤੇ ਕੁਖ ਖਾਸ ਲੋਕ ਵਿਸ਼ੇਸ਼ ਮੁਹਾਰਤਾ ਲਈ ਵਿਸ਼ੇਸ਼ ਮਿਹਨਤ ਵੀ ਕਰਦੇ ਸਨ। ਇਸੇ ਤਰ੍ਹਾਂ ਗਿਆਨ ਦੇ ਜਿਆਦਾਤਰ ਰੂਪ ਰਸਮੀ ਨਾ ਹੋ ਕੇ ਗ਼ੈਰ-ਰਸਮੀ ਸਨ।

3.3. ਆਧੁਨਿਕਤਾ ਅਤੇ ਵਿੱਦਿਆ

ਯੋਰਪ ਦੇ ਜਾਗਰਿਤੀ ਕਾਲ ਦੌਰਾਨ ਧਰਮ ਅਤੇ ਧਰਮ-ਨਿਰਪੱਖ ਸੰਸਥਾਵਾਂ ਦੇ ਆਪਸੀ ਤਣਾਅ ਕਰਕੇ ਰਸਮੀ ਵਿੱਦਿਆ ਦਾ ਪ੍ਰਚਲਨ ਬਹੁਤ ਵਧ ਗਿਆ। ਆਧੁਨਿਕਤਾ ਦੁਆਰਾ ਪਰੰਪਰਾਗਤ ਅਤੇ ਧਾਰਮਿਕ ਵਿਧੀ-ਵਿਧਾਨ ਦੀ ਆਲੋਚਨਾ ਕਰਕੇ ਜੀਵਨ ਦੀ ਮੁੱਖ ਸ਼ੈਲੀ ਖ਼ਾਸ ਤਰ੍ਹਾਂ ਦੀ ਵਿਗਿਆਨ ਅਤੇ ਤਰਕ 'ਤੇ ਆਧਾਰਿਤ ਹੋ ਗਈ, ਜਿਸ ਮਨੁੱਖ ਦੇ ਆਤਮ ਦੇ ਅਨੁਭਵ ਨੂੰ ਪਹਿਲ ਨਾ ਦੇ ਕੇ ਨਿਸ਼ਚਤ ਕੀਤੇ ਗਈਆਂ ਗਿਆਨ-ਵਿਧੀਆਂ ਤੇ ਆਧਾਰਤ ਨੂੰ ਪਹਿਲ ਦਿੱਤੀ ਜਾਣ ਲਗ ਪਈ। ਇਸ ਵਰਤਾਰੇ ਦਾ ਅਸਰ ਯੋਰਪੀ ਦੇਸ਼ਾਂ ਤੋਂ ਇਲਾਵਾ ਵਿਸ਼ਵ ਦੇ ਉਹਨਾਂ ਦੇਸ਼ਾਂ 'ਤੇ ਵੀ ਪਿਆ, ਜਿਹੜੇ ਯੋਰਪੀ ਦੇਸ਼ਾਂ ਦੀ ਬਸਤੀ ਬਣ ਚੁਕੇ ਸਨ। ਉਦਾਹਰਣ ਵਜੋਂ ਪੰਜਾਬ ਵਿਚ ਅੰਗ਼ਰੇਜ਼ਾਂ ਦੇ ਆਉਣ ਕਰਕੇ ਇਥੋਂ ਦੇ ਪਰੰਰਾਗਤ ਗਿਆਨ ਨੂੰ ਪੁਰਾਣਾ ਜਾਂ ਅਰਥਹੀਣ ਦਸ ਕੇ ਰਸਮੀ ਵਿੱਦਿਆ ਦੀ ਸਥਾਪਨਾ ਕੀਤੀ ਜਾਣ ਲਗ ਪਈ। ਇਸ ਦੌਰਾਨ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਸਥਾਪਨਾਹੋਈ। ਇਸ ਵਿੱਦਿਆ ਦੇ ਦਿਖਾਈ ਦੇਣ ਵਾਲੇ ਉਦੇਸ਼ ਭਾਵੇਂ ਚੰਗੇ ਵੀ ਸਨ ਪਰ ਇਸ ਵਿੱਦਿਆ ਦੀ ਪ੍ਰਾਪਤੀ ਲਈ ਸਥਾਪਤ ਵਿਧੀਆਂ ਦੀ ਵਰਤੋਂ ਸਰਬ-ਕਲਿਆਨਮਈ ਨਾ ਹੋ ਕੇ ਰਾਜਨੀਤਕ ਅਭਿਲਾਸ਼ਾ ਵਾਲੀ ਸੀ। ਇਸ ਕਰਕੇ ਕਿਸੇ ਵੀ ਚੀਜ਼ ਜਾਂ ਗਿਆਨ ਨੂੰ ਪ੍ਰਾਪਤ ਕਰਨ ਵਿਚ ਵਿਧੀ ਵਜੋਂ ਵੱਡਾ ਅੰਤਰ ਆ ਗਿਆ, ਜਿਸ ਬਾਰੇ ਹੁਣ ਪੂਰੇ ਵਿਸ਼ਵ ਵਿਚ ਬਹਿਸ ਚਲ ਰਹੀ ਹੈ।

ਵਿੱਦਿਅਕ ਕੀਮਤਾਂ ਕਿਸੇ ਵੀ ਵਿਅਕਤੀ ਨੂੰ ਸਮਾਜ ਵਿਚ ਵਿਚਰਣ ਵਾਲੇ ਇਕ ਚੰਗੇ ਨਾਗਰਿਕ ਦੇ ਨਾਲ ਸੰਬੰਧਤ ਹਨ, ਜਿਸ ਵਿਚ ਵਿਅਕਤੀ ਨੂੰ ਆਪਣੇ ਨਿੱਜੀ ਸੁਭਾਅ ਤੋਂ ਇਲਾਵਾ ਸਮਾਜ ਵਿਚ ਸਥਾਪਤ ਕਦਰਾਂ-ਕੀਮਤਾਂ ਨਾਲ ਸੰਬੰਧਤ ਹੋਣਾ ਪੈਂਦਾ ਹੈ। ਵਿੱਦਿਅਕ ਕੀਮਤਾਂ ਮਨੁੱਖ ਦੇ ਮਾਨਸਿਕ ਅਤੇ ਸਮਾਜਿਕ ਵਿਵਹਾਰ ਨੂੰ ਸੰਬੋਧਿਤ ਹਨ, ਜਿਨ੍ਹਾਂ ਰਾਹੀਂ ਮਨੁੱਖ ਆਪਣੀਆਂ ਕਦਰਾਂ-ਕੀਮਤਾਂ ਨੂੰ ਪਛਾਣਦਾ ਹੋਇਆ ਕਿਸੇ ਮਰਿਯਾਦਾਮਈ ਜੀਵਨ ਪ੍ਰਤੀ ਜ਼ਿੰਮੇਵਾਰ ਬਚਦਾ ਹੈ। ਇਸ ਲਈ ਵਿੱਦਿਆਰਾਹੀਂ ਉਹਨਾਂ ਕੀਮਤਾਂ ਨੂੰ ਸਥਾਪਤ ਕੀਤਾ ਜਾਂਦਾ ਹੈ, ਜੋ ਕਿ ਸਮਾਜ ਲਈ ਕਲਿਆਣਕਾਰੀ ਹੋ ਸਕਣ।

3.4. ਰਾਜਨੀਤਿਕ ਕੀਮਤਾਂ

ਰਾਜਨੀਤਕ ਕੀਮਤਾਂ ਮਨੁੱਖ ਦੀ ਇਸ ਧਰਤੀ 'ਤੇ ਯਾਤਰਾ ਦੇ ਸ਼ੁਰੂ ਤੋਂ ਲੈ ਕੇ ਹੁਣ ਤਕ ਲਗਾਤਾਰ ਸਥਾਪਤ ਕੀਤੀਆਂ ਗਈਆਂ ਹਨ ਅਤੇ ਕੀਤੀਆਂ ਜਾ ਰਹੀਆਂ ਹਨ। ਸਮਾਜ ਵਿਚ ਰਾਜਨੀਤਿਕ ਕੀਮਤਾਂ ਦੀ ਸਥਾਪਨਾਹੋਣੀ ਬਹੁਤ ਜ਼ਰੂਰੀ ਹੈ ਨਹੀਂ ਤਾਂ ਰਾਜ-ਸੱਤਾ ਆਪ-ਮੁਹਾਰੀ ਹੋ ਕੇ ਲੋਕ-ਕਲਿਆਣ ਸੰਬੰਧੀ ਸੰਵੇਦਨਸ਼ੀਲ ਨਹੀਂ ਰਹਿੰਦੀ। ਕੀਮਤਾਂ ਦੀ ਅਣਹੋਂਦ ਰਾਜ ਦੀ ਸ਼ਕਤੀ ਨੂੰ ਇਕਤਰਫ਼ਾ ਕਰ ਦਿੰਦੀ ਹੈ, ਜਿਸ ਦੌਰਾਨ ਸੱਤਾ ਆਮ ਲੋਕਾਂ ਪ੍ਰਤੀ ਉਤਰਦਾਈ ਨਹੀਂ ਰਹਿੰਦੀ। ਅਜਿਹਾ ਹੋਣ ਦੀ ਸੂਰਤ ਵਿਚ ਕੁਝ ਲੋਕਾਂ ਦੇ ਹਥਾਂ ਵਿਚ ਆਈ ਸੱਤਾ ਬਾਕੀ ਲੋਕਾਂ ਨੂੰ ਗ਼ੁਲਾਮ ਸਮਝਣ ਦੀ ਅਤੇ ਫਿਰ ਗ਼ੁਲਾਮ ਕਰਨ ਦੀ ਪ੍ਰਵਿਰਤੀ ਵਿਚ ਆ ਜਾਂਦੀ ਹੈ, ਜਿਸ ਕਰਕੇ ਆਮ ਲੋਕ ਦਬੇ ਤੇ ਕੁਚਲੇ ਜਾਂਦੇ ਹਨ। ਉਨ੍ਹਾਂ ਦਾ ਜੀਵਨ ਪੱਧਰ ਸਨਮਾਨਜਨਕ

ਨਾ ਰਹਿ ਕੇ ਸੱਤਾ ਦੇ ਉਦੇਸ਼ਾਂ ਦੀ ਪੂਰਤੀ ਕਰਨ ਤਕ ਸੀਮਤ ਹੋ ਜਾਂਦਾ ਹੈ। ਇਸੇ ਵਰਤਾਰੇ ਦੌਰਾਨ ਸਮਾਜ ਵਿਚ ਭੈ ਅਤੇ ਅਸ਼ਾਂਤੀ ਫੈਲਦੀ ਹੈ, ਜਿਸ ਵਿਚੋਂ ਵਿਦਰੋਹ ਅਤੇ ਹਿੰਸਾ ਦਾ ਜਨਮ ਹੁੰਦਾ ਹੈ। ਅਜਿਹਾ ਵਰਤਾਰ ਨਾ ਹੋਵੇ ਕਰਕੇ ਕਿਸੇ ਵੀ ਸਮਾਜ ਦੇ ਦਾਰਸ਼ਨਿਕ, ਚਿੰਤਕ ਅਤੇ ਸਿਆਣੇ ਲੋਕ ਜੀਵਨ ਦੀਆਂ ਵੱਖ-ਵੱਖ ਕੀਮਤਾਂ ਨੂੰ ਸਥਾਪਤ ਕਰਨ ਦੇ ਨਾਲ-ਨਾਲ ਰਾਜਨੀਤਿਕ ਕੀਮਤਾਂ ਦੀ ਸਥਾਪਨਾ ਵੀ ਕਰਦੇ ਰਹਿੰਦੇ ਹਨ ਤਾਂਕਿ ਸਮਾਜ ਦਾ ਸਾਵਾਂਪਣ ਬਰਕਰਾਰ ਰਹੇ ਜਾਂ ਸਮਾਜ ਦੀ ਇਕਸੁਰਤਾ ਬਣੀ ਰਹੇ। ਪ੍ਰਮੁੱਖ ਰਾਜਨੀਤਿਕ ਕੀਮਤਾਂ ਨੂੰ ਰਾਜਨੀਤਿਕ ਦਾਰਸ਼ਨਿਕਾਂ ਨੇ ਹੇਠ ਲਿਖੇ ਅਨੁਸਾਰ ਵੰਡਿਆ ਹੈ:

- ਕਾਨੂੰਨ ਅਤੇ ਨਿਯੰਤਰਣ: ਕਾਨੂੰਨ ਦੀ ਪਾਲਣਾ ਅਤੇ ਇਸਦੇ ਲਾਗੂਕਰਨ ਸੰਬੰਧੀ, ਸਮਾਜਕ ਵਿਵਸੱਤਾ ਸੰਬੰਧੀ ਮੁਸ਼ਕਿਲਾਂ ਤੋਂ ਰਖਿਆ ਸੰਬੰਧੀ।
- ਪਰੰਪਰਾਗਤ ਸਦਾਚਾਰ: ਪਰੰਪਰਾਗਤ ਧਾਰਮਿਕ ਅਤੇ ਪਰਿਵਾਰਿਕ ਕੀਮਤਾਂ ਸਾਹਮਣੇ ਨਵੇਂ ਵਿਵਹਾਰਾਂ ਅਤੇ ਜੀਵਨ-ਸ਼ੈਲੀਆਂ ਸੰਬੰਧੀ।
- ਸਮਾਨਤਾ: ਹਰ ਤਰ੍ਹਾਂ ਦੇ ਸਰੋਤਾਂ ਅਤੇ ਜੀਵਨ ਵਿਚ ਤਰੱਕੀ ਦੇ ਮੌਕਿਆਂ ਦੀ ਬਰਾਬਰ ਵੰਡ ਸੰਬੰਧੀ।
- ਮੁਫ਼ਤ ਸੁਵਿਧਾਵਾਂ: ਆਰਥਿਕਤਾ ਵਿਚ ਸਰਕਾਰ ਦੀ ਘਟੋ-ਘਟ ਦਖ਼ਲਅੰਦਾਜ਼ੀ ਅਤੇ ਵਿਅਕਤੀਗਤ ਆਰਥਿਕਤਾ ਸੰਬੰਧੀ।
- ਸਿਵਲ ਸਵਤੰਤਰਤਾ: ਹਰ ਇਕ ਨੂੰ ਸੋਚਣ ਅਤੇ ਵਿਵਹਾਰ ਕਰਨ ਦੀ ਆਜ਼ਾਦੀ ਜਿਹਾ ਕਿ ਉਹ ਸਭ ਤੋਂ ਠੀਕ ਸੋਚਦੇ ਹਨ ਸੰਬੰਧੀ।
- ਅੰਨ੍ਹੀ ਦੇਸ਼ਭਗਤੀ: ਕਿਸੇ ਦੀ ਦੇਸ਼ ਪ੍ਰਤੀ ਅਪ੍ਰਸ਼ਨਿਕ ਲਗਾਅ ਅਤੇ ਅਸਹਿਣਸ਼ੀਲਤਾ ਸੰਬੰਧੀ।

ਉਪਰੋਕਤ ਕੀਮਤਾਂ ਵੱਖ-ਵੱਖ ਸਮਿਆਂ ਦੌਰਾਨ ਸਥਾਪਤ ਅਤੇ ਪ੍ਰਚਲਿਤ ਰਹੀਆਂ ਹਨ, ਜਿਨ੍ਹਾਂ ਰਾਹੀਂ ਵੱਖ-ਵੱਖ ਦੇਸ਼ਾਂ ਵਿਚ ਰਾਜਨੀਤਕਿ ਵਿਵਹਾਰ ਨਿਸ਼ਚਤ ਕੀਤਾ ਜਾਂਦਾ ਸੀ ਅਤੇ ਕੀਤਾ ਜਾਂਦਾ ਹੈ। ਰਾਜਨੀਤਿਕ ਕੀਮਤਾਂ ਇਕ ਵਿਅਕਤੀ ਦੇ ਮੁਢਲੇ ਅਧਿਕਾਰਾਂ, ਉਦਾਹਰਣ ਦੇ ਤੌਰ 'ਤੇ ਵੋਟ ਪਾਉਣ ਦਾ ਅਧਿਕਾਰ, ਤੋਂ ਲੈ ਕੇ ਰਾਜਨੀਤਿਕ ਉਦੇਸ਼ਾਂ ਦੀ ਸੂਮਚਨਾ, ਵਿਵਹਾਰਕਤਾ ਅਤੇ ਪ੍ਰਾਪਤੀਆਂ ਨਾਲ ਸੰਬੰਧਤ ਹਨ। ਰਾਜਨੀਤਕ ਕੀਮਤਾਂ ਦੇ ਸੰਦਰਭ ਵਿਚ ਇਹ ਤਥ ਮਹੱਤਵਪੂਰਣ ਹੈ ਕਿ ਰਾਜਨੀਤਿਕ-ਪ੍ਰਗ਼ਬੰਧ ਕਿਸ ਤਰ੍ਹਾਂ ਸਮਾਜ ਦੇ ਲੋਕਾਂ ਨੂੰ ਰਾਜਨੀਤਿਕ ਉਦੇਸ਼ਾਂ ਅਤੇ ਇਸਦੀਆਂ ਪ੍ਰਾਪਤੀਆਂ ਸੰਬੰਧੀ ਤਿਆਰ ਕਰਦੇ ਹਨ ਅਤੇ ਇਸ ਦੇ ਨਾਲ ਹੀ ਸਮਾਜ ਦੇ ਲੋਕ ਕਿਸ ਤਰ੍ਹਾਂ ਰਾਜਨੀਤਿਕ ਉਦੇਸ਼ਾਂ ਪ੍ਰਤੀ ਰਵਈਆ ਰਖਦੇ ਹਨ ਜਾਂ ਆਪਣੀ ਸੰਯੁਕਤ ਰਾਇ ਰਖਦੇ ਹਨ। ਇਸ ਦੀ ਇਸ ਉਦਾਹਰਣ ਕੋਵਿਡ-19 ਦੌਰਾਨ ਵੱਖ-ਵੱਖ ਦੇਸ਼ਾਂ ਵਿਚ ਲਏ ਗਏ ਫ਼ੈਸਲਿਆਂ ਅਤੇ ਉਹਨਾਂ ਨੂੰ ਲਾਗੂ ਕਰਨ ਦੀਆਂ ਵਿਧੀਆਂ ਤੋਂ ਲਈ ਜਾ ਸਕਦੀ ਹੈ। ਹਰ ਇਕ ਦੇਸ਼ ਵਿਚ ਕੋਵਿਡ-19 ਸੰਬੰਧੀ ਰਾਜਨੀਤਿਕ ਅਤੇ ਲੋਕਾਂ ਦੇ ਵਿਚਾਰਾਂ ਵਿਚ ਵੱਡ ਮਤਭੇਦ ਅਤੇ ਵੱਖਰੇਵੇਂ ਪਾਏ ਗਏ। ਕੋਵਿਡ-19 ਸੰਬੰਧੀ ਵੱਖ-ਵੱਖ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਰਾਜਨੀਤਿਕ ਉਦੇਸ਼ਾਂ ਰਾਹੀਂ ਢਾਲਿਆ ਅਤੇ ਵਰਤਿਆ ਗਿਆ। ਹੁਣ ਤਕ ਵਿਸ਼ਵ ਪੱਧਰ 'ਤੇ ਕੋਵਿਡ-19 ਦੀ ਬੀਮਾਰੀ ਸੰਬੰਧੀ ਕਈ ਮਹੱਤਵਪੂਰਣ ਪ੍ਰਸ਼ਨ ਪੈਦਾ ਹੋਏ ਹਨ ਕਿ ਕੀ ਇਹ ਬੀਮਾਰੀ ਸਚਮੁੱਚ ਹੈ, ਕੀ ਇਹ ਬਿਮਾਰੀ ਉਸ ਤਰ੍ਹਾਂ ਦੀ ਖਤਰਨਾਕ ਹੈ ਜਾਂ ਬਣਾਈ ਜਾ ਰਹੀ ਹੈ, ਕੀ ਇਸ ਬੀਮਾਰੀ ਪਿਛੇ ਰਾਜਨੀਤਿਕ ਅਭਿਲਾਸ਼ਾਵਾਂ ਹਨ, ਕੀ ਇਸ ਬੀਮਾਰੀ ਰਾਹੀਂ ਮੈਡੀਕਲ ਦੇ ਖ਼ਾਸ ਖੇਤਰਾਂ ਨੂੰ ਪ੍ਰਤੋਸਾਹਨ ਦੇਣ ਅਤੇ ਵਿਸ਼ਵ ਦੀਆਂ ਪਰੰਪਰਾਗਤ ਚਕਿਤਸਾ-ਸ਼ੈਲੀਆਂ ਨੂੰ ਰਦਣ ਦੀ ਕੋਸ਼ਿਸ਼ ਹੈ, ਕੀ ਇਸ ਬੀਮਾਰੀ ਰਾਹੀਂ ਸਮਾਜ ਨੂੰ ਨਵੇਂ ਢਾਚਿਆਂ ਵਿਚ ਤਬਦੀਲ ਕਰਨ ਦੀ ਕੋਸ਼ਿਸ਼ ਹੈ ਆਦਿ। ਇਹਨਾਂ ਪ੍ਰਸ਼ਨਾਂ ਦੇ ਅਜੇ ਤਕ ਕੋਈ ਸਪਸ਼ਟ ਜਵਾਬ ਨਹੀਂ ਹਨ ਅਤੇ ਨਾ ਹੀ ਜਲਦੀ ਸੰਭਵ ਹੋਣਗੇ। ਪਰ ਇਹਨਾਂ ਪ੍ਰਸ਼ਨਾਂ ਵਿਚ ਰਾਜਨੀਤਿਕ ਕੀਮਤਾਂ ਦੀ ਪੁਣ-ਛਾਣ ਅਤੇ ਕਈ ਨਵੀਂਆਂ ਸਾਥਪਨਾਵਾਂ ਦੀ ਪ੍ਰਾਪਤੀ ਸੰਭਵ ਹੈ। ਪ੍ਰਾਚੀਨ ਕਾਲ ਤੋਂ ਆਧੁਨਿਕ ਅਤੇ ਵਰਤਮਾਨ ਸਮਿਆਂ ਤਕ

ਰਾਜਨੀਤਿਕ ਕੀਮਤਾਂ ਵਿਚ ਕਈ ਤਰ੍ਹਾਂ ਦੇ ਬਦਲਾਅ ਹੋਏ ਹਨ ਪਰ ਜਿਹੜੀਆਂ ਕੀਮਤਾਂ ਸੰਬੰਧੀ ਸਮੁਚਾ ਵਿਸ਼ਵ ਹੁਣ ਆਪਣੇ ਆਪਣੇ ਆਪ ਨੂੰ ਉਤਰਦਾਈ ਅਤੇ ਜ਼ਿੰਮੇਵਾਰ ਮੰਨਦਾ ਹੈ, ਉਹ ਹੇਠ ਲਿਖੀਆਂ ਹਨ:

- **ਆਜ਼ਾਦੀ**

ਆਜ਼ਾਦੀ ਨੂੰ ਮਨੁੱਖ ਦਾ ਉਹ ਬੁਨਿਆਦੀ ਅਧਿਕਾਰ ਮੰਨਿਆ ਗਿਆ ਹੈ। ਇਸ ਅਨੁਸਾਰ ਵਿਸ਼ਵ ਦਾ ਹਰ ਇਕ ਵਿਅਕਤੀ ਭਾਵੇਂ ਕਿ ਉਹ ਕਿਸੇ ਵੀ ਰੂਪ, ਰੰਗ, ਜਾਤ, ਨਸਲ, ਦੇਸ਼ ਦਾ ਹੋਵੇ, ਉਸਨੂੰ ਸੋਚਨ, ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਅਤੇ ਉਸਦੀ ਆਪਣੀ ਇਛਾ ਨਾਲ ਕੰਮ ਕਰਨ ਦੀ ਆਜ਼ਾਦੀ ਹੈ।

- **ਨਿਆਂ**

ਨਿਆਂ, ਇਕ ਮਹੱਤਵਪੂਰਨ ਅਤੇ ਆਦਰਸ਼ਕ ਰਾਜਨੀਤਿਕ ਕੀਮਤ ਹੈ, ਜਿਸ ਅਨੁਸਾਰ ਹਰ ਇਕ ਵਿਅਕਤੀ ਨਿਆਂ ਦਾ ਹਕਦਾਰ ਹੈ। ਨਿਆਂ ਦੀ ਪ੍ਰਾਪਤੀ ਲਈ ਉਸ ਉਪਰ ਕਿਸੇ ਵੀ ਤਰ੍ਹਾਂ ਦੀ ਕੋਈ ਬੰਦਿਸ਼ ਜਾਂ ਰੁਕਾਵਟ ਨਹੀਂ ਹੈ। ਨਿਆਂ ਪ੍ਰਾਪਤੀ ਲਈ ਉਹ ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਬਿਨਾਂ ਕਿਸੇ ਭੇਦ-ਭਾਵ ਦੇ ਪ੍ਰਾਪਤ ਕਰ ਸਕਦਾ ਹੈ।

- **ਸਮਾਨਤਾ ਅਤੇ ਵਿਸ਼ਵ-ਵਿਆਪੀ ਭਰਾਤਰੀ-ਭਾਵ**

ਵਿਸ਼ਵ ਵਿਚ ਸੰਤੁਲਨ ਰਖਣ ਲਈ ਇਹ ਇਕ ਜਰੂਰੀ ਤਤ ਹੈ ਕਿ ਦੇਸ਼ਾਂ ਦੇ ਲੋਕ ਮਨੁੱਖਤਾ ਦੇ ਸਾਂਝੇਪਣ ਲਈ ਸਾਂਝੇ ਉਦਮ ਕਰਨ, ਜਿਸ ਵਿਚ ਮੁੱਖ ਨਿਸ਼ਾਨਾ ਮਨੁੱਖੀ ਭਾਈਚਾਰਾ ਹੋਵੇ। ਇਸ ਉਦੇਸ਼ ਵਿਚ ਵੱਖ-ਵੱਖ ਰਾਜਨੀਤਿਕ ਅਭਿਲਾਸ਼ਾਵਾਂ ਦੇ ਮੌਜ਼ੂਦ ਹੋਣ ਦੇ ਬਾਵਜੂਦ ਅਜਿਹੇ ਆਧਾਰ ਪੈਦਾ ਹੋਏ ਹਨ, ਜਿਨ੍ਹਾਂ ਰਾਹੀਂ ਕੋਈ ਇਕ ਦੇਸ਼ ਆਪਣੀ ਇਕਲੋਤੀ ਰਾਜਨੀਤੀ ਨੂੰ ਕਿਸੇ ਹੋਰ ਦੇਸ਼ ਉਤੇ ਜ਼ਬਰਦਸਤੀ ਲਾਗੂ ਨਹੀਂ ਸਕਦਾ।

ਉਪਰੋਕਤ ਰਾਜਨੀਤਿਕ ਕੀਮਤਾਂ ਨੂੰ ਸਥਾਪਤ ਕਰਨ ਲਈ ਹਰ ਇਕ ਦੇਸ਼ ਦੀਆਂ ਆਪਣੀਆਂ ਅਤੇ ਵੱਖ-ਵੱਖ ਦੇਸ਼ਾਂ ਦੀਆਂ ਸਾਂਝੀਆਂ ਸੰਸਥਾਵਾਂ ਬਣੀਆਂ ਹੋਈਆਂ ਹਨ, ਜੋ ਕਿ ਖੇਤਰੀ ਪੱਧਰ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ ਤਕ ਵੱਖ-ਵੱਖ ਸਮੱਸਿਆਵਾਂ ਨੂੰ ਸੰਬੋਧਿਤ ਹੁੰਦੀਆਂ ਹਨ। ਉਦਾਹਰਣ ਦੇ ਤੌਰ ‘ਤੇ ਕਿਸੇ ਵਿਅਕਤੀ ਜਾਂ ਵਰਗ ਨੂੰ ਖੇਤਰੀ ਪੱਧਰ ‘ਤੇ ਕਿਸੇ ਸਮੱਸਿਆ ਕਰਕੇ ਨਿਆਂ ਨਹੀਂ ਮਿਲਦਾ ਤਾਂ ਉਹ ਅੰਤਰਰਾਸ਼ਟਰੀ ਪੱਧਰ ਦੀਆਂ ਸੰਸਥਾਵਾਂ ਰਾਹੀਂ ਆਪਣੀ ਸਮੱਸਿਆ ਨੂੰ ਪੇਸ਼ ਕਰ ਸਕਦੇ ਹਨ। ਇਸ ਤਰ੍ਹਾਂ ਜਿਹੜੇ ਵਿਅਕਤੀ ਕਿਸੇ ਖਾਸ ਵਜ੍ਹਾ ਕਰਕੇ ਕਿਸੇ ਦੇਸ਼ ਵਿਚੋਂ ਕਢ ਦਿਤੇ ਗਏ ਹੁੰਦੇ ਹਨ, ਨੂੰ ਕੋਈ ਵੀ ਦੇਸ਼ ਰਾਜਸੀ ਸੁਰਖਿਆ ਦੇ ਅੰਤਰਗਤ ਪਨਾਹ ਦੇ ਸਕਦਾ ਹੈ।

## 3.5. ਸਿੱਖ ਵਿੱਦਿਅਕ-ਕੀਮਤਾਂ

ਵਿੱਦਿਆ ਪ੍ਰਾਪਤੀ ਸੰਬੰਧੀ ਇਹ ਸਮੱਸਿਆ ਰਹੀ ਹੈ ਕਿ ਕੌਣ ਵਿੱਦਿਆ ਪ੍ਰਾਪਤ ਕਰ ਸਕਦਾ ਹੈ ਅਤੇ ਕੌਣ ਨਹੀਂ। ਪੁਰਾਤਨ ਸਮਾਜਾਂ ਵਿਚ ਇਹ ਸਮੱਸਿਆ ਜਾਤ, ਰੰਗ, ਨਸਲ, ਵਰਣ ਆਦਿ ਉਤੇ ਆਧਾਰਤ ਸੀ ਅਤੇ ਵਰਤਮਾਨ ਸਮਿਆਂ ਵਿਚ ਇਹ ਵਰਗ-ਵੰਡ ਨਾਲ ਸੰਬੰਧਤ ਹੈ। ਮੌਜ਼ੂਦਾ ਸਮੇਂ ਵਿਚ ਜਿਆਦਾਤਰ ਵਿੱਦਿਆ ਦਾ ਪ੍ਰਮੁੱਖ ਮੰਤਵ ਜਾਂ ਉਦੇਸ਼ ਗਿਆਨ-ਪ੍ਰਾਪਤੀ, ਮਨੁੱਖ ਦੀ ਸਿਰਜਣਾਕਾਰੀ, ਆਤਮ-ਵਿਗਾਸ ਆਦਿ ਨਾ ਰਹਿ ਕੇ ਆਰਥਿਕ-ਪ੍ਰਾਪਤੀ ਹੋ ਗਿਆ ਹੈ। ਰਾਜਨੀਤਿਕ ਸੱਤਾ ਆਪਣੀ ਸ਼ਕਤੀ ਨੂੰ ਹੋਰ ਵਧੇਰੇ ਸ਼ਕਤੀਸ਼ਾਲੀ ਕਰਨ ਲਈ ਵਿੱਦਿਆਨੂੰ ਨਿਯੰਤਰਣ ਕਰਨ ਲਈ ਸਮੇਂ ਸਮੇਂ ‘ਤੇ ਵੱਖ-ਵੱਖ ਤਰ੍ਹਾਂ ਦੀਆਂ ਵਿਧੀਆਂ ਦੀ ਵਰਤੋਂ ਕਰਦੀ ਹੈ ਕਿਉਂਕਿ ਵਿੱਦਿਆ ਇਕ ਅਜਿਹਾ ਮਾਧਿਆਮ ਹੈ, ਜਿਸ ਦੀ ਚੇਤਨਾ ਰਾਹੀਂ ਮਨੁੱਖ ਆਪਣੇ ਆਲੇ-ਦੁਆਲੇ ਦੇ ਪਸਾਰੇ ਅਤੇ ਰਾਜਨੀਤਿਕ ਬੁਣਤੀਆਂ ਨੂੰ ਸਮਝਣ ਦੇ ਯੋਗ ਹੋ ਜਾਂਦਾ ਹੈ। ਚੇਤੰਨ ਲੋਕ ਰਾਜਨੀਤਿਕ ਸੱਤਾ ਲਈ ਪ੍ਰੇਸ਼ਾਨੀ ਹੁੰਦੇ ਹਨ ਕਿਉਂਕਿ ਉਹਨਾਂ ਕੋਲ ਚਲ ਰਹੀ ਵਿਵਸਤਾ ਨੂੰ ਪ੍ਰਸ਼ਨ ਕਰਨ ਦੀ ਅਤੇ ਸਮਾਜ ਨੂੰ ਬਦਲਣ ਦੀ ਸਮਰਥਾ ਹੁੰਦੀ ਹੈ। ਵਿਸ਼ਵ ਦੇ ਵਿਕਾਸਸ਼ੀਲ ਦੇਸ਼ਾਂ ਅਤੇ ਵਿਕ੍ਰਾਸ ਕਰ ਰਹੇ ਦੇਸ਼ਾਂ ਵਿਚ ਵਿੱਦਿਆ ਦੇ ਮਹੱਤਵ ਨੂੰ ‘ਮੁਢਲੀ ਵਿੱਦਿਆ’ ਤਕ ਸੀਮਤ ਕੀਤਾ ਜਾ ਰਿਹਾ ਹੈ। ਉਚੇਰੀ ਸਿਖਿਆ ਨੂੰ ਦਿਨੋ-ਦਿਨ ਨਿਯੰਤਰਿਤ ਕੀਤਾ ਜਾ ਰਿਹਾ ਹੈ। ਖਾਸ ਉਦਯੋਗਾਂ ਅਤੇ ਰਾਜਨੀਤਕ

ਰੁਚੀਆਂ ਅਨੁਸਾਰੀ ਵਿਸ਼ਿਆਂ ਨੂੰ ਹੀ ਪ੍ਰਚਲਿਤ ਕੀਤਾ ਜਾਂਦਾ ਹੈ। ਜਿਹੜੇ ਵਿਸ਼ੇ ਰਾਜਨੀਤਿਕ ਨੀਤੀਆਂ ਨੂੰ ਪ੍ਰਸ਼ਣ ਕਰਨ ਅਤੇ ਵਿਸ਼ਲੇਸ਼ਣ ਕਰਨ ਦੇ ਸਮਰਥ ਹੁੰਦੇ ਹਨ, ਉਨ੍ਹਾਂ ਨੂੰ ਹੌਲੀ-ਹੌਲੀ ਬੰਦ ਕੀਤਾ ਜਾ ਰਿਹਾ ਹੈ ਜਾਂ ਉਹਨਾਂ ਦਾ ਸਰੂਪ ਇਸ ਤਰ੍ਹਾਂ ਬਦਲਿਆ ਜਾ ਰਿਹਾ ਹੈ ਕਿ ਗਿਆਨ ਦੇ ਸੋਚਣ ਦੀ ਪ੍ਰਕਿਰਿਆ ਅੰਤਿਮ ਰੂਪ ਵਿਚ ਰਾਜਨੀਤੀ ਦੇ ਹਨ ਵਿਚ ਭੁਗਤੇ। ਪਰ ਸਿੱਖ-ਸਿਧਾਂਤਾਂ ਵਿਚ ਵਿੱਦਿਆਸੰਬੰਧੀ ਸਥਾਪਤ ਕਦਰਾਂ-ਕੀਮਤਾਂ ਇਸ ਵਰਤਾਰੇ ਤੋਂ ਭਿੰਨ ਹਨ ਅਤੇ ਇਸ ਨੂੰ ਬਦਲਣ ਦੇ ਸਮਰਥ ਵੀ। ਸਿੱਖੀ ਅਨੁਸਾਰ ਵਿੱਦਿਆ ਨੂੰ ਵੀਚਾਰ ਕਰਨ ਦਾ ਮੁੱਖ ਮੰਤਵ ਪਰਉਪਕਾਰ ਕਰਨਾ ਹੈ। ਵਿੱਦਿਆਦਾ ਸਿੱਖ-ਉਦੇਸ਼ ਦੇਖੋ:

ਵਿਦਿਆਵੀਚਾਰੀ ਤਾਂ ਪਰਉਕਾਰੀ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ॥
ਘੁੰਘਰੂ ਵਾਜੈ ਜੇ ਮਨੁ ਲਾਗੈ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ॥
ਆਸ ਨਿਰਾਸੀ ਤਉ ਸੰਨਿਆਸੀ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ॥
ਦਇਆ ਦਿਗੰਬਰੁ ਦੇਹ ਬੀਚਾਰੀ॥ ਆਪਿ ਮਰੈ ਅਵਰਾ ਨਹ ਮਾਰੀ॥
ਏਕੁ ਤੂ ਹੋਰਿ ਵੇਸ ਬਹੁਤੇਰੇ॥ ਨਾਨਕੁ ਜਾਣੈ ਚੋਜ ਨ ਤੇਰੇ॥

ਇਸ ਤਰ੍ਹਾਂ ਵਿੱਦਿਆ ਦਾ ਮੁੱਖ ਮੰਤਵ ਪਰਉਪਕਾਰ ਹੈ, ਜਿਸ ਵਿਚ ਹਰ ਤਰ੍ਹਾਂ ਦੇ ਗਿਆਨ ਨੂੰ ਪ੍ਰਮੁੱਖਤਾ ਦਿਤੀ ਗਈ ਹੈ। ਆਧੁਨਿਕਤਾ ਦੇ ਪ੍ਰਭਾਵ ਜਾਂ ਆਧੁਨਿਕਤਾ, ਜਿਹੜੀ ਗਿਆਨ-ਸੰਰਚਨਾ 'ਤੇ ਆਧਾਰਿਤ ਹੈ, ਵਿਚ ਇਕ ਪ੍ਰਮੁੱਖ ਨੁਕਤਾ ਧਰਮ-ਪ੍ਰੰਪਰਾਵਾਂ ਨੂੰ ਅਤੇ ਉਹਨਾਂ ਰਾਹੀਂ ਪ੍ਰਾਪਤ ਕੀਤੇ ਗਿਆਨ ਨੂੰ ਇਕ ਵਿਸ਼ਵਾਸ਼ ਤਕ ਸੀਮਤ ਕਰਨਾ ਹੈ। ਪਰ ਆਧੁਨਿਕਤਾ ਨੇ ਜਿਸ ਤਰ੍ਹਾਂ ਦੀਆਂ ਗਿਆਨ-ਪਰੰਪਰਾਵਾਂ ਦੀ ਉਸਾਰੀ ਕੀਤੀ, ਉਹਨਾਂ ਵਿਚੋਂ ਜਿਆਦਾਤਰ ਦੇ ਨਤੀਜੇ ਮਨੁੱਖਤਾ ਲਈ ਘਾਤਕ ਹੋਏ। ਇਸ ਲਈ ਵਿੱਦਿਆਵਿਚ ਸੰਤੁਲਿਤਾ ਵੀ ਬਹੁਤ ਮਹੱਤਵਪੂਰਣ ਹੈ। ਸਿੱਖ ਵਿੱਦਿਅਕ ਕੀਮਤਾਂ ਵਿਚ ਇਕ ਮਨੁੱਖ ਲਈ ਉਸਨੂੰ ਅਨੰਤ ਤਰ੍ਹਾਂ ਦੀ ਵਿੱਦਿਅਵਾਂ ਦਾ ਅਧਿਕਾਰੀ ਹੋਣ ਲਈ ਅਤੇ ਇਸ ਸੰਬੰਧੀ ਮੁਸ਼ੱਕਤ ਕਰਨ ਵਾਲਾ ਮੰਨਿਆ ਗਿਆ ਹੈ। ਅਧਿਆਤਮਕ ਦੇ ਸਿਖ਼ਰਲੇ ਮੰਡਲਾਂ ਲਈ ਗਿਆਨ-ਖੰਡ ਦੇ ਮੰਡਲਾਂ ਦੀ ਇਕਸੁਰਤਾ ਜ਼ਰੂਰੀ ਹੈ:

ਗਿਆਨ ਖੰਡ ਕਾ ਆਖਹੁ ਕਰਮੁ॥
ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥

ਉਪਰੋਕਤ ਪਉੜੀ ਨੂੰ ਪੜ੍ਹ ਕੇ ਇਹ ਅਹਿਸਾਸ ਹੋ ਜਾਂਦਾ ਹੈ ਕਿ ਵਿਸ਼ਵ ਦੇ ਵਰਤਮਨਾ ਗਿਆਨ ਦੇ ਵਿਸ਼ੇ, ਰੂਪ ਅਤੇ ਸੰਰਚਨਾਵਾਂ ਕਿਸ ਤਰ੍ਹਾਂ ਧਰਮ ਦੇ ਗਿਆਨ ਵਿਚ ਸੰਮਲਿਤ ਹਨ। ਵਿਗਿਆਨ ਜਿਹੜੇ ਤੱਤਾਂ (ਅੱਗ, ਹਵਾ, ਪਾਣੀ, ਮਿਟੀ, ਆਕਾਸ਼ ਆਦਿ) ਦੀ ਖੋਜ ਕਰ ਰਹੀ ਅਤੇ ਵੱਖ-ਵੱਖ ਵਿਸ਼ਿਆਂ ਦਾ ਅਧਿਐਨ ਜੋ ਅਜੋਕੇ ਸੰਸਾਰ ਵਿਚ ਹੋ ਰਿਹਾ ਹੈ, ਸਿੱਖ-ਸਿਧਾਂਤਾਂ ਵਿਚ ਉਹਨਾਂ ਨੂੰ ਮਹੱਤਵਪੂਣ ਮੰਨਿਆ ਗਿਆ ਹੈ ਤਾਂਕਿ ਵਿਅਕਤੀ ਦੀ ਚੇਤਨਾ ਦਾ ਵਿਕ੍ਰਾਸ ਹੋ ਸਕੇ ਅਤੇ ਉਹ ਗਿਆਨ ਦੇ ਉਚੇ ਮੰਡਲਾਂ ਦਾ ਅਨੁਭਵ ਕਰ ਸਕੇ। ਗਿਆਨ ਨੂੰ ਬੁਝਣ ਵਾਲਿਆਂ ਨੂੰ ਸੁਘੜ ਸਰੂਪ ਮੰਨਿਆ ਗਿਆ ਹੈ:

ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨੀ॥
ਮਨਿ ਅੰਧੈ ਊਂਧੈ ਕਵਲਿ ਦਿਸਨਿ ਖਰੇ ਕਰੂਪ॥
ਇਕਿ ਕਹਿ ਜਾਣਹਿ ਕਹਿਆਂ ਬੁਝਹਿ ਤੇ ਨਰ ਸੁਘੜ ਸਰੂਪ॥

ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ॥
ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਕਰ ਕਾ ਭੇਉ ਨ ਲਹੰਤਿ॥
ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰੁਬ ਕਰੰਤਿ॥

ਸਿੱਖ-ਪਰੰਪਰਾ ਵਿਚ ਗਿਆਨ ਦੀ ਪ੍ਰਾਪਤੀ ਦੀ ਯੋਗਤਾ ਲਈ ਮਨੁੱਖ ਦੀ ਭਾਵਨਾ ਨਾਲ ਸੰਬੰਧਤ ਹੈ, ਜਿਸ ਵਿਚ ਉਹ 'ਸਚਿਆਰ' ਹੋਣ ਲਈ ਮੁਸ਼ੱਕਤ ਕਰਦਾ ਹੈ। ਵਿੱਦਿਆ ਦੇ ਸਿਰਫ ਸੂਚਨਾਮਈ ਅਤੇ ਜਾਣਕਾਰੀਆਂ ਨਾਲ ਭਰਪੂਰ ਗਿਆਨ ਨੂੰ ਸਿੱਖੀ ਵਿਚ ਪ੍ਰਮੁੱਖ ਨਹੀਂ ਮੰਨਿਆ ਗਿਆ। ਸਿੱਖ-ਪਰੰਪਰਾ ਵਿਚ ਗੁਰੂ ਹਰਕ੍ਰਿਸ਼ਨ ਜੀ ਨਾਲ ਸੰਬੰਧਤ ਸਾਖੀ ਹੈ ਕਿ ਗੁਰੂ ਸਾਹਿਬ ਨੇ ਇਕ ਗੂੰਗੇ ਘਾਹੀ ਦੇ ਮੂੰਹ ਤੋਂ ਗੀਤਾ ਦੇ ਅਰਥ ਕਰਵਾਏ, ਜਿਸਨੂੰ ਸੁਣ ਕੇ ਹਾਜ਼ਰ ਬ੍ਰਾਹਮਣ ਸ਼ਰਮਿੰਦਾ ਹੋ ਗਿਆ। ਇਸ ਤਰ੍ਹਾਂ ਸਿੱਖ-ਸਿਧਾਂਤਾਂ ਵਿਚ ਵਿੱਦਿਆ ਦਾ ਉਦੇਸ਼ ਪੜ੍ਹ-ਪੜ੍ਹ ਕੇ ਹੰਕਾਰ ਵਲ ਵਧਣਾ ਨਹੀਂ ਹੈ ਬਲਕਿ ਸਹਿਜ ਰੂਪ ਵਿਚ ਪ੍ਰਾਪਤ ਗਿਆਨ ਨਾਲ ਜੀਵਨ ਸੰਵਾਰਨਾ ਹੈ। ਇਸ ਲਈ ਗੁਰੂ ਗੋਬਿੰਦ ਸਿੰਘ ਨੇ ਆਪਣੇ ਦਰਗ਼ਬਾਰ ਵਿਚ 52 ਕਵੀਆਂ ਅਤੇ ਵਿਦਵਾਨਾਂ ਨੂੰ ਰਖਿਆ। ਪੰਜ ਸਿੱਖਾਂ ਨੂੰ ਬਨਾਰਸ ਵਿਖੇ ਅਧਿਐਨ ਕਰਨ ਲਈ ਭੇਜਿਆ ਅਤੇ 'ਗੁਰੂ ਕੀ ਕਾਸ਼ੀ' ਦੀ ਸਥਾਪਨਾ ਕੀਤੀ। ਅਖਰੀ ਗਿਆਨ ਤੋਂ ਲੈ ਕੇ ਗਿਆਨ ਦੇ ਉਚੇ ਮੰਡਲਾਂ ਨੂੰ ਅਨੁਭਵ ਕਰਨ ਲਈ ਨਾਦ, ਸੰਗੀਤ, ਰਾਗ, ਸਾਜ਼ ਦੀਆਂ ਪਰੰਪਰਾਵਾਂ ਨੂੰ ਸਥਾਪਤ ਕੀਤਾ।

## 3.6. ਸਿੱਖੀ ਅਤੇ ਰਾਜਨੀਤਿਕ ਕੀਮਤਾਂ

ਰਾਜਨੀਤਿਕ-ਕੀਮਤਾਂ ਦੇ ਸੰਦਰਭ ਵਿਚ ਸਿੱਖ-ਸਿਧਾਂਤਾਂ ਦੀ ਭੂਮਿਕਾ ਬਹੁਤ ਮਹੱਤਵਪੂਰਣ ਹੈ। ਗੁਰੂ ਸਾਹਿਬਾਨ ਦੁਆਰਾ ਰਾਜਨੀਤੀ ਦੇ ਸੰਦਰਭ ਵਿਚ ਜੋ ਆਦਰਸ਼ ਸਥਾਪਤ ਕੀਤੇ ਗਏ ਅਤੇ ਗੁਰੂ-ਸਾਹਿਬਾਨ ਅਤੇ ਉਹਨਾਂ ਦੇ ਬਾਅਦ ਵਿਚ ਸਿੱਖਾਂ ਨੇ ਰਾਜਨੀਤਿਕ-ਕੀਮਤਾਂ ਸੰਬੰਧੀ ਜੋ ਅਭਿਆਸ ਕੀਤਾ ਉਹ ਮਨੁੱਖੀ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰਖਦਾ ਹੈ। ਅਜੋਕੇ ਸਮਾਜ ਵਿਚ ਸਥਾਪਤ ਪ੍ਰਮੁੱਖ ਰਾਜਨੀਤਿਕ-ਕੀਮਤਾਂ ਆਜ਼ਾਦੀ, ਨਿਆਂ ਅਤੇ ਸਮਾਨਤਾ ਨੂੰ ਪੰਜਾਬ ਦੀ ਧਰਤੀ ਬਹੁਤ ਸਮਾਂ ਪਹਿਲਾ ਸਿਧਾਂਤਕ ਰੂਪ ਵਿਚ ਹੀ ਨਹੀਂ ਬਲਕਿ ਵਿਵਹਾਰਕ ਰੂਪ ਵਿਚ ਵੀ ਸਥਾਪਤ ਕੀਤਾ ਗਿਆ। ਸਿੱਖ-ਸਿਧਾਂਤਾਂ ਨੇ ਨਵੀਆਂ ਰਾਜਨੀਤਿਕ ਕੀਮਤਾਂ ਦੀ ਸਥਾਪਨਾਕੀਤੀ, ਜੋ ਕਿ ਸਰਵ-ਵਿਆਪੀ ਅਤੇ ਮਨੁੱਖਤਾ ਲਈ ਕਲਿਆਣਕਾਰੀ ਹਨ।

### 3.6.1. ਕਲਿਆਣਕਾਰੀ-ਰਾਜ

ਸਿੱਖ-ਸਿਧਾਂਤਾਂ ਵਿਚ ਜਿਸ ਕਲਿਆਣਕਾਰੀ ਰਾਜ ਨੂੰ ਸਿਧਾਂਤਕ ਤੌਰ 'ਤੇ ਸਥਾਪਤ ਕੀਤਾ ਗਿਆ ਹੈ, ਉਸ ਦਾ ਆਦਰਸ਼ ਅਧਿਆਤਮਕ ਹੈ। ਇਸ ਰਾਜ ਵਿਚ ਮਨੁੱਖ ਦਾ ਆਦਰਸ਼ 'ਗੁਰਮੁੱਖ' ਦੇ ਤੌਰ ਤੇ ਚਿਤਵਿਆ ਗਿਆ ਹੈ, ਜੋ ਕਿ ਕਿਸੇ ਵੀ ਤਰ੍ਹਾਂ ਦੇ ਦਵੈਤ ਅਤੇ ਦਵੇਸ਼ ਤੋਂ ਮੁੱਖਤ ਹੈ। ਇਹ ਰਾਜ ਦਾ ਆਧਾਰ ਸੱਤਾ ਨਾ ਹੋ ਕੇ ਸੇਵਾ ਹੈ, ਜਿਸ ਕਰਕੇ ਹਰ ਇਕ ਵਿਅਕਤੀ ਸਮਾਨ ਰੂਪ ਵਿਚ ਵਿਚਰ ਸਕਦਾ ਹੈ।

ਹੁਣਿ ਹੁਕਮੁ ਹੋਆ ਮਿਹਰਵਾਣ ਦਾ॥
ਪੈ ਕੋਇ ਨ ਕਿਸੈ ਰਞਾਣਦਾ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥

ਰਾਜਨੀਤਿਕ-ਕੀਮਤਾਂ ਦੀ ਸਤਾਪਨਾ ਵਿਚ ਇਹ ਪਹਿਲਾ ਜਰੂਰੀ ਤੱਤ ਹੈ ਕਿ ਇਹ ਕੀਮਤਾਂ ਕਿਸ ਤਰ੍ਹਾਂ ਦੇ ਰਾਜ ਦੀ ਸਤਾਪਨਾ ਲਈ ਨਿਸ਼ਚਤ ਕੀਤੀਆਂ ਜਾ ਰਹੀਆਂ ਹਨ। ਉਸ ਰਾਜ ਵਿਚ ਰਹਿਣ ਵਾਲੇ ਵਾਸੀਆਂ ਨੂੰ ਕਿਸ ਤਰ੍ਹਾਂ ਚਿਤਵਿਆ ਗਿਆ ਹੈ ਜਾਂ ਤਸੱਵਰ ਕੀਤਾ ਗਿਆ ਹੈ। ਰਾਜ ਦੇ ਮੁੱਲ ਉਦੇਸ਼ ਲੋਕਾਂ ਲਈ ਕਿਸ ਤਰ੍ਹਾਂ ਕਲਿਆਣਕਾਰੀ ਹਨ ਅਤੇ ਰਾਜ ਦੀ ਮਨੁੱਖਤਾ ਸੰਬੰਧੀ ਕਿਸ ਤਰ੍ਹਾਂ ਦੀ ਜ਼ਿੰਮੇਵਾਰੀ ਹੈ। ਗੁਰੂ ਸਾਹਿਬਾਨ ਦੇ ਧਰਤੀ 'ਤੇ ਪ੍ਰਕਾਸ਼ ਕਰਨ ਵੇਲੇ ਸਮਾਜਕ ਅਤੇ ਰਾਜਨੀਤਿਕ ਹਾਲਾਤ 'ਕਲਿ ਕਾਤੀ ਰਾਜੇ ਕਸਾਈ' ਅਤੇ

'ਰਾਜੇ ਸੀਹ ਮੁਕਦਮ ਕੁਤੇ' ਵਾਲੇ ਸਨ, ਜਿਸਦੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਨਾਲ ਇਕ ਨਵੀਂ ਸੰਭਾਵਨਾ ਪੈਦਾ ਹੋਈ, ਜਿਸ ਵਿਚੋਂ ਨਿਰਮਤ ਸਮਾਜ ਅਤੇ ਰਾਜਨੀਤੀ ਦਾ ਸੰਕਲਪ ਬਿਲਕੁਲ ਭਿੰਨ ਸੀ। ਜਿਵੇ ਕਿ:

ਬੇਗਮ ਪੁਰਾ ਸਹਰ ਕੋ ਨਾਉ॥ ਦੂਖ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥
ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥ਰਹਾਉ॥
ਖਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥

'ਹਲੇਮੀ ਰਾਜ' ਅਤੇ 'ਬੇਗਮਪੁਰਾ' ਦੇ ਸੰਕਲਪ ਆਦਰਸ਼ਕ ਰਾਜਨੀਤਿਕ ਅਭਿਆਸ ਦੇ ਨਮੂਨੇ ਜਾਂ ਮਾਡਲ ਵਜੋਂ ਸਥਾਪਤ ਕੀਤੇ ਗਏ ਹਨ, ਜਿਹਨਾਂ ਰਾਹੀਂ 'ਨਿਹਚਲ ਰਾਜ' ਦੇ ਅਭਿਆਸ ਨੂੰ ਸੰਭਵ ਕੀਤਾ ਜਾ ਸਕਦਾ ਹੈ। ਸਿੱਖ-ਸਿਧਾਂਤਾਂ ਅਨੁਸਾਰ ਸਾਰੀ ਸ੍ਰਿਸ਼ਟੀ ਦਾ ਕਰਤਾ ਇਕ ਅਕਾਲ ਪੁਰਖ ਹੈ ਅਤੇ ਉਸਦਾ ਰਾਜ ਹੀ ਧਰਤ-ਅਸਮਾਨਾਂ, ਖੰਡਾਂ-ਬ੍ਰਹਿਮੰਡਾਂ ਤਕ ਵਿਗਸਿਆ ਹੋਇਆ ਹੈ। ਵਾਹਿਗੁਰੂ ਦੀ ਛਤ੍ਰ-ਛਾਇਆ ਵਿਚ ਸਥਾਪਤ ਰਾਜ ਹੀ ਕਲਿਆਣਕਾਰੀ ਹੋ ਸਕਦੇ ਹਨ। ਅਕਾਲਪੁਰਖ ਦਾ ਰਾਜ ਸਦੀਵੀ ਹੈ ਪਰ ਧਰਤੀ ਉਪਰ ਰਾਜਨੀਤਿਕ ਵਰਤਾਰੇ ਵੱਖਰ ਹਨ, ਜੋ ਕਿ ਕਾਲ ਦੇ ਅਧੀਨ ਹਨ। ਇਸ ਲਈ ਅਕਾਲਪੁਰਖ ਦਾ ਰਾਜ ਸਦੀਵੀ ਅਤੇ ਅਨੰਤ-ਕਾਲੀ ਹੈ, ਜਿਸਦੀ ਕੋਈ ਸੀਮਾ ਨਹੀਂ। ਇਸ ਤਰ੍ਹਾਂ ਦੇ ਰਾਜ ਦਾ ਆਦਰਸ਼ ਸਿੱਖ-ਸਿਧਾਂਤਾਂ ਵਿਚ ਅਤੇ ਸਿੱਖਾਂ ਦੀ ਚੇਤਨਾ ਵਿਚ ਪ੍ਰਕਾਸ਼ਮਾਨ ਹੈ, ਜਿਸ ਦਾ ਅਭਿਆਸ ਕਰਨਾ ਰਾਜ ਭੋਗਣਾ ਨਹੀਂ ਬਲਕਿ ਮਨੁੱਖਤਾ ਦੀ ਸੇਵਾ ਕਰਨਾ ਹੈ। 'ਨਿਹਚਲ ਰਾਜ' ਅਕਾਲੀ ਰਾਜ ਹੈ, ਜਿਸ ਤੋਂ ਸਿੱਖ ਬਲਿਹਾਰ ਹੁੰਦਾ ਹੈ:

ਹਉ ਬਲਿਹਾਰੀ ਸਾਚੇ ਨਾਵੈ॥
ਰਾਜੁ ਤੇਰਾ ਕਬਹੂ ਨ ਜਾਵੈ॥
ਰਾਜੋ ਤ ਤੇਰਾ ਸਦਾ ਨਿਹਚਲੁ ਏਹ ਕਬਹੁ ਨ ਜਾਵਏ॥

### 3.6.2. ਮੀਰੀ-ਪੀਰੀ ਦਾ ਸਿਧਾਂਤ

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਗੁਰਿਆਈ ਦੇ ਸਮੇਂ ਦੋ ਸ੍ਰੀ ਸਾਹਿਬ ਧਾਰਨ ਕੀਤੀਆਂ, ਜਿਸਨੂੰ ਸਿੱਖ-ਪਰੰਪਰਾ ਵਿਚ ਮੀਰੀ-ਪੀਰੀ ਦੀ ਤਲਵਾਰਾਂ ਕਰਕੇ ਜਾਣਿਆ ਜਾਂਦਾ ਹੈ। ਮੀਰੀ ਦੀ ਸ੍ਰੀ ਸਾਹਿਬ ਨੂੰ ਦੁਨਿਆਵੀ ਸੱਤਾ ਅਤੇ ਪੀਰੀ ਦੀ ਸ੍ਰੀ ਸਾਹਿਬ ਅਧਿਆਤਮਕ ਉਚਿਆਈ ਦਾ ਚਿੰਨ੍ਹ ਮੰਨਿਆਂ ਜਾਂਦਾ ਹੈ। ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ 'ਸਤਿਗੁਰੂ' ਹਲਤ-ਪਲਤ ਭਾਵ ਦੋਹਾਂ ਜਹਾਨਾਂ ਦਾ ਮਾਲਕ ਹੈ, ਜੋ ਕਿ ਅਕਾਲੀ ਹੁੰਦਿਆਂ ਹੋਇਆ ਮਨੁੱਖਤਾ ਦੇ ਭਲੇ ਲਈ ਕਾਲ ਵਿਚ ਉਤਰਿਆ ਹੈ। ਸਿੱਖ-ਸਿਧਾਂਤਾਂ ਅਨੁਸਾਰ ਰਾਜਸੀ ਸੱਤਾ ਵੀ ਅਧਿਆਤਮਕ ਸੱਤਾ ਦੀ ਰਹਿਨੁਮਾਈ ਵਿਚ ਹੈ, ਜਿਸ ਦਾ ਇਸ ਸੰਸਾਰ ਵਿਚ ਪ੍ਰਗਟਾਵਾ ਗੁਰੂ-ਆਮਦ ਨਾਲ ਹੋਇਆ ਹੈ। ਸਿੱਖ-ਪਰੰਪਰਾ ਵਿਚ ਮੀਰੀ-ਪੀਰੀ ਦੇ ਸਿਧਾਂਤ ਸੰਬੰਧੀ ਦਰਜ਼ ਹੈ ਕਿ:

ਮੀਰੀ ਪੀਰੀ ਦੋਊ ਦਾਰੋ॥
ਧਰਾ ਬਾਰ ਸਭ ਦੂਰ ਨਿਵਾਰੋ॥
ਅਸ ਕਹਿ ਪ੍ਰਗ਼ਭ ਭਏ ਅੰਤਰ ਧਿਆਨਾ॥
ਥਬ ਸਭ ਮਨ ਮੇਂ ਬਿਸਮੇ ਠਾਨਾ॥

(ਸ੍ਰੀ ਗੁਰ ਬਿਲਾਸ ਪਾਤਸ਼ਾਹੀ 6, 150)

ਫਿਰ ਅਰਜਨ ਗੁਰ ਹਰਗੋਬਿੰਦ॥
ਖੜਖੁ ਚਕਯੋ ਜਿਨ ਮਾਰ ਪੈਇੰਦ॥
ਮੀਰੀ ਪੀਰੀ ਦੋਓ ਦਿਖਾਈ॥
ਸਾਹ ਜਹਾਂ ਕੋ ਹਾਰ ਸੁ ਦਈ॥

(ਸ੍ਰੀ ਗੁਰ ਪੰਥ ਪ੍ਰਕਾਸ਼, 61)

ਧਰੋ ਤੇਜ ਸਤਿਗੁਰ ਬਚ ਕਹੇ॥
ਹਮਨੇ ਇਸ ਹਿਤ ਜੁਗ ਅਸਿ ਗਹੇ॥
ਇਕ ਤੇ ਲੈ ਮੀਰਨਿ ਕੀ ਮੀਰੀ॥
ਦੂਸਰ ਤੇ ਪੀਰਨਿ ਕੀ ਪੀਰੀ॥
ਮੀਰੀ ਪੀਰੀ ਦੋਨਹੁ ਧਰੈ॥
ਬਚਹਿ ਸਰਨਿ ਨਤੁ ਜੁਗ ਪਰਹਰੈ॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ 7, 2407)

ਇਸ ਤਰ੍ਹਾਂ 'ਗੁਰੂ' ਨੇ ਧਰਤੀ 'ਤੇ ਮੀਰੀ-ਪੀਰੀ ਦੇ ਸਿਧਾਂਤ ਰਾਹੀਂ ਅਧਿਆਤਮਕ ਸੱਤਾ ਦਾ ਪ੍ਰਕਾਸ਼ ਕੀਤਾ, ਜਿਸ ਰਾਹੀਂ 'ਨਿਹਚਲ ਰਾਜ' ਅਭਿਆਸ ਵਿਚ ਆ ਸਕਦਾ ਹੈ। ਇਸ ਦੀ ਸਿੱਖ-ਪਰੰਪਰਾ ਵਿਚ ਦਰਜ਼ ਇਕ ਹੋਰ ਮਹੱਤਵਪੂਰਣ ਉਦਾਹਰਣ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੋਣ ਤੋਂ ਲਈ ਜਾ ਸਕਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਥੜ੍ਹੇ ਤੋਂ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਜਾ ਸਕਦੇ ਹਨ ਪਰ ਸ੍ਰੀ ਹਰਿਮੰਦਰ ਸਾਹਿਬ ਦੀ ਤਾਬਿਆ ਵਿਚੋਂ ਸ੍ਰੀ ਅਕਾਲ ਤਖ਼ਤ ਦੇ ਥੜ੍ਹੇ ਦੇ ਨਹੀਂ। ਇਹ ਇਕ ਚਿੰਨ੍ਹ ਹੈ ਕਿ ਸ੍ਰੀ ਅਕਾਲ ਤਖ਼ਤ ਰਾਹੀਂ ਦੁਨਿਆਵੀ ਸੱਤਾ 'ਸ਼ਬਦ-ਗੁਰੂ' ਦੀ ਰਹਿਨਮਾਈ ਵਿਚ ਹੈ।

### 3.6.3. ਖ਼ਾਲਸਾ-ਪ੍ਰਕਾਸ਼

ਦਸਮ-ਗੁਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਆਨੰਦਪੁਰ ਸਾਹਿਬ ਵਿਖ੍ਹੇ ਖ਼ਾਲਸੇ ਦਾ ਪ੍ਰਕਾਸ਼ ਕਰਨਾ ਮਨੁੱਖੀ ਇਤਿਹਾਸ ਵਿਚ ਇਕ ਮਹੱਤਵਪੂਰਣ ਘਟਨਾ ਹੈ। ਖ਼ਾਲਸਾ 'ਨਿਹਚਲੁ ਰਾਜ' ਦਾ ਵਾਸੀ ਹੈ ਅਤੇ 'ਨਿਹਚਲੁ ਰਾਜ' ਦੇ ਅੀਭਆਸ ਲਈ ਮਨੁੱਖਤਾ ਦੀ ਸੇਵਾ ਲਈ ਤਤਪਰ ਹੈ। ਖ਼ਾਲਸਾ, ਸਿੱਖ-ਅਧਿਆਤਮਕਤਾ ਰਾਹੀਂ ਦੁਨਿਆਵੀ ਸੱਤਾ ਨੂੰ 'ਹਲੇਮੀ ਰਾਜ' ਵਿਚ ਪਲਟਣ ਦੇ ਸਮਰਥ ਹਸਤੀ ਹੈ। ਖ਼ਾਲਸਾ, ਸਿੱਖ ਰਾਜਨੀਤਿਕ ਕੀਮਤਾਂ ਨੂੰ ਸਥਾਪਤ ਕਰਨ ਵਾਲਾ ਹੈ, ਜੋ ਆਜ਼ਾਦੀ, ਸਤੁੰਤਰਤਾ, ਸਮਾਨਤਾ ਅਤੇ ਨਿਆਂ ਦਾ ਮੁਜਸਮਾ ਹੈ। ਖ਼ਾਲਸੇ ਦੁਆਰਾ ਲੜੀਆਂ ਗਈਆਂ ਜੰਗਾਂ 'ਸਰਬਤ ਦੇ ਭਲੇ' ਵਾਲੀਆਂ ਹਨ। ਖ਼ਾਲਸੇ ਨੇ ਬਾਬਾ ਬੰਦਾ ਸਿੰਘ ਬਹਾਦਰ ਰਾਹੀਂ ਸਿੱਖ-ਸਿਧਾਂਤਾਂ ਦਾ ਅਭਿਆਸ ਕਰਕੇ ਵਿਖ੍ਹਾਇਆ ਹੈ ਅਤੇ ਕਲਿਆਣਕਾਰੀ ਰਾਜ ਦੀ ਸਥਾਪਨਾਵੀ ਕਰਕੇ ਦਿਖਾਈ। ਖ਼ਾਲਸੇ ਨੇ ਕਿਸੇ ਭਜਦੇ ਵੈਰੀ, ਔਰਤ ਅਤੇ ਬੱਚੇ 'ਤੇ ਵਾਰ ਨਹੀਂ ਕੀਤਾ, ਕਿਸੇ ਵੀ ਵਿਸ਼ਵਾਸ਼ ਅਤੇ ਧਰਮ ਦੇ ਸਥਾਨ ਅਤੇ ਗਿਆਨ ਦੇ ਕੇਂਦਰ ਨੂੰ ਤਬਾਹ ਨਹੀਂ ਕੀਤਾ, ਖ਼ਾਲਸੇ ਨੇ ਕਿਸੇ ਨੂੰ ਕਦੇ ਗ਼ੁਲਾਮ ਨਹੀ ਕੀਤਾ ਅਤੇ ਕਦੇ ਔਰਤਾਂ ਦੀ ਬੇਪਤੀ ਨਹੀਂ ਕੀਤੀ। ਇਸ ਤਰ੍ਹਾਂ ਖ਼ਾਲਸੇ ਦੁਆਰਾ ਜਿਹੜੀਆਂ ਰਾਜਨੀਤਿਕ ਕੀਮਤਾਂ ਦੀ ਸਥਾਪਨਾਕੀਤੀ ਗਈ ਹੈ, ਉਹ ਸੰਸਾਰ ਲਈ ਆਦਰਸ਼ਮਈ ਹੈ, ਜਿਸਦਾ ਅਭਿਆਸ ਕਰਨਾ ਸੰਭਵ ਹੈ।

## 3.7. ਸਾਰ

- ਵਿੱਦਿਅਕ ਕੀਮਤਾਂ ਮਨੁੱਖ ਦੁਆਰਾ ਵੱਖ-ਵੱਖ ਤਰ੍ਹਾਂ ਦੇ ਗਿਆਨ ਦੀ ਪ੍ਰਾਪਤੀ ਅਤੇ ਇਸ ਦੀ ਵਰਤੋਂ ਨਾਲ ਸੰਬੰਧਤ ਹਨ। ਇਸ ਵਿਚ ਸਮਾਜ ਦੇ ਚੇਤੰਨ ਅਤੇ ਦਾਰਸ਼ਨਿਕ ਲੋਕਾਂ ਵਲੋਂ ਆਮ

ਲੋਕਾਂ ਨੂੰ ਓਹਨਾਂ ਦੇ ਆਲੇ-ਦੁਆਲੇ ਅਤੇ ਹਰ ਤਰ੍ਹਾਂ ਦੇ ਸਮਾਜਕ, ਆਰਥਕ, ਰਾਜਨੀਤਿਕ, ਸਭਿਆਚਾਰਕ ਆਦਿ ਵਰਤਾਰਿਆਂ ਤੋਂ ਸੋਝੀ ਕਰਵਾਉਣ ਦੇ ਨਾਲ-ਨਾਲ ਰਾਜ-ਸੱਤਾ ਦੀਆਂ ਦਮਨਕਾਰੀ ਅਤੇ ਜ਼ੁਲਮ ਕਰ ਲੈਣ ਵਾਲੀਆਂ ਵਿੱਦਿਅਕ ਵਿਧੀਆਂ 'ਤੇ ਪ੍ਰਸ਼ਨ ਕਰਕੇ ਵਿੱਦਿਅਕ-ਕੀਮਤਾਂ ਨੂੰ ਸਥਾਪਤ ਕਰਦੇ ਰਹਿਣਾ ਸ਼ਾਮਿਲ ਹੈ।

- ਰਾਜਨੀਤਿਕ ਕੀਤਾਂ ਸਮਾਜ ਵਿਚ ਰਾਜ-ਸੱਤਾ ਅਤੇ ਰਾਜਸੀ-ਵਰਤਾਰਿਆਂ ਨਾਲ ਸੰਬੰਧਤ ਹਨ, ਜਿਸ ਵਿਚ ਰਾਜਸੀ ਲੋਕਾਂ ਦੀਆਂ ਆਮ ਲੋਕਾਂ ਪ੍ਰਤੀ ਕਲਿਆਣਕਾਰੀ ਸੇਵਾਵਾਂ ਅਤੇ ਲੋਕਾਂ ਦੁਆਰਾ ਕਲਿਆਣਕਾਰੀ ਰਾਜ ਦੇ ਅਭਿਆਸ ਲਈ ਨਿਭਾਈ ਭੂਮਿਕਾ ਆਦਿ ਸ਼ਾਮਿਲ ਹੁੰਦਾ ਹੈ।
- ਸਿੱਖ ਵਿੱਦਿਅਕ ਕੀਮਤਾਂ ਸੁਭਾਅ ਅਤੇ ਸਰੂਪ ਪਕੋਂ ਉਪੱਖਾਰ ਕਰਨ ਵਾਲੀਆਂ ਹਨ ਭਾਵ ਭਲਾ ਕਰਨ ਵਾਲੀਆਂ ਹਨ। ਇਹਨਾਂ ਕੀਮਤਾਂ ਵਿਚ ਨਿੱਜੀ ਮੁਫ਼ਾਦ ਨਾ ਹੋ ਕੇ ਸੇਵਾ ਦੀ ਪ੍ਰਵਿਰਤੀ ਜਿਆਦਾ ਮਹੱਤਵਪੂਰਣ ਵਾਲੀ ਹੈ।
- ਸਿੱਖ-ਸਿਧਾਂਤਾਂ ਵਿਚਲੀਆਂ ਰਾਜਨੀਤਿਕ ਕੀਮਤਾਂ ਕਲਿਆਣਕਾਰੀ ਰਾਜ ਦੇ ਅਭਿਆਸ ਲਈ ਮਹੱਤਵਪੂਰਣ ਕੀਮਤਾਂ ਹਨ, ਜਿਨ੍ਹਾਂ ਦੀ ਵਰਤੋਂ ਨਾਲ ਵਿਸ਼ਵ ਵਿਚ ਮਨੁੱਖਤਾ ਦੇ ਭਲੇ ਵਾਲਾ ਸਮਾਜ ਸਿਰਜਿਆ ਜਾ ਸਕਦਾ ਹੈ।

## 3.8 ਵਿਸਤਾਰ ਵਿਚ ਪੜ੍ਹਣਯੋਗ ਪੁਸਤਕਾਂ


- ਜਸਪਾਲ ਸਿੰਘ (2009), *ਰਾਜ ਦਾ ਸਿੱਖ ਸੰਕਲਪ,* ਨਵਯੁਗ ਪਬਲਿਸ਼ਰਜ਼, ਦਿੱਲੀ।
- ਜਸਬੀਰ ਸਿੰਘ ਆਹਲੂਵਾਲੀਆ (2017), *ਸਿੱਖ ਫ਼ਲਸਫ਼ੇ ਦੀ ਭੂਮਿਕਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ
- Gurnam Kaur (ed) (1995), *Sikh Value System and Social Change,* Punjabi University, Patiala


## 3.9 ਅਭਿਆਸ ਲਈ ਪ੍ਰਸ਼ਨ

ਪ੍ਰਸ਼ਨ 1. ਪ੍ਰਮੁੱਖ ਵਿੱਦਿਅਕ ਕੀਮਤਾਂ ਕਿਹੜੀਆਂ ਹਨ?

ਪ੍ਰਸ਼ਨ 2. ਰਾਜਨੀਤਿਕ ਕੀਮਤਾਂ ਬਾਰੇ ਜਾਣਕਾਰੀ ਦਿਓ।

ਪ੍ਰਸ਼ਨ 3. ਸਿੱਖ ਵਿੱਦਿਅਕ ਕੀਮਤਾਂ ਸੰਬੰਧੀ ਲਿਖੋ।

ਪ੍ਰਸ਼ਨ 4. ਬੇਗਮਪੁਰਾ ਤੋਂ ਕੀ ਭਾਵ ਹੈ?

ਪ੍ਰਸ਼ਨ 5. ਮੀਰੀ-ਪੀਰੀ ਦੇ ਸਿਧਾਂਤ ਬਾਰੇ ਲਿਖੋ।

**SEMESTER-I**

## UNIT 4 – WISDOM

**STRUCTURE**

4.0 ਉਦੇਸ਼

4.1 ਜਾਣ ਪਛਾਣ

4.2 ਗਿਆਨ: ਅਰਥ

4.3 ਗਿਆਨ: ਪਰਿਭਾਸ਼ਾ

4.4 ਭਾਰਤੀ ਧਰਮਾਂ ਵਿਚ ਗਿਆਨ

4.5 ਸਿੱਖ ਧਰਮ ਵਿਚ ਗਿਆਨ

4.6 ਗਿਆਨ ਦੀਆਂ ਕਿਸਮਾਂ

4.7 ਗਿਆਨ ਪ੍ਰਾਪਤੀ ਦਾ ਉਦੇਸ਼

4.7.1 ਪ੍ਰੇਖਣ (ਇੰਦ੍ਰਿਆਵੀ ਗਿਆਨ)

4.7.2 ਬੁੱਧੀ

4.7.3 ਅੰਤਰ-ਬੋਧਿ

4.8 ਗਿਆਨ ਪ੍ਰਾਪਤੀ ਦਾ ਸਾਧਨ : ਗੁਰੂ

4.9 ਗਿਆਨੀ ਦੇ ਲੱਛਣ

4.9.1 ਦੁਰਮਤਿ ਨਾਸ

4.9.2 ਕਰਮ ਨਾਸ

4.9.3 ਵਿਸਮਾਦ

4.9.4 ਬ੍ਰਹਿਮੰਡੀ ਵਿਸ਼ਾਲਤਾ ਦਾ ਅਨੁਭਵ

4.9.5 ਬ੍ਰਹਮ ਗਿਆਨ

4.10 ਸਾਰ

4.11 ਸਹਾਇਕ ਪੁਸਤਕ ਸੂਚੀ

4.12 ਅਭਿਆਸ ਲਈ ਪ੍ਰਸ਼ਨ

## 4.0 ਉਦੇਸ਼

ਭਾਰਤੀ ਪਰੰਪਰਾ ਵਿਚ ਕਈ ਤਰ੍ਹਾਂ ਦੀ ਧਰਮ ਸਾਧਨਾ ਪ੍ਰਚਲਿਤ ਰਹੀ ਹੈ, ਜਿਸ ਨੂੰ ਕਰਮ, ਭਗਤੀ ਅਤੇ ਗਿਆਨ ਮਾਰਗ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ ਤਿੰਨਾਂ ਮਾਰਗਾਂ ਵਿਚਲੇ 'ਗਿਆਨ ਮਾਰਗ' ਨੂੰ 'ਗਿਆਨ ਸਾਧਨਾ', 'ਗਿਆਨ ਕਾਂਡ' ਜਾਂ 'ਗਿਆਨ ਯੋਗ' ਵੀ ਕਿਹਾ ਜਾਂਦਾ ਹੈ। ਭਾਰਤੀ ਦਰਸ਼ਨ 'ਗਿਆਨ' ਦੀ ਓਟ ਲੈ ਕੇ ਹੀ ਚਲਦੇ ਹਨ। ਇਨ੍ਹਾਂ ਵਿਚੋਂ ਬੌਧਿਕ ਪੱਧਰ ਉਤੇ 'ਬ੍ਰਹਮ' ਨੂੰ ਵਿਚਾਰਿਆ ਜਾਂਦਾ ਹੈ। ਗਿਆਨ ਅਤੇ ਤਰਕ ਹੀ ਇਨ੍ਹਾਂ ਦੇ ਅਧਿਆਤਮਕ ਵਰਣਨ ਦਾ ਆਸਰਾ ਹਨ। ਇਸ ਲਈ ਇਨ੍ਹਾਂ ਨੂੰ 'ਦਰਸ਼ਨ' ਦੀ ਸੰਗਿਆ ਦਿਤੀ ਗਈ ਹੈ। ਦਰਸ਼ਨ ਨੂੰ ਅੰਗਰੇਜ਼ੀ ਭਾਸ਼ਾ ਵਿਚ ਫਿਲਾਸਫੀ (philosophy) ਕਿਹਾ ਜਾਂਦਾ ਹੈ। ਇਹ ਸ਼ਬਦ ਦੋ ਸ਼ਬਦਾਂ (philo+sophia) ਦੇ ਸੁਮੇਲ ਤੋਂ ਬਣਿਆ ਹੈ, ਜਿਸ ਦਾ ਅਰਥ ਹੈ 'ਗਿਆਨ ਲਈ ਪਿਆਰ'। ਫ਼ਲਸਫ਼ੇ ਦਾ ਇਕ ਵਿਸ਼ੇਸ਼ ਹਿਸਾ ਗਿਆਨ-ਵਿਗਿਆਨ ਹੈ, ਜਿਸ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਇਹ ਇਕ ਵਿਗਿਆਨ ਹੈ, ਜੋ ਗਿਆਨ ਬਾਰੇ ਅਧਿਐਨ ਕਰਦਾ ਹੈ। ਇਹ ਅੰਗਰੇਜ਼ੀ ਭਾਸ਼ਾ ਦੇ ਸ਼ਬਦ Epistemology ਦਾ ਪੰਜਾਬੀ ਰੂਪ ਹੈ। ਇਹ ਸ਼ਬਦ ਦੋ ਯੂਨਾਨੀ (Greek) ਸ਼ਬਦਾਂ- Episteme, ਜਿਸ ਦਾ ਅਰਥ ਹੈ ਗਿਆਨ (Knowledge) ਅਤੇ Logy ਜਿਸ ਦਾ ਅਰਥ ਹੈ ਵਿਗਿਆਨ (Science) ਦਾ ਮੇਲ ਹੈ। ਇਸ ਤਰ੍ਹਾਂ ਇਸ ਨੂੰ 'ਗਿਆਨ ਦਾ ਵਿਗਿਆਨ' (Science of Knowledge) ਕਹਿੰਦੇ ਹਨ। ਬੇਸ਼ਕ ਇਹ ਸ਼ਬਦ ਪੱਛਮ ਦੀ ਦੇਣ ਹੈ, ਪਰੰਤੂ ਪੂਰਬ ਵਿਚ ਇਸ ਨੂੰ 'ਗਿਆਨ-ਸਾਧਨਾ' ਕਿਹਾ ਜਾਂਦਾ ਹੈ।

ਗਿਆਨ-ਸਿਧਾਂਤ ਦਾ ਸਬੰਧ ਤਰਕ ਅਤੇ ਮਨੋਵਿਗਿਆਨ ਦੋਹਾਂ ਨਾਲ ਹੈ। ਬੁਨਿਆਦੀ ਤੌਰ ਤੇ, 'ਗਿਆਨ' ਮਨੁੱਖੀ ਕ੍ਰਿਆ ਹੈ। ਇਸ ਦਾ ਸੰਬੰਧ ਮਨੁੱਖ ਦੀ ਬੌਧਿਕ ਸਮਰੱਥਾ ਨਾਲ ਹੈ। ਦਰਸ਼ਨਵੇਤਾ ਅਤੇ ਧਰਮ-ਮੀਮਾਂਸਕ ਵਿਅਕਤੀ ਦੇ 'ਗਿਆਨ ਦੀ ਵਸਤੂ' ਬਾਰੇ ਦਸਦੇ ਹਨ। ਦੂਜੇ ਪਾਸੇ ਮਨੋਵਿਗਿਆਨੀ ਜਗਿਆਸੂ ਨੂੰ ਗਿਆਨ ਹਾਸਿਲ ਕਰਨ ਦੇ ਵਸੀਲਿਆਂ ਬਾਰੇ ਦਸਦੇ ਹਨ।

ਦਾਰਸ਼ਨਿਕ ਪੱਧਰ 'ਤੇ ਬ੍ਰਹਮ ਦਾ ਕੀਤਾ ਗਿਆ ਚਿੰਤਨ 'ਗਿਆਨ ਮਾਰਗੀ' ਚਿੰਤਨ ਕਿਹਾ ਜਾਂਦਾ ਹੈ। ਗਿਆਨ ਮਾਰਗੀ ਸਾਹਿਤ ਵਿਚ ਗਿਆਨ ਹੀ ਇਕ ਅਜਿਹਾ ਸਾਧਨ ਜਾਂ ਵਸੀਲਾ ਹੈ, ਜਿਸ ਨਾਲ ਪਰਮਾਤਮਾ ਦਾ ਸਾਖਿਆਤਕਾਰ ਦਰਸ਼ਨ ਹੋ ਸਕਦਾ ਹੈ। ਇਸ ਪਾਠ ਦਾ ਮਨੋਰਥ ਗਿਆਨ ਸਿਧਾਂਤ ਨੂੰ ਕੇਵਲ ਸਿੱਖ ਧਰਮ ਦੇ ਸੰਦਰਭ ਵਿਚ ਸਮਝਣਾ ਹੈ। ਇਸ ਆਹਰ ਵਿਚ ਗਿਆਨ ਦਾ ਅਰਥ, ਪਰਿਭਾਸ਼ਾ ਅਤੇ ਸਰੂਪ ਆਦਿ ਸਮਝ ਕੇ ਸਿੱਖ ਧਰਮ ਵਿਚ ਮਿਲਦੇ ਬ੍ਰਹਮ ਗਿਆਨ ਦੇ ਸਿਧਾਂਤ ਨੂੰ ਸਮਝਿਆ ਜਾਵੇਗਾ।

## 4.1 ਜਾਣ ਪਛਾਣ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਧਿਐਨ ਕਰਨ ਨਾਲ ਪਤਾ ਚਲਦਾ ਹੈ ਕਿ ਮਨੁੱਖ ਦੇ ਸੰਸਾਰ ਵਿਚ ਆਉਣ ਦਾ ਇਕ ਪਰਮ ਉਦੇਸ਼ ਹੈ। ਇਸ ਉਦੇਸ਼ ਦੀ ਪੂਰਤੀ ਹਿਤ ਮਨੁੱਖ ਨੂੰ ਗੁਰੂ ਧਾਰਨ ਕਰਨਾ ਪੈਂਦਾ ਹੈ। ਗੁਰੂ ਇਕ ਵਸੀਲਾ ਹੈ ਜਿਹੜਾ ਕਿ ਮਨੁੱਖ ਨੂੰ ਪਰਮਾਤਮਾ ਨਾਲ ਮਿਲਾਉਂਦਾ ਹੈ। ਗੁਰੂ ਹੀਣ ਵਿਅਕਤੀ ਸੰਸਾਰ ਵਿਚ ਭਟਕਦਾ ਫਿਰਦਾ ਰਹਿੰਦਾ ਹੈ। ਗੁਰਬਾਣੀ ਦੇ ਅਧਿਐਨ ਰਾਹੀਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਦੋ ਪ੍ਰਕਾਰ ਦੇ ਮਨੁੱਖ ਇਸ ਸੰਸਾਰ ਵਿਚ ਪਾਏ ਜਾਂਦੇ ਹਨ। ਪਹਿਲੇ ਗਿਆਨਵਾਨ ਮਨੁੱਖ, ਜਿਹੜੇ ਨਾਮ ਜਪ ਕੇ ਗਿਆਨ ਦੀ ਪ੍ਰਾਪਤੀ ਕਰ ਲੈਂਦੇ ਹਨ। ਉਨ੍ਹਾਂ ਨੂੰ ਸਮਝ ਆ ਜਾਂਦੀ ਹੈ ਕਿ ਇਹ ਦ੍ਰਿਸ਼ਟਮਾਨ ਪਸਾਰਾ ਸੁਪਨੇ ਦੀ ਨਿਆਈਂ ਹੈ। ਦੇਖਿਆ ਜਾਵੇ ਤਾਂ ਗਿਆਨ ਦੇ ਬਰਾਬਰ ਕੋਈ ਵੀ ਐਸਾ ਪਦਾਰਥ ਨਹੀਂ ਜਿਹੜਾ ਸੰਸਾਰ ਵਿਚ ਮਨੁੱਖ ਨੂੰ ਪਵਿਤਰ ਕਰ ਸਕੇ। ਇਹ ਗਿਆਨ ਸਧਾਰਣ ਪਦਾਰਥਾਂ ਦੇ ਗਿਆਨ ਤਕ ਸੀਮਤ ਨਹੀਂ, ਕਿਉਂਕਿ ਇਸ ਦਾ ਸਬੰਧ ਸ਼ੁਧ ਆਤਮ ਗਿਆਨ ਨਾਲ ਹੈ, ਜਿਸ ਨੂੰ ਗੁਰਬਾਣੀ ਵਿਚ 'ਬ੍ਰਹਮ ਗਿਆਨ' ਕਿਹਾ ਗਿਆ ਹੈ।

ਦੂਜੇ, ਅਗਿਆਨੀ ਮਨੁੱਖ ਹਨ, ਜਿਹੜੇ ਇਸ ਸੰਸਾਰ ਨੂੰ ਸਚ ਜਾਣ ਕੇ, ਮੋਹ-ਮਾਇਆ ਵਿਚ ਫਸ ਕੇ ਆਪਣਾ ਜੀਵਨ ਅਜਾਈਂ ਗਵਾ ਲੈਂਦੇ ਹਨ। ਮੋਹ ਅਗਿਆਨ ਦਾ ਹੀ ਦੂਜਾ ਰੂਪ ਹੈ। ਮੋਹ ਨੂੰ ਖਤਮ ਕਰਨ ਲਈ ਆਤਮ ਗਿਆਨ ਹੋਣਾ ਜ਼ਰੂਰੀ ਹੈ। ਮੋਹ ਦੀ ਨਵਿਰਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਉਪਦੇਸ਼ ਕਰਦੀ ਹੈ। ਗੁਰਬਾਣੀ ਰਾਹੀਂ ਮਨੁੱਖ ਅਗਿਆਨ ਦਾ ਵਿਨਾਸ਼ ਕਰ ਸਕਦਾ ਹੈ। ਅਗਿਆਨ ਦੇ ਹਨੇਰੇ ਨੂੰ ਗਿਆਨ ਦੇ ਪ੍ਰਕਾਸ਼ ਤੋਂ ਬਿਨਾਂ ਦੂਰ ਨਹੀਂ ਕੀਤਾ ਜਾ ਸਕਦਾ। ਪ੍ਰਕਾਸ਼ ਨਾਲ ਜੀਵ ਦਾ ਜਨਮ ਜਨਮਾਂਤਰ ਦਾ ਅਗਿਆਨ ਖ਼ਤਮ ਹੋ ਜਾਂਦਾ ਹੈ।

## 4.2 ਗਿਆਨ: ਅਰਥ

ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਗਿਆਨ ਦੇ ਅਰਥ- ਜਾਣਨਾ, ਬੋਧ, ਸਮਝ, ਇਲਮ ਆਦਿ ਕੀਤੇ ਹਨ। 'ਗਿਆਨ' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸਦਾ ਦਾ ਅਰਥ ਹੈ ਵਿਦਵਤਾ, ਇਲਮ, ਸਮਝ, ਬੋਧ। ਸਿੱਖ ਧਰਮ ਵਿਚ ਗਿਆਨ ਇਕ ਅਜਿਹਾ ਸ਼ਬਦ ਹੈ ਜਿਸਦਾ ਪ੍ਰਗਟਾਅ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਬੇਕ, ਬੁਧਿ, ਮਤਿ, ਗੁਰਮਤਿ ਆਦਿ ਸ਼ਬਦਾਂ ਰਾਹੀਂ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਸਾਧਾਰਣ ਅਰਥਾਂ ਤੋਂ ਬਿਨਾਂ ਵਿਸ਼ੇਸ਼ ਅਰਥਾਂ ਵਿਚ ਵੀ ਵਰਤਿਆ ਗਿਆ ਹੈ। ਇਸ ਕਾਰਨ 'ਗਿਆਨ' ਅਧਿਆਤਮਿਕ ਗਿਆਨ ਦਾ ਵਾਚਕ ਬਣ ਗਿਆ ਹੈ।

ਗਿਆਨ ਦੇ ਸ਼!ਾਬਦਿਕ ਅਰਥਾਂ ਵਿਚ ਆਮ ਜਾਣਕਾਰੀ ਤੋਂ ਲੈ ਕੇ ਪਰਮਾਰਥਕ ਬੋਧ ਤੇ ਆਤਮਿਕ ਪ੍ਰਕਾਸ਼ ਸ਼ਾਮਿਲ ਹਨ। ਇਸ ਸ਼ਬਦ ਨੂੰ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੈ। ਸਾਧਾਰਨ ਅਰਥਾਂ ਵਿਚ ਗਿਆਨ, ਵਿਅਕਤੀ ਨੂੰ ਕੋਈ ਦੁਨਿਆਵੀ ਅਨੁਭਵ ਤੋਂ ਪ੍ਰਾਪਤ ਹੁੰਦਾ ਹੈ, ਜਿਹੜਾ ਕਿ ਅੰਤਰਮੁਖੀ ਅਨੁਭਵ ਤੋਂ ਵਖਰਾ ਹੈ।

ਆਮ ਬੋਲ-ਚਾਲ ਦੀ ਭਾਸ਼ਾ ਵਿਚ ਗਿਆਨ ਨੂੰ 'ਬੁੱਧੀ-ਮੰਡਲ' ਤਕ ਸੀਮਤ ਰਖ ਕੇ, ਅਖਰੀ ਗਿਆਨ ਨੂੰ ਹੀ ਸਭ ਕੁਝ ਸਮਝਿਆ ਜਾਂਦਾ ਹੈ। ਅਜਿਹੀ ਸਮਝ ਮਹਿਜ਼ 'ਜਾਣਕਾਰੀ' (information) ਹੈ। ਦਰਅਸਲ ਜਾਣਕਾਰੀ ਗਿਆਨ ਨਹੀਂ ਹੈ। ਹਾਂ ਗਿਆਨ ਪ੍ਰਾਪਤੀ ਦੀ ਤਾਂਘ ਮਨ ਵਿਚ ਹੋਵੇ ਤਾਂ ਇਹ ਜਾਣਕਾਰੀ ਗਿਆਨ ਪ੍ਰਾਪਤੀ ਵਲ ਪਹਿਲਾ ਕਦਮ ਹੋ ਸਕਦੀ ਹੈ, ਜਿਸ ਨੇ ਸੋਝੀ '(knowledge)' ਅਤੇ ਬਿਬੇਕ (wisdom) ਬਣਨਾ ਹੁੰਦਾ ਹੈ। ਦੁਨਿਆਵੀ ਜਾਣਕਾਰੀ ਮਨੁੱਖ ਨੂੰ ਹਉਮੈ ਅਧੀਨ ਕਰਕੇ ਅੰਦਰੋ-ਅੰਦਰੀ ਖੋਖਲਾ ਕਰ ਦਿੰਦੀ ਹੈ, ਪਰੰਤੂ ਗਿਆਨ ਪ੍ਰਾਪਤੀ ਸਦਕਾ ਮਨੁੱਖ ਅੰਦਰੋਂ-ਬਾਹਰੋਂ ਭਰ ਜਾਂਦਾ ਹੈ। ਜਾਣਕਾਰੀ ਹਉਮੈ ਪੈਦਾ ਕਰਦੀ ਹੈ ਅਤੇ ਵਿਅਕਤੀ ਨੂੰ ਮਾਲਕ ਹੋਣ ਦੇ ਝੂਠੇ ਅਹਿਸਾਸ ਨਾਲ ਭਰਦੀ ਹੈ, ਜਦੋਂ ਕਿ ਗਿਆਨ ਨਾਲ ਭਰਿਆ ਵਿਅਕਤੀ ਆਪਣੇ ਆਪ ਨੂੰ ਇਕ ਬਹੁਤ ਹੀ ਮਾਮੂਲੀ ਅਤੇ ਤੁਛ ਜੀਵ ਸਮਝਦਾ ਹੋਇਆ ਸਾਰਿਆਂ ਦਾ ਸੇਵਕ ਬਣ ਜਾਂਦਾ ਹੈ। ਅਧਿਆਤਮਕ ਸੰਦਰਭ ਵਿਚ ਗਿਆਨ 'ਬੁਧਿ'ਨਹੀਂ ਸਗੋਂ ਆਤਮ ਪ੍ਰਕਾਸ਼ ਦੀ 'ਸੁਧਿ' ਹੈ।

ਗਿਆਨ ਦੇ ਆਧਾਰ 'ਤੇ ਮਨੁੱਖ ਨੇ ਆਪਣੇ ਆਪ ਨੂੰ ਪਸ਼ੂ ਜਾਤੀ ਨਾਲੋਂ ਨਿਖੇੜਿਆ ਹੋਇਆ ਹੈ। ਜੋ ਮਨੁੱਖ ਇੰਦ੍ਰਿਆਵੀ ਭੋਗਾਂ ਨੂੰ ਜੀਵਨ ਦਾ ਨਿਸ਼!ਾਨਾ ਮਿਥ ਲੈਂਦੇ ਹਨ, ਉਹ ਪਸ਼ੂ ਸਮਾਨ ਹੀ ਹੁੰਦੇ ਹਨ। ਜਗਿਆਸੂ ਮਨੁੱਖੀ ਗਿਆਨ ਰਾਹੀਂ ਬੌਧਿਕ ਅਤੇ ਮਾਨਸਿਕ ਸੁਆਦ ਮਾਣਦਾ ਹੈ, ਪਰੰਤੂ ਆਤਮਿਕ ਮੰਡਲਾਂ ਵਿਚ ਵਿਚਰਨ ਵਾਲੇ ਮਨੁੱਖਾਂ ਨੂੰ ਅਖਰੀ ਗਿਆਨ ਸੰਤੁਸ਼ਟ ਨਹੀਂ ਕਰ ਸਕਦਾ। ਹਜ਼ਾਰਾਂ ਪੁਸਤਕਾਂ ਦਾ ਗਿਆਨ ਉਨ੍ਹਾਂ ਦੇ ਅਨੁਭਵ ਸਾਹਮਣੇ ਕੁਝ ਵੀ ਨਹੀਂ।

ਗਿਆਨ ਨੂੰ ਕਈ ਪ੍ਰਕਾਰ ਦੇ ਸ਼ਬਦਾਂ ਦੁਆਰਾ ਪ੍ਰਗਟ ਕੀਤਾ ਗਿਆ ਹੈ। ਕੁਝ ਕੁ ਗਿਆਨ-ਸੂਚਕ ਸ਼ਬਦ ਹਨ : ਤਤ-ਗਿਆਨ; ਚੁੰਚ-ਗਿਆਨ; ਬ੍ਰਹਮ-ਗਿਆਨ; ਵਿਸ਼ੇਸ਼ ਗਿਆਨ ਅਤੇ ਸਹਜ ਗਿਆਨ ਆਦਿ।

## 4.3 ਗਿਆਨ: ਪਰਿਭਾਸ਼ਾ

ਗਿਆਨ ਨੂੰ ਪਰਿਭਾਸ਼ਿਤ ਕਰਨਾ ਸੁਖੈਨ ਕਾਰਜ ਨਹੀਂ। ਪੂਰਬੀ ਅਤੇ ਪੱਛਮੀ ਵਿਦਵਾਨਾਂ ਨੇ 'ਗਿਆਨ' ਨੂੰ ਆਪੋ-ਆਪਣੇ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਿਤ ਕੀਤਾ ਹੈ। ਪੂਰਬੀ ਵਿਦਵਾਨਾਂ ਵਿਚੋਂ ਜਿਆਦਾਤਰ ਸਿੱਖ ਵਿਦਵਾਨਾਂ ਨੇ ਗਿਆਨ-ਸਿਧਾਂਤ ਦੀਆਂ ਪਰਿਭਾਸ਼ਾਵਾਂ ਦਿਤੀਆਂ ਹਨ। ਇਨ੍ਹਾਂ ਵਿਚੋਂ ਡਾ. ਵਜੀਰ ਸਿੰਘ ਦਾ ਕਹਿਣਾ ਹੈ ਕਿ, "ਗਿਆਨ ਮਨੁੱਖੀ ਕ੍ਰਿਆ ਹੈ, ਜਿਸ ਦਾ ਸਬੰਧ ਮਨੁੱਖ ਦੀ ਬੌਧਿਕ ਸਮਰਥਾ ਨਾਲ ਹੈ।" ਗਿਆਨ ਇਕ ਮਾਧਿਅਮ ਹੈ ਜਿਸ ਦੁਆਰਾ ਹੋਰ ਵਸਤੂਆਂ ਪ੍ਰਕਾਸ਼ਿਤ ਹੁੰਦੀਆਂ ਹਨ। ਗਿਆਨ ਇਕ ਅਜਿਹਾ ਵਿਆਪਕ ਵਿਸ਼ਾ ਹੈ ਜਿਹੜਾ ਸਥੂਲ ਭੌਤਿਕ ਜੀਵਨ-ਪੱਧਤੀ ਤੋਂ ਲੈ ਕੇ ਸੂਖਮ ਅਧਿਆਤਮਕ ਸਾਧਨਾ ਤਕ ਪਸਰਿਆ ਹੋਇਆ ਹੈ।

ਸੁਕਰਾਤ ਅਨੁਸਾਰ ਗਿਆਨ ਇਕ ਗੁਣ ਹੈ। ਪਲੈਟੋ ਗਿਆਨ ਨੂੰ ਚੇਤੰਨ ਜਗਤ ਦਾ ਨਹੀਂ, ਸਗੋਂ ਇਸ ਤੋਂ ਅਗੇ ਦੇ ਅਤਿਅੰਤ ਸ੍ਰੇਸ਼ਠ ਜਗਤ ਅਤੇ ਪਰਮ ਯਥਾਰਥ ਜਗਤ, ਜਿਸ ਨੂੰ ਵਿਚਾਰ ਕਿਹਾ ਜਾਂਦਾ ਹੈ ਅਤੇ ਚੇਤੰਨ ਦੁਨੀਆਂ ਜਿਸ ਦਾ ਇਕ ਧੁੰਦਲਾ ਜਿਹਾ ਪਰਛਾਵਾਂ ਮਾਤਰ ਹੈ, ਦਾ ਗਿਆਨ ਸਮਝਦਾ ਹੈ।

ਹਯੂਮ ਅਨੁਸਾਰ, "ਗਿਆਨ ਭਾਵਨਾਵਾਂ ਦੇ ਪ੍ਰਭਾਵਾਂ ਦੀ ਲੜੀ ਹੈ ਜਿਹੜੇ ਕਲਪਨਾ ਤੋਂ ਵੀ ਵਧ ਤੇਜ਼ੀ ਨਾਲ ਲਗਾਤਾਰ ਆਉਂਦੇ ਹਨ ਅਤੇ ਹਮੇਸ਼ਾ ਪ੍ਰਵਾਹਤ ਅਤੇ ਗਤੀਸ਼ੀਲ ਰਹਿੰਦੇ ਹਨ।" ਉਸ ਅਨੁਸਾਰ ਕੇਵਲ ਮਾਨਸਿਕ ਘਟਨਾਵਾਂ ਦਾ

ਪ੍ਰਵਾਹ ਜਾਂ ਸਿਲਸਿਲਾ ਹੋਵੇ ਤਾਂ ਗਿਆਨ ਸੰਭਵ ਨਹੀਂ। ਹਯੂਮ ਦਾ ਮਤਿ ਹੈ ਕਿ ਗਿਆਨ ਸਾਨੂੰ ਇਕ ਪੂਰਨ ਇਕਾਈ ਦੇ ਰੂਪ ਵਿਚ ਨਹੀਂ, ਸਗੋਂ ਟੁਕੜਿਆਂ ਵਿਚ ਮਿਲਦਾ ਹੈ, ਜਿਨ੍ਹਾਂ ਦਾ ਜੁੜਨਾ ਜ਼ਰੂਰੀ ਹੈ। ਆਤਮ ਗਿਆਨ ਵਿਚ ਏਕਤਾ ਜਾਂ ਵਿਸ਼ੇਸ਼ਤਾ ਨਾ ਹੋਵੇ ਤਾਂ ਗਿਆਨ ਸੰਭਵ ਨਹੀਂ। ਹਯੂਮ ਦੇ ਵਿਚਾਰ ਅਨੁਸਾਰ ਗਿਆਨ ਸੰਭਵ ਹੀ ਨਹੀਂ ਹੈ।

ਪ੍ਰੋ. ਟਾਇਟਸ ਅਨੁਸਾਰ, "ਗਿਆਨ ਵਿਗਿਆਨ ਦਰਸ਼ਨ ਦੀ ਉਹ ਸ਼ਾਖਾ ਹੈ ਜੋ ਗਿਆਨ ਦੇ ਸਰੂਪ, ਸਰੋਤ ਅਤੇ ਸਚ ਹੋਣ ਦੇ ਪੈਮਾਨੇ ਦਾ ਅਧਿਐਨ ਕਰਦੀ ਹੈ।"

ਇਸੇ ਤਰ੍ਹਾਂ ਪ੍ਰੋ. ਰਸਲ ਦਾ ਵਿਚਾਰ ਹੈ ਕਿ, "ਗਿਆਨ ਉਹ ਹੈ ਜੋ ਮਨੁੱਖ ਦੇ ਮਨ ਨੂੰ ਰੌਸ਼ਨ ਕਰਦਾ ਹੈ।"

## 4.4 ਭਾਰਤੀ ਧਰਮਾਂ ਵਿਚ ਗਿਆਨ

ਪ੍ਰਾਚੀਨ ਭਾਰਤੀ ਚਿੰਤਨ ਪ੍ਰਣਾਲੀ ਵਿਚ 'ਉਪਨਿਸ਼ਦ', 'ਵੇਦ' ਅਤੇ 'ਭਗਵਤ ਗੀਤਾ' ਸ਼ਾਮਿਲ ਹਨ, ਜਿਨ੍ਹਾਂ 'ਚ 'ਗਿਆਨ' ਬਾਰੇ ਡੂੰਘੀ ਵਿਚਾਰ-ਚਰਚਾ ਮਿਲਦੀ ਹੈ। ਵੇਦ ਸ਼ਬਦ ਸੰਸਕ੍ਰਿਤ ਭਾਸ਼ਾ ਦੀ 'ਵਿਦ' ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਹੀ 'ਗਿਆਨ' ਹੈ। ਵੇਦਾਂ ਨੂੰ ਹਰ ਕਿਸਮ ਦੀ ਗਿਆਨ ਮੂਲਕ ਵਿੱਦਿਆ ਦਾ ਸੋਮਾ ਮੰਨਿਆ ਗਿਆ ਹੈ। ਇਨ੍ਹਾਂ ਵਿਚ ਭਾਵੇਂ 'ਹਰਿ' ਦਾ ਗਿਆਨ ਪ੍ਰਾਪਤ ਨਾ ਹੋਵੇ ਤਾਂ ਵੀ ਵੇਦਾਂ ਨੂੰ ਅਧਿਆਤਮਕ ਚੇਤਨਾ ਦੇ ਪ੍ਰਤੀਕ ਮੰਨਿਆ ਜਾਂਦਾ ਹੈ।

ਉਪਨਿਸ਼ਦ ਆਤਮ ਗਿਆਨ ਦਾ ਖ਼ਜ਼ਾਨਾ ਹਨ। ਇਨ੍ਹਾਂ ਵਿਚ ਗਿਆਨ ਮੁਕਤੀ ਦਾ ਸਾਧਨ ਹੈ। ਉਪਨਿਸ਼ਦਾਂ ਦਾ ਵਿਚਾਰ ਹੈ ਕਿ ਅਗਿਆਨ ਕਾਰਨ ਮਨੁੱਖ ਕਰਮਾਂ ਦੇ ਬੰਧਨ ਵਿਚ ਬਝਾ ਹੋਇਆ ਹੈ। ਅਗਿਆਨ ਦਾ ਨਾਸ਼ ਗਿਆਨ ਨਾਲ ਹੁੰਦਾ ਹੈ। ਉਪਨਿਸ਼ਦਾਂ ਦਾ ਗਿਆਨ 'ਸਤਿ ਗਿਆਨ' ਹੈ। ਉਪਨਿਸ਼ਦ ਵਿਚ ਜ਼ਿਕਰ ਮਿਲਦਾ ਹੈ ਕਿ ਆਪਣੀਆਂ ਵਾਸ਼ਨਾਵਾਂ ਨੂੰ ਜਿੱਤ ਲੈਣ ਵਾਲਾ ਸਾਧਕ ਆਪਣੀ ਆਤਮਾ ਦੇ ਸੁਹਪਣ ਨੂੰ ਦੇਖ ਸਕਦਾ ਹੈ। ਪੂਰਨ ਆਤਮ ਤਿਆਗੀ ਜੀਵਨ ਵਿਚ ਹੀ ਉਚੇ ਤੋਂ ਉਚਾ ਗਿਆਨ ਪ੍ਰਾਪਤ ਕਰ ਸਕਦਾ ਹੈ।

ਗੀਤਾ ਵਿਚ ਗਿਆਨ ਨੂੰ ਅਨੁਭਵ ਪ੍ਰਵਾਨ ਕੀਤਾ ਗਿਆ ਹੈ ਅਤੇ ਗਿਆਨੀ ਦਾ ਲੱਛਣ ਇਹ ਹੈ ਕਿ ਉਸ ਦੇ ਸਾਰੇ ਕਰਮ ਗਿਆਨ ਦੀ ਅਗਨੀ ਵਿਚ ਸੜ ਗਏ ਹੁੰਦੇ ਹਨ। ਇਥੇ ਗਿਆਨ ਨੂੰ ਤੀਜਾ ਨੇਤਰ ਵੀ ਕਿਹਾ ਗਿਆ ਹੈ ਕਿਉਂਕਿ ਮਨੁੱਖ ਦੀਆਂ ਦੋਵੇਂ ਅੱਖਾਂ ਬਾਹਰੀ ਵਸਤੂ-ਜਗਤ ਵਲ ਲਗੀਆਂ ਹੋਈਆਂ ਹਨ। 'ਤੀਜੇ ਨੇਤਰ' ਨੇ ਬ੍ਰਹਮ ਦਾ ਅਨੁਭਵ ਕਰਨਾ ਹੁੰਦਾ ਹੈ।

ਖਟ ਦਰਸ਼ਨ (ਨਿਆਇ, ਮੀਮਾਂਸਾ, ਵੈਸ਼ੇਸ਼ਿਕ, ਯੋਗ, ਸਾਂਖਯ, ਵੇਦਾਂਤ) ਵਿਚ ਤਰਕ ਪ੍ਰਧਾਨ ਹੋਣ ਕਾਰਨ ਇਨ੍ਹਾਂ ਵਿਚ ਗਿਆਨ ਦਾ ਪੱਧਰ ਬੌਧਿਕ ਹੈ ਅਤੇ ਇਸੇ ਕਰਕੇ ਇਨ੍ਹਾਂ ਨੂੰ ਦਰਸ਼ਨ (philosophy) ਦੀ ਸੰਗਿਆ ਦਿਤੀ ਗਈ ਹੈ।

ਜੈਨ ਵਿਚ ਗਿਆਨ ਨੂੰ ਚੇਤਨਾ (conciousness) ਮੰਨਿਆ ਗਿਆ ਹੈ। ਜੈਨੀ ਚੇਤਨਾ ਨੂੰ ਜੀਵ ਦਾ ਅਚਨਚੇਤੀ ਗੁਣ ਨਹੀਂ, ਸਗੋਂ ਕੁਦਰਤੀ ਗੁਣ ਪ੍ਰਵਾਨ ਕਰਦੇ ਹਨ। ਚੇਤਨਾ ਦੀ ਮਾਤਰਾ ਘਟ ਵਧ ਹੋ ਸਕਦੀ ਹੈ, ਪਰ ਕੋਈ ਜੀਵ ਚੇਤਨਾ ਵਿਹੂਣਾ ਨਹੀਂ ਹੋ ਸਕਦਾ। ਜੈਨੀਆਂ ਅਨੁਸਾਰ ਪੰਜ ਪ੍ਰਕਾਰ ਦਾ ਗਿਆਨ ਹੈ : ਮਤੀ ਗਿਆਨ, ਸ਼ਰੁਤ ਗਿਆਨ, ਅਵਧੀ ਗਿਆਨ, ਮਨਹਪਰਿਅਵ ਗਿਆਨ ਅਤੇ ਕੈਵਲਯ ਗਿਆਨ। ਇਸੇ ਤਰ੍ਹਾਂ ਬੁਧ ਧਰਮ ਵਿਚ 'ਨਿਰਵਾਣ' ਪ੍ਰਾਪਤੀ ਆਤਮਿਕ ਗਿਆਨ ਦੀ ਸੂਚਕ ਹੈ।

ਸਿੱਖ ਧਰਮ ਵਿਚ 'ਸਬਦ' ਅਧਿਆਤਮਿਕ ਗਿਆਨ ਦਾ ਸੋਮਾ ਹੈ। ਵਿਆਕਰਨ ਅਨੁਸਾਰ 'ਸਬਦ' ਸਾਰਥਿਕ ਧੁਨੀਆਂ ਦਾ ਸਮੂਹ ਹੈ। ਭਾਈ ਕਾਨ੍ਹ ਸਿੰਘ ਨਾਭਾ 'ਸਬਦ' ਦੇ ਅਰਥ- ਧੁਨੀ, ਆਵਾਜ਼, ਸੁਰ, ਪਦ, ਲਫਜ਼, ਗੁਫਤਗੂ, ਗੁਰ ਉਪਦੇਸ਼, ਬ੍ਰਹਮ/ਕਰਤਾਰ, ਧਰਮ, ਮਜ਼ਹਬ, ਪੈਗਾਮ ਅਤੇ ਸੁਨੇਹਾ ਆਦਿ ਕਰਦੇ ਹਨ। ਰਤਨ ਸਿੰਘ ਜੱਗੀ ਨੇ 'ਸਬਦ' ਦੇ ਅਰਥ ਧੁਨੀ/ਆਵਾਜ਼ ਕੀਤੇ ਹਨ।

## 4.5 ਸਿੱਖ ਧਰਮ ਵਿਚ ਗਿਆਨ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗਿਆਨ ਸਿਧਾਂਤ ਪਰੰਪਰਾਗਤ ਗਿਆਨ ਸਿਧਾਂਤ ਦੇ ਬਿਲਕੁਲ ਵਿਪਰੀਤ ਹੈ। ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ ਇਹ ਦ੍ਰਿਸ਼ਟਮਾਨ ਪਸਾਰਾ ਇੰਦਰੀਆਂ ਦਾ ਭੁਲੇਖਾ ਹੈ, ਕਿਉਂਕਿ ਸਤਿ ਕੇਵਲ ਪਰਮਾਤਮਾ ਹੈ, ਜਿਹੜਾ ਸਰੀਰਕ ਇੰਦਰੀਆਂ ਨਾਲ ਨਹੀਂ ਸਗੋਂ ਆਤਮਿਕ ਅਨੁਭਵ ਦੁਆਰਾ ਗ੍ਰਹਿਣ ਹੋ ਸਕਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਦ੍ਰਿਸ਼ਟਮਾਨ ਪਸਾਰਾ ਸਤਿ ਨਹੀਂ, ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ

ਜਗਿਆਸੂ ਨੂੰ ਦ੍ਰਿਸ਼ਟਮਾਨ ਜਗਤ ਵਿਚ ਵਿਆਪਕ ਕਰਤਾਰੀ ਜੋਤਿ ਦਾ ਅਨੁਭਵ ਕਰਨ ਲਈ ਪ੍ਰੇਰਿਤ ਕਰਦੀ ਹੈ। ਗੁਰ ਫੁਰਮਾਣ ਹੈ :

*ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗੱਲ ਭਵਨ ਤੇਰੀ ਮਾਇਆ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੧)

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਏ ਗਏ ਗਿਆਨ ਸਿਧਾਂਤ ਵਿਚ ਬੇਸ਼ਕ ਤਕਨੀਕੀ ਦਾਰਸ਼ਨਿਕ ਵਿਆਖਿਆ ਨਹੀਂ ਮਿਲਦੀ, ਪਰੰਤੂ ਉਨ੍ਹਾਂ ਦੇ ਗਿਆਨ ਸਿਧਾਂਤ ਜਾਂ ਦੈਵੀ ਪ੍ਰਕਾਸ਼ ਸੰਬੰਧੀ ਵਿਚਾਰਾਂ ਦੀ ਰੂਪ ਰੇਖਾ ਨਿਰਧਾਰਿਤ ਹੋ ਸਕਦੀ ਹੈ। ਗੁਰੂ ਸਾਹਿਬ ਦਾ ਗਿਆਨ ਸਿਧਾਂਤ 'ਸਬਦ' ਅਤੇ ਸੁਰਤਿ ਦਾ ਸੁਮੇਲ ਹੈ।

ਗੁਰਬਾਣੀ ਅਨੁਸਾਰ ਆਤਮਿਕ ਗਿਆਨ ਹਾਸਿਲ ਕਰਨਾ ਸੌਖਾ ਕਾਰਜ ਨਹੀਂ। ਇਸ ਲਈ ਵਿਸ਼ੇਸ਼ ਉਦਮ ਅਤੇ ਸਿਖਲਾਈ ਦੀ ਲੋੜ ਹੁੰਦੀ ਹੈ। ਪਰਮਾਤਮਾ ਦਾ ਚਿੰਤਨ ਐਨਾ ਸਿਧਾ ਅਤੇ ਸਾਧਾਰਨ ਨਹੀਂ, ਜਿੰਨਾ ਦੁਨਿਆਵੀ ਜਾਂ ਦ੍ਰਿਸ਼ਟਮਾਨ ਪਸਾਰੇ ਨੂੰ ਦੇਖਣਾ ਹੈ। ਇਸ ਦੇ ਨਾਲ ਹੀ ਆਤਮਿਕ ਗਿਆਨ ਦੀ ਪ੍ਰਾਪਤੀ ਲਈ ਕਿਸੇ ਤਰ੍ਹਾਂ ਦਾ ਤਰਕ, ਦਲੀਲ ਅਤੇ ਵਿੱਦਿਆ ਦੇ ਅਮਲ ਦਾ ਕੋਈ ਅਰਥ ਨਹੀਂ। ਇਨ੍ਹਾਂ ਤੋਂ ਕੇਵਲ ਤੇ ਕੇਵਲ ਹੰਕਾਰ ਹੀ ਉਪਜਦਾ ਹੈ। ਗੁਰੂ ਸਾਹਿਬ ਇਸ ਪ੍ਰਥਾਇ ਸਮਝਾਉਂਦੇ ਹਨ :

*ਗਿਆਨੁ ਨ ਗੱਲੀਈ ਢੂਢੀਐ ਕਥਨਾ ਕਰੜਾਂ. ਸਾਰੁ॥*
*ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੫)

ਆਤਮਿਕ ਗਿਆਨ ਅਸਲ ਵਿਚ ਪਰਮਾਤਮਾ ਦਾ ਗਿਆਨ ਹੈ। ਗਿਆਨਮਈ ਅਵਸਥਾ ਸਭ ਤੋਂ ਉਚੀ ਅਵਸਥਾ ਕਹੀ ਜਾਂਦੀ ਹੈ। ਆਤਮ ਗਿਆਨ ਉਹ ਸੰਪੂਰਨ ਗਿਆਨ ਹੈ ਜਿਸ ਨੂੰ ਜਗਿਆਸੂ ਆਪਣੀਆਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਨਾਲ ਪ੍ਰਾਪਤ ਕਰਦਾ ਹੈ। ਆਤਮ ਗਿਆਨ ਦੀ ਪ੍ਰਾਪਤੀ ਆਤਮ ਸੰਜਮ, ਆਤਮ-ਕੇਂਦਰਿਤ ਲਾਲਸਾ, ਭੈਅ, ਈਰਖਾ ਅਤੇ ਚਿੰਤਾ ਤੋਂ ਮੁਕਤ ਹੋ ਕੇ ਆਪਣੀਆਂ ਵਾਸ਼ਨਾਵਾਂ ਨੂੰ ਜਿਤ ਲੈਣ ਨਾਲ ਹੋ ਸਕਦੀ ਹੈ।

ਸਿੱਖ ਧਰਮ ਵਿਚ ਗਿਆਨ ਦੀ ਪ੍ਰਾਪਤੀ 'ਸਬਦ' ਦੀ ਕਮਾਈ ਨਾਲ ਹੁੰਦੀ ਹੈ। 'ਸਬਦ' ਨੂੰ 'ਖਸਮ ਕੀ ਬਾਣੀ' ਕਹਿ ਕੇ ਵਡਿਆਇਆ ਗਿਆ ਹੈ। ਇਸ 'ਸਬਦ' ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਪਹਿਲਾਂ ਆਪ ਅਨੁਭਵ ਕੀਤਾ, ਫਿਰ ਉਸ ਅਨੁਭਵ ਨੂੰ 'ਬਾਣੀ' ਰਾਹੀਂ ਪ੍ਰਗਟ ਕੀਤਾ। ਜ਼ਿਕਰਯੋਗ ਹੈ ਕਿ 'ਗੁਰਬਾਣੀ' ਅਤੇ 'ਬਾਣੀ' ਦੋਨੋ ਸ਼ਬਦ 'ਸਬਦ' ਦੇ ਅਰਥਾਂ ਵਿਚ ਹੀ ਆਏ ਹਨ। ਸਿੱਖ ਧਰਮ ਵਿਚ ਅਕਾਲਪੁਰਖ, ਗੁਰੂ ਅਤੇ ਸਬਦ ਇਕ-ਦੂਜੇ ਦੇ ਪੂਰਕ ਨਹੀਂ, ਸਗੋਂ ਇਕ ਹੀ ਰੂਪ ਹਨ। ਅਕਲਪੁਰਖ ਵੀ ਸਬਦ-ਰੂਪ ਹੈ, ਬਾਣੀ ਵੀ ਸਬਦ ਹੈ ਅਤੇ ਗੁਰੂ ਵੀ ਸਬਦ-ਰੂਪ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜ਼ਿਕਰ ਆਉਂਦਾ ਹੈ ਕਿ ਪਾਰਬ੍ਰਹਮ ਨੇ ਆਪਣਾ 'ਆਪੁ' (ਆਪ) 'ਗੁਰੂ' ਵਿਚ ਸਮਾ ਕੇ 'ਸਬਦ-ਗੁਰੂ' ਦਾ ਵਰਤਾਰਾ ਵਰਤਾਇਆ:

*ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੭੯)

## 4.6 ਗਿਆਨ ਦੀਆਂ ਕਿਸਮਾਂ

ਗਿਆਨ ਦੋ ਪ੍ਰਕਾਰ ਦਾ ਮੰਨਿਆ ਗਿਆ ਹੈ : ਸਧਾਰਣ ਗਿਆਨ ਅਤੇ ਬ੍ਰਹਮ ਗਿਆਨ ਜਾਂ ਆਤਮ ਗਿਆਨ। ਸਧਾਰਣ ਗਿਆਨ ਤੋਂ ਭਾਵ ਕਿਸੇ ਮਾਨਸਿਕ ਅਵਸਥਾ ਤੋਂ ਨਹੀਂ ਸਗੋਂ ਕਿਸੇ ਚੀਜ਼ ਨੂੰ ਜਾਣਨ ਤੋਂ ਲਿਆ ਗਿਆ ਹੈ। ਗੁਰਬਾਣੀ ਵਿਚ ਸਧਾਰਣ ਗਿਆਨ ਨੂੰ ਮਾਇਆਵੀ ਗਿਆਨ, ਕੁਗਿਆਨ ('ਕਾਚੀ ਦੇਹ ਮੋਹ ਫੁਨਿ ਬਾਂਧੀ ਸਠ ਕਠੋਰ ਕੁਚੀਲ ਕੁਗਿਆਨੀ') ਜਾਂ ਫੋਕਟ ਗਿਆਨ ('ਆਨ ਜੰਜਾਰ ਬ੍ਰਿਥਾ ਸ੍ਰਮੁ ਘਾਲਤ ਬਿਨੁ ਹਰਿ ਫੋਕਟ ਗਿਆਨ') ਵੀ ਕਿਹਾ ਗਿਆ ਹੈ। ਇਸ ਦੇ ਵਿਪਰੀਤ ਗੁਰਬਾਣੀ ਵਿਚ ਬ੍ਰਹਮ ਨਿਸ਼ਠ ਗਿਆਨ ਨੂੰ ਸੁਗਿਆਨ ('ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ'); ਬ੍ਰਹਮ ਗਿਆਨ ('ਜੋ ਜੋ ਪੇਖੈ ਸੁ ਬ੍ਰਹਮ ਗਿਆਨੁ'); ਆਤਮ ਗਿਆਨ ('ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ'); ਅੰਤਰਿ ਗਿਆਨ ('ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ'); ਸਹਿਜ ਗਿਆਨ ('ਉਪਜੈ ਸਹਜੁ ਗਿਆਨ ਮਤਿ ਜਾਗੈ'); ਤਤ ਗਿਆਨ ('ਸਹਜ ਸਿਫਤਿ ਭਗਤਿ ਤਤੁ ਗਿਆਨਾ'); ਗੁਰ ਗਿਆਨ ('ਤਜਿ ਹਉਮੈ ਗੁਰ ਗਿਆਨ ਭਜੋ'); ਨਿਰਮਲ ਗਿਆਨ ('ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ'); ਅੰਮ੍ਰਿਤ ਗਿਆਨ ('ਅੰਮ੍ਰਿਤੁ

ਗਿਆਨੁ ਮਹਾ ਰਸੁ ਭੋਗੁ); ਪੂਰਨ ਗਿਆਨ ('ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਭੂਰ ਗਿਆਨਾ ਜੀਉ') ਅਤੇ ਬਿਸੇਖ ਗਿਆਨ ('ਸਭ ਮਹਿ ਊਚ ਬਿਸੇਖ ਗਿਆਨੁ') ਕਿਹਾ ਗਿਆ ਹੈ।

ਉਪਨਿਸ਼ਦਾਂ ਵਿਚ ਗਿਆਨ ਦੇ ਦੋ ਦਰਜ਼ੇ ਹਨ—ਇਕ ਅਧਿਆਤਮਕ ਗਿਆਨ ਤੇ ਦੂਜਾ ਬੌਧਿਕ ਗਿਆਨ। ਇਕ ਨੂੰ ਪਰਾ ਵਿੱਦਿਆ ਤੇ ਦੂਜੇ ਨੂੰ ਅਪਰਾ ਵਿੱਦਿਆ ਵੀ ਕਿਹਾ ਗਿਆ ਹੈ। ਵੈਸ਼ੇਸ਼ਿਕ ਅਤੇ ਯੋਗ ਦਰਸ਼ਨ ਦੋ ਤਰ੍ਹਾਂ ਦਾ ਗਿਆਨ ਮੰਨਦੇ ਹਨ : ਵਿੱਦਿਆ ਅਤੇ ਅਵਿੱਦਿਆ। ਇਸੇ ਤਰ੍ਹਾਂ ਮੀਮਾਂਸਾ ਦਰਸ਼ਨ ਦੋ ਪ੍ਰਕਾਰ ਦਾ ਗਿਆਨ ਪ੍ਰਵਾਨ ਕਰਦਾ ਹੈ ਪ੍ਰਤਖ ਅਤੇ ਪਰੋਖ।

ਪੱਛਮੀ ਦਰਸ਼ਨ ਵਿਚ ਵੀ ਗਿਆਨ ਦੋ ਪ੍ਰਕਾਰ ਦਾ ਪ੍ਰਵਾਨ ਕੀਤਾ ਗਿਆ ਹੈ। ਪਹਿਲਾ, 'ਏਪਿਸਟੀਮ' ਭਾਵ ਸੱਚਾਈਆਂ ਨੂੰ ਤਰਕ ਦੀ ਕਸੌਟੀ ਉਤੇ ਪਰਖਣ ਮਗਰੋਂ ਪ੍ਰਾਪਤ ਹੋਇਆ ਗਿਆਨ। ਦੂਜਾ, 'ਨਾਊਜ਼' ਭਾਵ ਦਿਮਾਗੀ ਉਚੇ ਤੋਂ ਉਚੀ ਕਿਸਮ ਇਕ ਤਰ੍ਹਾਂ ਦੀ ਸੁਭਾਵਕ ਅੰਤਰ ਦ੍ਰਿਸ਼ਟੀ। ਅਰਸਤੂ ਨੇ ਆਪਣੀ ਕਿਤਾਬ 'ਆਨ ਦ ਸੋਲ' ਵਿਚ ਲਿਖਿਆ ਹੈ ਕਿ ਬਹੁਤਾ ਗਿਆਨ ਸਾਨੂੰ ਸਰੀਰਕ ਇੰਦਰੀਆਂ ਅਤੇ ਇੰਦਰੀਆਂ ਦੀਆਂ ਅਨੁਭੂਤੀਆਂ ਨੂੰ ਵਿਵੇਕ ਰਾਹੀਂ ਤੋਲਣ ਮਗਰੋਂ, ਉਨ੍ਹਾਂ ਦੇ ਪ੍ਰਾਪਤ ਹੋਏ ਨਤੀਜਿਆਂ ਤੋਂ ਮਿਲਦਾ ਹੈ।

ਕਾਂਟ ਨੇ ਆਤਮ ਗਿਆਨ ਦੇ ਦੋ ਹਿਸੇ ਕੀਤੇ ਹਨ। ਪਹਿਲਾ, ਸ਼ੁਧ ਆਤਮ ਗਿਆਨ ਜਾਂ ਗਿਆਤਾ ਅਥਵਾ 'ਮੈਂ' ਅਤੇ ਦੂਜਾ, ਅਨੁਭਵ ਆਤਮਕ ਆਤਮ ਗਿਆਨ ਜਾਂ ਗਿਆਤ ਅਥਵਾ 'ਮੈਨੂੰ'। ਆਤਮ ਗਿਆਨ ਹੀ ਟੁਕੜੇ-ਟੁਕੜੇ ਅਤੇ ਲਗਾਤਾਰ ਪ੍ਰਾਪਤ ਹੋਈ ਆਧਾਰ ਸਮਗਰੀ ਨੂੰ ਜੋੜ ਕੇ ਗਿਆਨ-ਵਸਤੂ ਤਿਆਰ ਕਰਦਾ ਹੈ। ਕਾਂਟ ਅਨੁਸਾਰ ਗਿਆਨ ਸਬੰਧੀ ਕੰਮਾਂ ਦੇ ਤਿੰਨ ਦਰਜੇ ਹਨ : ਪ੍ਰਤੀਬੋਧਨ ਦੇ ਰੂਪ ਨਾਲ ਸੰਬੰਧਿਤ, 'ਸੁੰਦਰਤਾ ਬਾਰੇ', ਮਾਨਸਿਕਤਾ ਨਾਲ ਸੰਬੰਧਿਤ, 'ਵਿਸ਼ਲੇਸ਼ਣ ਆਤਮਕ'; ਅਕਲ ਨਾਲ ਸੰਬੰਧਿਤ 'ਪੜਚੋਲੀ'। ਮਾਨਸਿਕ ਧਾਰਨਾ ਹੀ ਦਿਮਾਗੀ ਸਿਰਜਣ ਪ੍ਰਵਿਰਤੀ ਜਾਂ ਅਨੁਭਵਾਂ ਨੂੰ ਬਣਾਉਂਦੀ ਹੈ, ਜਿਸ ਤੋਂ ਬਿਨਾਂ ਅਨੁਭਵੀ ਦੁਨੀਆਂ ਦਾ ਗਿਆਨ ਨਹੀਂ ਮਿਲ ਸਕਦਾ। ਉਹ ਦਿਮਾਗੀ ਏਕੀਕਰਨ ਪ੍ਰਵਿਰਤੀ ਦੇ ਤਰਕ ਭਰੇ ਅਮੂਰਤ ਰੂਪ ਨਹੀਂ, ਸਗੋਂ ਕਿਰਿਆਤਮਕ ਪ੍ਰਸਿਧੀਆਂ ਹਨ। ਅਨੁਭਵ ਬਹੁਤੇ ਹੋਣ 'ਤੇ ਹੀ ਮਾਨਸਿਕ ਧਾਰਨਾ ਦੀ ਵਰਤੋਂ ਹੋ ਸਕਦੀ ਹੈ। ਇਨ੍ਹਾਂ ਕਾਰਨ-ਕਾਰਜ ਸਿਧਾਂਤਾਂ ਦੀ ਸਰਬ ਸ੍ਰੇਸ਼ਟ ਵਰਤੋਂ ਗਲਤ ਹੈ। ਉਨ੍ਹਾਂ ਦੇ ਅਨੁਰੂਪ ਅਨੁਭਵ ਆਤਮਿਕ ਜਗਤ ਦ੍ਰਿਸ਼ ਹੁੰਦਾ ਹੈ। ਇਸ ਲਈ ਗਿਆਨ-ਅਨੁਭਵ ਜਗਤ ਤਕ ਸੀਮਤ ਹੈ। ਚੀਜ਼ਾਂ ਦੇ ਅਸਲੀ ਰੂਪ ਦਾ ਗਿਆਨ ਉਨ੍ਹਾਂ ਤੋਂ ਨਹੀਂ ਮਿਲ ਸਕਦਾ।

ਸੋ, ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਭਾਰਤੀ ਚਿੰਤਨ ਪਰੰਪਰਾ ਵਿਚ ਦੋ ਪ੍ਰਕਾਰ ਦਾ ਗਿਆਨ (ਬੌਧਿਕ ਅਤੇ ਅਧਿਆਤਮਿਕ) ਮਿਲਦਾ ਹੈ। ਇੰਦ੍ਰਿਆਵੀ ਸਾਧਨਾ ਰਾਹੀਂ ਪ੍ਰਾਪਤ ਕੀਤਾ ਗਿਆਨ ਬੌਧਿਕ ਗਿਆਨ ਹੈ, ਜਿਸ ਰਾਹੀਂ 'ਸਤਿ' ਨੂੰ ਅੰਸ਼ਿਕ ਰੂਪ ਵਿਚ ਹੀ ਜਾਣਿਆ ਜਾ ਸਕਦਾ ਹੈ। 'ਸਤਿ' ਨੂੰ ਸਮੁਚੇ ਰੂਪ ਵਿਚ ਅਨੁਭਵ ਕਰਨ ਦੀ ਸਮਰਥਾ ਆਤਮ-ਗਿਆਨ ਵਿਚ ਹੈ।

### 4.7 <u>ਗਿਆਨ ਪ੍ਰਾਪਤੀ ਦਾ ਉਦੇਸ਼</u>

ਗਿਆਨ ਦਾ ਪ੍ਰਮੁਖ ਉਦੇਸ਼ ਸੱਚਾਈ ਦਾ ਅਨੁਭਵ ਕਰਨਾ ਹੈ। ਗਿਆਨ-ਸਿਧਾਂਤ ਦਾ ਕੇਂਦਰ-ਬਿੰਦੂ ਹੀ 'ਸਚ' ਹੈ। ਵਿਅਕਤੀ ਜਦੋਂ ਕਿਸੇ ਕਿਸਮ ਦੀ ਜਾਣਕਾਰੀ ਹਾਸਿਲ ਕਰਦਾ ਹੈ, ਉਸ ਨੂੰ ਕਿਸੇ ਤਥ ਜਾਂ ਸੱਚਾਈ ਬਾਰੇ ਪਤਾ ਚਲਦਾ ਹੈ। ਕਈ ਸੱਚਾਈਆਂ ਐਨੀਆਂ ਪ੍ਰਤਖ ਨਹੀਂ ਹੁੰਦੀਆਂ ਕਿ ਉਨ੍ਹਾਂ ਨੂੰ ਇੰਦ੍ਰੀਆਂ ਰਾਹੀਂ ਦੇਖਿਆ ਜਾ ਸਕੇ। ਇਸ ਅਵਸਥਾ ਵਿਚ ਮਨੁੱਖ ਬੁੱਧੀ ਦੀ ਮਦਦ ਨਾਲ ਗੁਪਤ ਸੱਚਾਈਆਂ ਦੀ ਭਾਲ ਕਰਦਾ ਹੈ। ਅਜਿਹੀ ਸੱਚਾਈ ਬੌਧਿਕ ਸਮਰਥਾ ਤੋਂ ਪਰੇ, ਕੋਈ ਗੈਬੀ ਸੱਚਾਈ ਹੁੰਦੀ ਹੈ, ਜੋ ਅੰਤਰਬੋਧੀ (intuition) ਢੰਗ ਨਾਲ ਪ੍ਰਗਟ ਹੋ ਸਕਦੀ ਹੈ। ਅਜਿਹੀ ਸੱਚਾਈ ਦੀ ਭਾਲ ਲਈ ਮਨੁੱਖ ਨੂੰ ਆਪਣੇ ਅੰਦਰੋਂ ਸੰਭਵ-ਸ਼ਕਤੀਆਂ ਵਿਕਸਿਤ ਕਰਨ ਦੀ ਲੋੜ ਹੁੰਦੀ ਹੈ। ਕਿਸੇ ਅਜਿਹੀ ਦਿਬ-ਦ੍ਰਿਸ਼ਟੀ ਨੂੰ ਅਮਲ ਵਿਚ ਲਿਆਉਣ ਦੀ ਲੋੜ ਹੁੰਦੀ ਹੈ, ਜੋ ਉਸ ਦੀ ਆਤਮਾ ਨੂੰ ਦੈਵੀ ਸੱਚਾਈ ਦੇ ਰੂ-ਬਰੂ ਕਰ ਦੇਵੇ। ਗੁਰਬਾਣੀ ਵਿਚ ਅਜਿਹੀ ਦ੍ਰਿਸ਼ਟੀ ਲਈ 'ਅਖੜੀਆਂ ਬਿਅੰਨ' ਦਾ ਸੰਕੇਤ ਦਿਤਾ ਗਿਆ ਹੈ, ਭਾਵ ਉਹ ਅਸਾਧਾਰਨ ਅੱਖਾਂ ਅਦ੍ਰਿਸ਼ਟ ਤੇ ਅਰੂਪ ਪ੍ਰੀਤਮ ਨੂੰ ਪ੍ਰਤਖ ਰੂਪ ਵਿਚ ਦੇਖ ਲੈਣ, ਜਿਵੇਂ ਸਾਧਾਰਨ ਅਖਾਂ ਨਾਲ ਕਿਸੇ ਵਸਤੂ ਨੂੰ ਦੇਖੀਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰਵਉਚ ਸੱਚਾਈ ਨੂੰ ਜਾਣਨ ਦਾ ਮਾਰਗ ਇਸ ਤਰ੍ਹਾਂ ਦਰਸਾਇਆ ਹੈ :

*ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥*
*ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥*

*ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੫)

ਧਰਮ ਮੀਮਾਂਸਾ ਦੀ ਦ੍ਰਿਸ਼ਟੀ ਤੋਂ 'ਗਿਆਨ' ਇੰਦ੍ਰੀ ਪ੍ਰੇਖਣ, ਬੁੱਧੀ ਤੇ ਅੰਤਰ-ਬੋਧ ਦੀਆਂ ਤਿੰਨ ਪਰਤਾਂ ਵਿਚ ਵੰਡਿਆ ਜਾਂਦਾ ਹੈ, ਜਿਨ੍ਹਾਂ ਦਾ ਵੇਰਵਾ ਹੇਠ ਦਿਤੇ ਅਨੁਸਾਰ ਹੈ :

### 4.7.1 ਇੰਦ੍ਰੀ ਪ੍ਰੇਖਣ (ਇੰਦ੍ਰਿਆਵੀ ਗਿਆਨ)

ਇੰਦ੍ਰੀ ਪ੍ਰੇਖਣ ਤੋਂ ਭਾਵ ਦੇਖਣਾ ਹੈ। ਇਹ ਗਿਆਨ ਇੰਦਰੀਆਂ ਦੀ ਕਿਰਿਆ ਦਾ ਫ਼ਲ ਹੈ। ਇਹ ਨੀਵੇਂ ਪੱਧਰ ਦਾ ਭੌਤਿਕ ਗਿਆਨ ਹੈ। ਡਾ.. ਵਜੀਰ ਸਿੰਘ ਅਨੁਸਾਰ ਗਿਆਨ-ਇੰਦਰੀਆਂ ਰਾਹੀਂ ਮਨੁੱਖ ਨੂੰ ਕਚੀ ਸਮਗਰੀ ਪ੍ਰਾਪਤ ਹੁੰਦੀ ਹੈ; ਅੱਖਾਂ ਰਾਹੀਂ ਦ੍ਰਿਸ਼ਟੀ-ਗੋਚਰ ਵਸਤਾਂ ਦੇ ਰੂਪ ਰੰਗ; ਕੰਨਾਂ ਰਾਹੀਂ ਆਵਾਜ਼ਾਂ; ਨਕ ਰਾਹੀਂ ਗੰਧ (ਸੁੰਘਣ-ਸਮਗਰੀ) ਆਦਿ। ਇੰਦ੍ਰੀ-ਪੇਖਣ ਦੀ ਸਹਾਇਤਾ ਲਈ ਵਿਗਿਆਨ ਤੇ ਤਕਨੀਕ ਦੁਆਰਾ ਨਿਰਮਿਤ ਦੂਰਬੀਨਾਂ, ਖ਼ੁਰਦਬੀਨਾਂ, ਵਿਭਿੰਨ ਸਾਜ਼-ਸਾਮਾਨ, ਜੰਤਰ ਤੇ ਸੰਦ ਉਪਬਲਧ ਹਨ।

### 4.7.2 ਬੁੱਧੀ

ਡਾ.. ਵਜੀਰ ਸਿੰਘ ਦਾ ਵਿਚਾਰ ਹੈ ਕਿ, "ਗਿਆਨ-ਪ੍ਰਾਪਤੀ ਅਤੇ ਗਿਆਨ ਦੀ ਸਿਧਾਂਤਕਾਰੀ ਵਿਚ ਇੰਦ੍ਰੀ-ਪ੍ਰੇਖਣ (ਇੰਦਰੀਆਂ ਦੁਆਰਾ ਦੇਖਣਾ) ਅਤੇ ਬੌਧਿਕ ਕ੍ਰਿਆ ਦੀ ਮਿਲਵਰਤਨ ਜ਼ਰੂਰੀ ਹੈ। ਬੌਧਿਕ ਸ਼ਕਤੀ ਇੰਦ੍ਰੀ ਪ੍ਰੇਖਣ ਰਾਹੀਂ ਪ੍ਰਾਪਤ ਹੋਈ ਸਮਗਰੀ ਉਤੇ ਕਾਰਜ ਕਰਦੀ ਹੋਈ, ਵਿਅਕਤੀ ਨੂੰ ਗਿਆਨ ਦਾ ਚਾਨਣ ਬਖ਼ਸ਼ਦੀ ਹੈ। ਇਸ ਪ੍ਰਕਾਰ 'ਗਿਆਨ' ਪ੍ਰੇਖਣ ਤੇ ਬੁੱਧੀ ਦੀ ਆਪਸੀ ਸਾਂਝ ਦਾ ਫਲ ਹੈ। ਇਕ ਤੋਂ ਬਿਨਾਂ ਦੂਜਾ ਅਧੂਰਾ ਹੈ।"

ਬੁੱਧੀ ਦਾ ਸੰਬੰਧ ਮਾਨਸਿਕਤਾ ਨਾਲ ਹੈ। ਸਾਧਾਰਨ ਮਨੁੱਖ ਦੀ ਬੁੱਧੀ ਖ਼ਿਆਲੀ ਹੁੰਦੀ ਹੈ, ਪਰ ਜਗਿਆਸੂ ਦੀ ਬੁੱਧੀ ਬਿਬੇਕ ਰਾਹੀਂ ਨਿਰਮਲ ਹੋਈ ਹੁੰਦੀ ਹੈ। ਬੁਧਿ ਦੇ ਬਿਬੇਕ ਜਾਂ ਨਿਰਮਲ ਹੋਣ ਦਾ ਆਧਾਰ 'ਗੁਰ-ਗਿਆਨ' ਅਤੇ 'ਨਾਮ-ਸਿਮਰਨ' ਹੈ। ਨਾਮ-ਸਿਮਰਨ ਬੁੱਧੀ ਵਿਚੋਂ ਫਲਸਫੇ ਵਾਲੀ ਖ਼ੁਸ਼ਕੀ ਖ਼ਤਮ ਕਰਕੇ ਇਸ ਨੂੰ ਅਨੁਭਵ ਦੇ ਰੰਗ ਵਿਚ ਰੰਗ ਦਿੰਦਾ ਹੈ। ਡਾ.. ਸ਼ੇਰ ਸਿੰਘ ਦਾ ਵਿਚਾਰ ਹੈ ਕਿ ਗੁਰਬਾਣੀ ਬੁੱਧੀ ਨੂੰ ਨਕਾਰਦੀ ਨਹੀਂ, ਸਗੋਂ ਇਸ ਵਿਚ ਬੁੱਧੀ ਅਤੇ ਅਨੁਭਵ ਦੇ ਮਿਲਵਰਤਣ ਉਤੇ ਜ਼ੋਰ ਦਿਤਾ ਗਿਆ ਹੈ। ਬੁੱਧੀ ਲਈ ਅਨੁਭਵ ਪ੍ਰਕਾਸ਼ ਹੈ ਅਤੇ ਅਨੁਭਵ ਲਈ ਬੁੱਧੀ ਟਿਕਾਣਾ। ਅਨੁਭਵ ਤੋਂ ਬਿਨਾਂ ਬੁੱਧੀ ਅੰਨ੍ਹੀ ਹੈ ਅਤੇ ਬੁੱਧੀ ਤੋਂ ਬਿਨਾਂ ਅਨੁਭਵ ਲੰਗੜਾਂ. ਹੈ। ਭਾਈ ਕਾਨ੍ਹ ਸਿੰਘ ਨਾਭਾ ਬਿਬੇਕ ਬੁਧਿ ਨੂੰ ਵਿਚਾਰ ਬੁੱਧੀ ਕਹਿੰਦੇ ਹਨ। ਗਿਆਨ ਪ੍ਰਾਪਤੀ ਵਿਚ ਬਿਬੇਕ ਬੁਧਿ ਕਿਰਪਾ ਦ੍ਰਿਸ਼ਟੀ ਦੇ ਰੂਪ ਵਿਚ ਇਕ ਸਕ੍ਰਿਆ ਸਾਧਨ ਹੈ। ਬਿਬੇਕ ਬੁਧਿ ਭਾਵੇਂ ਪੂਰਨ ਗਿਆਨ ਨਹੀਂ, ਪਰ ਅਨੁਭਵ ਵਾਂਗ ਗਿਆਨ ਦਾ ਹਿਸਾ ਹੈ। ਡਾ.. ਬਲਕਾਰ ਸਿੰਘ ਗਿਆਨ ਨੂੰ ਧਾਰਮਿਕ ਆਦਰਸ਼ ਤੇ ਬਿਬੇਕ ਨੂੰ ਗਿਆਨ ਪ੍ਰਾਪਤੀ ਦਾ ਸਾਧਨ ਪ੍ਰਵਾਨ ਕਰਦੇ ਹਨ। ਗਿਆਨ ਪ੍ਰਾਪਤੀ ਲਈ ਅਨੁਭਵ ਜਿਥੇ ਜਗਿਆਸੂ ਦੀ ਰਹਿਨੁਮਾਈ ਕਰਦਾ ਹੈ, ਉਥੇ ਬਿਬੇਕ ਇਸ ਵਿਚ ਸਹਾਇਕ ਦਾ ਕੰਮ ਕਰਦਾ ਹੈ।

### 4.7.3 ਅੰਤਰ-ਬੋਧਿ

ਬਿਬੇਕ ਬੁਧਿ ਅਨੁਭਵ ਨਾਲ ਮਿਲ ਕੇ ਅੰਤਰ-ਬੋਧਿ (intution) ਬਣ ਜਾਂਦੀ ਹੈ। ਅੰਤਰ-ਬੋਧਿ ਦਾ ਆਧਾਰ ਨਾ ਗਿਆਨ-ਇੰਦਰੀਆਂ ਹਨ, ਨਾ ਬੌਧਿਕ ਸ਼ਕਤੀ। ਇਸ ਨੂੰ ਆਤਮਾ ਦੀ ਦੈਵੀ ਸ਼ਕਤੀ ਨਾਲ ਜੋੜਿਆ ਜਾਂਦਾ ਹੈ, ਜਿਸ ਦਾ ਕਾਰਜ ਕਿਸੇ ਦ੍ਰਿਸ਼ਟ ਜਾਂ ਅਦ੍ਰਿਸ਼ਟ ਵਸਤੂ ਦਾ ਪ੍ਰਤਖ ਗਿਆਨ ਦੇਣਾ ਹੈ। ਅੰਤਰਿ-ਬੋਧਿ ਅਸਲੀ ਤੇ ਉਚੇਰਾ ਗਿਆਨ ਹੈ। ਇਹ ਅੰਦਰੂਨੀ ਅਖ ਨਾਲ ਵੇਖਿਆ ਹੋਇਆ 'ਸਤਿ' ਦਾ ਅਨੁਭਵ ਹੈ। ਇਸੇ ਕਰਕੇ ਬ੍ਰਹਮ ਗਿਆਨ ਨੂੰ 'ਅਨਭਉ ਪ੍ਰਕਾਸ਼' ਜਾਂ 'ਸੁਤੇ ਪ੍ਰਕਾਸ਼ (spiritual sight) ਵੀ ਕਿਹਾ ਜਾਂਦਾ ਹੈ। ਅਨੁਭਵ ਦੁਆਰਾ ਹੀ ਕਿਸੇ ਸੱਚਾਈ ਦੇ ਅੰਦਰ ਤਕ ਪਹੁੰਚਿਆ ਜਾਂਦਾ ਹੈ, ਜਿਸ ਨਾਲ ਹਰ ਇਕ ਸ਼ੈਅ ਆਪਣਾ ਹੀ ਅੰਗ ਜਾਪਦੀ ਹੈ। ਅਨੁਭਵ ਦੁਆਰਾ ਹੀ ਆਤਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਜਦੋਂ ਅਨੁਭਵ ਤੇ ਬੁੱਧੀ ਦੋਨੋਂ ਮਿਲ ਕੇ ਇਕਠੇ ਕੰਮ ਕਰਦੇ ਹਨ ਤਾਂ ਸਚਾ ਗਿਆਨ ਪ੍ਰਾਪਤ ਹੁੰਦਾ ਹੈ। ਅਨੁਭਵ ਅਗੇ ਚਲ ਕੇ ਰਹਿਨੁਮਾਈ ਕਰਦਾ ਹੈ ਤੇ ਬੁੱਧੀ ਪਿਛੇ ਇਕ ਸਹਾਇਕ ਵਜੋਂ ਕੰਮ ਕਰਦੀ ਹੈ।

ਬ੍ਰਹਮ ਗਿਆਨ ਵਿਚ 'ਸਿਮਰਤੀ','ਸ਼ਰੁਤੀ' ਤੇ 'ਦ੍ਰਿਸ਼ਟੀ' ਤਿੰਨੇ ਮਿਲੇ ਹੁੰਦੇ ਹਨ। ਸਿਮਰਤੀ ਉਹ ਸ਼ਕਤੀ ਹੈ ਜਿਹੜੀ ਅੰਤਰ-ਆਤਮੇ ਵਿਚ ਲੁਕੇ 'ਸਤਿ' ਨੂੰ ਪ੍ਰਗਟ ਕਰਦੀ ਹੈ। 'ਸ਼ਰੁਤੀ' ਰਾਹੀਂ 'ਸਤਿ' ਮਨ ਵਿਚ ਪ੍ਰਕਾਸ਼ਮਾਨ ਹੁੰਦਾ ਹੈ ਤੇ 'ਦ੍ਰਿਸ਼ਟੀ' 'ਸਤਿ' ਦਾ ਪ੍ਰਤਖ ਦਰਸ਼ਨ ਕਰਦੀ ਹੈ। ਬ੍ਰਹਮ ਗਿਆਨੀ ਸਮਦ੍ਰਿਸ਼ਟਾ (ਦ੍ਰਿਸ਼ਟ ਸਮਾਨਿ) ਇਸੇ

ਕਰਕੇ ਹੈ ਕਿਉਂਕਿ ਉਸਦੀ ਤੱਕਣੀ ਵਿਚ ਅੰਤਰਿ-ਬੋਧ (intution) ਅਤੇ ਬਿਬੇਕ (wisdom) ਦੋਵੇਂ ਸ਼ਾਮਿਲ ਹੁੰਦੇ ਹਨ।

ਵਿਗਿਆਨੀ ਅੰਤਰਬੋਧ ਨੂੰ ਵਿਸ਼ੇਸ਼ਤਾ ਨਹੀਂ ਦਿੰਦੇ, ਉਨ੍ਹਾਂ ਲਈ ਸੰਵੇਦਨਾ ਅਤੇ ਬੌਧਿਕ ਸਮਰਥਾ ਹੀ ਗਿਆਨ ਪ੍ਰਾਪਤੀ ਦੇ ਸਾਧਨ ਵਜੋਂ ਕਾਫ਼ੀ ਹਨ। ਦਰਸ਼ਨਵੇਤਾ ਅਤੇ ਧਰਮ-ਚਿੰਤਕ ਅੰਤਰਬੋਧ ਨੂੰ ਉਚੇਰੇ ਗਿਆਨ ਦਾ ਮਾਧਿਅਮ ਪ੍ਰਵਾਨ ਕਰਦੇ ਹਨ। ਕਈ ਚਿੰਤਕਾਂ ਨੇ ਸੰਵੇਦਨਾ-ਬੁੱਧੀ-ਅੰਤਰਬੋਧ ਦੇ ਸਮੁਚ ਨੂੰ ਗਿਆਨ ਪ੍ਰਾਪਤੀ ਲਈ ਸਹੀ ਤੇ ਪੂਰਨ ਮਾਧਿਅਮ ਪ੍ਰਵਾਨ ਕੀਤਾ ਹੈ। ਉਨ੍ਹਾਂ ਲਈ ਬੌਧਿਕ ਕ੍ਰਿਆ ਦਾ ਵਧੇਰੇ ਸੂਖਮ ਰੂਪ ਹੀ ਅੰਤਰਬੋਧ ਹੈ, ਜੋ ਵਿਅਕਤੀ ਦੀ ਵਿਕਸਿਤ ਮਾਨਸਿਕਤਾ ਦਾ ਸਿਟਾ ਹੈ।

ਗਿਆਨ ਦੀ ਲੋੜ ਨੂੰ ਹਰ ਜਗਿਆਸੂ ਨੇ ਅਨੁਭਵ ਕੀਤਾ ਹੈ, ਕਿਉਂਕਿ ਗਿਆਨ ਜਗਿਆਸਾ ਦੀ ਅਣਹੋਂਦ ਵਿਚ ਅਧਿਆਤਮਿਕ ਜੀਵਨ ਦੀਆਂ ਉਚੇਰੀਆਂ ਮੰਜ਼ਿਲਾਂ ਪ੍ਰਾਪਤ ਨਹੀਂ ਹੁੰਦਆਂ। ਆਤਮਿਕ ਗਿਆਨ ਪ੍ਰਾਪਤ ਕਰਨਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਪੁਸਤਕਾਂ ਪੜ੍ਹ ਕੇ ਪ੍ਰਾਪਤ ਕੀਤਾ ਗਿਆਨ ਮਨੁੱਖ ਅੰਦਰ ਕੇਵਲ ਹਉਮੈ ਹੀ ਪੈਦਾ ਕਰਦਾ ਹੈ। ਹਉਮੈ ਪਰਮਾਤਮਾ ਤੋਂ ਦੂਰ ਕਰਦੀ ਹੈ। ਗਿਆਨ ਭਰਮ, ਦੁਬਿਧਾ ਅਤੇ ਦੁਰਮਤਿ ਦਾ ਨਾਸ ਕਰਦਾ ਹੈ ਅਤੇ ਜਗਿਆਸੂ ਦੀਆਂ ਤ੍ਰਿਸ਼ਨਾਵਾਂ ਵੀ ਖਤਮ ਕਰਦਾ ਹੈ। ਭਗਤ ਕਬੀਰ ਜੀ ਕਹਿੰਦੇ ਹਨ :

*ਦੇਖੌ ਭਾਈ ਗ੍ਯਾਨ ਕੀ ਆਈ ਆਂਧੀ॥*
*ਸਭੈ ਉਡਾ.ਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥*
*ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ. ਟੂਟਾ॥*
*ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ. ਫੂਟਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੩੧)

ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਸ ਸਰੀਰ ਨੂੰ ਸ਼ੁਭ ਕਰਮਾਂ ਦਾ ਸਾਧਨ ਅਤੇ ਧੀਰਜ ਦਾ ਘਰ ਬਣਾ ਕੇ, ਉਸ ਵਿਚ ਬਿਬੇਕ ਦਾ ਦੀਵਾ ਜਗਾ ਕੇ, ਇਸ ਘਰ ਵਿਚੋਂ ਕਾਤਰਤਾ ਦੇ ਕੂੜੇ ਗਿਆਨ ਦੇ ਝਾੜੂ ਨਾਲ ਹੂੰਝ ਸੁਟਣਾ ਹੈ :

*ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥*
*ਦੇਹ ਅਨਿਤ ਨ ਨਿਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ॥*
*ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜੀਆਰੈ॥*
*ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਆਤਮ ਗਿਆਨ ਪ੍ਰਾਪਤ ਕਰਕੇ ਮਨੁੱਖ ਕਰਮਾਂ ਦਾ ਤਿਆਗ ਨਹੀਂ ਕਰਦਾ, ਬਲਕਿ ਉਹ ਪਰਉਪਕਾਰੀ ਬਣ ਜਾਂਦਾ ਹੈ। ਗੁਰਬਾਣੀ ਅਨੁਸਾਰ ਗਿਆਨਵਾਨ ਵਿਅਕਤੀ ਨਾ ਤਾਂ ਕਿਸੇ ਵਿਅਕਤੀ ਤੋਂ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ :

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)

### 4.8 ਗਿਆਨ ਪ੍ਰਾਪਤੀ ਦਾ ਸਾਧਨ : ਗੁਰੂ

ਸਾਧਕਾਂ ਦਾ ਅਨੁਭਵ ਹੈ ਕਿ 'ਅਗਿਆਨ' ਜਾਂ 'ਅਵਿਵੇਕ' ਹੀ ਸਾਰਿਆਂ ਦੁਖਾਂ ਦਾ ਮੂਲ ਕਾਰਨ ਹੈ। ਇਨ੍ਹਾਂ ਦੁਖਾਂ ਤੋਂ ਛੁਟਕਾਰਾ ਪਾਉਣ ਲਈ ਗਿਆਨ ਦੀ ਬੜੀ ਜ਼ਰੂਰਤ ਹੈ। ਗਿਆਨ ਦੁਆਰਾ ਦੁਨਿਆਵੀ ਤੇ ਪਰਮਾਰਥਿਕ ਸੱਚਾਈਆਂ ਨੂੰ ਅਨੁਭਵ ਕਰਕੇ ਸਾਧਕ ਆਪਣੇ ਪਰਮ ਉਦੇਸ਼ ਵਲ ਵਧਦਾ ਹੈ। ਇਸ ਲਈ ਬ੍ਰਹਮ ਗਿਆਨ ਦੀ ਪ੍ਰਾਪਤੀ ਹਿਤ 'ਗੁਰੂ' ਦਾ ਮਹੱਤਵ ਦ੍ਰਿੜ ਕਰਵਾਇਆ ਗਿਆ ਹੈ।

ਸਿੱਖ ਧਰਮ ਵਿਚ 'ਗੁਰੂ' ਦਾ ਮਹੱਤਵਪੂਰਨ ਸਥਾਨ ਹੈ। ਗੁਰੂ ਹੀ ਨਾਮੁ ਦਾਤਾ ਹੈ। ਦੂਜੇ ਸ਼ਬਦਾਂ ਵਿਚ ਗੁਰੂ ਤੋਂ ਹੀ ਨਾਮੁ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਵਿਚ ਨਾਮ ਲਈ ਗਿਆਨ ਸ਼ਬਦ ਵੀ ਵਰਤਿਆ ਗਿਆ ਹੈ। ਅਕਾਲਪੁਰਖ ਅਤੇ ਮਨੁੱਖ ਵਿਚਕਾਰ ਗੁਰੂ ਇਕ ਅਹਿਮ ਕੜੀ ਹੈ। 'ਗੁਰੂ' ਪਦ ਦੇ ਅਰਥ ਹਨੇਰੇ ਤੋਂ ਪ੍ਰਕਾਸ਼ ਕਰਨ

ਵਾਲਾ ਹਨ। ਇਸ ਪ੍ਰਥਾਇ ਗੁਰਬਾਣੀ ਵਿਚ ਅਨੇਕ ਥਾਈਂ ਪੁਸ਼ਟੀ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਭਾਵੇਂ ਸੈਂਕੜੇ ਚੰਦਰਮਾ ਚੜ੍ਹ ਜਾਣ, ਹਜਾਰਾਂ ਸੂਰਜਾਂ ਦਾ ਪ੍ਰਕਾਸ਼ ਹੋ ਜਾਵੇ, ਐਨੇ ਚਾਨਣ ਹੋਣ ਦੇ ਬਾਵਜੂਦ ਵੀ ਗੁਰੂ ਤੋਂ ਬਿਨਾਂ ਘੋਰ ਹਨੇਰਾ ਹੀ ਹੈ :

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥*
*ਏਤੇ ਚਾਨਣ ਹੋਦਿਆਂ ਗੁਰੁ ਬਿਨੁ ਘੋਰ ਅੰਧਾਰ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੩)

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਗਿਆਨ ਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦਾ :

*ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ।*
*ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ।*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬9)

ਇਸ ਗਿਆਨ ਨਾਲ ਜਮ ਅਤੇ ਕਾਲ ਦੇ ਪ੍ਰਭਾਵ ਨੂੰ ਖ਼ਤਮ ਕੀਤਾ ਜਾ ਸਕਦਾ ਹੈ :

*ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾਂ. ਜਮਕਾਲਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੩੫)

ਇਹ ਗਿਆਨ ਗੁਰੂ ਦੁਆਰਾ ਦਿਤਾ ਅਜਿਹਾ ਸੁਰਮਾ ਹੈ ਜਿਸ ਨੂੰ ਪਾਉਣ ਨਾਲ ਅਗਿਆਨ ਰੂਪੀ ਹਨੇਰਾ ਮਿਟ ਜਾਂਦਾ ਹੈ ਅਤੇ ਮਨ ਪ੍ਰਕਾਸ਼ਿਤ ਹੋ ਜਾਂਦਾ ਹੈ, ਅਰਥਾਤ ਜਿਗਿਆਸੂ ਨੂੰ ਵਾਸਤਵਿਕਤਾ ਦੀ ਸਮਝ ਹੋ ਜਾਂਦੀ ਹੈ :

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੯੩)

ਗੁਰੂ ਦੁਆਰਾ ਮਿਲੇ ਗਿਆਨ ਸਦਕਾ ਜਗਿਆਸੂ ਆਪਣੇ ਅੰਦਰਲੇ ਵੈਰੀਆਂ ਨੂੰ ਮਾਰਦਾ ਹੈ ਜੋ ਕਿ ਮਨੁੱਖ ਨੂੰ ਕਮਜ਼ੋਰ ਬਣਾਉਂਦੇ ਹਨ :

*ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥*
*ਤਸਕਰ ਪੰਚ ਸਬਦਿ ਸੰਘਾਰੇ॥*
*ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੨੨)

## 4.9 ਗਿਆਨੀ ਦੇ ਲੱਛਣ

ਸ੍ਰੀ ਗੁਰੂ ਨਾਨਕ ਦੇਵ ਜੀ ਗਿਆਨ ਦੀ ਦੁਧਾਰੀ ਖੜਗ ਨਾਲ ਤੁਲਨਾ ਕਰਦੇ ਹੋਏ ਦਸਦੇ ਹਨ ਕਿ ਕਾਮ, ਕ੍ਰੋਧ ਆਦਿ ਪੰਜ ਵਿਕਾਰਾਂ ਨੂੰ 'ਸਬਦ' ਰਾਹੀਂ ਜਿਤ ਕੇ ਜਦੋਂ ਵਿਅਕਤੀ ਗਿਆਨ ਦੀ ਖੜਗ ਨਾਲ ਮਨ ਦੇ ਸਨਮੁਖ ਹੋ ਕੇ ਜੂਝਦਾ ਹੈ ਤਾਂ ਮਨ ਦੀਆਂ ਸਾਰੀਆਂ ਵਾਸ਼ਨਾਵਾਂ ਮੁੜ ਮਨ ਵਿਚ ਹੀ ਸਮਾਅ ਜਾਂਦੀਆਂ ਹਨ ਅਤੇ ਉਹੋ ਹੀ ਵਿਅਕਤੀ ਦੀ ਸ਼ਖਸੀਅਤ ਦੇ ਗੁਣ ਬਣ ਜਾਂਦੀਆਂ ਹਨ :

*ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੨੨)

### 4.9.1 ਦੁਰਮਤਿ ਨਾਸ

ਭਗਤ ਬੇਣੀ ਜੀ ਦੀ ਦ੍ਰਿਸ਼ਟੀ ਵਿਚ ਗਿਆਨ ਦੀ ਪ੍ਰਾਪਤੀ ਦੁਰਮਤਿ ਨਾਸ ਕਰ ਦਿੰਦੀ ਹੈ ਅਤੇ ਵਿਅਕਤੀ ਦਾ ਹਿਰਦਾ ਆਪਣੇ ਅੰਦਰਲੇ ਗਗੱਲ ਮੰਡਲ ਦੇ ਅੰਮ੍ਰਿਤ ਰਸ ਵਿਚ ਪੂਰਨ ਰੂਪ ਵਿਚ ਭਿਜ ਜਾਂਦਾ ਹੈ :

*ਉਪਜੈ ਗਿਆਨੁ ਦੁਰਮਤਿ ਛੀਜੈ॥*
*ਅੰਮ੍ਰਿਤ ਰਸਿ ਗਗਨੰਤਰਿ ਭੀਜੈ॥*
*ਏਸੁ ਕਲਾ ਜੋ ਜਾਣੈ ਭੇਉ॥*
*ਭੇਟੈ ਤਾਸੁ ਪਰਮ ਗੁਰਦੇਉ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੭੪)

#### 4.9.2 ਕਰਮ ਨਾਸ

ਭਗਤ ਰਵਿਦਾਸ ਜੀ ਸਾਰੇ ਕਰਮਾਂ ਦਾ ਪ੍ਰਯੋਜਨ ਗਿਆਨ ਨੂੰ ਮੰਨਦੇ ਹਨ ਅਤੇ ਫ਼ੁਰਮਾਉਂਦੇ ਹਨ ਕਿ ਜਦੋਂ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਸਾਰੇ ਸੰਸਕਾਰ ਪੈਦਾ ਕਰਨ ਵਾਲੇ ਕਰਮਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ :

*ਫਲ ਕਾਰਨ ਫੂਲੀ ਬਨਰਾਇ॥*
*ਫਲੁ ਲਾਗਾ ਤਬ ਫੂਲੁ ਬਿਲਾਇ॥*
*ਗਿਆਨੈ ਕਾਰਨ ਕਰਮ ਅਭਿਆਸੁ॥*
*ਗਿਆਨੁ ਭਇਆ ਤਹ ਕਰਮਹ ਨਾਸੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੭)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਧਿਐਨ ਕਰਨ ਉਪਰੰਤ ਇਹ ਬੋਧ ਹੁੰਦਾ ਹੈ ਕਿ ਮਨੁੱਖ ਨੂੰ ਆਤਮ ਗਿਆਨ ਪ੍ਰਾਪਤ ਹੋਣ ਦੇ ਨਾਲ ਉਸ ਦੇ ਮਨ ਵਿਚ ਵੈਰਾਗ ਅਤੇ ਉਦਾਸੀਨਤਾ ਪੈਦਾ ਹੁੰਦੀ ਹੈ। ਉਹ ਸੰਤੋਖੀ ਅਤੇ ਤ੍ਰਿਪਤ ਹੋ ਜਾਂਦਾ ਹੈ। ਜਗਿਆਸੂ ਦਾ ਮਨ ਸਹਿਜ ਅਵਸਥਾ ਵਿਚ ਪ੍ਰਵੇਸ਼ ਕਰਕੇ ਸਦੀਵ ਸੁਖ ਪ੍ਰਾਪਤ ਕਰਦਾ ਹੈ। ਸਹਿਜ ਸ਼ਬਦ ਦਾ ਅਰਥ ਦੋ ਪਖਾਂ ਤੋਂ ਵਿਚਾਰਿਆ ਜਾਂਦਾ ਹੈ। ਪਹਿਲਾ, ਸਹਿਜ ਇਕ ਮਾਰਗ ਦਾ ਨਾਮ ਹੈ, ਜਿਸ ਉਪਰ ਚਲ ਕੇ ਜਗਿਆਸੂ ਸਚਾ-ਸੁਚਾ ਗਿਆਨ ਪ੍ਰਾਪਤ ਕਰਕੇ ਆਪਣੇ ਮਨ ਦੀ ਸ਼ੁੱਧੀ ਕਰਦਾ ਹੈ ਅਤੇ ਇਸ ਰਾਹੀਂ ਉਸ ਨੂੰ ਉਹ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ, ਜਿਸ ਨੂੰ ਧਾਰਮਕ ਜੀਵਨ ਦਾ ਆਦਰਸ਼ ਮੰਨਿਆ ਗਿਆ ਹੈ। ਦੂਜਾ, ਸਹਿਜ ਉਸ ਆਤਮਿਕ ਅਵਸਥਾ ਦਾ ਨਾਮ ਹੈ ਜਿਸ ਉਪਰ ਸਚਾ ਜਗਿਆਸੂ ਆਪਣੀ ਸਾਧਨਾ ਨਾਲ ਪੁਜਦਾ ਹੈ।

ਇਹ ਅਜਿਹੀ ਵਿਵਸਥਾ ਹੈ ਜਿਥੇ ਮਨੁੱਖ ਨੂੰ ਬੋਧ ਹੋ ਜਾਂਦਾ ਹੈ ਕਿ ਸਮੁਚਾ ਦ੍ਰਿਸ਼ਟਮਾਨ ਪਾਸਾਰਾ ਝੂਠ ਹੈ, ਭਾਵ ਬਿਨਸਨਹਾਰ ਹੈ। ਇਸ ਨੇ ਇਕ ਦਿਨ ਖ਼ਤਮ ਹੋ ਜਾਣਾ ਹੈ। ਇਸ ਕਰਕੇ ਗਿਆਨਵਾਨ ਪੁਰਸ਼ ਕੁਝ ਵੀ ਮੰਗਣ ਤੋਂ ਪਰਹੇਜ਼ ਕਰਦਾ ਹੈ। ਗੁਰਬਾਣੀ ਦਾ ਫੁਰਮਾਨ ਹੈ 'ਕਿਆ ਮਾਗਉ ਕਿਛੁ ਥਿਰੁ ਨ ਰਹਾਈ'। ਸ੍ਰੀ ਗੁਰੂ ਤੇਗ ਬਹਾਦਰ ਜੀ ਮਨੁੱਖੀ ਮਨ ਨੂੰ ਸਮਝਾਉਂਦੇ ਹਨ 'ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥ ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥' ਇਥੇ ਇਕ ਗੱਲ ਸਪਸ਼ਟ ਕਰਨੀ ਬਣਦੀ ਹੈ ਕਿ ਜਿਵੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੁਆਰਾ ਉਕਤ ਸਲੋਕ ਵਿਚ ਵਰਤੇ ਗਏ 'ਸਾਚੋ' ਸ਼ਬਦ ਤੋਂ ਭਾਵ 'ਸਤਿ' ਹੈ, ਭਾਵ ਹਮੇਸ਼ਾ ਰਹਿਣ ਵਾਲਾ ਅਬਿਨਾਸੀ। 'ਸਤਿ' ਕੇਵਲ ਇਕ ਪਰਮਾਤਮਾ ਹੈ ਜਿਸ ਨੂੰ 'ਬ੍ਰਹਮ' ਵੀ ਕਿਹਾ ਗਿਆ ਹੈ। ਇਸੇ ਤਰ੍ਹਾਂ ਦਿਸ ਰਿਹਾ ਭੌਤਿਕ ਸੰਸਾਰ ਬ੍ਰਹਮ ਗਿਆਨੀ ਦੀ ਨਜ਼ਰ ਵਿਚ ਸੁਪਨੇ ਤੋਂ ਵਧ ਕੁਝ ਵੀ ਨਹੀਂ। ਸੁਪਨਾ ਹੈ ਵੀ ਅਤੇ ਨਹੀਂ ਵੀ। ਜਾਗਣ ਉਪਰ ਅਲੋਪ ਹੋ ਜਾਂਦਾ ਹੈ। ਭਗਤ ਕਬੀਰ ਜੀ ਇਸ ਪਰਥਾਏ ਫੁਰਮਾਉਂਦੇ ਹਨ 'ਉਪਜੈ ਨਿਪਜੈ ਨਿਪਜਿ ਸਮਾਈ॥ ਨੈਨਹ ਦੇਖਤ ਇਹੁ ਜਗੁ ਜਾਈ॥' ਇਸ ਦ੍ਰਿਸ਼ਟੀ ਨੂੰ ਧਾਰਮਿਕ ਭਾਸ਼ਾ ਵਿਚ ਅਨੁਭਵ ਆਖਦੇ ਹਨ। ਬ੍ਰਹਮ ਗਿਆਨੀ ਨੂੰ ਅਨੁਭਵ ਰਾਹੀਂ ਇਹ ਸੰਸਾਰ ਸੁਪਨੇ ਵਰਗਾ ਪ੍ਰਤੀਤ ਹੁੰਦਾ ਹੈ।

#### 4.9.3 ਵਿਸਮਾਦ

ਗੁਰਮਤਿ ਵਿਚ ਗਿਆਨ ਪ੍ਰਾਪਤੀ ਦਾ ਸਭ ਤੋਂ ਵੱਡਾ ਫਲ 'ਵਿਸਮਾਦ' ਹੈ। ਅਸਚਰਜਤਾ, ਖੁਸ਼ੀ ਤੇ ਅਨੰਦ ਨੂੰ ਵਿਸਮਾਦ ਕਿਹਾ ਜਾਂਦਾ ਹੈ। ਇਹ ਵਿਸਮਾਦ ਅਕਹਿ ਹੈ, ਜਿਹੜਾ ਜਗਿਆਸੂ ਨੂੰ ਰਬ ਨਾਲ ਜੋੜਦਾ ਹੈ :

*ਪਾਰਬ੍ਰਹਮੁ ਪ੍ਰਭੁ ਦ੍ਰਿਸਟੀ ਆਇਆ ਪੂਰਨ ਅਗਮ ਬਿਸਮਾਦ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੨੦)

ਵਿਸਮਾਦ ਅਵਸਥਾ ਵਿਚ ਪੁਜਿਆ ਵਿਅਕਤੀ ਹੀ ਆਪਣੇ ਆਪ ਨੂੰ ਸਾਰੇ ਜਗਤ ਵਰਤਾਰੇ ਦਾ ਇਕ ਛੋਟਾ ਜਿਹਾ ਅੰਗ ਮੰਨਦੇ ਹੋਏ ਸਾਰਿਆਂ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਵੀ ਸਮਝਦਾ ਹੈ। ਉਹ ਸਾਰਿਆਂ ਨੂੰ ਪਿਆਰ ਕਰਨ, ਸਤਿਕਾਰ ਦੇਣ ਵਲ ਵੀ ਰੁਚਿਤ ਹੁੰਦਾ ਹੈ। ਵਿਸਮਾਦਿਤ ਹੋਣ ਲਈ ਮਨੁੱਖ ਨੂੰ ਸੰਸਾਰ ਪ੍ਰਤੀ ਆਪਣੀ ਸੰਪੂਰਨ ਪਹੁੰਚ ਬਦਲਣੀ ਪੈਂਦੀ ਹੈ।

ਵਿਸਮਾਦੀ ਦ੍ਰਿਸ਼ ਤੇ ਤਜ਼ਰਬਾਂ ਕੋਈ ਮਨੋ ਕਲਪਿਤ, ਭਰਮ ਜਾਂ ਨਿਰਾਧਾਰ ਭਰਮ ਨਹੀਂ, ਬਲਕਿ ਇਹ ਤਾਂ ਇਕ ਪ੍ਰਤਖ ਸਚੀ ਤੇ ਨਿਗਰ ਹੋਂਦ ਦਾ ਗਿਆਨ ਹੈ। ਉਹ ਗਿਆਨ ਜਿਹੜਾ ਗਿਆਨ ਇੰਦਰਿਆਂ ਰਾਹੀਂ ਪ੍ਰਾਪਤ ਨਹੀਂ ਹੁੰਦਾ, ਸਥੂਲ ਅਖਾਂ ਨਾਲ ਵੇਖਿਆ ਨਹੀਂ ਜਾ ਸਕਦਾ ਅਤੇ ਕੰਨਾਂ ਨਾਲ ਸੁਣਿਆ ਨਹੀਂ ਜਾਂਦਾ। ਗਿਆਨ ਇੰਦ੍ਰਿਆਂ ਰਾਹੀਂ ਪ੍ਰਾਪਤ ਕੀਤਾ ਗਿਆਨ ਬੁੱਧੀ ਦਾ ਵਿਸ਼ਾ ਬਣ ਕੇ ਰਹਿ ਜਾਂਦਾ ਹੈ। ਬੁੱਧੀ ਤਾਂ ਰੰਗ, ਰਸ, ਰੂਪ ਆਦਿ ਵਿਚ ਹੀ

ਭੁਲੀ ਰਹਿੰਦੀ ਹੈ। ਬੁੱਧੀ ਹਰੇਕ ਵਸਤੂ ਨੂੰ ਨਿਖੇੜ ਕੇ ਦੇਖਦੀ ਹੈ। ਮਿਸਾਲ ਵਜੋਂ, ਫੁੱਲ ਨੂੰ, ਫੁੱਲ ਦੀਆਂ ਪਤੀਆਂ ਨੂੰ, ਸਭ ਨੂੰ ਵਖਰਾ-ਵਖਰਾ ਕਰਕੇ ਤਕਦੀ ਹੈ ਤੇ ਇਸ ਨਖੇੜੇ ਵਿਚ ਹੀ ਰਹਿ ਜਾਂਦੀ ਹੈ। ਜਦੋਂ ਕਿ ਸਮੁਚ ਦਾ ਗਿਆਨ, ਪੂਰਨਤਾ ਦਾ ਸੁਆਦ ਅਨੁਭਵ ਰਾਹੀਂ ਆਉਂਦਾ ਹੈ।

ਅਨੁਭਵ, ਵਸਤੂ ਦੀ ਹੋਂਦ ਤੇ ਉਸ ਦੇ ਵਜੂਦ ਵਿਚ ਪ੍ਰਵੇਸ਼ ਕਰ ਜਾਂਦਾ ਹੈ ਤੇ ਉਸ ਨਾਲ ਇਕ-ਮਿਕ ਹੋ ਕੇ ਵਿਸਮਾਦ ਪੈਦਾ ਕਰਦਾ ਹੈ। ਭੇਦ, ਜਾਂ ਫਰਕ ਜਾਂ ਓਪਰਾ-ਪਣ ਬੁੱਧੀ ਦਾ ਫਲ ਹੈ। ਅਨੁਭਵ, ਏਕਤਾ ਤੇ ਸਰਬੇਕਤਾ ਦਾ ਅਹਿਸਾਸ ਦਿੰਦਾ ਹੈ। ਗਿਆਤਾ, ਗਿਆਨ ਤੇ ਗੇਯ-ਪੁਰਖ, ਵਸਤੂ ਤੇ ਉਸ ਦਾ ਜਾਣਨਾ, ਇਹ ਸਭ ਇਕ ਰੂਪ ਹੋ ਜਾਂਦੇ ਹਨ। ਇਹ ਵਿਸਮਾਦੀ ਅਨੁਭਵ ਹੈ ਜਿਹੜਾ ਕਿ ਮਨੁੱਖ ਨੂੰ ਦ੍ਰਿਸ਼ਟਮਾਨ ਦੇ ਪਿਛੇ ਸਰਬ ਵਿਆਪੀ ਜੋਤਿ ਨਾਲ ਜੋੜਦਾ ਹੈ। ਵਿਸਮਾਦੀ ਪੁਰਸ਼ ਵਿਵਹਾਰ ਵਿਚ ਹੀ ਪਰਮਾਰਥ ਦੇ ਨਜ਼ਾਰੇ ਦੇਖਦਾ ਹੈ। ਖਾਲਕ ਤੇ ਖਲਕ ਨੂੰ ਓਤ-ਪੋਤ ਕਰਕੇ ਇਕ ਰੂਪ ਦਸਦਾ ਹੈ।

### 4.9.4 ਬ੍ਰਹਿਮੰਡੀ ਵਿਸ਼ਾਲਤਾ ਦਾ ਅਨੁਭਵ

ਬ੍ਰਹਿਮੰਡ ਦੀ ਵਿਸ਼ਾਲਤਾ ਅਤੇ ਪ੍ਰਭੂ ਦੀ ਰਚਨਾਤਮਕ ਸ਼ਕਤੀ ਦੀਆਂ ਅਨੇਕ ਡੂੰਘੀਆਂ ਪਰਤਾਂ ਬਾਰੇ ਗੁਰਬਾਣੀ ਵਿਚ ਅਨੇਕ ਥਾਂ ਇਸ਼ਾਰੇ ਕੀਤੇ ਮਿਲਦੇ ਹਨ। ਇਸ ਦ੍ਰਿਸ਼ਟਮਾਨ ਜਗਤ ਵਿਚ ਅਨੇਕ ਪ੍ਰਕਾਰ ਦੀਆਂ ਕੁਦਰਤੀ ਸ਼ਕਤੀਆਂ ਹਨ। ਐਨਾ ਹੀ ਨਹੀਂ, ਭੂਗੋਲਿਕ ਦ੍ਰਿਸ਼ਟੀਕੋਣ ਤੋਂ ਵੀ ਭਿੰਨ-ਭਿੰਨ ਕਿਸਮ ਦੇ ਅਨੇਕ ਪ੍ਰਦੇਸ਼ ਅਤੇ ਉਨ੍ਹਾਂ ਦੇ ਆਪਣੇ ਜਲਵਾਯੂ ਹਨ। ਇਹ ਪਾਸਾਰਾ ਐਨਾ ਵਿਸ਼ਾਲ ਹੈ ਕਿ ਮਨੁੱਖ ਦੀ ਸੀਮਤ ਬੁੱਧੀ ਇਸ ਸਭ ਪਾਸਾਰੇ ਨੂੰ ਵੇਖਣ ਅਦੇ ਸਮਝਣ ਦੇ ਸਮਰਥ ਨਹੀਂ। ਇਸ ਬ੍ਰਹਮੰਡ ਵਿਚ ਅਨੇਕਾਂ ਹੀ ਸੂਰਜ ਮੰਡਲ, ਧਰਤੀਆਂ, ਪਾਤਾਲ ਅਤੇ ਅਕਾਸ਼ ਹਨ। ਇਸ ਅਣਗਿਣਤ ਪਾਸਾਰੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਜਪੁ' ਬਾਣੀ ਵਿਚ 'ਗਿਆਨ ਖੰਡ' ਦੇ ਵਿਸ਼ਲੇਸ਼ਨ ਦਾ ਹਿਸਾ ਬਣਾਇਆ ਹੈ, ਜਿਸ ਦਾ ਬੋਧ ਪ੍ਰਾਪਤ ਕਰਨਾ ਮਨੁੱਖੀ ਬੌਧਿਕ ਗਿਆਨ ਦੇ ਵਸ ਨਹੀਂ। ਅਜਿਹਾ ਗਿਆਨ ਕੇਵਲ ਅਨੁਭਵ ਰਾਹੀਂ ਉਸ ਵਿਅਕਤੀ ਨੂੰ ਪ੍ਰਾਪਤ ਹੁੰਦਾ ਹੈ, ਜਿਸ 'ਤੇ ਅਕਾਲਪੁਰਖ ਦੀ ਕ੍ਰਿਪਾ ਹੁੰਦੀ ਹੈ। ਇਸ ਅਵਸਥਾ ਵਿਚ ਪਹੁੰਚੇ ਜਗਿਆਸੂ ਨੂੰ ਪਰਮਾਤਮਾ ਦੀ ਵੰਨ-ਸੁਵੰਨੀ ਕ੍ਰਿਤ ਦੇ ਦਰਸ਼ਨ ਹੁੰਦੇ ਹਨ :

*ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥*
*ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥*
*ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥*
*ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥*
*ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥*
*ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥*
*ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥*
*ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥*

ਦਰਅਸਲ ਇਹ ਧਰਤੀ ਤਾਂ ਬ੍ਰਹਿਮੰਡ ਦੀ ਵਿਸ਼ਾਲਤਾ ਦੇ ਸੰਦਰਭ ਵਿਚ ਇਕ ਛੋਟਾ ਜਿਹਾ ਬਿੰਦੂ ਹੈ। ਇਹ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਇਸ ਛੋਟੇ ਜਿਹੇ ਬਿੰਦੂ ਧਰਤੀ ਉਪਰ ਰਹਿ ਰਹੇ ਉਸ ਤੋਂ ਵੀ ਕਿਤੇ ਛੋਟੇ ਮਨੁੱਖ ਦੀਆਂ ਸ਼ਕਤੀਆਂ ਕਿੰਨੀਆਂ ਕੁ ਹੋ ਸਕਦੀਆਂ ਹਨ। ਅਸਲ ਵਿਚ ਵਿਸਮਾਦੀ ਵਿਅਕਤੀ ਹੀ ਸਹੀ ਅਰਥਾਂ ਵਿਚ ਗਿਆਨਵਾਨ ਵਿਅਕਤੀ ਹੁੰਦਾ ਹੈ, ਕਿਉਂਕਿ ਉਹ ਭੌਤਿਕ ਗਿਆਨ ਦੀ ਪ੍ਰਾਪਤੀ ਦੀ ਹਉਮੈ ਨੂੰ ਛਡ ਕੇ 'ਕੁਦਰਤਿ' ਦੇ ਵਿਸ਼ਾਲ ਨਜ਼ਾਰੇ ਨੂੰ ਆਪਣੇ ਅੰਦਰ ਅਨੁਭਵ ਕਰ ਲੈਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਉਨ੍ਹਾਂ ਅੱਖਾਂ ਵਲ ਸੰਕੇਤ ਕਰਦੇ ਹਨ, ਜਿਨ੍ਹਾਂ ਰਾਹੀਂ ਪ੍ਰਭੂ ਪ੍ਰੀਤਮ ਦਾ ਦੀਦਾਰ ਹੁੰਦਾ ਹੈ :

*ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ॥*
*ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥*

### 4.9.5 ਬ੍ਰਹਮ ਗਿਆਨ

'ਬ੍ਰਹਮ ਗਿਆਨ' ਤੋਂ ਭਾਵ ਬ੍ਰਹਮ ਦੀ ਸੋਝੀ ਜਾਂ ਗਿਆਨ ਪ੍ਰਾਪਤ ਕਰਨਾ ਹੈ। 'ਬ੍ਰਹਮ ਗਿਆਨ' ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸੁਗਿਆਨ', 'ਸਹਜ ਗਿਆਨ', 'ਤਤ ਗਿਆਨ', 'ਗੁਰਮਤਿ ਗਿਆਨ' ਅਤੇ 'ਗਿਆਨ ਅੰਜਨ'

ਆਦਿ ਨਾਵਾਂ ਨਾਲ ਪੇਸ਼ ਕੀਤਾ ਗਿਆ ਹੈ। ਰਹਸਵਾਦ (mysticism) ਦੇ ਪੱਧਰ 'ਤੇ ਇਹ ਬਹੁਤ ਗੰਭੀਰ ਵਿਸ਼ਾ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਵਾਲੇ ਸਾਧਕ ਨੂੰ ਬ੍ਰਹਮ ਗਿਆਨੀ ਕਿਹਾ ਜਾਂਦਾ ਹੈ। ਬ੍ਰਹਮ ਗਿਆਨੀ 'ਪਰਮੇਸਰ' ਦਾ ਰੁਤਬਾ ਪ੍ਰਾਪਤ ਕਰ ਲੈਂਦਾ ਹੈ, ਕਿਉਂਕਿ ਉਸ ਨੂੰ ਆਤਮਾ ਦੀ ਸੋਝੀ ਹੋ ਜਾਂਦੀ ਹੈ। ਗੁਰ ਵਾਕ ਹੈ: 'ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ'। ਸਰਵ ਉਚ ਗਿਆਨ, ਉਚਤਮ ਸੱਚਾਈ ਦਾ ਗਿਆਨ ਹੈ, ਜਿਸ ਦੀ ਪ੍ਰਾਪਤੀ ਮਨੁੱਖ ਨੂੰ ਗਿਆਨਵਾਨਤਾ ਦੀ ਉਸ ਪੱਧਰ 'ਤੇ ਲੈ ਜਾਂਦੀ ਹੈ, ਜਿਥੇ ਉਹ ਬ੍ਰਹਮ ਗਿਆਨੀ ਦੇ ਰੂਪ ਵਿਚ ਵਿਚਰਦਾ ਹੈ। ਗੁਰਬਾਣੀ ਨੇ ਗਿਆਨ-ਯੁਕਤ ਆਦਰਸ਼ ਨੂੰ ਬ੍ਰਹਮ ਗਿਆਨ ਦਾ ਨਾਮ ਦਿਤਾ ਹੈ, ਜਿਸ ਤੋਂ ਉਚੇਰੀ ਕੋਈ ਹੋਰ ਅਵਸਥਾ ਮਨੁੱਖ ਲਈ ਸੋਚੀ ਨਹੀਂ ਜਾ ਸਕਦੀ। ਬ੍ਰਹਮ-ਗਿਆਨੀ ਆਤਮਿਕ ਗਿਆਨ ਦਾ ਅਭਿਲਾਖੀ ਹੁੰਦਾ ਹੈ। 'ਬ੍ਰਹਮ ਗਿਆਨ' ਦਾ ਸਿਧਾ ਸੰਬੰਧ ਜਗਿਆਸੂ ਦੇ ਅੰਤਰ-ਬੋਧ ਨਾਲ ਹੁੰਦਾ ਹੈ। ਸੁਖਮਨੀ ਸਾਹਿਬ ਵਿਚ ਇਸ ਅਵਸਥਾ 'ਤੇ ਪਹੁੰਚੇ ਵਿਅਕਤੀ ਨੂੰ 'ਬ੍ਰਹਮ ਗਿਆਨੀ' ਪਦ ਨਾਲ ਸੰਬੋਧਿਤ ਕੀਤਾ ਹੈ :

*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*

ਗੁਰਬਾਣੀ ਅੰਦਰ ਅਨੇਕ ਸ਼ਬਦਾਂ ਰਾਹੀਂ ਗਿਆਨਵਾਨ ਪੁਰਸ਼ ਦੀ ਮਨੋਵਿਰਤੀ ਦਰਸਾਈ ਗਈ ਹੈ। ਮਿਸਾਲ ਵਜੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਵਿਸਥਾਰਪੂਰਵਕ ਬ੍ਰਹਮ ਗਿਆਨੀ ਦੇ ਗੁਣਾਂ ਦੀ ਵਿਆਖਿਆ ਕੀਤੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ :

*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥*

ਗੁਰਬਾਣੀ ਅੰਦਰ ਅਨੇਕ ਸ਼ਬਦਾਂ ਰਾਹੀਂ ਗਿਆਨਵਾਨ ਪੁਰਸ਼ ਦੀ ਮਨੋਵਿਰਤੀ ਦਰਸਾਈ ਗਈ ਹੈ। ਮਿਸਾਲ ਵਜੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਵਿਸਥਾਰਪੂਰਵਕ ਬ੍ਰਹਮ ਗਿਆਨੀ ਦੇ ਗੁਣਾਂ ਦੀ ਵਿਆਖਿਆ ਕੀਤੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ :

*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੀ ਆਪਣੇ ਸਲੋਕਾਂ ਵਿਚ ਬ੍ਰਹਮ ਗਿਆਨੀ ਦੀ ਅਵਸਥਾ ਬਾਰੇ ਫੁਰਮਾਉਂਦੇ ਹਨ :

*ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥*
*ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥*

ਭਗਤ ਕਬੀਰ ਜੀ ਨੇ ਵੀ ਗਿਆਨ ਨੂੰ 'ਬ੍ਰਹਮ ਗਿਆਨ' ਦਾ ਨਾਂ ਵੀ ਦਿਤਾ ਹੈ, ਜਿਸ ਦੀ ਪ੍ਰਾਪਤੀ ਨਾਲ ਮਨ ਸ਼ਾਂਤ ਹੋ ਜਾਂਦਾ ਹੈ :

*ਕਬੀਰ ਮਨੁ ਸੀਤਲੁ ਭਇਆ ਪਾਇਆ ਬ੍ਰਹਮ ਗਿਆਨੁ॥*

## 4.10 ਸਾਰ

ਸਾਰੰਸ਼ ਵਜੋਂ ਕਿਹਾ ਜਾ ਸਕਦਾ ਹੈ ਕਿ 'ਗਿਆਨ ਮਾਰਗ' ਧਰਮ ਸਾਧਨਾ ਦਾ ਪਵਿਤਰ ਤੇ ਅਨਿਖੜ ਅੰਗ ਹੈ। 'ਗਿਆਨ ਮਾਰਗ' ਦਾ ਕੇਂਦਰੀ ਧੁਰਾ 'ਬ੍ਰਹਮ' ਹੈ, ਜਿਸ ਨੂੰ ਜਾਣਨ ਤੇ ਮਾਣਨ ਲਈ ਅਨੇਕ ਜਤਨ ਹੁੰਦੇ ਆਏ ਹਨ, ਉਹ ਭਾਵੇਂ ਦਾਰਸ਼ਨਿਕ ਪੱਧਰ 'ਤੇ ਹੋਣ ਜਾਂ ਅਧਿਆਤਮਿਕ ਪੱਧਰ 'ਤੇ। ਮਨੁੱਖ ਦਾ ਪਰਮ ਉਦੇਸ਼ ਪਰਮਾਤਮਾ ਦੀ ਪ੍ਰਾਪਤੀ ਹੈ, ਜਿਸ ਦੀ ਪੂਰਤੀ ਲਈ ਮਨੁੱਖ ਜਤਨਸ਼ੀਲ ਰਹਿੰਦਾ ਹੈ। ਇਨ੍ਹਾਂ ਜਤਨਾਂ 'ਤੇ ਜਦੋਂ ਰੱਬੀ 'ਨਦਰਿ' ਹੁੰਦੀ ਹੈ ਤਾਂ ਸੱਚਾ ਪਰਮਾਤਮਾ ਹਿਰਦੇ ਘਰ ਅੰਦਰ ਵਸ ਜਾਂਦਾ ਹੈ। ਜਗਿਆਸੂ ਨੂੰ ਅਤਮ ਗਿਆਨ ਪ੍ਰਾਪਤ ਹੋ ਜਾਂਦਾ ਹੈ, ਜਿਸ ਨਾਲ ਉਸ ਦਾ ਅੰਦਰਲਾ ਸੰਸਾਰ ਬਦਲ ਜਾਂਦਾ ਹੈ। ਇਸ ਆਤਮ ਗਿਆਨ ਨੂੰ ਗੁਰਬਾਣੀ ਵਿਚ 'ਬ੍ਰਹਮ ਗਿਆਨ' ਦੀ ਸੰਗਿਆ ਦਿਤੀ ਗਈ ਹੈ। ਦੂਜੇ ਪਾਸੇ ਅਕਾਲਪੁਰਖ ਨਾਲੋਂ ਟੁੱਟੇ ਹੋਏ ਲੋਕ ਅਗਿਆਨੀ, ਜਿਹੜੇ ਇਸ ਸੰਸਾਰ ਨੂੰ ਸਚ ਜਾਣ ਕੇ, ਮੋਹ-ਮਾਇਆ ਵਿਚ ਫਸ ਕੇ ਆਪਣਾ ਜੀਵਨ ਅਜਾਈਂ ਗਵਾ ਲੈਂਦੇ ਹਨ। ਪੂਰਨ ਗੁਰੂ ਦੀ ਸ਼ਰਨ ਵਿਚ ਜਾ ਕੇ ਨਾਮ-ਸਿਮਰਨ ਰਾਹੀਂ ਮਨੁੱਖ ਅਗਿਆਨ ਦਾ ਵਿਨਾਸ਼ ਕਰ ਸਕਦਾ ਹੈ। ਇਕ ਗੱਲ ਸੁਨਿਸ਼ਚਿਤ ਹੈ ਕਿ ਅਗਿਆਨ ਦੇ ਹਨੇਰੇ ਨੂੰ ਗਿਆਨ ਦੇ ਪ੍ਰਕਾਸ਼ ਤੋਂ ਬਿਨਾਂ ਦੂਰ ਨਹੀਂ ਕੀਤਾ ਜਾ ਸਕਦਾ। ਬੇਸ਼ਕ ਇਸ 'ਗਿਆਨ' ਦੀ ਵਿਆਖਿਆ ਦਰਸ਼ਨ ਸ਼ਾਸਤਰੀਆਂ ਤੇ ਧਰਮ ਸ਼!ਾਂਸਤਰੀਆਂ ਨੇ ਆਪੋ-ਆਪਣੇ ਢੰਗ ਨਾਲ ਕੀਤੀ ਹੈ, ਪਰੰਤੂ ਗਿਆਨ-ਪ੍ਰਾਪਤੀ ਦਾ ਨਿਵੇਕਲਾ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਹੀਂ ਰੂਪਮਾਨ ਹੁੰਦਾ ਹੈ।

## 4.11 ਸਹਾਇਕ ਪੁਸਤਕ ਸੂਚੀ


1. ਪ੍ਰੀਤਮ ਸਿੰਘ (ਸੰਪਾ.), *ਸਿੱਖ ਫਲਸਫੇ ਦੀ ਰੂਪ ਰੇਖਾ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001 (ਦੂਜੀ ਵਾਰ)।
2. ਪ੍ਰੇਮ ਪ੍ਰਕਾਸ਼ ਸਿੰਘ (ਡਾ..), *ਗੁਰੂ ਨਾਨਕ ਤੇ ਨਿਰਗੁਣ ਧਾਰਾ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1973.
3. ਵਜ਼ੀਰ ਸਿੰਘ (ਡਾ..), *ਸਿੱਖ ਦਰਸ਼ਨਧਾਰਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.
4. ਗੁਲਜ਼ਾਰ ਸਿੰਘ ਕੰਗ (ਡਾ..), *ਗੁਰਮਤਿ : ਚਿੰਤਨ-ਚੇਤਨਾ,* ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2016.
5. Avtar Singh, *Ethics of The Sikhs,* Punjabi University, Patiala, 1996 (IIIrd edition)


## 4.12 ਅਭਿਆਸ ਲਈ ਪ੍ਰਸ਼ਨ

1. ਗਿਆਨ ਤੋਂ ਕੀ ਭਾਵ ਹੈ ? ਵਿਸਤ੍ਰਿਤ ਜਾਣਕਾਰੀ ਦਿਉ।
2. ਗਿਆਨ ਦੇ ਅਰਥ, ਪਰਿਭਾਸ਼ਾ ਅਤੇ ਸਰੂਪ ਉਤੇ ਨੋਟ ਲਿਖੋ।
3. ਸਿੱਖ ਧਰਮ ਵਿਚ ਮਿਲਦੇ ਗਿਆਨ ਦੇ ਸਰੂਪ ਬਾਰੇ ਜਾਣਕਾਰੀ ਦਿਉ।
4. ਗਿਆਨ ਦੀਆਂ ਕਿਸਮਾਂ ਦਾ ਸੰਖੇਪ ਵਰਨਣ ਦਿਉ।
5. ਗਿਆਨ ਪ੍ਰਾਪਤੀ ਦੇ ਉਦੇਸ਼ ਬਾਰੇ ਤੁਸੀਂ ਕੀ ਜਾਣਦੇ ਹੋ? ਸੰਖੇਖ ਵਰਨਣ ਕਰੋ।
6. ਗਿਆਨੀ ਮਨੁੱਖ ਦੇ ਲਛਣਾਂ 'ਤੇ ਨੋਟ ਲਿਖੋ।

## PROGRAMME: CERTIFICATE COURSE ON VALUE AND LEARNING OF SIKHISM

**COURSE: VALUES AND VIRTUES**

**SEMESTER-I**

---

## UNIT 5 – JUSTICE

---

**STRUCTURE**

5.0 ਉਦੇਸ਼

5.1 ਜਾਣ ਪਛਾਣ

5.2 ਨਿਆਂ : ਅਰਥ

5.3 ਨਿਆਂ : ਪਰਿਭਾਸ਼ਾ

5.4 ਨਿਆਂ ਦੇ ਪ੍ਰਯਾਯਵਾਚੀ ਸ਼ਬਦ

5.5 ਨਿਆਂ ਦਾ ਆਧਾਰ : ਰਾਜ ਅਤੇ ਧਰਮ

5.6 ਨਿਆਂ ਦਾ ਸਿੱਖ ਸਿਧਾਂਤ

5.6.1 ਹਲੇਮੀ ਰਾਜ

5.6.2 ਸ੍ਰੇਸ਼ਟ ਨਿਆਂ ਕਰਤਾ : ਅਕਾਲਪੁਰਖ

5.6.3 ਨਿਆਂ ਪ੍ਰਾਪਤੀ : ਮਨੁੱਖ ਦਾ ਮੁੱਢਲਾ ਹੱਕ

5.6.4 ਨਿਰਪਖ ਨਿਆਂ

5.6.5 ਖੋਟੇ-ਖਰੇ ਦੀ ਪਛਾਣ

5.7 ਨਿਆਂ-ਕਰਤਾ ਦੇ ਗੁਣ

5.7.1 ਸਦਗੁਣ

5.7.2 ਨੀਤੀ ਭੇਦ ਦਾ ਗਿਆਤਾ

5.7.3 ਗਲਤੀ ਮੁਆਫ ਕਰਨਾ

5.7.4 ਰਾਜ-ਗੱਦੀ ਦੀ ਪਰਖ

5.8 ਨਿਆਂ : ਇਤਿਹਾਸਕ ਗ੍ਰੰਥਾਂ ਵਿਚ

5.9 ਸਾਰ

5.10 ਸਹਾਇਕ ਪੁਸਤਕ ਸੂਚੀ

5.11 ਅਭਿਆਸ ਲਈ ਪ੍ਰਸ਼ਨ

## 5.0 ਉਦੇਸ਼

'ਸਦਗੁਣ' ਸਦੀਵ ਕਾਲ ਤੋਂ ਨੈਤਿਕਤਾ ਦਾ ਸਰਮਾਇਆ ਰਹੇ ਹਨ। ਸਮੁਚੇ ਆਸਤਿਕ ਧਰਮਾਂ ਅੰਦਰ ਸਦਗੁਣਾਂ ਦੀ ਹਮੇਸ਼ਾ ਹੀ ਮਹੱਤਤਾ ਦ੍ਰਿੜ ਕਰਵਾਈ ਗਈ ਹੈ। ਇਕ ਆਦਰਸ਼ ਸਮਾਜ ਦੀ ਸਿਰਜਣਾ ਵਿਚ ਸਦਗੁਣਾਂ ਦਾ ਵਡਮੁਲਾ ਯੋਗਦਾਨ ਹੁੰਦਾ ਹੈ। 'ਗੁਰ ਦਰਸ਼ਨ' (ਗੁਰਮਤਿ ਦਰਸ਼ਨ) ਵਿਚ ਵੀ ਸਦਗੁਣਾਂ ਦੀ ਲੋੜ ਉਤੇ ਜ਼ੋਰ ਦਿਤਾ ਗਿਆ ਹੈ। ਗੁਰ ਆਸ਼ੇ ਅਨੁਸਾਰ ਗੁਣਾਂ ਤੋਂ ਬਿਨਾਂ ਭਗਤੀ ਵੀ ਨਹੀਂ ਹੋ ਸਕਦੀ। ਸਦਗੁਣਾਂ ਵਿਚੋਂ 'ਨਿਆਂ' ਇਕ

ਅਜਿਹਾ ਗੁਣ ਹੈ, ਜਿਸ ਦੀ ਮਹੱਤਤਾ ਧਾਰਮਿਕ ਅਤੇ ਸਮਾਜਿਕ ਖੇਤਰ ਵਿਚ ਬਰਾਬਰ ਹੈ। ਧਾਰਮਿਕ ਪੱਧਰ 'ਤੇ ਪਰਮਾਤਮਾ ਹੀ ਸਾਰੇ ਗੁਣਾਂ ਦਾ ਖਜ਼ਾਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਦਗੁਣਾਂ ਨੂੰ ਅਮਲੀ ਜ਼ਿੰਦਗੀ ਵਿਚ ਗ੍ਰਹਿਣ ਕਰਨ ਦੀ ਤਾਕੀਦ ਕਰਦੀ ਹੈ। 'ਨਿਆਂ' ਸਮਾਜਿਕ ਬਰਾਬਰੀ ਦਾ ਪ੍ਰਤੀਕ ਹੈ।

ਇਸ ਪਾਠ ਦਾ ਮਨੋਰਥ 'ਨਿਆਂ' (justice) ਦੇ ਸਿੱਖ ਸਿਧਾਂਤ ਬਾਰੇ ਜਾਣਨਾ ਹੈ। ਇਸ ਜਤਨ ਵਿਚ ਨਿਆਂ ਦੇ ਅਰਥ ਅਤੇ ਪਰਿਭਾਸ਼ਾ ਸਮਝ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਆਂ ਸਬੰਧੀ ਮਿਲਦੇ ਪ੍ਰਵਚਨਾਂ ਦੀ ਪੜਚੋਲ ਕੀਤੀ ਜਾਵੇਗੀ। ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਨਿਆਂ ਦਾ ਸੰਕਲਪ ਬੇਸ਼ਕ ਹੋਰ ਧਰਮਾਂ ਜਾਂ ਪਰੰਪਰਾਵਾਂ ਵਿਚ ਵੀ ਮਿਲਦਾ ਹੈ, ਪਰੰਤੂ ਸਾਡਾ ਮਨੋਰਥ ਨਿਆਂ ਦਾ ਕੇਵਲ ਸਿੱਖ ਸੰਦਰਭ ਜਾਣਨਾ ਹੈ। ਇਸ ਆਹਰ ਵਿਚ ਗੁਰਬਾਣੀ ਤੋਂ ਬਿਨਾਂ, ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਕੁਝ ਸਿੱਖ ਇਤਿਹਾਸ ਦੇ ਗੁਰਮੁਖੀ ਸਰੋਤਾਂ ਤੋਂ ਖੁਲੀ ਮਦਦ ਲਈ ਹੈ।

## 5.1 ਜਾਣ ਪਛਾਣ

ਗੁਰਮਤਿ ਅਨੁਸਾਰ ਨਿਆਂ ਇਕ ਸਦਗੁਣ ਹੈ, ਜਿਹੜਾ ਪਰਮਸਤਿ ਦੀ ਕਿਰਪਾ ਸਦਕਾ ਪ੍ਰਾਪਤ ਹੁੰਦਾ ਹੈ। ਪਰਮਸਤਿ ਹੀ ਦੈਵੀ ਨਿਆਂ ਦਾ ਸੋਮਾ ਹੈ। 'ਨਿਆਂ' ਦਾ ਸਿਧਾ ਸੰਬੰਧ ਰਾਜੇ ਨਾਲ ਹੁੰਦਾ ਹੈ, ਜਿਹੜਾ ਰਾਜਾ ਰਾਜ-ਸਿੰਘਾਸਣ 'ਤੇ ਰਾਜ ਕਰਦਾ ਹੈ। ਉਸ ਅੰਦਰ ਪਰਮਸਤਿ ਦਾ ਨਿਰਮਲ ਭੈ ਅਤੇ ਪੰਜ ਸਦਗੁਣ (ਸਤ, ਸੰਤੋਖ, ਦਯਾ, ਧਰਮ, ਧੀਰਜ) ਹੋਣੇ ਲਾਜ਼ਮੀ ਹਨ, ਜਿਸ ਕਾਰਨ ਉਹ ਸਚਾ ਨਿਆਇਕ ਕਹਿਲਾਉਣ ਦਾ ਅਧਿਕਾਰੀ ਹੈ। ਇਨ੍ਹਾਂ ਗੁਣਾਂ ਤੋਂ ਅਭਿਜ ਸਮਾਜਿਕ ਅਤੇ ਅਧਿਆਤਮਕ ਨਿਆਧੀਸ਼ (ਰਾਜਾ) ਨਿਆਂ ਕਰਨ ਵਿਚ ਅਸਫਲ ਰਹਿੰਦਾ ਹੈ। ਗੁਰ ਵਾਕ ਹੈ : 'ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥' ਭਾਵ ਕਿ ਪ੍ਰਭੂ ਦੇ ਡਰ (fear) ਅਤੇ ਪੰਜਾਂ ਨੇਕੀਆਂ (five virtues) ਨਾਲ ਰੰਗਿਆ ਹੋਇਆ ਜੀਵ ਜਾਂ ਪਾਤਿਸ਼ਾਹ ਹੀ ਰਾਜ-ਸਿੰਘਾਸਣ 'ਤੇ ਬੈਠਦਾ ਹੈ। ਰਾਜਾ ਨਿਆਂਕਾਰੀ ਹੋਣਾ ਚਾਹੀਦਾ ਹੈ, ਕਿਉਂਕਿ ਲੋਕ ਮਾਨਤਾ ਹੈ ਕਿ ਰਾਜੇ ਪਰਮਾਤਮਾ ਵਲੋਂ ਸਮਾਜ ਹਿਤ ਲਈ ਭੇਜੇ ਜਾਂਦੇ ਹਨ। ਇਸ ਲਈ ਰਾਜਿਆਂ ਨੂੰ ਰਾਜ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਉਣ ਲਈ ਉਚੇ ਕਿਰਦਾਰ ਵਾਲਾ ਹੋਣਾ ਚਾਹੀਦਾ ਹੈ। ਜੇਕਰ ਰਾਜਾ ਹੀ ਅਨਿਆਈ ਹੈ ਤਾਂ ਪਰਜਾ ਨਾਲ ਨਿਆਂ ਨਹੀਂ ਕਰ ਸਕਦਾ। ਇਸ ਕਾਰਨ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਨਸੀਹਤ ਵਜੋਂ ਨਿਆਂਕਾਰੀ ਹੋਣ ਦੀ ਸਿਖਿਆ 'ਜ਼ਫ਼ਰਨਾਮਾ' ਰਾਹੀਂ ਦਿਤੀ। 'ਨਿਆਂ' ਦੇ ਸਿਧਾਂਤ ਦਾ ਜਦੋਂ 'ਜ਼ਫ਼ਰਨਾਮਾ' ਅਨੁਸਾਰ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਇਸ ਦਾ ਸਰੂਪ ਹੋਰ ਵਧੇਰੇ ਸਪਸ਼ਟ ਰੂਪ ਵਿਚ ਸਾਹਮਣੇ ਆਉਂਦਾ ਹੈ। 'ਜ਼ਫ਼ਰਨਾਮਾ' ਰਾਹੀਂ ਨਿਆਂ ਅਤੇ ਅਨਿਆਂ ਦਾ ਨਿਸਤਾਰਾ ਹੁੰਦਾ ਹੈ।

'ਨਿਆਂ' ਦੇ ਵਿਪਰੀਤ ਅਨਿਆਂ ਹੈ, ਜੋ ਕਿ ਇਕ ਬੁਰਿਆਈ ਹੈ। ਕਾਨੂੰਨ ਅਤੇ ਨੈਤਿਕਤਾ ਦੇ ਦਾਇਰੇ ਵਿਚ ਵਿਚਰਦਿਆਂ ਜਿਸ ਵਿਹਾਰ ਦੀ ਉਮੀਦ ਕੀਤੀ ਜਾਵੇ, ਉਸ ਤੋਂ ਉਲਟ ਕੀਤਾ ਵਿਹਾਰ ਅਨਿਆਂ ਅਖਵਾਉਂਦਾ ਹੈ। ਗਰੀਬ!ਾਂ ਦੀ ਲੁਟ ਅਤੇ ਅਮੀਰਾਂ ਦਾ ਅਯਾਸ਼ ਹੋਣਾ, ਆਰਥਕ ਪਖੋਂ ਅਨਿਆਂ ਹੈ। ਧਾਰਮਿਕ ਆਗੂ ਜਦੋਂ ਰੀਤਾਂ ਤੇ ਪੁਰਾਤਨ ਰਵਾਇਤਾਂ ਦਾ ਸਹਾਰਾ ਲੈ ਕੇ ਸਚ ਤੇ ਹਕ ਨੂੰ ਦਬ!ਾਉਂਦੇ ਹਨ ਤਾਂ ਇਹ ਧਾਰਮਿਕ ਅਨਿਆਂ ਦਾ ਰੂਪ ਧਾਰਨ ਕਰਦਾ ਹੈ। ਇਸ ਅਨਿਆਂ ਵਿਰੁਧ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਵਾਜ਼ ਬੁਲੰਦ ਕੀਤੀ। ਗੁਰੂ ਜੋਤਿ-ਜੁਗਤਿ ਦਾ ਇਹੀ ਸੰਘਰਸ਼ਮਈ ਮਿਸ਼ਨ ਨਿਰੰਤਰ ਜਾਰੀ ਰਿਹਾ, ਜਿਸ ਅਧੀਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਤਲਵਾਰਾਂ ਧਾਰਨ ਕਰਕੇ ਸੰਤ-ਸਿਪਾਹੀ ਤੇ ਭਗਤੀ-ਸ਼ਕਤੀ ਦਾ ਸੁਮੇਲ ਕੀਤਾ। ਇਸ ਦੀ ਨਿਰੰਤਰਤਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨਿਆਂ ਵਿਰੁਧ 14 ਜੁਧ ਕਰਕੇ ਮਨੁੱਖਤਾ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਕਟ ਕੇ ਸੁਤੰਤਰਤਾ ਬਖਸ਼ੀ। ਐਨਾ ਹੀ ਨਹੀਂ, ਉਨ੍ਹਾਂ ਨੇ ਔਰੰਗਜ਼ੇਬ ਨੂੰ 'ਜ਼ਫਰਨਾਮਾ' ਰਾਹੀਂ ਚੰਗੇ ਸ਼ਾਸਕ ਬਣਨ ਦਾ ਉਪਦੇਸ਼ ਵੀ ਦਿਤਾ। ਇਸ ਉਪਦੇਸ਼ ਨੇ ਸਿੱਖ ਧਰਮ ਵਿਚ ਮਿਲਦੇ 'ਨਿਆਂ' ਦੇ ਸੰਕਲਪ ਵਿਚ ਵਾਧਾ ਕੀਤਾ।

ਵੈਦਿਕ ਧਰਮ ਦੇ ਛੇ ਦਰਸ਼ਨਾਂ (ਸ਼!ਾਂਸਤ੍ਰਾਂ) ਵਿਚੋਂ ਇਕ ਸ਼!ਾਂਸਤਰ 'ਨਯਾਯ ਦਰਸ਼ਨ' ਵੀ ਹੈ। ਇਸ ਦਾ ਜ਼ਿਕਰ ਭਾਈ ਗੁਰਦਾਸ ਜੀ ਕਰਦੇ ਹਨ: *ਗੋਤਮ ਤਪੇ ਬਿਚਾਰਿਕੇ ਰਿਗਵੇਦ ਦੀ ਕਥਾ ਸੁਣਾਈ। ਨਿਆਇ ਸ਼ਾਸਤ੍ਰ ਕੋ ਮਥਿ ਕਰਿ ਸਭਿ ਬਿਧਿ ਕਰਤੇ ਹਥਿ ਜਣਾਈ।* ਭਾਈ ਗੁਰਦਾਸ ਜੀ ਅਨੁਸਾਰ ਗੋਤਮ ਰਿਖੀ ਨੇ ਰਿਗਵੇਦ ਦੇ ਸਿਧਾਂਤਾਂ ਨੂੰ ਘੋਖ ਕੇ *ਨਿਆਇ-ਸ਼ਾਸਤ੍ਰ* ਵਿਚ ਵਿਉਂਤ-ਬਧ ਕੀਤਾ ਹੈ। ਗੋਤਮ ਰਿਖੀ ਦੇ *ਨਿਆਇ ਸ਼ਾਸਤ੍ਰ* ਅਨੁਸਾਰ ਸੰਸਾਰ ਦੀ ਕਾਰ-ਵਿਹਾਰ ਦਾ ਨਾਇਕ ਪਰਮਾਤਮਾ ਆਪ ਹੀ ਹੈ ਜੋ ਨਿਆਧੀਸ਼ ਬਣ ਕੇ ਸਚਾ ਨਿਆਂ ਕਰਦਾ ਹੈ।

## 5.2 ਨਿਆਂ : ਅਰਥ

ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ 'ਨਿਆਂ' ਸ਼ਬਦ ਦੇ ਅਰਥ ਇਨਸਾਫ਼, ਅਦਲ ਆਦਿ ਕੀਤੇ ਹਨ। ਉਨ੍ਹਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਨਿਆਂ' ਸ਼ਬਦ ਦੋ ਰੂਪਾਂ ਵਿਚ ਮਿਲਦਾ ਹੈ: 'ਨਿਆਉ' ਅਤੇ 'ਨਿਆਵ'। ਭਾਈ ਵੀਰ ਸਿੰਘ ਨੇ 'ਗੁਰੂ ਗ੍ਰੰਥ ਸਾਹਿਬ ਕੋਸ਼' ਵਿਚ 'ਨਿਆਉ' ਅਤੇ 'ਨਿਆਵ' ਦੋਹੇ ਸ਼ਬਦਾਂ ਦੇ ਅਰਥ ਇਨਸਾਫ਼, ਅਦਲ, ਹੱਕੋਂ ਹੱਕ ਨਿਬੇੜਾਂ. ਆਦਿ ਕੀਤੇ ਹਨ। ਇਹ ਦੋਵੇਂ ਸ਼ਬਦ ਸੰਸਕ੍ਰਿਤ ਸ਼ਬਦ 'ਨਯਾਯ' ਦੇ ਤਦਭਵ ਰੂਪ ਹਨ। ਨਿਆਂ ਲਈ ਅੰਗਰੇਜ਼ੀ ਭਾਸ਼ਾ ਵਿਚ 'Justice' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਦੀ ਉਤਪਤੀ ਗਰੀਕ ਭਾਸ਼ਾ ਦੇ ਸ਼ਬਦ 'Just' ਤੋਂ ਹੋਈ ਹੈ। ਪਲੈਟੋ ਨੇ ਆਪਣੀ ਪੁਸਤਕ *The Republic* ਵਿਚ ਦਸਿਆ ਹੈ ਕਿ 'Just' ਨੂੰ Right, Fair, Honest, Legally Right, Lawful, ਆਦਿ ਕਈਂ ਅਰਥਾਂ ਵਿਚ ਵਰਤਿਆ ਜਾਂਦਾ ਹੈ। 'Justice' ਲਾਤੀਨੀ ਭਾਸ਼ਾ ਦੇ ਸ਼ਬਦ 'ਜਸ' (Jus) ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਬੰਧਨ ਜਾਂ ਬਝਣਾ। ਭਾਵ ਨਿਆਂ ਉਸ ਪ੍ਰਬੰਧ ਦਾ ਨਾਂ ਹੈ ਜਿਸ ਰਾਹੀਂ ਇਕ ਮਨੁੱਖ ਦੂਜੇ ਮਨੁੱਖ ਨਾਲ ਜੁੜਿਆ ਹੋਇਆ ਹੈ। ਪਲੈਟੋ ਅਨੁਸਾਰ ਨਿਆਂ ਆਤਮਾ ਦਾ ਇਕ ਅੰਦਰੂਨੀ ਵਿਸ਼ੇਸ਼ ਗੁਣ ਹੈ। ਇਨਸਾਫ਼ (ਨਿਆਂ) ਦਾ ਅਰਥ ਹੈ ਦੋ ਟੂਕ ਕਰਨਾ, ਬਰਾਬਰ ਦੇ ਦੋ ਟੁਕੜੇ ਭਾਵ ਕਿਸੇ ਨਾਲ ਜ਼ਿਆਦਤੀ ਨਾ ਕਰਨਾ, ਬਲਕਿ ਦੋਹਾਂ ਧਿਰਾਂ ਨੂੰ ਇਕੋ ਜਿਹਾ ਸਮਝਦੇ ਹੋਏ ਸਹੀ ਫ਼ੈਸਲਾ ਦੇਣਾ। ਰਾਜ ਵਿਚ ਸ਼ਾਸਕ ਦੇ ਹਿਤਾਂ ਦੀ ਪੂਰਤੀ ਹੀ ਨਿਆਂ ਹੈ, ਪਰ ਇਹ ਇਕ ਵਿਅਕਤੀਗਤ ਦ੍ਰਿਸ਼ਟੀਕੋਣ ਨਾਲ ਸਬੰਧਿਤ ਹੈ।

## 5.3 ਨਿਆਂ : ਪਰਿਭਾਸ਼ਾ

ਨਿਆਂ ਨੂੰ ਪਰਿਭਾਸ਼ਿਤ ਕਰਨਾ ਔਖਾ ਕਾਰਜ ਹੈ। ਪੂਰਬੀ ਅਤੇ ਪੱਛਮੀ ਵਿਦਵਾਨਾਂ ਨੇ 'ਨਿਆਂ' ਨੂੰ ਆਪੋ-ਆਪਣੀ ਮਤਿ ਅਨੁਸਾਰ ਪਰਿਭਾਸ਼ਿਤ ਕੀਤਾ ਹੈ। ਪੂਰਬੀ ਵਿਦਵਾਨਾਂ ਵਿਚੋਂ ਜਿਆਦਾਤਰ ਸਿੱਖ ਵਿਦਵਾਨਾਂ ਨੇ ਨਿਆਂ ਦੀਆਂ ਪਰਿਭਾਸ਼ਾਵਾਂ ਦਿਤੀਆਂ ਹਨ। *ਗੁਰਮਤਿ ਨਿਰਣਯ ਕੋਸ਼* ਅਨੁਸਾਰ ਹਰ ਮਨੁੱਖ ਦੀ ਕੁਦਰਤੀ ਇਛਾ ਹੁੰਦੀ ਹੈ ਕਿ ਦੂਜੇ ਉਸ ਨਾਲ ਉਚਿਤ ਵਿਹਾਰ ਕਰੇ। ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕੁਝ ਅਧਿਕਾਰ ਹਰੇਕ ਮਨੁੱਖ ਨੂੰ ਲੋੜੀਂਦੇ ਹਨ। ਇਨ੍ਹਾਂ ਅਧਿਕਾਰਾਂ ਦੀ ਖੁਲ੍ਹ 'ਨਿਆਂ' ਕਹਾਉਂਦੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ 'ਨਿਆਂ' ਨੂੰ ਨੀਤੀ ਅਤੇ ਦਿਵਯ ਨਯਾਯ ਦੀ ਸੰਗਿਆ ਦਿਤੀ ਹੈ। ਉਨ੍ਹਾਂ ਅਨੁਸਾਰ ਜਿਸ ਵਿੱਦਿਆ ਤੋਂ ਹਿਤ-ਅਹਿਤ, ਯੋਗਯ-ਅਯੋਗਯ ਅਤੇ ਹਾਨਿ-ਲਾਭ ਦਾ ਗਿਆਨ ਹੋਵੇ ਅਤੇ ਸਾਰਿਆਂ ਨਾਲ ਨਿਆਂ ਵਰਤਾਉ ਕੀਤਾ ਜਾਵੇ, ਜਿਸ ਨਾਲ ਮਨ ਬ!ਂਛਿਤ ਫਲ ਪ੍ਰਾਪਤ ਹੋਣ, ਉਸ ਦਾ ਨਾਉਂ ਨੀਤੀ ਹੈ। ਭਾਈ ਸਾਹਿਬ ਦਸਦੇ ਹਨ ਕਿ ਪੁਰਾਣੇ ਸਮੇਂ ਵ੍ਹਿਚ 'ਦਿਵਯ ਿਆਂ' ਹੋਇਆ ਕਰਦਾ ਸੀ, ਜਿਸ ਦੇ ਦਿਵਯ, ਅਗਨਿ ਦਿਵਯ ਅਤੇ ਵਿਸ਼ ਦਿਵਯ ਆਦਿ ਕਈ ਭੇਦ ਸਨ। ਗਵਾਹੀ ਅਤੇ ਲਿਖਿਤ ਨਾ ਹੋਣ ਕਾਰਨ ਸਚੇ-ਝੂਠੇ ਦੀ ਪ੍ਰੀਖਿਆ ਕਰਨ ਲਈ ਜਜ ਹੁਕਮ ਰੂਪ ਵਿਚ ਸਜ਼ਾ ਸੁਣਾਉਂਦਾ ਸੀ ਕਿ, "ਦੋਹਾਂ ਨੂੰ ਪਾਣੀ ਵਿਚ ਸਿਟ ਦਿਓ, ਅਗ ਵਿਚ ਪਾਓ, ਅਥਵਾ ਅਗੱਲੀ ਜਿਹੇ ਤਪਾਏ ਹੋਏ ਲੋਹੇ ਦੇ ਗੋਲੇ ਹਥਾਂ ਉਤੇ ਰਖੋ ਅਤੇ ਜ਼ਹਿਰ ਖਵਾਓ, ਆਦਿਕ।" ਇਸ ਨਿਆਂ ਨੂੰ ਗੁਰਮਤਿ ਅਨੁਸਾਰ ਪ੍ਰਵਾਨ ਨਹੀਂ ਕੀਤਾ ਗਿਆ, ਕਿਉਂਕਿ ਪਰਮਾਤਮਾ ਦਾ ਨਿਆਂ ਸਚਾ ਨਿਆਂ ਹੈ। ਇਸ ਅਨੁਸਾਰ ਜੈਸਾ ਕਰਮ ਕੋਈ ਕਰਦਾ ਹੈ, ਉਸੇ ਅਨੁਸਾਰ ਉਸ ਨੂੰ ਫਲ ਪ੍ਰਾਪਤ ਹੁੰਦਾ ਹੈ।

*ਪ੍ਰੇਮ ਸੁਮਾਰਗ ਗ੍ਰੰਥ* ਵਿਚ ਨਿਆਂ ਨੂੰ ਬੜੇ ਭਾਵ-ਪੂਰਤ ਸ਼ਬਦਾਂ ਵਿਚ ਪਰਿਭਾਸ਼ਿਤ ਕੀਤਾ ਗਿਆ ਹੈ। ਇਸ ਅਨੁਸਾਰ ਨਾ ਪਰਾਏ ਹਕ ਨੂੰ ਅੰਗੀਕਾਰ ਕੀਤਾ ਜਾਵੇ ਅਤੇ ਨਾ ਕਿਸੇ ਨੂੰ ਕਰਨ ਦਿਤਾ ਜਾਵੇ, ਨਾ ਕਿਸੇ ਨੂੰ ਦੁਖ ਦਿਤਾ ਜਾਵੇ, ਨਾ ਕਿਸੇ ਨੂੰ ਦੁਖੀ ਦਖਿਆ ਜਾਵੇ, ਇਸੇ ਨੂੰ ਨਿਆਂ ਕਹਿੰਦੇ ਹਨ, "ਨਿਆਉਂ ਬਰਾਬਰ ਬੰਦਗੀ ਭੀ ਨਾਹੀ। ਨਿਆਉਂ ਕਿਸ ਨੂੰ ਕਹਦੇ ਹੈਨਿ? ਜੋ ਪਰਾਏ ਹਕ ਦਾ ਅੰਗੀਕਾਰ ਨ ਕਰੈ। ਨਾ ਕਿਸੇ ਸਿਓਂ ਕਰਾਵੈ। ਕਿਸੇ ਨੂੰ ਅਪਨੇ ਬਸ ਚਲਤੇ ਦੁਖ ਨ ਦੇਇ : ਨ ਦੇਖ ਸਕੇ। ਨਿਆਉਂ ਇਸੀ ਕਾ ਨਾਉਂ ਹੈ।"

ਪੱਛਮੀ ਵਿਦਵਾਨ ਕੈਫ਼ਿਲਸ ਅਨੁਸਾਰ, "ਨਿਆਂ ਕਰਜ਼ਾ ਚੁਕਾਉਣ ਜਾਂ ਦੇਣਦਾਰੀਆਂ ਦੀ ਯਥਾਸ਼ਕਤ ਪੂਰਤੀ ਦਾ ਨਾਮ ਹੈ"। ਥਰੇਸੀਮੈਕਸ ਅਨੁਸਾਰ, "ਰਾਜ ਵਿਚ ਸ਼ਾਸਕ ਦੇ ਹਿਤਾਂ ਦੀ ਪੂਰਤੀ ਹੀ ਨਿਆਂ ਹੈ, ਪਰ ਇਹ ਇਕ ਵਿਅਕਤੀਗਤ ਦ੍ਰਿਸ਼ਟੀਕੋਣ ਨਾਲ ਸੰਬੰਧਿਤ ਹੈ"। ਪਲੈਟੋ ਅਨੁਸਾਰ, "ਨਿਆਂ ਆਤਮਾ ਦਾ ਇਕ ਅੰਦਰੂਨੀ ਵਿਸ਼ੇਸ਼ ਗੁਣ ਹੈ"। ਪਲੈਟੋ ਨੇ ਆਪਣੀ ਪੁਸਤਕ *The Republic* ਵਿਚ ਨਿਆਂ ਦੀਆਂ ਦੋ ਪਰਿਭਾਸ਼ਾਵਾਂ ਦਿਤੀਆਂ ਹਨ। ਪਹਿਲੀ ਪਰਿਭਾਸ਼ਾ ਵਿਚ ਉਹ 'Justice is Harmony' ਅਤੇ ਦੂਜੀ ਵਿਚ ਉਹ 'Justice is doing one's own job' ਕਹਿੰਦਾ ਹੈ। ਸਮਾਜ ਵਿਚ ਨਿਆਂ ਰਾਜਸਤਾ ਦੀ ਸਥਾਪਤੀ ਅਤੇ ਉਸਦੀ ਕਾਰਜ-ਸ਼ੈਲੀ ਵਿਚ ਅਹਿਮ ਯੋਗਦਾਨ

ਪਾਉਂਦਾ ਹੈ। ਪਲੈਟੋ ਅਨੁਸਾਰ ਨਿਆਂ ਵਿਵਸਥਾ ਕਾਰਗਰ ਤਾਂ ਸਿਧ ਹੋ ਸਕਦੀ ਹੈ ਜੇਕਰ ਸ਼ਾਸਕ, ਸ਼ਸਤਰਧਾਰੀ ਅਤੇ ਕਾਮੇ ਵਿਚਕਾਰ ਸਮਤੋਲ ਰਖੇ।

*ਕਾਂਸਟੀਚਿਊਸ਼ਨਲ ਡਵੈਲਪਮੈਂਟਸ ਇਨ ਬ੍ਰਿਟੇਨ* ਵਿਚ ਲਾਰਡ ਡੈਨਿੰਗ ਦੇ ਨਿਆਂ ਸੰਬੰਧੀ ਵਿਚਾਰ ਨੂੰ ਰਾਜਿੰਦਰ ਸਿੰਘ ਭਸੀਨ ਨੇ ਇਸ ਤਰ੍ਹਾਂ ਦਰਸਾਇਆ ਹੈ ਕਿ, "ਨਿਆਂ ਕੋਈ ਸੰਸਾਰਕ ਚੀਜ਼ ਨਹੀਂ, ਇਹ ਸਦੀਵੀ ਹੈ ਅਤੇ ਇਸ ਸਿਧਾਂਤ ਨੂੰ ਜੇ ਲਫ਼ਜ਼ਾਂ ਵਿਚ ਬਿਆਨ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ 'ਨਿਆਂ' ਉਹ ਕੁਝ ਹੈ ਜੋ ਸਮਾਜ ਦੇ ਸਹੀ ਸੋਚ ਵਾਲੇ ਮਨੁੱਖ ਨਿਆਂਸ਼ੀਲ ਸਮਝਦੇ ਹਨ"।

### 5.4 ਨਿਆਂ ਦੇ ਪ੍ਰਯਾਯਵਾਚੀ ਸ਼ਬਦ

ਭਾਈ ਕਾਨ੍ਹ ਸਿੰਘ ਨਾਭਾ (*ਮਹਾਨਕੋਸ਼*) ਅਨੁਸਾਰ ਨਿਆਂ ਦੇ ਪ੍ਰਯਾਯਵਾਚੀ ਸ਼ਬਦਾਂ ਵਿਚ ਇਨਸਾਫ਼, ਅਦਲ, ਤਪਾਵਸ, ਹਕ, ਸਚ ਤੇ ਝੂਠ ਦਾ ਨਿਸਤਾਰਾ ਕਰਨਾ, ਨਿਸ਼ਫ-ਨਿਸ਼ਫ਼ (ਅਧੋ-ਅਧ) ਕਰਨ ਦੀ ਕਿਰਿਆ, ਦੋ ਖੰਡ ਕਰਨਾ, ਦਿਵਯ-ਨਯਾਯ, ਧਰਮ ਤੇ ਸਮਾਜ ਚਲਾਉਣ ਦਾ ਨਿਯਮ, ਰਾਜਯ-ਪ੍ਰਬੰਧ ਦੀ ਯੁਕ੍ਤਿ, ਰਿਆਸਤ ਦੇ ਇੰਤਜ਼ਾਮ ਦੀ ਰੀਤਿ, ਠੀਕ ਫੈਸਲਾ, ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ 'ਨਿਆਂ' ਲਈ ਫਾਰਸੀ ਸ਼ਬਦ 'ਅਦਲ' ('ਅਦਲੁ ਕਰੇ ਗੁਰ ਗਿਆਨ ਸਮਾਨਾ'; 'ਅਦਲੀ ਹੋਇ ਬੈਠਾ ਪ੍ਰਭੁ ਆਪਿ') ਦਾ ਪ੍ਰਯੋਗ ਕੀਤਾ ਮਿਲਦਾ ਹੈ, ਜਿਸ ਦੇ ਅਰਥ ਵੀ 'ਨਿਆਂ ਕਰਨ ਵਾਲਾ' ਹਨ। ਇਨ੍ਹਾਂ ਤੋਂ ਬਿਨਾਂ ਗੁਰਬਾਣੀ ਵਿਚ 'ਨਿਆਇ' ਅਤੇ 'ਮੁਸਫ਼ੀ' ਸ਼ਬਦ ਦੀ ਵੀ ਵਰਤੋਂ ਹੋਈ ਹੈ। ਭਾਈ ਵੀਰ ਸਿੰਘ (ਗੁਰੂ ਗ੍ਰੰਥ ਸਾਹਿਬ ਕੋਸ਼) ਅਤੇ ਭਾਈ ਕਾਨ੍ਹ ਸਿੰਘ ਨਾਭਾ (ਮਹਾਨ ਕੋਸ਼) ਦੋਵਾਂ ਨੇ 'ਮੁਸਫੀ' ਸ਼ਬਦ ਦੇ ਅਰਥ ਨਿਆਉ ਅਤੇ ਇਨਸਾਫ਼ ਕੀਤੇ ਹਨ। ਇਨ੍ਹਾਂ ਸ਼ਬਦਾਂ ਦੀ ਗੁਰਬਾਣੀ ਵਿਚ ਵਰਤੋਂ ਇਹ ਦਰਸਾਉਂਦੀ ਹੈ ਕਿ ਗੁਰੂ ਸਾਹਿਬਾਨ ਸਮੇਂ 'ਨਿਆਂ' (Justice) ਦੀ ਇਕ ਅਹਿਮ ਧਾਰਨਾ ਮੌਜੂਦ ਸੀ।

### 5.5 ਨਿਆਂ ਦਾ ਆਧਾਰ : ਰਾਜ ਅਤੇ ਧਰਮ

ਰਾਜ ਅਤੇ ਧਰਮ ਦਾ ਆਪਸ ਵਿਚ ਡੂੰਘਾ ਰਿਸ਼ਤਾ ਹੈ। ਦੋਨੋਂ ਨਿਆਂ ਦਾ ਆਧਾਰ ਹਨ, ਜਿਹੜੇ ਮਨੁੱਖ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ। ਕਈ ਵਾਰ ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਰਾਜੇ ਦਾ ਅਨਿਆਂ ਦੇਖ ਕੇ ਪਰਜਾ ਬ!ਾਂਗੀ ਵੀ ਹੋ ਜਾਂਦੀ ਹੈ। ਦੂਜੇ ਪਾਸੇ ਧਾਰਮਿਕ ਆਗੂ ਜੇਕਰ ਧਰਮ ਤੋਂ ਹੀਣਾ ਹੋ ਜਾਵੇ ਤਾਂ ਵੀ ਲੋਕ ਧਰਮ ਦਾ ਰਸਤਾ ਛਡ ਜਾਂਦੇ ਹਨ। ਇਸ ਲਈ ਰਾਜ ਅਤੇ ਧਰਮ ਦੋਵਾਂ ਦਾ ਸੁਚੇਤ ਹੋ ਕੇ ਚਲਣਾ ਅਤਿ ਜ਼ਰੂਰੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਧਾਰਮਿਕ ਆਗੂ ਸਵਾਰਥੀ ਹੋ ਗਏ ਸਨ। ਇਹ ਰਬੀ ਪੁਰਸ਼ ਬਣ ਬੈਠੇ ਸਨ, ਜਿਨ੍ਹਾਂ ਦੇ ਮੁਖ ਤੋਂ ਨਿਕਲਿਆ ਹਰੇਕ ਪ੍ਰਵਚਨ ਲੋਕ ਅੰਨ੍ਹੀ ਸ਼ਰਧਾ ਰੱਖ ਕੇ ਮੰਨਦੇ ਸਨ। ਧਾਰਮਿਕ ਆਗੂ ਜਦੋਂ ਰੀਤਾਂ ਤੇ ਪੁਰਾਤਨ ਰਵਾਇਤਾਂ ਦਾ ਸਹਾਰਾ ਲੈ ਕੇ ਹਕ-ਸਚ ਦਾ ਖੂਨ ਕਰਦੇ ਹਨ ਤਾਂ ਇਹ ਧਾਰਮਿਕ ਅਨਿਆਂ ਦਾ ਰੂਪ ਧਾਰਨ ਕਰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜਿਹੀ ਹਾਲਤ ਦੇਖਦੇ ਹੋਏ ਫੁਰਮਾਇਆ ਕਿ ਜਿਹੜੇ ਧਾਰਮਿਕ ਆਗੂ ਆਪਣੇ ਚੇਲਿਆਂ ਨੂੰ ਕੁਲ੍ਹੇ ਦਿੰਦੇ ਹਨ, ਉਹ ਮੂਰਖ ਹਨ ਅਤੇ ਅਜਿਹੇ ਆਗੂਆਂ ਤੋਂ ਗ੍ਰਹਿਣ ਕਰਨ ਵਾਲੇ ਲੋਕ ਵਡੇ ਬੇਸ਼ਰਮ ਹਨ :

*ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੮੬)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਨਿਆਂ-ਪ੍ਰਬੰਧ ਐਨਾ ਵਿਗੜ ਚੁਕਾ ਸੀ ਕਿ ਕਾਜ਼ੀ ਨਿਆਂ ਕਰਨ ਲਈ ਬੈਠ ਤਾਂ ਜਾਂਦਾ ਸੀ, ਪਰੰਤੂ ਦਿਖਾਵੇ ਦੀ ਮਾਲਾ ਫੇਰ ਕੇ ਨਿਆਂ ਕਰਨ ਦੀ ਬਜਾਇ ਰਿਸ਼ਵਤ ਲੈ ਕੇ ਬੇਇਨਸਾਫੀ ਕਰਦਾ ਸੀ। ਵਢੀ ਲੈ ਕੇ ਉਹ ਇਕ ਧਿਰ ਦੇ ਹਕ ਵਿਚ ਫੈਸਲਾ ਦਿੰਦਾ ਸੀ:

*ਕਾਜੀ ਹੋਇ ਕੈ ਬਹੈ ਨਿਆਇ॥*
*ਫੇਰੇ ਤਸਬੀ ਕਰੇ ਖੁਦਾਇ॥*
*ਵਢੀ ਲੈ ਕੈ ਹਕੁ ਗਵਾਏ॥*
*ਜੇ ਕੋ ਪੁਛੈ ਤਾ ਪੜਿ ਸੁਣਾਏ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੧)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਹਿਣਾ ਹੈ ਕਿ ਰਾਜ-ਪ੍ਰਬੰਧ ਉਸ ਸਮੇਂ ਹੋਰ ਜ਼ਿਆਦਾ ਵਿਗੜ ਜਾਂਦਾ ਹੈ ਜਦੋਂ ਰਾਜੇ ਦੇ ਦਰਬਾਰੀ, ਰਾਜੇ ਨੂੰ ਬੇਈਮਾਨ ਹੁੰਦਾ ਦੇਖ ਲੋਕਾਂ ਨੂੰ ਲੁਟਣ ਦੀ ਖੁਲ੍ਹ ਲੈ ਲੈਂਦੇ ਹਨ। ਗੁਰੂ ਸਾਹਿਬ ਦਸਦੇ ਹਨ ਕਿ ਅਜਿਹੇ ਰਾਜੇ ਸ਼ੇਰ ਹਨ ਅਤੇ ਅਹਿਲਕਾਰ ਕੁਤੇ। ਉਹ ਸੁਤਿਆਂ ਨੂੰ ਜਗਾਉਂਦੇ ਹਨ। ਰਾਜੇ ਦੇ ਦਰਬਾਰੀ ਅਹਿਲਕਾਰ ਆਪਣੇ ਨਹੁੰਆਂ ਨਾਲ ਮਾਨੋ ਗਰੀਬ!ਾਂ ਨੂੰ ਜ਼ਖਮ ਦਿੰਦੇ ਹਨ। ਅਜਿਹੇ ਅਹਿਲਕਾਰ ਕੁਤੇ ਦੇ ਨਿਆਈਂ ਗਰੀਬ ਪਰਜਾ ਦਾ ਲਹੂ ਚਟਦੇ ਹਨ :

*ਰਾਜੇ ਸੀਹ ਮੁਕਦਮ ਕੁਤੇ॥*
*ਜਾਇ ਜਗਾਇਨਿ ਬੈਠੇ ਸੁਤੇ॥*
*ਚਾਕਰ ਨਹਦਾ ਪਾਇਨਿ ਘਾਉ॥*
*ਰਤੁ ਪਿਤੁ ਕੁਤਿਹੋ ਚਟਿ ਜਾਹੁ॥*
*ਜਿਥੈ ਜੀਆਂ ਹੋਸੀ ਸਾਰ॥*
*ਨਕੀਂ ਵਢੀਂ ਲਾਇਤਬਾਰ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੮੮)

ਇਤਿਹਾਸਿਕ ਦ੍ਰਿਸ਼ਟੀ ਤੋਂ ਨਿਆਂ ਦੀ ਅਣਹੋਂਦ ਬ!ਾਂਬਰ ਦੁਆਰਾ ਭਾਰਤ 'ਤੇ ਕੀਤੇ ਹਮਲੇ ਦੌਰਾਨ ਸਪਸ਼ਟ ਰੂਪ ਵਿਚ ਮਿਲਦੀ ਹੈ, ਜਿਸ ਸਬੰਧੀ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :

*ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥*
*ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥*
*ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥*
*ਕਰਤਾ ਤੂੰ ਸਭਨਾ ਕਾ ਸੋਈ॥*
*ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੬੦)

## 5.6 ਨਿਆਂ ਦਾ ਸਿੱਖ ਸਿਧਾਂਤ

ਪੂਰਬ ਅਤੇ ਪੱਛਮ ਦੀਆਂ ਵਿਚਾਰਧਾਵਾਂ ਨੇ ਆਪੋ-ਆਪਣੇ ਦ੍ਰਿਸ਼ਟੀਕੋਣ ਤੋਂ ਨਿਆਂ ਸਬੰਧੀ ਵਿਚਾਰ ਦਰਜ ਕੀਤੇ ਹਨ, ਪਰੰਤੂ ਜਿਵੇਂ ਕਿ ਇਸ ਪਾਠ ਦੇ 'ਮਨੋਰਥ' ਭਾਗ ਵਿਚ ਦਸਿਆ ਗਿਆ ਹੈ ਕਿ ਸਾਡਾ. ਮਨੋਰਥ ਕੇਵਲ ਨਿਆਂ ਦਾ ਸਿੱਖ ਸੰਦਰਭ ਜਾਣਨਾ ਹੈ। ਸੋ, ਨਿਆਂ ਦਾ ਸਿੱਖ ਸਿਧਾਂਤ ਜਾਣਨ ਲਈ ਅਸੀਂ ਹੇਠ ਦਿਤੇ ਪਖਾਂ 'ਤੇ ਵਿਚਾਰ ਕਰਾਂਗੇ :

### 5.6.1 ਹਲੇਮੀ ਰਾਜ

ਮਨੁੱਖ ਲਈ ਢੁਕਵਾਂ ਮਾਹੌਲ ਸਿਰਜਣਾ ਰਾਜ ਦੀ ਜ਼ਿੰਮੇਵਾਰੀ ਮੰਨੀ ਗਈ ਹੈ। ਮਨੁੱਖੀ ਜੀਵਨ ਦੀ ਸੁਚਜੀ ਕਾਰਜਸ਼ੈਲੀ ਤਾਂ ਹੀ ਬਰਕਰਾਰ ਰਹਿ ਸਕਦੀ ਹੈ ਜੇਕਰ ਰਾਜ-ਸ਼ਕਤੀ ਉਚਿਤ ਜੀਵਨ ਵਿਵਸਥਾਵਾਂ ਉਪਲਬਧ ਕਰਵਾਏ। ਇਨ੍ਹਾਂ ਵਿਵਸਥਾਵਾਂ ਵਿਚੋਂ 'ਨਿਆਂ' ਵਿਵਸਥਾ ਸਭ ਤੋਂ ਅਹਿਮ ਹੈ। 'ਨਿਆਂ' ਵਿਵਸਥਾ ਚੰਗੀ ਹੋਵੇਗੀ ਤਾਂ ਹੀ ਮਨੁੱਖ ਦੇ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਆਦਿ ਹਕਾਂ ਦੀ ਰਾਖੀ ਹੋ ਸਕਦੀ ਹੈ। ਗੁਰਬਾਣੀ ਵਿਚ ਅਜਿਹੇ ਨਿਆਂ ਪ੍ਰਧਾਨ ਰਾਜ ਵਿਵਸਥਾ ਦਾ ਬਿੰਬ 'ਹਲੇਮੀ ਰਾਜ' ਦੇ ਸੰਕਲਪ ਰਾਹੀਂ ਸਿਰਜਿਆ ਗਿਆ ਹੈ। ਇਸ ਸੰਦਰਭ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ 'ਹਲੇਮੀ ਰਾਜ' ਦੀ ਬਣਤਰ ਅਤੇ ਵਿਵਸਥਾ ਬਾਰੇ ਫੁਰਮਾਉਂਦੇ ਹਨ :

*ਹੁਣਿ ਹੁਕਮੁ ਹੋਆ ਮਿਹਰਵਾਣ ਦਾ॥*
*ਪੈ ਕੋਇ ਨ ਕਿਸੈ ਰਵਾਣਦਾ॥*
*ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੪)

'ਹਲੇਮੀ ਰਾਜ' ਦੀ ਬਣਤਰ ਬਾਰੇ ਗੁਰੂ ਸਾਹਿਬ ਦਸਦੇ ਹਨ ਕਿ ਇਹ ਅਜਿਹਾ ਰਾਜ ਹੈ, ਜਿਸ ਵਿਚ ਕੋਈ ਮਨੁੱਖ ਕਿਸੇ ਦੂਜੇ ਮਨੁੱਖ ਨੂੰ ਦੁਖ ਨਹੀਂ ਦਿੰਦਾ। ਇਸ ਤਰ੍ਹਾਂ ਦੇ ਰਾਜ ਵਿਚ ਸਾਰੇ ਲੋਕ ਸੁਖੀ ਵਸਦੇ ਹਨ। ਦੁਖ ਨਾ

ਦੇਣ ਤੋਂ ਭਾਵ ਹੈ ਕਿ ਕੋਈ ਕਿਸੇ ਦਾ ਹਕ ਨਹੀਂ ਮਾਰਦਾ, ਕੋਈ ਕਿਸੇ ਨਾਲ ਬੇਇਨਸਾਫ਼ੀ ਨਹੀਂ ਕਰਦਾ। ਸਭ ਲੋਕ ਆਪੋ-ਆਪਣੇ ਮਨੁੱਖੀ ਹਕਾਂ ਦਾ ਆਨੰਦ ਮਾਣਦੇ ਹੋਏ ਜ਼ਿੰਦਗੀ ਗੁਜ਼ਾਰਦੇ ਹਨ। ਗੁਰਬਾਣੀ ਵਿਚ ਜਿਸ ਹਲੇਮੀ ਰਾਜ ਦੀ ਕਲਪਨਾ ਕੀਤੀ ਗਈ ਹੈ, ਉਸਦਾ ਅਧਾਰ 'ਸ਼ਕਤੀ' ਨਾ ਹੋ ਕੇ 'ਹਲੇਮੀ' ਹੈ। ਪਿਆਰ ਦੀ ਨੀਂਹ ਉਤੇ ਉਸਰੇ ਇਸ ਰਾਜ ਨੂੰ 'ਹਲੇਮੀ ਰਾਜ' ਕਿਹਾ ਗਿਆ ਹੈ, ਜਿਹੜਾ ਰਾਜ 'ਮਿਹਰਵਾਣ' ਅਕਾਲਪੁਰਖ ਵਾਹਿਗੁਰੂ ਦੇ ਹੁਕਮ ('ਹੁਣਿ ਹੁਕਮੁ ਹੋਆ ਮਿਹਰਵਾਣ ਦਾ') ਨਾਲ ਸਥਾਪਿਤ ਹੁੰਦਾ ਹੈ। ਇਸ ਰਾਜ ਵਿਚ ਕੋਈ ਕਿਸੇ ਨੂੰ ਦੁਖ ('ਕੋਇ ਨ ਕਿਸੈ ਰਞਾਣਦਾ') ਨਹੀਂ ਦਿੰਦਾ। ਇਸ ਰਾਜ ਵਿਚ ਸਾਰੇ ਮਨੁੱਖ ਸੁਖੀ ('ਸਭ ਸੁਖਾਲੀ ਵੁਠੀਆ') ਵਸਦੇ ਹਨ। ਸਾਰਿਆਂ ਲਈ ਸੁਖਾਲੀ ਸਥਿਤੀ ਉਹ ਹੈ ਜਿਸ ਵਿਚ ਵਿਅਕਤੀ ਦੀਆਂ ਬੁਨਿਆਦੀ ਲੋੜਾਂ. ਪੂਰੀਆਂ ਹੋਣ ਤੋਂ ਇਲਾਵਾ ਉਸਦੀ ਸ਼ਖਸੀਅਤ ਦੇ ਪੂਰਨ ਵਿਕਾਸ ਲਈ ਸਾਧਨ ਉਪਲਭਧ ਹੋਣ।

'ਹਲੇਮੀ ਰਾਜ' ਦੇ ਇਸ ਸਿੱਖ ਸੰਕਲਪ ਤੋਂ ਸੇਧ ਲੈ ਕੇ 'ਕਲਿਆਣਕਾਰੀ ਰਾਜ' (Welfare State) ਦਾ ਸੰਕਲਪ ਸਾਹਮਣੇ ਆਇਆ ਹੈ। ਅਸਲ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ 'ਹਲੇਮੀ ਰਾਜ' ਤਾਂ ਆਧੁਨਿਕ ਕਲਿਆਣਕਾਰੀ ਰਾਜ ਨਾਲੋਂ ਵਧੇਰੇ ਉਤਮ ਸੰਕਲਪ ਹੈ, ਜਿਹੜਾ ਇਕ ਪਾਸੇ 'ਮਿਹਰਵਾਣ' ਰਬ ਨਾਲ ਜੁੜਿਆ ਹੈ, ਦੂਜੇ ਪਾਸੇ ਲੋਕਾਂ ਨਾਲ ਜੁੜਿਆ ਹੋਇਆ ਹੈ। ਗੁਰਬਾਣੀ ਅਨੁਸਾਰ ਐਸੇ 'ਹਲੇਮੀ ਰਾਜ' ਦੀ ਸਥਾਪਨਾ ਦੀ ਜ਼ਿੰਮੇਵਾਰੀ ਰਾਜ-ਸ਼੍ਰੇਣੀ 'ਤੇ ਹੈ।

### 5.6.2 ਸ੍ਰੇਸ਼ਟ ਨਿਆਂ ਕਰਤਾ : ਅਕਾਲਪੁਰਖ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਕਾਲਪੁਰਖ ਨੂੰ ਸਭ ਤੋਂ ਵੱਡਾ ਅਤੇ ਸ੍ਰੇਸ਼ਟ ਨਿਆਂ ਕਰਤਾ ਦਰਸਾਇਆ ਗਿਆ ਹੈ। ਗੁਰਮਤਿ ਅਨੁਸਾਰ ਨਿਆਂ ਦਾ ਸਦਗੁਣ ਪਰਮਸਤਿ ਤੋਂ ਹੀ ਆਵੇਸ਼ਿਤ ਹੋਇਆ ਹੈ, ਕਿਉਂਕਿ ਅਕਾਲਪੁਰਖ ਹੀ ਦੈਵੀ ਨਿਆਂ ਦਾ ਸੋਮਾ ਹੈ। ਉਸ ਦੁਆਰਾ ਕੀਤਾ ਨਿਆਂ 'ਸਚਾ ਨਿਆਂ' ਹੁੰਦਾ ਹੈ। ਅਕਾਲਪੁਰਖ ਨਿਆਇਕ ਸ਼ਕਤੀਆਂ ਅਤੇ ਨਿਆਇਕ ਬਿਬੇਕ ਦਾ ਮਾਲਿਕ ਹੈ, ਜਿਸ ਕਾਰਨ ਉਹ ਹਮੇਸ਼ਾ ਸਚਾ ਨਿਆਂ ਕਰਦਾ ਹੈ। ਗੁਰਬਾਣੀ ਦੀ ਰੌਸ਼ਨੀ ਵਿਚ ਦੁਨਿਆਵੀ ਨਿਆਂ ਕਰਤਾਵਾਂ ਨੂੰ ਅਕਾਲਪੁਰਖ ਦੀ ਨਿਆਂ-ਵਿਵਸਥਾ ਅਤੇ ਨਿਆਂਸ਼ੀਲਤਾ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ। ਗੁਰਬਾਣੀ ਦੀ ਦ੍ਰਿਸ਼ਟੀ ਵਿਚ ਸਭ ਤੋਂ ਵੱਡਾ ਰਾਜਾ ਖੁਦ ਪਰਮਾਤਮਾ ਹੈ ਅਤੇ ਉਸਦਾ ਨਿਆਂ ਹੀ ਸਚਾ ਹੈ :

*ਤਿਸੁ ਬਿਨੁ ਅਵਰੁ ਨ ਕੋਈ ਰਾਜਾ ਕਰਿ ਤਪਾਵਸੁ ਬਣਤ ਬਣਾਈ॥*
*ਨਿਆਉ ਤਿਸੈ ਕਾ ਹੈ ਸਦ ਸਾਚਾ ਵਿਰਲੇ ਹੁਕਮੁ ਮਨਾਈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੨)

ਅਕਾਲਪੁਰਖ ਵਾਹਿਗੁਰੂ ਨਿਰਮਲ, ਅਗਮ ਤੇ ਅਪਾਰ ਹੈ, ਜਿਹੜਾ ਬਿਨਾਂ ਤਕੜੀ ਤੋਂ ਹੀ ਸਮੁਚੇ ਸੰਸਾਰ ਨੂੰ ਤੋਲ ਲੈਂਦਾ ਹੈ:

*ਮੇਰਾ ਪ੍ਰਭੁ ਨਿਰਮਲੁ ਅਗਮ ਅਪਾਰਾ॥*
*ਬਿਨੁ ਤਕੜੀ ਤੋਲੈ ਸੰਸਾਰਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਅਕਾਲਪੁਰਖ ਦਾ ਨਿਆਂ ਪੂਰਾ ਹੁੰਦਾ ਹੈ :

*ਪੂਰਾ ਨਿਆਉ ਕਰੇ ਕਰਤਾਰੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੯੯)

ਇਕ ਗੱਲ ਬੜੀ ਸਪਸ਼ਟ ਹੈ ਕਿ ਕੇਵਲ ਤੇ ਕੇਵਲ ਅਕਾਲਪਰੁਖ ਵਾਹਿਗੁਰੂ ਹੀ ਸਚਾ ਹੈ, ਉਸਦਾ ਤਖਤ (ਸਥਾਨ) ਸਚਾ ਹੈ ਅਤੇ ਉਹ ਹਮੇਸ਼ਾ ਹੀ ਸਚਾ ਨਿਆਂ ਕਰਦਾ ਹੈ :

*ਸਚਾ ਆਪਿ ਤਖਤੁ ਸਚਾ ਬਹਿ ਸਚਾ ਕਰੇ ਨਿਆਉ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੪੯)

ਅਕਾਲਪੁਰਖ ਆਪਣੇ ਨਿਆਂ ਵਿਚ ਸਚੋ-ਸਚ ਨਿਬੇੜਾਂ. ਕਰਦਾ ਹੈ। ਉਸਦੀ ਦ੍ਰਿਸ਼ਟੀ ਵਿਚ ਕੋਈ ਅਮੀਰ-ਗਰੀਬ, ਵੱਡਾ-ਛੋਟਾ, ਤਕੜਾਂ.-ਮਾੜਾਂ. ਨਹੀਂ ਹੁੰਦਾ, ਸਭ ਬਰਾਬਰ ਹੁੰਦੇ ਹਨ। ਅਕਾਲਪੁਰਖ ਦਾ ਇਕ ਵਿਸ਼ੇਸ਼ ਗੁਣ ਅੰਤਰਯਾਮਤਾ ਹੈ। ਉਹ ਬਿਨਾਂ ਦਸੇ ਸਭ ਜਾਣਦਾ ਹੈ :

*ਤਹ ਸਾਚ ਨਿਆਇ ਨਿਬੇਰਾ॥*
*ਊਹਾ ਸਮ ਠਾਕੁਰੁ ਸਮ ਚੇਰਾ॥*
*ਅੰਤਰਜਾਮੀ ਜਾਨੈ॥*
*ਬਿਨੁ ਬੋਲਤ ਆਪਿ ਪਛਾਨੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੨੧)

ਅਕਾਲਪੁਰਖ ਜਦੋਂ ਨਿਆਂ ਕਰਦਾ ਹੈ ਤਾਂ ਸਾਰੇ ਝੂਠੇ ਵਿਅਕਤੀ ਇਕ ਪਾਸੇ ਹੋ ਜਾਂਦੇ ਹਨ ਅਤੇ ਸਚਿਆਰ ਮਨੁੱਖਾਂ ਨੂੰ ਵਡਿਆਈ ਮਿਲਦੀ ਹੈ :

*ਹਰਿ ਆਪਿ ਬਹਿ ਕਰੇ ਨਿਆਉ ਕੂੜਿਆਰ ਸਭ ਮਾਰਿ ਕਢੋਇ॥*
*ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੮੯)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਗੁਰੂ ਸਾਹਿਬ ਬੜੀ ਅਸਚਰਜਤਾ ਨਾਲ ਬਿਆਨ ਕਰਦੇ ਹਨ ਕਿ ਅਕਾਲਪੁਰਖ ਵਾਹਿਗੁਰੂ ਦਾ ਨਿਆਂ 'ਧਰਮੀ ਨਿਆਂ' ਹੈ :

*ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ*
*ਜੋ ਕਰੇ ਸੁ ਧਰਮ ਨਿਆਏ ਰਾਮ॥...*
*ਸਚੁ ਕਹੈ ਨਾਨਕੁ ਸੁਣਹੁ ਸੰਤਹੁ ਹਰਿ ਵਰਤੈ ਧਰਮ ਨਿਆਏ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੪੧)

ਸ੍ਰੀ ਦਸਮ ਗ੍ਰੰਥ ਸਾਹਿਬ ਅਨੁਸਾਰ ਨਿਆਂ ਇਕ ਰਬੀ ਕਾਰਜ ਅਤੇ ਦੈਵੀ ਗੁਣ ਹੈ, ਜਿਸ ਦੀ ਉਤਪਤੀ ਪਰਮਾਤਮਾ ਤੋਂ ਹੀ ਹੋਈ ਹੈ। ਇਸ ਦਾ ਜ਼ਿਕਰ ਜ਼ਫਰਨਾਮਾ ਦੀ ਤੀਜੀ ਹਕਾਇਤ ਦੇ ਆਰੰਭ ਵਿਚ ਕੀਤਾ ਗਿਆ ਹੈ, ਜਿਸ ਵਿਚ ਗੁਰੂ ਸਾਹਿਬ ਦਸਦੇ ਹਨ ਕਿ ਪਰਮਾਤਮਾ ਸਿਆਣਪਾਂ ਦੇਣ ਵਾਲਾ ਹੈ ਅਤੇ ਇਨਸਾਫ ਕਰਨ ਵਾਲਾ ਹੈ :

*ਖ਼ੁਦਾਵੰਦ ਦਾਨਿਸ਼ ਦਿਹੋ ਦਾਦ ਗਰ॥*

ਅਕਾਲਪੁਰਖ ਦੇ ਧਰਮ ਆਧਾਰਿਤ ਨਿਆਂ ਦਾ ਬਿੰਬ ਉਸਾਰ ਕੇ ਗੁਰੂ ਸਾਹਿਬਾਨ ਨੇ ਗੁਰਬਾਣੀ ਰਾਹੀਂ ਧਰਤੀ 'ਤੇ ਲਾਗੂ ਕਰਨ ਵਾਲੀ ਨਿਆਂ-ਵਿਵਸਥਾ ਦੀ ਤਸਵੀਰ ਪੇਸ਼ ਕੀਤੀ ਹੈ। ਰਾਜੇ ਜਾਂ ਹੁਕਮਰਾਨ ਨੂੰ ਧਰਤੀ 'ਤੇ ਅਕਾਲਪੁਰਖ ਦਾ ਰੂਪ ਮੰਨਿਆ ਗਿਆ ਹੈ। ਇਸ ਲਈ ਗੁਰੂ ਸਾਹਿਬਾਨ ਦਾ ਆਸ਼!ਂ ਹੈ ਕਿ ਜੇਕਰ ਨਿਆਂ ਕਰਨ ਵਾਲਾ ਮਨੁੱਖ ਅਕਾਲਪੁਰਖ ਵਾਂਗ ਵਿਚਾਰ-ਵਿਵੇਕ ਕਰਕੇ, ਊਚ ਨੀਚ ਦਾ ਭੇਦ-ਭਾਵ ਭੁਲ ਕੇ, ਸਚ ਤੇ ਝੂਠ ਦਾ ਸਹੀ ਨਿਪਟਾਰਾ ਨਿਰਪਖ ਹੋ ਕੇ, ਧਰਮ ਅਧਾਰਿਤ ਨਿਆਂ ਕਰਦਾ ਹੈ ਤਾਂ ਹੀ ਉਹ ਪਰਮਾਤਮਾ ਦੀ ਦਰਗਾਹ ਵਿਚ ਪ੍ਰਵਾਨ ਹੋ ਸਕਦਾ ਹੈ। ਇਸ ਤਰ੍ਹਾਂ ਸੁਚਜੀ ਨਿਆਂ ਵਿਵਸਥਾ ਲਾਗੂ ਹੋ ਸਕਦੀ ਹੈ, ਜਿਸ ਵਿਚ ਹਰੇਕ ਮਨੁੱਖ ਦੇ ਹਰ ਤਰ੍ਹਾਂ ਦੇ ਹੱਕਾਂ ਦੀ ਪੂਰੀ ਤਰ੍ਹਾਂ ਰਾਖੀ ਹੋ ਸਕਦੀ ਹੈ।

### 5.6.3 ਨਿਆਂ ਪ੍ਰਾਪਤੀ : ਮਨੁੱਖ ਦਾ ਮੁੱਢਲਾ ਹੱਕ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪੂਰਨ ਮਨੁੱਖੀ ਹਕਾਂ ਦੀ ਰਾਖੀ ਲਈ ਚਿੰਤਾ ਪ੍ਰਗਟਾਈ ਗਈ ਹੈ। ਮਨੁੱਖੀ ਹੱਕਾਂ ਸੰਬੰਧੀ ਜਿਥੇ ਦੁਨਿਆਵੀ ਨਿਆਂ-ਪਾਲਿਕਾ ਦੀ ਵਿਵਸਥਾ ਹੈ, ਉਥੇ ਗੁਰਬਾਣੀ ਵਿਚ ਵੀ ਨਿਆਂ ਪ੍ਰਾਪਤੀ ਨੂੰ ਮਨੁੱਖ ਦਾ ਹੱਕ ਸਵੀਕਾਰ ਕੀਤਾ ਗਿਆ ਹੈ। ਇਸ ਹੱਕ ਦੇ ਸਿਰਫ਼ 'ਸਚੇ' ਵਿਅਕਤੀ ਹੀ ਹਕਦਾਰ ਹਨ। ਇਸ ਲਈ ਸ੍ਰੀ ਗੁਰੂ ਅਮਰਦਾਸ ਜੀ ਸਮਝਾਉਂਦੇ ਹਨ ਕਿ ਬਿਨਾਂ ਕਿਸੇ ਭੈਅ-ਡਰ ਦੇ ਸੱਚੇ ਮਾਰਗ 'ਤੇ ਚਲ ਕੇ ਸਚੀ ਕਮਾਈ ਕਰਨੀ ਚਾਹੀਦੀ ਹੈ, ਕਿਉਂਕਿ ਸੱਚੇ ਤਖ਼ਤ 'ਤੇ ਬੈਠੇ ਸੱਚ ਨਿਆਂ ਕਰਤਾ ਨੇ ਸਚ ਦੇ ਹਕ ਵਿਚ ਹੀ ਫੈਸਲਾ ਕਰਨਾ ਹੁੰਦਾ ਹੈ। ਕੋਈ ਝੂਠਾ ਵਿਅਕਤੀ ਉਨ੍ਹਾਂ 'ਤੇ ਅਨਿਆਂ ਨਹੀਂ ਕਰ ਸਕਦਾ। ਗੁਰਬਾਣੀ ਦੀ ਸੇਧ ਅਨੁਸਾਰ ਜਿਹੜੇ ਰਾਜੇ ਨਿਆਂਪੂਰਨ ਰਾਜ ਵਿਵਸਥਾ ਦੀ ਸਥਾਪਨਾ ਕਰਦੇ ਹਨ, ਉਹ ਲੰਮੇ ਸਮੇਂ ਤਕ ਕਾਇਮ ਰਹਿੰਦੇ ਹਨ :

*ਨਿਹਕੰਟਕ ਰਾਜੁ ਭੁੰਚਿ ਤੂ ਗੁਰਮੁਖਿ ਸਚੁ ਕਮਾਈ॥*
*ਸਚੈ ਤਖਤਿ ਬੈਠਾ ਨਿਆਉ ਕਰਿ ਸਤਸੰਗਤਿ ਮੇਲਿ ਮਿਲਾਈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੮੭)

ਗੁਰਬਾਣੀ ਦੇ ਉਕਤ ਫੁਰਮਾਣ ਰਾਹੀਂ ਸੰਸਾਰੀ ਨਿਆਂ ਕਰਤਾ ਨੂੰ ਤਾਕੀਦ ਵੀ ਹੈ ਕਿ ਉਹ ਸੱਚ ਦੇ ਹੱਕ ਵਿਚ ਫੈਸਲਾ ਕਰੇ ਅਤੇ ਨਿਹਕੰਟਕ ਹੋ ਕੇ ਆਪਣੇ ਰਾਜ ਦਾ ਭੋਗ ਕਰੇ। ਰਾਜਾ ਐਸਾ ਢੁਕਵਾਂ ਮਾਹੌਲ ਸਿਰਜੇ ਜਿਸ ਵਿਚ ਪਰਜਾ ਨੂੰ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਹਕ ਹਾਸਲ ਹੋਣ। ਐਸਾ ਸਚਾ ਨਿਆਂ ਪਰਮਾਤਮਾ ਆਪ ਹੀ ਕਰਕੇ ਦਿਖਾਉਂਦਾ ਹੈ :

*ਆਪੇ ਨਿਆਉ ਕਰੇ ਸਭੁ ਸਾਚਾ ਸਾਚੇ ਸਾਚਿ ਮਿਲਾਇਦਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੫੯)

### 5.6.4 ਨਿਰਪਖ ਨਿਆਂ

'ਨਿਆਂ' ਸੰਬੰਧੀ ਇਕ ਮਹੱਤਵਪੂਰਨ ਧਾਰਨਾ 'ਨਿਰਪਖਤਾ' ਹੈ। ਗੁਰਬਾਣੀ ਵਿਚ ਪੱਖਪਾਤ ਰਹਿਤ ਕੀਤਾ 'ਨਿਆਂ' ਹੀ ਪ੍ਰਵਾਨ ਕੀਤਾ ਗਿਆ ਹੈ। ਗੁਰਬਾਣੀ, ਨਿਰਪਖ ਨਿਆਂ ਨੂੰ ਹੀ ਸੱਚਾ ਨਿਆਂ ਦਸਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਸਰਵ-ਉਚ ਨਿਆਂ ਕਰਤਾ ਅਕਾਲਪੁਰਖ ਹਮੇਸ਼ਾ ਹੀ ਨਿਰਪਖ ਹੋ ਕੇ ਨਿਆਂ ਕਰਦਾ ਹੈ। ਜੈਸੇ ਕਰਮ ਕਿਸੇ ਨੇ ਕੀਤੇ ਹੁੰਦੇ ਹਨ, ਉਸੇ ਤਰ੍ਹਾਂ ਦਾ ਉਸਨੂੰ ਫਲ ਪ੍ਰਾਪਤ ਹੁੰਦਾ ਹੈ :

*ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੮)

ਗੁਰਬਾਣੀ ਅਨੁਸਾਰ ਹਰ ਮਨੁੱਖ ਨੂੰ ਬਿਨਾਂ ਕਿਸੇ ਭੇਦ-ਭਾਵ, ਊਚ-ਨੀਚ ਅਤੇ ਪੱਖ-ਪਾਤ ਦੇ ਇਨਸਾਫ਼ ਮਿਲਦਾ ਹੈ। ਅਕਾਲਪੁਰਖ ਨਿਰਪਖ ਹੋ ਕੇ ਸਚਾ ਨਿਆਂ ਕਰਦਾ ਹੈ :

*ਤਹ ਸਾਚ ਨਿਆਇ ਨਿਬੇਰਾ॥*
*ਊਹਾ ਸਮ ਠਾਕੁਰ ਸਮ ਚੇਰਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੨੧)

### 5.6.5 ਖੋਟੇ-ਖਰੇ ਦੀ ਪਛਾਣ

ਨਿਰਪਖ ਨਿਆਂ ਤਾਂ ਹੀ ਹੋ ਸਕਦਾ ਹੈ ਜੇਕਰ ਖੋਟੇ-ਖਰੇ ਦੀ ਪਛਾਣ ਹੋਵੇ। ਜੇਕਰ ਨਿਆਂ-ਕਰਤਾ ਨੂੰ ਖੋਟੇ-ਖਰੇ ਦੀ ਪੂਰਨ ਪਛਾਣ ਹੈ, ਤਾਂ ਹੀ ਉਹ ਸਚਾ ਨਿਆਂ ਕਰ ਸਕਦਾ ਹੈ। ਦੁਨਿਆਵੀ ਅਦਾਲਤਾਂ ਵਿਚ ਵੀ ਮਨੁੱਖ ਨੂੰ ਉਸ ਸਮੇਂ ਤਕ ਦੋਸ਼ੀ ਨਹੀਂ ਮੰਨਿਆ ਜਾਂਦਾ ਜਦੋਂ ਤਕ ਉਸਦਾ ਦੋਸ਼ ਸਾਬਿਤ ਨਾ ਹੋ ਜਾਵੇ। ਇਹ ਤਾਂ ਹੀ ਸੰਭਵ ਹੈ ਜੇਕਰ ਨਿਆਂ ਕਰਤਾ ਨੂੰ ਖੋਟੇ-ਖਰੇ ਦੀ ਉਚਿਤ ਪਛਾਣ ਹੋਵੇ। ਇਸ ਲਈ ਗੁਰਬਾਣੀ ਵਿਚ ਨਿਆਂ ਕਰਤਾ ਦੇ ਖੋਟੇ-ਖਰੇ ਨੂੰ ਪਛਾਣਨ ਦੇ ਗੁਣ 'ਤੇ ਵਿਸ਼ੇਸ਼ ਜ਼ੋਰ ਦਿਤਾ ਗਿਆ ਹੈ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਨਿਆਂ-ਕਰਤਾ ਅਕਾਲਪੁਰਖ ਖੋਟੇ-ਖਰੇ ਨੂੰ ਖੂਬ ਪਛਾਣਦਾ ਹੈ :

*ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੭੦)

ਅਕਾਲਪੁਰਖ ਦੀ ਦਰਗਾਹ ਵਿਚ ਮਨੁੱਖ ਦੇ ਸਮੁੱਚੇ ਕਰਮਾਂ 'ਤੇ ਵਿਚਾਰ ਹੁੰਦੀ ਹੈ। ਇਸ ਲਈ ਜਿਸ ਇਨਸਾਨ ਨੇ ਜੋ ਕੁਝ ਕੀਤਾ ਹੁੰਦਾ ਹੈ, ਉਹੀ ਉਸਨੂੰ ਮਿਲਦਾ ਹੈ :

*ਗੱਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ॥*
*ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੮)

## 5.7 ਨਿਆਂ-ਕਰਤਾ ਦੇ ਗੁਣ

ਸਿੱਖ ਵਿਸ਼ਵਾਸ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਨਾਨਕ-ਰਾਜ' ਦੀ ਸਥਾਪਤੀ ਕੀਤੀ, ਜਗਤ ਦੇ ਪਹਿਲੇ ਰਾਜੇ ਉਹ ਆਪ ਹਨ :

*ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੯)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਅਜਿਹਾ ਰਾਜ ਚਲਾ ਕੇ ਰਾਜੇ/ਸ਼ਾਸਕ ਨੂੰ ਪ੍ਰੇਰਨਾ ਦਿਤੀ ਕਿ ਉਸ ਅੰਦਰ ਸਦਗੁਣ ਹੋਣੇ ਲਾਜ਼ਮੀ ਹਨ। ਉਸ ਦੇ ਮਨ ਵਿਚ ਪਰਮਾਤਮਾ ਦਾ ਨਿਰਮਲ ਭੈਅ ਹੋਵੇ ਤਾਂ ਹੀ ਉਹ 'ਨਿਆਂ' ਕਰ

ਸਕਦਾ ਹੈ। ਰਾਜੇ ਦਾ ਕਰਤੱਵ ਹੈ ਕਿ ਉਹ ਸ੍ਵੈ-ਸੰਜਮ, ਨਿਰਭੈਅਤਾ ਤੇ ਨਿਆਂ ਦਾ ਧਾਰਨੀ ਹੋਵੇ। ਗੁਰੂ ਸਾਹਿਬ ਨੇ ਸੁਚਜੇ ਨਿਆਂਕਾਰੀ ਰਾਜ ਲਈ ਜਿਥੇ ਰਾਜਿਆਂ ਨੂੰ ਸਿਖਿਆ ਦਿਤੀ, ਉਥੇ ਨਿਆਂ ਦੇ ਸਿਧਾਂਤਕ ਰੂਪ ਨੂੰ ਵੀ ਸਪਸ਼ਟ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਆਪ ਵੀ ਸੁਚਜੇ ਨਿਆਂਕਾਰੀ ਸਨ, ਜਿਨ੍ਹਾਂ ਅਨਿਆਂ ਵਿਰੁਧ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਦੀ ਦਸਵੀਂ ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਿਆਂ-ਸਿਧਾਂਤ ਸ੍ਰੀ ਦਸਮ ਗ੍ਰੰਥ ਵਿਚ ਵਿਚੋਂ ਬਾਖ਼ੂਬੀ ਨਿਖਰ ਕੇ ਸਾਹਮਣੇ ਆਉਂਦਾ ਹੈ। ਵਿਸ਼ੇਸ਼ ਕਰਕੇ 'ਜ਼ਫ਼ਰਨਾਮਾ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਿਵੇਕਲੀ ਰਚਨਾ ਹੈ, ਜਿਸ ਅੰਦਰ ਵਿਹਾਰਕ ਰੂਪ ਵਿਚ ਨਿਆਂ ਦੇ ਨਵੇਂ ਮਾਪਦੰਡਾ ਨੂੰ ਸਥਾਪਿਤ ਕੀਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਰਾਜੇ ਨੂੰ ਨਿਆਂ ਦਾ ਪ੍ਰਤੀਕ ਮੰਨਦੇ ਹਨ। ਉਨ੍ਹਾਂ ਅਨੁਸਾਰ ਕੇਵਲ ਪਾਣੀ ਦੀਆਂ ਚੁਲੀਆਂ ਕਰਨ ਨਾਲ ਜੀਵਨ ਵਿਚ ਸੁਚਤਾ ਨਹੀਂ ਆਉਂਦੀ। ਮਨੁੱਖ ਨੂੰ ਸੱਚੀ ਚੁਲੀ ਕਰਨੀ ਚਾਹੀਦੀ ਹੈ ਅਤੇ ਇਕ ਰਾਜੇ ਲਈ ਸਚੀ ਚੁਲੀ ਨਿਆਂ ਕਰਨਾ ਹੈ :

*ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੦)

ਰਾਜੇ ਦਾ ਪ੍ਰਮੁੱਖ ਕਾਰਜ ਪਰਜਾ ਨੂੰ ਨਿਆਂ ਦੇਣਾ ਹੁੰਦਾ ਹੈ। ਗੁਰੂ ਸਾਹਿਬ ਨੇ ਆਪਣੇ ਸਮਕਾਲੀ ਰਾਜ ਦੀ ਵਿਗੜਦੀ ਨਿਆਂ ਵਿਵਸਥਾ ਬਾਰੇ ਦਸਿਆ ਹੈ ਕਿ ਰਾਜਾ ਉਦੋਂ ਨਿਆਂ ਕਰਦਾ ਸੀ ਜਦੋਂ ਉਸ ਨੂੰ ਦੇਣ ਲਈ ਫਰਿਆਦੀ ਦੇ ਹੱਥ-ਪਲੇ ਕੁਝ ਹੁੰਦਾ ਸੀ :

*ਰਾਜਾ ਨਿਆਉ ਕਰੇ ਹਥਿ ਹੋਇ॥*
*ਕਹੈ ਖੁਦਾਇ ਨ ਮਾਨੈ ਕੋਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੦)

'ਜ਼ਫ਼ਰਨਾਮੇ' ਦੀ ਦੂਜੀ ਹਕਾਇਤ ਵਿਚ ਜ਼ਿਕਰ ਆਉਂਦਾ ਹੈ ਕਿ ਰਾਜਾ ਮਾਨਧਾਤਾ ਨੇ ਰਾਜਗੱਦੀ ਦਾ ਅਧਿਕਾਰੀ ਚੁਣਨ ਲਈ ਆਪਣੇ ਪੁੱਤਰਾਂ ਦੀ ਪਰਖ ਕਰਕੇ ਰਾਜੇ ਦਲੀਪ ਨੂੰ ਰਾਜਗੱਦੀ 'ਤੇ ਸੁਸ਼ੋਭਿਤ ਕੀਤਾ। ਬ!ਂਕੀ ਤਿੰਨ ਪੁੱਤਰਾਂ ਨੂੰ ਅਧਿਕਾਰੀ ਨਾ ਸਮਝਦੇ ਹੋਏ ਉਸਨੇ ਰਾਜ ਭਾਗ ਤੋਂ ਵਾਂਝੇ ਰਖਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਨਧਾਤਾ ਦਾ ਉਦਾਹਰਣ ਔਰੰਗਜ਼ੇਬ ਨੂੰ ਦਿੰਦੇ ਹੋਏ ਕਹਿੰਦੇ ਹਨ ਕਿ ਹੇ ਔਰੰਗਜ਼ੇਬ! ਤੇਰੇ ਵਡਿਆਂ ਨੇ ਬਾਦਸ਼ਾਹੀ ਦੀ ਚੋਣ ਸੁਚਜੇ ਢੰਗ ਨਾਲ ਕੀਤੀ ਸੀ, ਜਿਸ ਕਾਰਨ ਤੈਨੂੰ ਨਾ-ਲਾਇਕ ਜਾਣ ਕੇ ਰਾਜਗੱਦੀ ਨਹੀਂ ਦਿਤੀ। ਪਰੰਤੂ ਤੂੰ ਆਪਣੇ ਭਰਾਵਾਂ ਅਤੇ ਪਿਤਾ ਨੂੰ ਕੈਦ ਕਰਕੇ ਆਪ ਹੀ ਬਾਦਸ਼ਾਹੀ ਦਾ ਦਾਅਵਾ ਕਰਕੇ ਤਖਤ 'ਤੇ ਬੈਠਿਆ, ਜਿਹੜਾ ਕਿ ਕਿਸੇ ਲਿਹਾਜ਼ ਨਾਲ ਵੀ ਠੀਕ ਨਹੀਂ। ਜ਼ਫ਼ਰਨਾਮਾ ਦੇ ਪ੍ਰਵਚਨ ਹਨ :

*ਬਿਗੁਫਤੰਦ ਖੁਸ਼ ਦੀਨ ਦਾਨਾਇ ਨਗਜ਼॥*
*ਕਿ ਯਜ਼ਦਾ ਸ਼ਨਾਸ ਅਸਤ ਆਜ਼ਾਦ ਮਗਜ਼॥*

ਭਾਵ, ਬੁੱਧੀਵਾਨ ਸਿਆਣੇ ਵਜ਼ੀਰ ਨੇ ਬਾਦਸ਼ਾਹ ਮਾਨਧਾਤਾ ਨੂੰ ਕਿਹਾ ਕਿ ਹੇ ਬਾਦਸ਼ਾਹ! ਤੂੰ ਚੰਗੇ ਧਰਮ ਵਾਲਾ ਸਿਆਣਾ ਤੇ ਚਤੁਰ ਹੈ। ਤੂੰ ਹੀ ਰਬ ਦੀ ਪਛਾਣ ਕਰਨ ਵਾਲਾ ਤੇ ਸੁਤੰਤਰ ਦਿਮਾਗ ਵਾਲਾ ਹੈਂ। ਦੂਜੇ ਪਾਸੇ ਔਰੰਗਜ਼ੇਬ ਦੀ ਬੇਨਿਆਈ ਬਾਦਸ਼ਾਹਿਅਤ 'ਤੇ ਕਰੜਾਂ. ਵਿਅੰਗ ਕਰਦੇ ਹੋਏ ਗੁਰੂ ਸਾਹਿਬ ਕਹਿੰਦੇ ਹਨ ਕਿ ਤੇਰਾ ਇਨਸਾਫ਼ ਅਸਚਰਜ ਹੈ ਤੇ ਤੇਰੇ ਦੁਆਰਾ ਦੀਨ ਦੀ ਪਰਵ੍ਰਿਸ਼ ਕਰਨੀ ਵੀ ਅਸਚਰਜ ਹੈ। ਤੇਰੀ ਇਸ ਸਰਦਾਰੀ ਉਤੇ ਸੌ ਵਾਰੀ ਅਫ਼ਸੋਸ ਹੈ :

*ਕਿ ਅਜਬ ਅਸਤੁ ਇਨਸਾਫ਼ ਦੀਂ ਪਰਵਰੀ॥*
*ਕਿ ਹੈਫ਼ ਅਸਤੁ ਸਦ ਹੈਫ਼ ਈਂ ਸਰਵਰੀ॥*

ਭਾਵ ਰਾਜੇ ਦਾ ਧਰਮ ਤਾਂ ਨਿਆਂ ਕਰਨਾ ਹੈ, ਪਰ ਤੇਰੇ ਇਸ ਨਿਆਂ ਉਤੇ ਹੈਰਾਨਗੀ ਹੁੰਦੀ ਹੈ।

### 5.7.1 **ਸਦਗੁਣ**

ਰਾਜੇ ਅੰਦਰ ਪਰਮਸਤਿ ਦਾ ਨਿਰਮਲ ਭੈਅ ਅਤੇ ਪੰਜ ਸਦਗੁਣ (ਸਤ, ਸੰਤੋਖ, ਦਯਾ, ਧਰਮ, ਧੀਰਜ) ਹੋਣੇ ਲਾਜ਼ਮੀ ਹਨ, ਜਿਸ ਕਾਰਨ ਉਹ ਸੱਚਾ ਨਿਆਇਕ ਕਹਿਲਾਉਣ ਦਾ ਅਧਿਕਾਰੀ ਹੈ। ਇਨ੍ਹਾਂ ਗੁਣਾਂ ਤੋਂ ਹੀਣਾਂ ਰਾਜਾ ਨਿਆਂ ਕਰਨ ਵਿਚ ਅਸਫਲ ਰਹਿੰਦਾ ਹੈ :

*ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੯੨)

ਅਰਥਾਤ ਪ੍ਰਭੂ ਦੇ ਨਿਰਮਲ ਭੈਅ ਅਤੇ ਪੰਜਾਂ ਨੇਕੀਆਂ (five virtues) ਦਾ ਧਾਰਨੀ ਪਾਤਿਸ਼ਾਹ ਹੀ ਰਾਜ-ਸਿੰਘਾਸਣ 'ਤੇ ਬੈਠਦਾ ਹੈ। ਰਾਜਾ ਨਿਆਂਕਾਰੀ ਹੋਣਾ ਚਾਹੀਦਾ ਹੈ, ਕਿਉਂਕਿ ਲੋਕ ਮਾਨਤਾ ਹੈ ਕਿ ਰਾਜੇ ਪਰਮਾਤਮਾ ਵਲੋਂ ਸਮਾਜ ਦੇ ਭਲੇ ਹਿਤ ਭੇਜੇ ਜਾਂਦੇ ਹਨ। ਇਸ ਲਈ ਰਾਜਿਆਂ ਨੂੰ ਰਾਜ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਉਣ ਲਈ ਉਚੇ ਕਿਰਦਾਰ ਦਾ ਹੋਣਾ ਚਾਹੀਦਾ ਹੈ। ਸਮਾਜਿਕ ਲੋਕ ਆਪਣੇ ਰਾਜੇ ਨੂੰ ਆਦਰਸ਼ ਮੰਨ ਕੇ, ਉਸ ਦੇ ਸ਼ੀਲ-ਸੁਭਾਵ, ਧਰਮ, ਆਚਰਣ ਆਦਿ ਨੂੰ ਅਪਨਾਉਣ ਦਾ ਜਤਨ ਕਰਦੇ ਹਨ। ਸਮਾਜ ਵਿਚ ਇਹ ਗੱਲ ਪ੍ਰਚਲਿਤ ਹੈ ਕਿ ਜੰਗ ਅਤੇ ਪਿਆਰ ਵਿਚ ਸਭ ਕੁਝ ਜਾਇਜ਼ ਹੈ (everything is fair in love and war)। ਇਸ ਲਈ ਸਿਆਸਤ ਵਿਚ ਵੀ ਅਜਿਹਾ ਕੁਝ ਹੀ ਚਲਦਾ ਹੈ, ਪਰ ਗੁਰੂ ਸਾਹਿਬਾਨ ਅਨੁਸਾਰ ਇਹ ਵਿਚਾਰਧਾਰਾ ਗਲਤ ਹੈ। ਗੁਰਮਤਿ ਅਨੁਸਾਰ ਸਿਆਸਤ ਜਦੋਂ ਆਚਰਨ ਦੀਆਂ ਬੁਨਿਆਦਾਂ ਉਤੇ ਨਹੀਂ ਉਸਰਦੀ, ਉਦੋਂ ਤਕ ਸਮਾਜ ਰਿਸ਼ਵਤ, ਛਲ-ਫ਼ਰੇਬ ਆਦਿ ਤੋਂ ਸੁਤੰਤਰ ਨਹੀਂ ਹੋ ਸਕਦਾ। ਇਨ੍ਹਾਂ ਅਲਾਹਮਤਾਂ ਦੇ ਚਲਦਿਆਂ ਨਿਆਂ ਦੀ ਆਸ ਨਹੀਂ ਕੀਤੀ ਜਾ ਸਕਦੀ।

ਬਾਦਸ਼ਾਹ ਨੂੰ ਚਾਹੀਦਾ ਹੈ ਕਿ ਉਹ 'ਨਿਆਂ' ਕਰਨ ਸਮੇਂ ਕਾਹਲੀ ਨਾ ਕਰੇ, ਬਲਕਿ ਠਰੰਮੇ ਨਾਲ ਵਿਚਾਰ ਕਰਕੇ ਨਿਆਂ ਕਰੇ। 'ਜ਼ਫ਼ਰਨਾਮਾ' ਵਿਚ ਸ਼ਾਹਨਾਮੇ ਦੇ ਕਵੀ ਫਿਰਦੌਸੀ ਦੇ ਹਵਾਲੇ ਨਾਲ ਔਰੰਗਜ਼ੇਬ ਨੂੰ ਸੰਬੋਧਿਤ ਹੁੰਦੇ ਹੋਏ ਗੁਰੂ ਸਾਹਿਬ ਕਹਿੰਦੇ ਹਨ ਕਿ ਸ਼ਤਾਬੀ (ਕਾਹਲੀ) ਕਰਨਾ ਸ਼ੈਤਾਨ ਦਾ ਕੰਮ ਹੁੰਦਾ ਹੈ :

*ਚਿਹ ਖ਼ੁਸ਼ ਗੁਫ਼ਤ ਫਿਰਦੌਸ਼ੀਏ ਖ਼ੁਸ਼ ਜ਼ਬਾਂ॥*
*ਸ਼ਿਤਾਬੀ ਬਵਦ ਕਾਰਿ ਆਹਿਰਮਨਾਂ॥*

### 5.7.2 ਨੀਤੀ ਭੇਦ ਦਾ ਗਿਆਤਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਰਸਾਏ 'ਨਿਆਂ' ਦੇ ਸਿਧਾਂਤ ਅਨੁਸਾਰ ਹਕ-ਸਚ ਲਈ ਜ਼ੁਲਮ ਅਤੇ ਕੂੜ (ਝੂਠ) ਦੇ ਮੁਕਾਬਲੇ ਕਿਰਪਾਨ ਚੁਕਣੀ ਜਾਇਜ਼ ਹੈ। ਇਨਸਾਫ਼ ਦਾ ਸਬੰਧ ਸਦਾਚਾਰ ਨਾਲ ਹੈ ਅਤੇ ਗੁਰੂ ਸਾਹਿਬ ਨੇ ਸਭ ਹੀਲਿਆਂ ਤੋਂ ਬਾਅਦ ਕਿਰਪਾਨ ਨਾਲ ਜ਼ੁਲਮ ਖਤਮ ਕਰਨਾ ਇਨਸਾਫ਼ ਦਸਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਰਾਜੇ ਦਾ ਅਸਲ ਗਹਿਣਾ 'ਨਿਆਂ' ਕਰਨਾ ਹੈ :

*ਕਹੂੰ ਨਿਆਇ ਰਾਜ ਬਿਭੂਤ॥*

ਰਾਜਨੀਤੀ ਦੇ ਚਾਰ ਭੇਦ ਸਾਮ, ਦਾਮ, ਦੰਡ, ਭੇਦ ਮੰਨੇ ਜਾਂਦੇ ਹਨ। ਜਦੋਂ ਸਾਮ, ਦਾਮ ਅਤੇ ਭੇਦ ਆਦਿ ਸਾਧਨਾਂ ਤੋਂ ਕਾਰਜ ਸਿਧ ਨ ਹੋਵੇ, ਤਾਂ ਉਸ ਵੇਲੇ ਦੰਡ ਦੇਣਾ ਲਾਜ਼ਮੀ ਬਣ ਜਾਂਦਾ ਹੈ। ਦੰਡ ਦੇਣ ਲਈ ਜਦੋਂ ਪਹਿਲੇ ਤਿੰਨ ਸਾਧਨਾਂ ਦੀ ਵਰਤੋਂ ਕਰ ਲਈ ਜਾਵੇ ਤਾਂ ਸ਼ਸਤ੍ਰ ਦੀ ਵਰਤੋ ਦਰੁਸਤ ਹੈ:

*ਬ ਲਾਚਾਰਗੀ ਦਰਮਿਆਂ ਆਮਦਮ॥*
*ਬ ਤਦਬੀਰਿ ਤੀਰੋ ਤੁਫ਼ੰਗ ਆਮਦਮ॥*
*ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥*
*ਹਲਾਲਸਤ ਬੁਰਦਨ ਬ ਸ਼ਮਸ਼ੀਰ ਦਸਤ॥*

ਇਸ ਸ਼ੇਅਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਨੂੰ ਮੁਖਾਤਿਬ ਹੁੰਦੇ ਹੋਏ ਕਹਿੰਦੇ ਹਨ ਕਿ ਹੇ ਔਰੰਗਜ਼ੇਬ! ਮੈਂ ਲਾਚਾਰ ਹੋ ਕੇ ਮੈਦਾਨ-ਏ-ਜੰਗ ਵਿਚ ਸ਼ਸਤਰ (ਤੀਰ, ਬੰਦੂਕ ਆਦਿ) ਨੂੰ ਹਥ ਪਾ ਰਿਹਾ ਹਾਂ, ਕਿਉਂਕਿ ਸ਼ਸਤਰ ਜ਼ੁਲਮ ਨੂੰ ਰੋਕਣ ਲਈ ਸਭ ਹਥਕੰਡੇ ਅਪਣਾਉਣ ਤੋਂ ਬਾਅਦ ਵਰਤਿਆ ਜਾਂਦਾ ਹੈ। ਜੇਕਰ ਜ਼ੁਲਮ ਕਰਨਾ ਅਨਿਆਂ ਹੈ ਤਾਂ ਜ਼ੁਲਮ ਨੂੰ ਚੁਪ-ਚਾਪ ਸਹਿਣਾ ਵੀ ਅਨਿਆਂ ਹੈ।

### 5.7.3 ਗਲਤੀ ਮੁਆਫ ਕਰਨਾ

ਦੋਸ਼ੀ ਨੂੰ ਮੁਆਫ ਕਰਨਾ ਸਭ ਤੋਂ ਵੱਡਾ ਗੁਣ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਅਹਿਮ ਨੁਕਤਾ ਇਹ ਵੀ ਦਰਸਾਇਆ ਹੈ ਕਿ ਜੇ ਕੋਈ ਇਨਸਾਨ ਆਪਣੇ ਗੁਨਾਹਾਂ ਲਈ ਪਸ਼ਚਾਤਾਪ ਕਰਦਾ ਹੈ ਤਾਂ ਉਸ ਦੀਆਂ ਗਲਤੀਆਂ ਵੀ ਮੁਆਫ ਕਰ ਦਿਤੀਆਂ ਜਾਂਦੀਆਂ ਹਨ, ਕਿਉਂਕਿ ਪਰਮਾਤਮਾ ਬਖਸ਼ੰਦ ਹੈ। ਗੁਨਾਹ ਮੁਆਫ ਕਰਨਾ ਉਸਦਾ ਬਿਰਦ ਹੈ। ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਨੂੰ ਕਹਿੰਦੇ ਹਨ ਕਿ ਜੇਕਰ ਤੂੰ ਇਨਸਾਫ ਕਰੇਂ ਤਾਂ ਪਰਮਾਤਮਾ ਤੈਨੂੰ ਬਖਸ਼ ਦੇਵੇਗਾ :

*ਬਰੀਂ ਕਾਰ ਗਰ ਤੂ ਬਬਸਤੀ ਕਮਰ॥*
*ਖ਼ੁਦਾਵੰਦ ਬਾਸ਼ਦ ਤੁਰਾ ਬਹਿਰਾਵਰ॥*

### 5.7.4 ਰਾਜ-ਗੱਦੀ ਦੀ ਪਰਖ

ਸ੍ਰੀ ਦਸਮ ਗ੍ਰੰਥ ਸਾਹਿਬ ਅੰਦਰ ਜ਼ਫਰਨਾਮਾ ਦੀ ਤੀਜੀ ਹਕਾਇਤ ਵਿਚ ਨਿਆਂ ਸੰਬੰਧੀ ਰਾਜ-ਗੱਦੀ ਦੀ ਪਰਖ ਸਬੰਧੀ ਵੀ ਪ੍ਰੇਰਨਾ ਮਿਲਦੀ ਹੈ। ਇਸ ਵਿਚ ਚੀਨ ਦੇ ਬਾਦਸ਼ਾਹ ਦੇ ਹਵਾਲੇ ਨਾਲ ਗੁਰੂ ਸਾਹਿਬ ਉਪਦੇਸ਼ ਦਿੰਦੇ ਹਨ ਕਿ ਰਾਜ-ਗੱਦੀ ਦੀ ਪਰਖ ਦਾ ਆਧਾਰ ਕੀ ਹੋਣਾ ਚਾਹੀਦਾ ਹੈ। ਹਕਾਇਤ ਅਨੁਸਾਰ ਜਦੋਂ ਬਾਦਸ਼ਾਹ ਦਾ ਅੰਤਲਾ ਸਮਾਂ ਜਾਣ ਕੇ ਵਜ਼ੀਰ ਨੇ ਅਰਜ਼ ਕੀਤੀ ਕਿ, 'ਤੁਹਾਡੇ ਤੋਂ ਬਾਅਦ ਰਾਜ-ਗੱਦੀ ਦਾ ਅਧਿਕਾਰੀ ਕੌਣ ਹੋਵੇਗਾ', ਤਾਂ ਬਾਦਸ਼ਾਹ ਨੇ ਅਧਿਕਾਰੀ ਦੀ ਪਰਖ ਕਰਨ ਸਬੰਧੀ ਕੁਝ ਅਹਿਮ ਨੁਕਤੇ ਦਸੇ। ਬਾਦਸ਼ਾਹ ਕਹਿਣ ਲਗਾ ਕਿ ਰਾਜ-ਗੱਦੀ ਦਾ ਅਧਿਕਾਰੀ ਵਿਅਕਤੀ ਉਹ ਹੋ ਸਕਦਾ ਹੈ, ਜਿਸ ਇਨਸਾਨ ਦੇ ਪੈਰ ਨਾ ਹੋਣ, ਨਾ ਹਥ ਹੋਣ, ਨਾ ਹੀ ਅੱਖਾਂ ਅਤੇ ਜ਼ੁਬ!ਾਨ ਹੋਵੇ। ਅਜਿਹਾ ਵਿਅਕਤੀ ਜਿਸ ਅੰਦਰ ਨਾ ਚਤੁਰਾਈ (ਹੋਸ਼) ਹੋਵੇ, ਨਾ ਜ਼ੋਰ ਅਜ਼ਮਾਇਸ਼ ਕਰਦਾ ਹੋਵੇ (ਹਿੰਮਤ) ਅਤੇ ਨਾ ਕਿਸੇ ਦਾ ਡਰ ਮੰਨਦਾ ਹੋਵੇ; ਜਿਹੜਾ ਨਾ ਘਬਰਾਉਂਦਾ (ਹੌਲ ਪੈਣਾ) ਹੋਵੇ, ਕੰਮਾਂ ਲਈ ਉਦਮ ਨਾ ਕਰਦਾ ਹੋਵੇ, ਜਿਸ ਇਨਸਾਨ ਪਾਸ ਨਜ਼ਰ (ਬਿਨਾਇਗੀ) ਨਾ ਹੋਵੇ ਅਤੇ ਨਾ ਹੀ ਜਿਸ ਦੇ ਦੋ ਕੰਨ ਹੋਣ। ਅਜਿਹਾ ਮਨੁੱਖ ਰਾਜਗੱਦੀ ਦਾ ਅਧਿਕਾਰੀ ਬਣ ਸਕਦਾ ਹੈ। ਬਾਦਸ਼ਾਹ ਦਾ ਇਹ ਉਤਰ ਸੁਣ ਕੇ ਵਜ਼ੀਰ ਬੜਾ ਹੈਰਾਨ ਹੋ ਕੇ ਕਹਿਣ ਲਗਾ ਕਿ, 'ਬਾਦਸ਼ਾਹ ਜੀ ਐਸਾ ਇਨਸਾਨ ਕਿਵੇਂ ਰਾਜਾ ਬਣ ਸਕਦਾ ਹੈ?' ਬਾਦਸ਼ਾਹ ਨੇ ਉਤਰ ਦਿਤਾ ਕਿ, ਜਿਹੜਾ ਵਿਅਕਤੀ ਆਪਣੀਆਂ ਅੱਖਾਂ ਨਾਲ ਦੂਜੀ ਔਰਤ ਵਲ ਬੂਰੀ ਨਜ਼ਰ ਨਾਲ ਨਹੀਂ ਦੇਖਦਾ, ਜ਼ੁਬਾਨ ਨਾਲ ਫਿਕਾ ਨਹੀਂ ਬੋਲਦਾ, ਜਿਸ ਦੇ ਪੈਰ ਬੁਰੇ ਕੰਮ ਲਈ ਨਹੀਂ ਤੁਰਦੇ, ਜੋ ਹਥਾਂ ਨਾਲ ਕਿਸੇ ਦਾ ਮਾਲ-ਸਬਾਬ ਨਹੀਂ ਖੋਂਹਦਾ ਆਦਿ, ਉਹੀ ਸੁਚਜਾ ਇਨਸਾਨ ਬਾਦਸ਼ਾਹ ਬਣ ਸਕਦਾ ਹੈ। ਮੂਲ ਸ਼ਬਦ ਇਸ ਤਰ੍ਹਾਂ ਹਨ :

*ਨ ਪਾਓ ਨ ਦਸਤੋ ਨ ਚਸ਼ਮੋ ਜ਼ਬਾਂ॥*
*ਨ ਹੋਸ਼ੋ ਨ ਹਿੰਮਤ ਨ ਹੈਬਤ ਕਸਾਂ॥*
*ਨ ਹਾਉਲੋ ਨ ਹਿੰਮਤ ਨ ਹੀਲਾ ਨਾ ਹੋਸ਼॥*
*ਨ ਬੀਨੀ ਨ ਬੀਨਾਇਗੀ ਹਰ ਦੋ ਗੋਸ਼॥*
*ਹਰਾਂ ਕਸ ਕਿ ਹਸਤ ਅਜ਼ਮਾਇਸ਼ ਬਵਦ॥*
*ਵਜ਼ਾਂ ਦਉਰ ਦੀਂ ਬਾਦਸ਼ਾਹੀ ਬਵਦ॥*

### 5.8 ਨਿਆਂ : ਇਤਿਹਾਸਕ ਦ੍ਰਿਸ਼ਟੀ

ਇਤਿਹਾਸਕ ਦ੍ਰਿਸ਼ਟੀ ਤੋਂ ਦੇਖੀਏ ਤਾਂ ਸਿੱਖ ਇਤਿਹਾਸ ਦੇ ਗੁਰਮੁਖੀ ਸਰੋਤਾਂ ਵਿਚ ਨਿਆਂ ਸਬੰਧੀ ਅਨੇਕ ਪ੍ਰਸੰਗ ਮਿਲਦੇ ਹਨ, ਜਿਨ੍ਹਾਂ ਤੋਂ ਨਿਆਂ-ਕਰਤਾ ਦੇ ਗੁਣਾਂ ਆਦਿ ਬਾਰੇ ਪਤਾ ਚਲਦਾ ਹੈ। ਮਿਸਾਲ ਵਜੋਂ, ਕੁਇਰ ਸਿੰਘ ਦੀ ਪੰਜਾਬੀ ਤੇ ਬ੍ਰਜ ਦੀ ਰਲੀ-ਮਿਲੀ ਭਾਸ਼ਾ ਵਿਚ 21 ਅਧਿਆਇਆਂ ਤੇ ਲਗਪਗ 2938 ਬੰਦਾਂ ਦੀ ਕਾਵਿ ਰਚਨਾ, 'ਗੁਰਬਿਲਾਸ ਪਾ: ੧੦', ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਹੋਰ ਸਮਕਾਲੀ ਘਟਨਾਵਾਂ ਉਤੇ ਮਹੱਤਵਪੂਰਨ ਪ੍ਰਕਾਸ਼ ਪਾਉਂਦੀ ਹੈ। ਇਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਵਲੋਂ ਬਹਾਦਰ ਸ਼ਾਹ ਨੂੰ ਇਹ ਹਦਾਇਤ ਕਰਦਿਆਂ ਦਰਸਾਇਆ ਗਿਆ ਹੈ ਕਿ ਰਾਜੇ ਲਈ 'ਨਿਆਂ' ਹੀ ਬੰਦਗੀ ਹੈ :

*ਰਾਜਨ ਕੋ ਬੰਦਗੀ ਯਹੀ ਨਯਾਇ ਬੀਚ ਪਰਮਾਨ॥*

ਇਸੇ ਤਰ੍ਹਾਂ 'ਬੰਸਾਵਲੀਨਾਮਾ ਦਸਾਂ ਪਾਤਸ਼!ਾਹੀਆਂ ਕਾ' ਕ੍ਰਿਤ ਭਾਈ ਕੇਸਰ ਸਿੰਘ ਵਿਚ ਦਸ ਗੁਰੂ ਸਾਹਿਬਾਨ ਦੀ ਬੰਸਾਵਲੀ ਦਰਜ ਹੈ। ਬੰਸਾਵਲੀ ਤੋਂ ਇਲਾਵਾ ਇਸ ਰਚਨਾ ਵਿਚ ਸਮਕਾਲੀ ਰਾਜਨੀਤਕ, ਸਮਾਜਕ ਅਤੇ ਧਾਰਮਕ ਪ੍ਰਸਥਿਤੀਆਂ ਬਾਰੇ ਮਹੱਤਵਪੂਰਨ ਜਾਣਕਾਰੀ ਉਪਲਬਧ ਹੈ। ਇਸ ਦੇ ਕੁਲ 14 'ਚਰਣ' ਹਨ, ਜਿਨ੍ਹਾਂ ਵਿਚੋਂ ਪਹਿਲੇ 10, ਦਸ ਗੁਰੂ ਸਾਹਿਬਾਨ ਨਾਲ ਸੰਬੰਧਿਤ ਹਨ। ਇਸ ਵਿਚ ਵੀ ਰਾਜੇ ਲਈ ਨਿਆਂਸ਼ੀਲ ਹੋਣਾ ਆਵਸ਼ਕ ਦਸਿਆ ਗਿਆ ਹੈ, ਕਿਉਂਕਿ ਨਿਆਂ ਤੋਂ ਸਖਣਾ ਰਾਜਾ ਨਰਕ ਦਾ ਭਾਗੀ ਬਣਦਾ ਹੈ :

*ਨਿਆਓ ਨ ਕਰੇ ਤਾ ਨਰਕੇ ਜਾਏ।*
*ਰਾਜਾ ਹੋਇ ਕੇ ਨਿਆਇ ਕਮਾਏ॥*

ਗੁਰਮੁਖੀ ਸਰੋਤਾਂ ਦੀ ਲੜੀ ਵਿਚ 'ਨਿਆਂ' ਸਬੰਧੀ ਸਭ ਤੋਂ ਮਹੱਤਵਪੂਰਨ ਗ੍ਰੰਥ 'ਪ੍ਰੇਮ ਸੁਮਾਰਗ ਗ੍ਰੰਥ' ਹੈ। ਇਸ ਗ੍ਰੰਥ ਦੀ ਅੰਦਰੂਨੀ ਗਵਾਹੀ ਅਨੁਸਾਰ ਇਹ ਗ੍ਰੰਥ ਕਿਸੇ ਕਵਿਤਾ ਵਿਚ ਲਿਖੇ 'ਰਹਿਤਨਾਮੇ' ਦਾ ਵਾਰਤਕ ਰੂਪ ਹੈ, ਜਿਸ ਦਾ ਸੰਪਾਦਨ ਭਾਈ ਰਣਧੀਰ ਸਿੰਘ ਨੇ 1953 ਈ. ਵਿਚ ਕੀਤਾ। ਇਸ ਦੇ ਕੁਲ ਦਸ ਅਧਿਆਇ ਹਨ, ਜਿਨ੍ਹਾਂ ਨੂੰ 'ਧਿਆਉ' ਦੀ ਸੰਗਿਆ ਦਿਤੀ ਗਈ ਹੈ। ਹਰੇਕ ਅਧਿਆਇ ਅਗੋਂ ਕਈ 'ਬਚਨਾਂ' ਵਿਚ ਵੰਡਿਆ ਹੋਇਆ ਹੈ, ਜਿਨ੍ਹਾਂ ਦੀ ਕੁਲ ਗਿਣਤੀ 92 ਹੈ। ਹਰੇਕ 'ਬਚਨ' ਦਾ ਆਪਣਾ ਪ੍ਰਕਰਨ ਹੈ। ਅਠਵੇਂ ਧਿਆਉ 'ਰਾਜ ਲਛਣ ਮਾਰਗ ਕਾ' ਦਾ ਸਬੰਧ ਨਿਆਂ ਪ੍ਰਬੰਧ ਨਾਲ ਹੈ। ਇਸ ਵਿਚ ਵੀ ਨਿਆਂ ਕਰਨਾ ਰਾਜੇ ਦਾ ਪ੍ਰਮੁਖ ਕਾਰਜ ਦਸਿਆ ਗਿਆ ਹੈ। ਕਰਤਾ ਦਸਦਾ ਹੈ ਕਿ ਰਾਜੇ ਨੂੰ ਰਾਜ ਦੀ ਬਖਸ਼ਿਸ਼ ਨਿਆਂ ਕਰਨ ਵਾਸਤੇ ਹੀ ਹੁੰਦੀ ਹੈ :

*ਅਬ ਰਾਜੇ ਕਉ ਚਾਹੀਐ ਜੋ ਨਿਆਉਂ ਧਰਮ ਕਾ ਕਰੇ।*
*ਜੋ ਜਾਨੈ ਕਿ ਮੁਝ ਕੋ ਰਾਜ ਬਖਸ ਹੂਆ ਹੈ ਸੋ ਨਿਆਓਂ ਕੇ ਵਾਸਤੇ ਹੂਆ ਹੈ॥*

ਇਸ ਤੋਂ ਬਿਨਾਂ ਕਰਤਾ ਨੇ ਰਾਜ ਚਲਾਉਣ ਲਈ ਕੁਝ ਅਹਿਮ ਨੁਕਤੇ ਸਾਂਝੇ ਕੀਤੇ ਹਨ, ਜਿਨ੍ਹਾਂ ਦਾ ਵੇਰਵਾ ਹੇਠ ਦਿਤੇ ਅਨੁਸਾਰ ਹੈ :

1. ਸਭ ਤੋਂ ਪਹਿਲਾਂ ਰਾਜੇ ਨੂੰ ਚਾਹੀਦਾ ਹੈ ਕਿ ਆਪਣੇ ਹੁਕਮ ਦੀ ਪਾਲਣਾ ਯਕੀਨੀ ਬਣਾਵੇ। ਜੇ ਕੋਈ ਉਸਦੀ ਹੁਕਮ ਅਦੂਲੀ ਕਰੇ, ਭਾਵ ਉਸ ਦਾ ਹੁਕਮ ਨਾ ਮੰਨੇ ਤਾਂ ਉਸ ਨੂੰ ਸੂਲੀ 'ਤੇ ਚਾੜ੍ਹ ਦੇਵੇ। ਉਸ ਦਾ ਘਰ ਬਾਰ ਲੁਟ ਲਵੇ, ਤਾਂ ਕਿ ਅਗਾਂਹ ਤੋਂ ਕੋਈ ਅਜਿਹਾ ਕਰਨ ਦਾ ਹੀਆ ਨਾ ਕਰ ਸਕੇ। ਉਹ ਭਾਵੇਂ ਉਸ ਦਾ ਆਪਣਾ ਪੁੱਤਰ, ਪਿਤਾ, ਇਸਤਰੀ, ਮਾਤਾ, ਵਜ਼ੀਰ ਜਾਂ ਕੋਈ ਹੋਰ ਹੋਵੇ। ਜੇ ਕੋਈ ਹੁਕਮ ਅਦੂਲੀ ਕਰਦਾ ਹੈ ਤਾਂ ਉਸ ਨੂੰ ਮਾਰ ਦੇਣ ਦਾ ਹੁਕਮ ਸੁਣਾਉਣਾ ਚਾਹੀਦਾ ਹੈ। ਅਜਿਹਾ ਕਰਨ ਵਿਚ ਰਾਜਾ ਆਪਣੇ ਬਿਗਾਨੇ ਦੀ ਰਿਆਇਤ ਨਾ ਕਰੇ। ਜੇਕਰ ਅਜਿਹਾ ਨਹੀਂ ਕਰਦਾ ਤਾਂ ਉਸ ਰਾਜੇ ਦਾ ਰਾਜ ਨਹੀਂ ਚਲ ਸਕਦਾ।
2. ਰਾਜੇ ਨੂੰ ਆਪਣਾ ਵਜ਼ੀਰ ਸਥਾਪਿਤ ਕਰਨ ਸਮੇਂ ਉਸ ਦੀ ਵਿਚਾਰ ਕਰਨੀ ਜ਼ਰੂਰੀ ਹੈ। ਵਜ਼ੀਰ ਬੁੱਧੀ ਕਰਕੇ ਚਤੁਰ ਹੋਣਾ ਚਾਹੀਦਾ ਹੈ, ਜਿਹੜਾ ਰਾਜੇ ਨੂੰ ਬਹੁਤਾ ਬੋਝ ਨਾ ਦੇਵੇ। ਵਜ਼ੀਰ ਦੀ ਅਜਿਹੀ ਭਾਵਨਾ ਹੋਵੇ ਕਿ ਉਸਦਾ ਆਪਣਾ ਹੀ ਰਾਜ ਹੈ। ਆਪਣਾ ਰਾਜ ਸਮਝਦੇ ਹੋਏ ਵਜ਼ੀਰ ਰਾਜ ਦਾ ਸਾਰਾ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਵੇ। ਦੂਜੇ ਪਾਸੇ ਰਾਜਾ ਵੀ ਇਹ ਸਮਝੇ ਕਿ ਵਜ਼ੀਰ ਮੇਰੀ ਜਗ੍ਹਾ 'ਤੇ ਹੈ। ਜੋ ਕੋਈ ਪੁੱਤਰ, ਭਾਈ, ਪਿਤਾ, ਮਾਤਾ, ਇਸਤਰੀ ਜਾਂ ਕੋਈ ਹੋਰ ਚਾਕਰ ਵੀ ਕਿਉਂ ਨਾ ਹੋਵੇ, ਉਸ ਨਾਲ ਵੀ ਰਾਜਾ ਬਰਾਬਰੀ ਦਾ ਸਲੂਕ ਕਰੇ। ਉਸ ਦੇ ਕੰਮ ਵਿਚ ਦਖ਼ਲ ਨਾ ਦੇਵੇ। ਰਾਜੇ ਨੂੰ ਚਾਹੀਦਾ ਹੈ ਕਿ ਰਾਜ ਸਬੰਧੀ ਹੋਣ ਵਾਲੇ ਕਾਰਜ, ਵਜ਼ੀਰ ਨੂੰ ਪੁਛ ਕੇ ਕੀਤੇ ਜਾਣ।
3. ਰਾਜੇ ਨੂੰ ਚਾਹੀਦਾ ਹੈ ਕਿ ਉਹ ਨਿਆਂ ਰੱਬੀ ਭੈਅ ਅਧੀਨ ਕਰੇ। ਉਸ ਦੇ ਰਾਜ ਵਿਚ ਕੋਈ ਦੁਖੀ ਨਾ ਹੋਵੇ, ਜੇ ਕੋਈ ਜ਼ੋਰਾਵਰ ਹੋ ਕੇ ਗ਼ਰੀਬ ਉਤੇ ਤਸ਼ਦਦ ਕਰੇ ਤਾਂ ਉਸ ਜ਼ੋਰਾਵਰ ਨੂੰ ਬੰਨ੍ਹ ਕੇ ਉਸ ਗ਼ਰੀਬ ਦੇ ਹਵਾਲੇ ਕਰ ਦਿਤਾ ਜਾਵੇ। ਜ਼ੋਰਾਵਰ ਨੇ ਜਿਹੜਾ ਵੀ ਕੋਈ ਦੁਖ ਉਸ ਗ਼ਰੀਬ ਨੂੰ ਦਿਤਾ ਹੋਵੇ, ਰਾਜੇ ਨੂੰ ਚਾਹੀਦਾ ਹੈ ਕਿ ਉਸ ਦਾ ਬਦਲਾ ਪੂਰਾ ਕਰਨ ਲਈ ਜ਼ੋਰਾਵਰ ਨੂੰ ਉਸੇ ਤਰ੍ਹਾਂ ਦਾ ਦੁਖ ਦਿਤਾ ਜਾਵੇ। ਬਦਲੇ ਦਾ ਬਦਲਾ ਦਿਵਾਵੇ, ਜਿਸ ਪਿਛੇ ਕੋਈ ਪੁਤ, ਭਰਾ, ਪਿਓ, ਮਾਂ, ਭੈਣ ਜਾਂ ਵਜ਼ੀਰ ਦੀ ਰਿਆਇਤ ਨਾ ਕੀਤੀ ਜਾਵੇ।
4. ਰਾਜੇ ਨੂੰ ਚਾਹੀਦਾ ਹੈ ਕਿ ਕਿਸੇ ਉਪਰ ਵੀ ਇਤਬਾਰ ਨਾ ਕਰੇ, ਕਿਉਂਕਿ ਅੰਤ ਦੇ ਸਮੇਂ ਜਦੋਂ ਰਾਜੇ ਦੀ ਮੌਤ ਹੋਣੀ ਹੈ ਤਾਂ ਪੁਛਿਆ ਰਾਜੇ ਨੂੰ ਹੀ ਜਾਣਾ ਹੈ ਕਿ ਉਸ ਨੇ ਕੀ ਨਿਆਂ ਕੀਤਾ ਹੈ। ਰਾਜਾ ਹੋ ਕੇ ਜੇਕਰ ਕੋਈ ਰਾਜਾ ਬੰਦਗੀ ਸਿਮਰਨ ਕਰਕੇ ਨਿਆਂ ਕਰਦਾ ਹੈ ਤਾਂ ਉਹ ਮਹਾਂਬਲੀ ਤਪਸਿਆਵੰਤ ਹੋਵੇਗਾ। ਅਜਿਹਾ ਕਰਨ ਨਾਲ ਉਸ ਨੂੰ ਅਗੱਲੇ ਜਨਮ ਵਿਚ ਵੀ ਰਾਜ ਪ੍ਰਾਪਤ ਹੋਵੇਗਾ। ਰਾਜੇ ਨੂੰ ਚਾਹੀਦਾ ਹੈ ਕਿ ਉਹ ਆਪਣੇ ਉਪਰ ਵੀ ਹਰ ਗੱਲ ਦਾ ਨਿਆਂ ਕਰੇ।
5. ਨਿਆਂ ਬਰਾਬਰ ਬੰਦਗੀ ਵੀ ਨਹੀਂ।
6. ਪ੍ਰੇਮ ਸੁਮਾਰਗ ਵਿਚ ਪੰਜਵੇਂ ਬਚਨ ਅਧੀਨ ਕਰਤਾ ਦਸਦਾ ਹੈ ਕਿ ਰਾਜੇ ਨੇ ਆਪਣੇ ਹਾਕਿਮ ਕਿਹੋ ਜਿਹੇ ਰਖਣੇ ਹਨ। ਪਰਗਣੇ ਪਿਛੇ ਇਕ ਫ਼ੌਜਦਾਰ ਅਤੇ ਇਕ ਤਹਿਸੀਲਦਾਰ ਰੱਖਣ ਦੀ ਤਾਕੀਦ ਕੀਤੀ ਗਈ ਹੈ। ਇਸੇ ਤਰ੍ਹਾਂ ਇਕ ਦੀਵਾਨ ਅਤੇ ਇਕ ਖ਼ਬਰ ਨਵੀਸ ਰਖਣ ਬਾਰੇ ਵੀ ਤਾਕੀਦ ਮਿਲਦੀ ਹੈ। ਇਸ ਦੇ ਨਾਲ ਹੀ ਇਕ ਨਿਆਂਕਾਰ ਰੱਖਣ ਬਾਰੇ ਵੀ ਪ੍ਰੇਮ ਸੁਮਾਰਗ ਵਿਚੋਂ ਪਤਾ ਚਲਦਾ ਹੈ, ਜਿਹੜਾ ਨਿਆਂ ਦਾ ਹਿਸਾਬ

ਕਿਤਾਬ ਕਰ ਕੇ ਫ਼ੈਸਲਾ ਦੇਵੇ ਪਰ ਦੇਵੇ ਫ਼ੌਜਦਾਰ ਦੀ ਸਲਾਹ ਨਾਲ। ਇਥੇ ਇਹ ਗੱਲ ਸਪਸ਼ਟ ਕੀਤੀ ਗਈ ਹੈ ਕਿ ਜੇਕਰ ਨਿਆਂਕਾਰ ਅਨਿਆਂ ਕਰਦਾ ਹੈ ਤਾਂ ਉਸ ਦੀ ਅਤੇ ਫੌਜਦਾਰ ਦੀ ਗਰਦਨ ਕਲਮ ਕਰ ਦਿਤੀ ਜਾਵੇ ਤਾਂ ਜੋ ਅਗੇ ਤੋਂ ਕੋਈ ਹਾਕਮ ਲਾਲਚ ਵਸ ਅਨਿਆਂ ਨਾ ਕਰ ਸਕੇ। ਰਾਜੇ ਨੂੰ ਚਾਹੀਦਾ ਹੈ ਕਿ ਇਨ੍ਹਾਂ ਸਾਰੇ ਹਾਕਮਾਂ ਦੀ ਗੱਲ ਨਾ ਮੰਨਣ ਵਾਲੇ ਨੂੰ ਸਖ਼ਤ ਸਜ਼ਾ ਦਿਤੀ ਜਾਵੇ। ਉਸ ਦੇ ਹਥ ਕਟ ਦਿਤੇ ਜਾਣ।

7. ਪ੍ਰੇਮ ਸੁਮਾਰਗ ਦੀ ਦ੍ਰਿਸ਼ਟੀ ਵਿਚ ਰਾਜੇ ਦਾ ਮੁਢਲਾ ਫਰਜ਼ ਵਿੱਦਿਆ ਦਾ ਵਿਕਾਸ ਕਰਨਾ ਹੁੰਦਾ ਹੈ। ਰਾਜੇ ਨੂੰ ਚਾਹੀਦਾ ਹੈ ਕਿ ਉਹ ਗੁਰਮੁਖੀ ਅੱਖਰਾਂ ਦਾ ਪਰਗਾਸ ਕਰੇ। ਉਹ ਹਰ ਮੁਲਕ ਦੀ ਭਾਸ਼ਾ ਜਾਣਨ ਵਾਲਾ ਵਿਅਕਤੀ ਵਿੱਦਿਆਵੰਤ ਅਕਲਵੰਤ ਲਾਇਕ ਆਪਣੀ ਹਜ਼ੂਰੀ ਵਿਚ ਰਖੇ। ਇਨ੍ਹਾਂ ਦੇ ਨਾਲ ਹੀ ਚਿਤਰਕਾਰ ਐਸੇ ਰਖੇ ਜਿਹੜੇ ਕਿ ਇੰਨ ਬਿੰਨ ਸੂਰਤ ਬਣਾ ਸਕਣ। ਕਮਾਲ ਦੀ ਗੱਲ ਤਾਂ ਇਹ ਹੈ ਕਿ ਇਸ ਗ੍ਰੰਥ ਵਿਚ ਕੀਰਤਨੀਏ ਰਖਣ ਦੀ ਵੀ ਤਾਕੀਦ ਕੀਤੀ ਗਈ ਹੈ। ਕੀਰਤਨੀਏ ਹੋਣ ਵੀ ਐਸੇ, ਜਿਨ੍ਹਾਂ ਦੇ ਰਾਗ ਸੁਣਾਉਣ ਨਾਲ ਦਰਿਆਵਾਂ ਵਿਚ ਚਲਦਾ ਪਾਣੀ ਰੁਕ ਜਾਵੇ ਅਤੇ ਉਡਦੇ ਪੰਛੀ ਠਹਿਰ ਜਾਣ।

8. ਰਾਜੇ ਨੂੰ ਚਾਹੀਦਾ ਹੈ ਕਿ ਆਪਣੇ ਕੋਲ ਖ਼ਬਰਗੀਰ ਬਹੁਤੇ ਰਖੇ। ਹਰ ਸ਼ਹਿਰ, ਮੁਲਕ, ਪਿੰਡ ਦੀ ਖ਼ਬਰ ਰਾਜੇ ਪਾਸ ਪਹੁੰਚਣੀ ਜ਼ਰੂਰੀ ਹੈ, ਕਿਉਂਕਿ ਰਾਜਾ ਆਪਣੀ ਪਰਜਾ ਦਾ ਨਿਗਾਹਬਾਨ ਹੈ। ਜੇ ਕੋਈ ਪਰਜਾ ਵਿਚ ਕਿਸੇ ਵੀ ਕਾਰਨ ਦੁਖੀ ਹੈ, ਭਾਵੇਂ ਉਹ ਮਾਇਆ, ਔਲਾਦ, ਭੁੱਖਮਰੀ, ਕਪੜੇ, ਰੁਜ਼ਗਾਰ ਜਾਂ ਕੋਈ ਕਿਸੇ ਹੋਰ ਪ੍ਰਕਾਰ ਦਾ ਦੁੱਖ ਹੋਵੇ। ਉਸ ਦਾ ਦੁਖ ਨਵਿਰਤ ਕਰਨਾ ਰਾਜੇ ਦਾ ਮੁਢਲਾ ਫ਼ਰਜ਼ ਹੈ।

9. ਰਾਜੇ ਨੂੰ ਚਾਹੀਦਾ ਹੈ ਕਿ ਉਹ ਆਪਣਾ ਸਮਾਂ ਮੁਕਰਰ ਕਰੇ। ਸਮਾਂ ਸਾਰਣੀ ਬਣਾਉਣੀ ਰਾਜੇ ਦਾ ਪ੍ਰਮੁੱਖ ਕਰਮ ਹੈ। ਉਸ ਦੀ ਹਰ ਕਿਰਿਆ ਦਾ ਸਮਾਂ ਨਿਸ਼ਚਿਤ ਹੋਣਾ ਚਾਹੀਦਾ ਹੈ। ਉਹ ਭਾਵੇਂ ਪ੍ਰਸ਼ਾਦਾ ਛਕਣ ਦਾ ਹੋਵੇ, ਵਜ਼ੀਰਾਂ ਨਾਲ ਗੱਲਬਾਤ ਕਰਨ ਦਾ ਹੋਵੇ, ਆਪਣੇ ਨਜ਼ਦੀਕੀਆਂ ਨਾਲ ਬੈਠਣ ਦਾ ਹੋਵੇ ਜਾਂ ਆਪਣੇ ਪਰਿਵਾਰਕ ਮੈਂਬਰਾਂ ਨਾਲ ਗੱਲਬ!ਾਂਤ ਕਰਨ ਦਾ ਹੋਵੇ। ਹਰੇਕ ਕਿਰਿਆ ਦਾ ਸਮਾਂ ਨਿਸ਼ਚਿਤ ਹੋਣਾ ਜ਼ਰੂਰੀ ਹੈ।

10. ਰਾਜੇ ਨੂੰ ਚਾਹੀਦਾ ਹੈ ਕਿ ਉਹ ਆਪਣੀ ਪਰਜਾ ਦੀ ਹਰ ਸਮੇਂ ਖ਼ਬਰ ਲੈਂਦਾ ਰਹੇ ਤਾਂ ਕਿ ਕੋਈ ਰਾਤ ਨੂੰ ਭੁਖਾ ਨੰਗਾ ਨਾ ਸੋਵੇ। ਜੇ ਕੋਈ ਫਰਿਆਦੀ ਉਸ ਦੇ ਦਰ ’ਤੇ ਆਵੇ, ਕੋਈ ਨੰਗਾ ਹੋਵੇ, ਭੁਖਾ ਹੋਵੇ, ਬੇਰੁਜ਼ਗਾਰ ਹੋਵੇ ਜਾਂ ਕਿਸੇ ਨੇ ਆਪਣੀ ਲੜਕੀ ਦਾ ਵਿਆਹ ਕਰਨਾ ਹੋਵੇ ਤਾਂ ਰਾਜੇ ਨੂੰ ਚਾਹੀਦਾ ਹੈ ਕਿ ਉਸ ਦੀ ਮਨਸ਼!ਾਂ ਪੂਰੀ ਕਰੇ।

## 5.9 ਸਾਰ

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ‘ਨਿਆਂ’ ਇਕ ਮਹੱਤਵਪੂਰਨ ਸਦਗੁਣ ਹੈ, ਜਿਸ ਦਾ ਸਬੰਧ ਸਮਾਜ ਨਾਲ ਹੈ। ਗੁਰਬਾਣੀ ਵਿਚ ਨਿਆਂ ਬਾਰੇ ਬੜੀਆਂ ਸਪਸ਼ਟ ਵਿਚਾਰਾਂ ਮਿਲਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਕਾਲਪੁਰਖ ਨੂੰ ਸਰਬ-ਉਚ ਤੇ ਨਿਰਪਖ ਨਿਆਇਕਰਤਾ ਦੇ ਰੂਪ ’ਚ ਚਿਤਰਿਆ ਗਿਆ ਹੈ ਅਤੇ ਨਿਆਇਕ ਸ਼੍ਰੇਣੀ ਨੂੰ ਅਕਾਲਪੁਰਖ ਤੋਂ ਪ੍ਰੇਰਨਾ ਲੈ ਕੇ ਸਚੇ ਨਿਆਂ ਕਰਤਾ ਦੇ ਰੂਪ ’ਚ ਕੰਮ ਕਰਨ ਲਈ ਉਤਸ਼ਾਹਿਤ ਕੀਤਾ ਗਿਆ ਹੈ। ਸਚੇ ਨਿਆਂ ’ਤੇ ਅਧਾਰਿਤ ਸਮਾਜ-ਵਿਵਸਥਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ‘ਹਲੇਮੀ ਰਾਜ’ ਦੇ ਸੰਕਲਪ ਰਾਹੀਂ ਪੇਸ਼ ਕੀਤਾ ਗਿਆ ਹੈ। ਗੁਰਬਾਣੀ ਮੁਤਾਬਕ ‘ਹਲੇਮੀ ਰਾਜ’ ਇਕ ਐਸੀ ਸਮਾਜਕ ਵਿਵਸਥਾ ਹੈ ਜਿਸ ਵਿਚ ਕੋਈ ਮਨੁੱਖ ਕਿਸੇ ਦੂਜੇ ਮਨੁੱਖ ਪ੍ਰਤੀ ਅਨਿਆਂ ਦਾ ਵਿਵਹਾਰ ਨਹੀਂ ਕਰਦਾ। ਸਾਰੇ ਸਚ ਦਾ ਆਸਰਾ ਲੈ ਕੇ ਪਿਆਰ ਭਾਵ ਨਾਲ ਸੁਖੀ ਵਸਦੇ ਹਨ ਅਤੇ ਹਰੇਕ ਦੇ ਹੱਕਾਂ ਦਾ ਪੂਰਨ ਸਨਮਾਨ ਕਰਦੇ ਹਨ। ਗੁਰਬਾਣੀ ਤੋਂ ਬਿਨਾਂ ਸ੍ਰੀ ਦਸਮ ਗ੍ਰੰਥ ਵਿਚ ਵੀ ‘ਜ਼ਫ਼ਰਨਾਮਾ’ ਰਾਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਦੇ ਮਾਧਿਅਮ ਰਾਹੀਂ ਸਮੁੱਚੀ ਮਨੁੱਖਤਾ ਨੂੰ ਨਿਆਂ ਸਬੰਧੀ ਸੇਧ ਦਿਤੀ ਹੈ। ਉਨ੍ਹਾਂ ਨੇ ਬਾਦਸ਼ਾਹ, ਨੇਤਾ, ਸ਼ਾਸਕ ਆਦਿ ਨੂੰ ਪਰਜਾ ਪ੍ਰਤਿ ਆਪਣੇ ਫਰਜ਼ ਨਿਭਾਉਣ ਲਈ ਪ੍ਰੇਰਿਤ ਕੀਤਾ ਹੈ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਨਿਆਂ ਅਤੇ ਅਨਿਆਂ ਪਖ ਨੂੰ ਦ੍ਰਿਸ਼ਟੀਗੋਚਰ ਕਰਕੇ ਇਨਸਾਨ ਨੂੰ ਆਪਣੇ ਹਕਾਂ ਦੀ ਰਾਖੀ ਕਰਦੇ ਹੋਏ ਅਣਖ ਤੇ ਗੈਰਤ ਵਾਲਾ ਜੀਵਨ ਜਿਉਣ ਲਈ ਪ੍ਰੇਰਿਆ। ਗੁਰਬਾਣੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਤੋਂ ਇਲਾਵਾ ਪ੍ਰੇਮ ਸੁਮਾਰਗ ਗ੍ਰੰਥ ਨੇ ਵੀ ਰਾਜ-ਪ੍ਰਬੰਧ ਸਬੰਧੀ ਡੂੰਘੀ ਵਿਚਾਰ ਪੇਸ਼ ਕੀਤੀ ਹੈ, ਜਿਸ ਨੂੰ ਅਪਨਾਅ ਕੇ ਇਕ ਨਿਆਇਕ ਚੰਗਾ ਨਿਆਇਧੀਸ਼ ਬਣ ਸਕਦਾ ਹੈ।

## 5.10 ਸਹਾਇਕ ਪੁਸਤਕ ਸੂਚੀ


**1.** ਨਰੈਣ ਸਿੰਘ, *ਜ਼ਫ਼ਰਨਾਮਾ ਪਾ:੧੦ ਸਟੀਕ*, ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ, ਅੰਮ੍ਰਿਤਸਰ, 1961 (ਤੀਜੀ ਵਾਰ)।

**2.** ਜਸਪਾਲ ਸਿੰਘ (ਡਾ..), *ਰਾਜ ਦਾ ਸਿੱਖ ਸੰਕਲਪ*, ਨਵਯੁਗ ਪਬਲਿਸ਼ਰਜ਼, ਦਿੱਲੀ, 2009.

**3.** ਪਲੈਟੋ, *ਰੀਪਬਲਿਕ*, **(ਅਨੁ.)** ਹਰਿਭਜਨ ਸਿੰਘ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਮੋਹਾਲੀ, 1985.

**4.** ਭਰਥਰੀ ਹਰੀ, *ਨੀਤਿ ਸ਼ਤਕਮ*, ਅਨੁਵਾਦਕ ਸਵਾਮੀ ਵਿਦੇਹਾਤਮਾਨੰਦ, ਰਾਮਕ੍ਰਿਸ਼ਣ ਮਠ, ਨਾਗਪੁਰ, 2016 (ਦੂਜੀ ਵਾਰ)।

5. ਰਣਧੀਰ ਸਿੰਘ, (ਸੰਪਾ.), *ਪ੍ਰੇਮ ਸੁਮਾਰਗ ਗ੍ਰੰਥ*, ਨਿਊ ਬੁਕ ਕੰਪਨੀ, ਜਲੰਧਰ, 2000 (ਤੀਜੀ ਵਾਰ)।

6. Avtar Singh, *Ethics of The Sikhs,* Punjabi University, Patiala, 1996 (IIIrd edition)


## 5.11 ਅਭਿਆਸ ਲਈ ਪ੍ਰਸ਼ਨ

1.ਨਿਆਂ ਤੋਂ ਕੀ ਭਾਵ ਹੈ ? ਵਿਸਤ੍ਰਿਤ ਜਾਣਕਾਰੀ ਦਿਉ।
2.ਨਿਆਂ ਦੇ ਅਰਥ, ਪਰਿਭਾਸ਼ਾ ਅਤੇ ਸਰੂਪ ਉਤੇ ਨੋਟ ਲਿਖੋ।
3.ਸਿੱਖ ਧਰਮ ਵਿਚ ਮਿਲਦੇ ਨਿਆਂ ਸਿਧਾਂਤ ਬਾਰੇ ਜਾਣਕਾਰੀ ਦਿਉ।
4.ਨਿਆਇਧੀਸ਼ ਦੇ ਲਛਣਾਂ 'ਤੇ ਨੋਟ ਲਿਖੋ।
5. ਪ੍ਰੇਮ ਸੁਮਾਰਗ ਗ੍ਰੰਥ ਅਨੁਸਾਰ ਨਿਆਂ ਕੀ ਹੈ? ਇਸ ਦੀ ਦ੍ਰਿਸ਼ਟੀ ਵਿਚ ਅੰਕਿਤ ਰਾਜੇ ਦੇ ਗੁਣਾਂ ਦਾ ਵਰਨਣ ਕਰੋ।

# PROGRAMME: CERTIFICATE COURSE ON VALUE AND LEARNING OF SIKHISM

## COURSE: VALUES AND VIRTUES

## SEMESTER-I

## UNIT 6 – COURAGE

**STRUCTURE**

6.0 ਉਦੇਸ਼

6.1 ਜਾਣ ਪਛਾਣ

6.2 ਸਾਹਸ : ਅਰਥ

6.3 ਸਾਹਸ : ਪਰਿਭਾਸ਼ਾ

6.4 ਸਾਹਸ : ਕਿਸਮਾਂ

6.5 ਸਾਹਸ : ਸਰੂਪ

6.6 ਸਾਹਸ ਪ੍ਰਾਪਤੀ ਦੇ ਸਾਧਨ

- 6.6.1 ਅਕਾਲਪੁਰਖ
- 6.6.2 ਗੁਰੂ
- 6.6.3 ਸਤਿਸੰਗਤ
- 6.6.4 ਨਾਮੁ
- 6.6.5 ਪ੍ਰੇਮ

6.7 ਸਾਹਸੀ ਮਨੁਖ ਦੇ ਗੁਣ

- 6.7.1 ਨਿਮਰਤਾ
- 6.7.2 ਨਿਡਰਤਾ
- 6.7.3 ਖਿਮਾ
- 6.7.4 ਸਹਿਜ ਅਵਸਥਾ
- 6.7.5 ਆਦਰਸ਼
- 6.7.6 ਸਚਾ-ਸੁਚਾ ਆਚਰਣ

6.8 ਸਾਰ

6.9 ਸਹਾਇਕ ਪੁਸਤਕ ਸੂਚੀ

6.10 ਅਭਿਆਸ ਲਈ ਪ੍ਰਸ਼ਨ

### 6.0 ਉਦੇਸ਼

ਇਸ ਪਾਠ ਵਿਚ ਸਾਹਸ ਦੇ ਗੁਣ ਨੂੰ ਸਮਝਣ ਦਾ ਜਤਨ ਕੀਤਾ ਗਿਆ ਹੈ। ਵਖ-ਵਖ ਵਿਦਵਾਨਾਂ ਨੇ ਆਪਣੀਆਂ ਲਿਖਤਾਂ ਰਾਹੀਂ ਵਿਭਿੰਨ ਅਰਥਾਂ ਬਾਰੇ ਜਾਣਕਾਰੀ ਦਿੰਦੇ ਹੋਏ ਇਸ ਦੀਆਂ ਪਰਿਭਾਸ਼ਾਵਾਂ, ਕਿਸਮਾਂ ਅਤੇ ਮੂਲ ਤਤਾਂ ਬਾਰੇ ਵਿਚਾਰ ਪੇਸ਼ ਕੀਤੇ ਹਨ। ਸਾਹਸ ਦੇ ਵਖ-ਵਖ ਪਖਾਂ ਤਕ ਪਹੁੰਚ ਕਰਨ ਲਈ ਪਾਠ ਵਿਚ ਸਾਹਸ ਦੇ

ਅਰਥ, ਪਰਿਭਾਸ਼ਾ ਅਤੇ ਪਰਕਿਰਤੀ ਨੂੰ ਸਮਝਿਆ ਗਿਆ ਹੈ।

## 6.1 ਜਾਣ ਪਛਾਣ

ਸਾਹਸ ਇਕ ਅਜਿਹਾ ਗੁਣ ਹੈ ਜੋ ਇਨਸਾਨ ਨੂੰ ਨੈਤਿਕ ਪਖੋਂ ਮਜ਼ਬੂਤ ਬਣਾ ਕੇ ਉਸਦੇ ਜੀਵਨ ਨੂੰ ਦ੍ਰਿੜ੍ਹਤਾ ਅਤੇ ਪਵਿਤਰਤਾ ਨਾਲ ਭਰਪੂਰ ਕਰ ਦਿੰਦਾ ਹੈ। ਸਾਹਸ ਦੇ ਅਧਾਰ 'ਤੇ ਵਿਅਕਤੀ ਦੁਆਰਾ ਕੀਤਾ ਹੋਇਆ ਹਰ ਕਾਰਜ ਉਸਦੀ ਵਿਅਕਤੀਗਤ, ਸਮਾਜਿਕ ਅਤੇ ਨੈਤਿਕ ਉਨਤੀ ਵਲ ਵਧਦਾ ਹੈ।

## 6.2 ਸਾਹਸ : ਅਰਥ

ਮਨੁੱਖੀ ਸਦਗੁਣਾਂ ਵਿਚੋਂ ਸਾਹਸ ਇਕ ਮਹੱਤਵਪੂਰਨ ਗੁਣ ਹੈ। ਇਸ ਦੀ ਵਿਸਤ੍ਰਿਤ ਜਾਣਕਾਰੀ ਹਾਸਿਲ ਕਰਨ ਤੋਂ ਪਹਿਲਾਂ ਸਾਹਸ ਦੇ ਕੋਸ਼ਗਤ ਅਰਥ ਸਮਝਣਾ ਜ਼ਰੂਰੀ ਹੈ। ਪੰਜਾਬੀ ਦਾ ਸਾਹਸ ਸ਼ਬਦ ਹਿੰਦੀ ਦੇ 'ਸ਼ੌਰਯ' ਸ਼ਬਦ ਦਾ ਸਮਾਨਰਥੀ ਹੈ। ਇਸਦਾ ਸੰਬੰਧ ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਸ਼ੌਰਯਮ' ਨਾਲ ਹੈ, ਜਿਸ ਦੇ ਅਰਥ "ਦਲੇਰੀ, ਤਾਕਤ, ਬਲ, ਸ਼ਕਤੀ ਆਦਿ ਹਨ।" ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਸਾਹਸ ਦੇ ਅਰਥ ਬਲ ਨਾਲ ਕੀਤਾ ਹੋਇਆ ਕਰਮ ਕੀਤੇ ਹਨ। ਉਨ੍ਹਾਂ ਨੇ ਸਾਹਸ ਦੇ ਅਰਥ ਹੌਂਸਲਾ ਅਤੇ ਹਿੰਮਤ ਵੀ ਕੀਤੇ ਹਨ। ਭਾਈ ਵੀਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਵਿਚ ਸਾਹਸ ਲਈ ਸੂਰਤਣ ਸ਼ਬਦ ਦੀ ਵਰਤੋਂ ਕਰਦੇ ਹਨ, ਜਿਸ ਦਾ ਭਾਵ ਉਹ 'ਸੂਰਬੀਰਤਾ' ਤੋਂ ਲੈਂਦੇ ਹਨ। ਵਜ਼ੀਰ ਸਿੰਘ ਅਨੁਸਾਰ ਦਲੇਰੀ ਦਾ ਇਕ ਹੋਰ ਅਰਥ ਡਰ ਅਤੇ ਸਹਿਮ ਤੋਂ ਮੁਕਤੀ ਹੈ। ਡਰ ਨੂੰ ਜੇਕਰ ਵਸ ਵਿਚ ਨਾ ਕੀਤਾ ਜਾਏ ਤਾਂ ਇਹ ਇਕ ਬੁਰਾਈ ਬਣ ਜਾਂਦੀ ਹੈ, ਜੋ ਵਿਅਕਤੀ ਦੇ ਮਨੋਭਾਵਾਂ, ਸੂਝ ਅਤੇ ਨਿਰਣਿਆਂ ਨੂੰ ਕਮਜ਼ੋਰ ਕਰਦੀ ਰਹਿੰਦੀ ਹੈ। ਜੀਵਨ ਨੂੰ ਨਿਡਰਤਾ ਅਤੇ ਦਲੇਰੀ ਨਾਲ ਜਿਉਂ ਕੇ ਕਦਰਾਂ-ਕੀਮਤਾਂ ਦੀ ਕਮਾਈ ਹਿਤ ਆਪਣਾ ਕਰਤਵ ਨਿਭਾਉਂਦੇ ਜਾਣਾ ਸਦਾਚਾਰਕ ਦ੍ਰਿਸ਼ਟੀਕੋਣ ਤੋਂ ਵਧੇਰੇ ਸਾਰਥਿਕ ਜਾਪਦਾ ਹੈ।

ਅਸਲ ਵਿਚ ਸਾਹਸ ਇਕ ਗੁੰਝਲਦਾਰ ਸਦਗੁਣ ਹੈ, ਜਿਸ ਨੂੰ ਬਹੁ-ਅਰਥੀ ਸਮਝਿਆ ਜਾਂਦਾ ਹੈ। ਸਾਹਸ ਦਾ ਅੰਗਰੇਜ਼ੀ ਅਨੁਵਾਦ 'courage' ਹੈ, ਜੋ ਕਿ ਲਾਤੀਨੀ ਭਾਸ਼ਾ ਦੇ ਸ਼ਬਦ 'cor' ਤੋਂ ਬਣਿਆ ਹੈ, ਜਿਸ ਦਾ ਅਰਥ 'heart' ਹੈ। ਅੰਗਰੇਜ਼ੀ ਵਿਚ courage ਦੇ ਸਮਾਨਅਰਥੀ ਵਜੋਂ bravery ਸ਼ਬਦ ਵੀ ਵਰਤਿਆ ਜਾਂਦਾ ਹੈ, ਜਿਸਦੇ ਕੋਸ਼ਗਤ ਅਰਥ ਸੂਰਬੀਰਤਾ, ਦਲੇਰੀ, ਹਿੰਮਤ ਅਤੇ ਬਹਾਦਰੀ ਆਦਿ ਹਨ। ਇਸ ਤੋਂ ਬਿਨਾਂ ਸਾਹਸ ਲਈ ਅੰਗਰੇਜ਼ੀ ਵਿਚ fortitude, ਜਿਸ ਦੇ ਅਰਥ ਹੌਂਸਲਾ, ਹਿੰਮਤ, ਸਾਹਸ, ਜੇਰਾ, ਸਿਦਕ ਤੇ ਤਾਕਤ ਹਨ ਅਤੇ valour ਸ਼ਬਦ ਵੀ ਵਰਤੇ ਗਏ ਹਨ, ਜਿਸ ਦੇ ਅਰਥ ਬਹਾਦਰੀ, ਦਲੇਰੀ, ਬੀਰਤਾ ਤੇ ਸੂਰਮਤਾਈ ਆਦਿ ਹਨ। ਅੰਗਰੇਜ਼ੀ ਦੇ ਇਨ੍ਹਾਂ ਤਿੰਨਾਂ ਸ਼ਬਦਾਂ ਵਿਚੋਂ ਕਿਸ ਸ਼ਬਦ ਦਾ ਪ੍ਰਯੋਗ ਕਿਹੜੀ ਹਾਲਤ ਵਿਚ ਕਰਨਾ ਹੈ, ਇਹ ਆਪਣੇ ਆਪ ਵਿਚ ਕਠਿਨ ਕਾਰਜ ਹੈ।

## 6.3 ਪਰਿਭਾਸ਼ਾ

ਸਾਹਸ ਸ਼ਬਦ ਦੀਆਂ ਅਨੇਕ ਪਰਿਭਾਸ਼ਾਵਾਂ ਦਿਤੀਆਂ ਜਾ ਸਕਦੀਆਂ ਹਨ। ਸਰਵ-ਪ੍ਰਥਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਸਾਹਸ ਦੀ ਪਰਿਭਾਸ਼ਾ ਸਮਝੀ ਜਾ ਸਕਦੀ ਹੈ। ਗੁਰਬਾਣੀ ਦੀ ਦ੍ਰਿਸ਼ਟੀ ਵਿਚ ਸਿਰਫ ਦੁਖ ਅਤੇ ਡਰ ਨਾਲ ਲੜਨਾ ਹੀ ਸਾਹਸ ਨਹੀਂ, ਸਗੋਂ ਆਪਣੀਆਂ ਇਛਾਵਾਂ ਅਤੇ ਖੁਸ਼ੀਆਂ ਉਤੇ ਕਾਬੂ ਕਰਨਾ ਵੀ ਸੂਰਬੀਰਤਾ ਹੈ :

*ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੮੯)

ਸਾਹਸ ਨੂੰ ਕਈ ਤਰੀਕਿਆਂ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ। ਕੋਸ਼!ਂ ਵਿਚ ਜਿਥੇ ਸਾਹਸ ਦੇ ਅਰਥ ਪ੍ਰਾਪਤ ਹੁੰਦੇ ਹਨ, ਉਥੇ ਨਾਲ ਹੀ ਸਾਹਸ ਦੀ ਪਰਿਭਾਸ਼ਾ ਵੀ ਮਿਲਦੀ ਹੈ, ਮਿਸਾਲ ਵਜੋਂ ਰੈਨਡਮ ਡਿਕਸ਼ਨਰੀ ਅਨੁਸਾਰ, "ਸਾਹਸ ਤੋਂ ਭਾਵ ਮਨ ਅਤੇ ਆਤਮਾ ਦੇ ਉਸ ਗੁਣ ਤੋਂ ਹੈ ਜੋ ਵਿਅਕਤੀ ਨੂੰ ਕਠਿਨ ਹਾਲਾਤਾਂ ਵਿਚ, ਦੁਖ ਅਤੇ ਖਤਰੇ ਦਾ ਸਾਹਮਣਾ ਕਰਨ ਦੇ ਯੋਗ ਬਣਾਉਂਦੀ ਹੈ ਇਸ ਦੇ ਹੁੰਦਿਆਂ ਵਿਅਕਤੀ ਆਪਣੇ ਸਿਧਾਂਤਾਂ 'ਤੇ ਦ੍ਰਿੜ੍ਹ ਰਹਿੰਦਾ ਹੋਇਆ ਕਾਰਜ ਕਰਦਾ ਹੈ।"

ਇਸੇ ਤਰ੍ਹਾਂ ਵਖ-ਵਖ ਵਿਦਵਾਨਾਂ ਨੇ ਵੀ ਸਾਹਸ ਨੂੰ ਆਪੋ-ਆਪਣੇ ਦਿਸ਼ਟੀਕੋਣ ਤੋਂ ਪਰਿਭਾਸ਼ਿਤ ਕੀਤਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਜੋ ਪੁਰਸ਼ ਕਾਯਰਤਾ ਨੂੰ ਮਨ ਵਿਚ ਕਦੇ ਨਹੀਂ ਆਉਣ ਦਿੰਦੇ ਅਤੇ ਜੰਗ ਵਿਚ ਸ਼ਤਰੂ ਨੂੰ ਪਿਠ ਨਹੀਂ ਦਿਖਾਉਂਦੇ ਅਤੇ ਵਿਸ਼ਯ-ਵਿਕਾਰਾਂ ਉਤੇ ਫਤਿਹ ਪਾਉਂਦੇ ਹਨ, ਉਹ ਸਭ ਤੋਂ ਸਨਮਾਨਯੋਗ

ਬਹਾਦਰ ਹਨ।"

ਅਵਤਾਰ ਸਿੰਘ ਅਨੁਸਾਰ, "ਸਿੱਖਾਂ ਦੀਆਂ ਕਦਰਾਂ-ਕੀਮਤਾਂ ਵਿਚ ਸਾਹਸ ਕੇਂਦਰੀ ਗੁਣ ਹੈ। ਇਹ ਇਸ ਤਰ੍ਹਾਂ ਜਾਣਿਆ ਜਾ ਸਕਦਾ ਹੈ ਕਿ ਇਸ ਤੋਂ ਬਿਨ੍ਹਾਂ ਬ!ਾਂਕੀ ਦੇ ਸਾਰੇ ਗੁਣਾਂ ਦੀ ਸਾਰਥਕਤਾ ਨਹੀਂ ਹੁੰਦੀ।"

ਜੋਗਿੰਦਰ ਸਿੰਘ ਅਨੁਸਾਰ "ਕ੍ਰੋਧ ਦੀ ਸੰਤੁਲਨ ਅਵਸਥਾ ਵਿਚ ਬੁੱਧੀ ਅਧੀਨ ਰਹਿ ਕੇ ਚਲਨ ਤੋਂ ਬੀਰਤਾ ਅਰਥਾਤ ਸ਼ੁਜਾਅਤ (courage) ਪੈਦਾ ਹੁੰਦੀ ਹੈ।"

ਇਸੇ ਤਰ੍ਹਾਂ ਵਜ਼ੀਰ ਸਿੰਘ ਪਲੈਟੋ ਦੇ ਹਵਾਲੇ ਨਾਲ ਲਿਖਦੇ ਹਨ, "ਦਲੇਰੀ ਇਕ ਸਦਗੁਣ ਹੈ। ਇਸ ਤੋਂ ਉਸਦਾ ਭਾਵ ਜੰਗ ਦੇ ਮੈਦਾਨ ਵਿਚ ਮਰਦਾਨਗੀ ਅਤੇ ਸਾਹਸ ਸੀ, ਜਿਸ ਨੇ ਮਗਰੋਂ ਵਿਅਕਤੀ ਦੇ ਸਾਹਸ ਦਾ ਅਰਥ ਧਾਰਨ ਕੀਤਾ। ਬਹਾਦਰ ਸੂਰਮਾ ਜੋ ਜਾਨ ਨੂੰ ਤਲੀ ਉਤੇ ਰਖ ਕੇ ਲੜਦਾ ਹੈ, ਰਣ-ਭੂਮੀ ਦਾ ਨਾਇਕ ਹੈ। ਪਰ ਸਦਾਚਾਰਕ ਯੋਧਾ ਨਿਜੀ ਅਤੇ ਸਮਾਜਕ ਕੁਰੀਤੀਆਂ ਦੇ ਵਿਰੁਧ ਸੰਗਰਾਮ ਦਾ ਨਾਇਕ ਹੈ। ਬਹਾਦਰ ਵਿਅਕਤੀ ਮਨਚਿੰਦੀਆਂ ਕਦਰਾਂ-ਕੀਮਤਾਂ ਖਾਤਿਰ ਕੁਰਬਾਨੀ ਦੇਣ ਅਤੇ ਕਸ਼ਟ ਸਹਿਣ ਲਈ ਤਤਪਰ ਰਹਿੰਦਾ ਹੈ।"

ਤੇਜਾ ਸਿੰਘ ਕੋਹਲੀ ਅਨੁਸਾਰ, "ਬੀਰਤਾ ਉਨ੍ਹਾਂ ਮਨੁੱਖੀ ਗੁਣਾਂ ਦਾ ਸੰਗ੍ਰਹਿ ਹੈ ਜੋ ਮਾਨਵ ਕਲਿਆਣ ਦੀ ਹਮਦਰਦੀ, ਪ੍ਰੇਮ-ਪਿਆਰ, ਸੰਜਮ, ਦਇਆ, ਧਰਮ, ਧੀਰਜ ਆਦਿ ਨੂੰ ਕਾਇਮ ਰਖਣ।"

ਜਸਬੀਰ ਸਿੰਘ ਸਾਬਰ ਅਨੁਸਾਰ,"ਸਾਹਸ ਇਕ ਦੈਵੀ ਗੁਣ ਹੈ ਜਿਹੜਾ ਦੀਨ-ਹੀਨ ਦੀ ਰਖਿਆ ਲਈ ਆਪਾ ਵਾਰਨ ਅਤੇ ਪਰਉਪਕਾਰੀ ਭਾਵਨਾ ਦੇ ਚਾਉ ਨਾਲ ਜੁੜਿਆ ਹੁੰਦਾ ਹੈ। ਧੀਰਜ, ਧਰਮ, ਉਪਕਾਰ, ਉਦਾਰਤਾ ਆਦਿ ਰੁਚੀ ਦੀ ਧਾਰਨਾ ਸਾਹਸ ਵਿਚ ਸਮਾਏ ਰਹਿੰਦੇ ਹਨ।"

ਪੱਛਮੀ ਚਿੰਤਨ ਵਿਚ ਸਾਹਸ ਨੂੰ ਡਰ ਦੇ ਉਲਟ ਪ੍ਰਵਾਨ ਕੀਤਾ ਗਿਆ ਹੈ। ਅਰਸਤੂ ਅਨੁਸਾਰ "ਸਾਹਸ ਨੂੰ ਦੋ ਭਾਵਨਾਵਾਂ ਵਜੋਂ ਵੇਖਿਆ ਜਾ ਸਕਦਾ ਹੈ : ਇਕ ਡਰ ਦੀ ਭਾਵਨਾ ਤੇ ਦੂਜੀ ਭਰੋਸੇ ਦੀ ਭਾਵਨਾ। ਇਸ ਦੀ ਵਿਆਖਿਆ ਕਰਦਾ ਹੋਇਆ ਉਹ ਕਹਿੰਦਾ ਹੈ ਕਿ ਜੋ ਇਨਸਾਨ ਭਰੋਸੇ ਦੀ ਭਾਵਨਾ ਅਨੁਸਾਰ ਕਾਰਜ ਕਰਦਾ ਹੈ ਉਸਨੂੰ ਬਹਾਦਰ ਆਖਿਆ ਜਾਂਦਾ ਹੈ। ਪਰ ਦੂਜੇ ਪਾਸੇ ਜੋ ਇਨਸਾਨ ਡਰ ਦੀ ਭਾਵਨਾ ਨੂੰ ਵਧਾ ਲੈਂਦਾ ਹੈ ਅਤੇ ਭਰੋਸੇ ਨੂੰ ਮਨਫੀ ਕਰ ਲੈਂਦਾ ਹੈ ਉਸ ਨੂੰ ਡਰਪੋਕ ਇਨਸਾਨ ਵਜੋਂ ਜਾਣਿਆ ਜਾਂਦਾ ਹੈ।"

ਜੌਹਨ ਓ' ਬਰਾਇਨ ਅਨੁਸਾਰ "ਸਾਹਸ ਮਨ ਦੀ ਇਕ ਅਜਿਹੀ ਯੋਗਤਾ ਹੈ ਜੋ ਇਨਸਾਨ ਨੂੰ ਖਤਰਿਆਂ ਅਤੇ ਮੁਸੀਬਤਾਂ ਨੂੰ ਦ੍ਰਿੜ੍ਹਤਾ ਅਤੇ ਨਿਰਭੈਤਾ ਨਾਲ ਨਜਿਠਣ ਦੇ ਯੋਗ ਬਣਾਉਂਦੀ ਹੈ।"

ਏਲਿਚ ਹਾਡਨਰ ਅਨੁਸਾਰ "ਸਾਹਸ ਉਚੇ ਸਮਾਜ ਨਾਲ ਸੰਬੰਧ ਰਖਦਾ ਹੈ, ਜਿਸ ਨੂੰ ਬੌਧਿਕ ਸਾਹਸ ਕਹਿੰਦੇ ਹਨ। ਇਸ ਸਦਕਾ ਇਕ ਇਨਸਾਨ ਆਪਣੀ ਸ਼ਕਤੀ ਅਤੇ ਦ੍ਰਿੜਤਾ ਦਾ ਨਿਆਂਪੂਰਨ ਅਤੇ ਸਹੀ ਤਰ੍ਹਾਂ ਨਾਲ ਪ੍ਰਯੋਗ ਕਰਦਾ ਹੋਇਆ ਆਪਣੇ ਵਿਸ਼ਵਾਸਾਂ ਅਤੇ ਸਿਧਾਤਾਂ 'ਤੇ ਕਾਇਮ ਰਹਿੰਦਾ ਹੈ ਅਤੇ ਸਮਾਜਕ ਅਸਹਿਮਤੀ ਤੇ ਮਾਨਸਿਕ ਪ੍ਰੇਸ਼!ਾਂਨੀ ਦੀ ਪ੍ਰਵਾਹ ਨਹੀਂ ਕਰਦਾ।"

ਧਰਮ ਸ਼ਾਸਤਰੀ ਪੋਲ ਟਿਲਿਚ ਥਾਮਸ ਦੇ ਹਵਾਲੇ ਨਾਲ ਲਿਖਦਾ ਹੈ, "ਸਾਹਸ, ਮਨ ਦੀ ਸ਼ਕਤੀ ਹੈ ਜੋ ਇਨਸਾਨ ਨੂੰ ਉਚ ਆਦਰਸ਼ਾ ਦੀ ਪ੍ਰਾਪਤੀ ਦੇ ਰਾਹ ਵਿਚ ਆਉਂਦੀ ਹਰ ਰੁਕਾਵਟ ਉਤੇ ਜਿਤ ਪ੍ਰਾਪਤ ਕਰਨ ਦੇ ਸਮਰਥ ਬਣਾਉਂਦੀ ਹੈ।"

### 6.4 ਸਾਹਸ : ਕਿਸਮਾਂ

ਸਿੱਖ ਧਰਮ ਵਿਚ ਸਾਹਸ ਸਰਬਤ ਦੇ ਭਲੇ ਲਈ ਪਵਿਤਰ ਭਾਵਨਾ ਵਜੋਂ ਪ੍ਰਗਟ ਹੁੰਦੀ ਹੈ। ਸਾਹਸ ਮੁਖ ਰੂਪ ਵਿਚ ਦੋ ਪ੍ਰਕਾਰ ਦੀ ਹੁੰਦੀ ਹੈ : ਅੰਦਰੂਨੀ ਅਤੇ ਬਾਹਰੀ। ਅੰਦਰੂਨੀ ਸਾਹਸ ਵਿਅਕਤੀ ਦੇ ਅਧਿਆਤਮਕ ਜੀਵਨ ਨਾਲ ਸਬੰਧਿਤ ਹੁੰਦੀ ਹੈ। ਸਿੱਖ ਆਪਣੇ ਜੀਵਨ ਵਿਚ ਅਧਿਆਤਮਕ ਵਿਕਾਸ ਲਈ ਰੁਕਾਵਟ ਬਣਦੇ ਕਾਮ, ਕ੍ਰੋਧ, ਲੋਭ, ਮੋਹ, ਅਤੇ ਅਹੰਕਾਰ ਨਾਲ ਜੁਧ ਕਰਦਾ ਹੈ। ਇਸੇ ਤਰ੍ਹਾਂ ਬਾਹਰੀ ਸਾਹਸ ਸਰਬਤ ਦੇ ਭਲੇ ਲਈ ਪ੍ਰੇਰਕ ਹੁੰਦੀ ਹੈ। ਡਾ. ਤਾਰਨ ਸਿੰਘ ਲਿਖਦੇ ਹਨ, "ਗੁਰਮਤਿ ਸਾਹਿਤ ਵਿਚ ਪਹਿਲਾਂ ਅੰਦਰਲੀ ਸੂਰਬੀਰਤਾ ਦਾ ਧੁਰਾ ਕਾਇਮ ਕੀਤਾ ਗਿਆ ਹੈ। ਇਹ ਭਗਤੀ ਹੈ, ਫਿਰ ਸ਼ੁਭ ਕਰਮਨ ਲਈ ਬਾਹਰਲੀ ਜੁਧਾਂ ਦੀ ਸੂਰਬੀਰਤਾ ਦਰਸਾਈ ਹੈ, ਇਹ ਸ਼ਕਤੀ ਹੈ। ਅੰਦਰਲੀ ਅਤੇ ਬ!ਾਂਹਰਲੀ ਸੂਰਬੀਰਤਾ ਇਕਸੁਰ ਹੋ ਜਾਂਦੀਆਂ ਹਨ ਤਾਂ ਧਰਮੀ ਪੁਰਖ, ਪੂਰਨ ਮਨੁੱਖ ਜਾਂ ਸੰਤ-ਸਿਪਾਹੀ ਦੇ ਦਰਸ਼ਨ ਹੁੰਦੇ ਹਨ।" ਇਹ ਵਿਚਾਰ ਸੂਰਮੇ ਦੇ ਜ਼ਰੂਰੀ ਲਛਣਾਂ ਵਲ ਇਸ਼ਾਰਾ ਕਰਦੇ ਹਨ ਕਿ ਅਸਲ

ਸੂਰਮਾ ਪਹਿਲਾਂ ਮਨ 'ਤੇ ਹਮਲਾ ਕਰਨ ਵਾਲੇ ਪੰਜ ਵਿਕਾਰਾਂ ਨੂੰ ਵਸ ਵਿਚ ਕਰਦਾ ਹੈ ਅਤੇ ਫਿਰ ਸਰਬਤ ਦੇ ਭਲੇ ਲਈ ਹਰ ਮੁਸੀਬਤ ਦਾ ਸਾਹਮਣਾ ਕਰਦਾ ਹੈ। ਇਸ ਲਈ ਭਾਵੇਂ ਉਸ ਨੂੰ ਆਪਣੀ ਜਾਨ ਵੀ ਕਿਉਂ ਨਾ ਦੇਣੀ ਪਵੇ।

**6.4ਸਾਹਸ : ਸਰੂਪ**

ਸਾਹਸ ਅੰਦਰੂਨੀ ਅਤੇ ਬਾਹਰੀ ਬੁਰਾਈਆਂ ਨਾਲ ਟਕਰ ਲੈਣ ਵਾਲੀ ਮੁਖ ਤਾਕਤ ਵਜੋਂ ਉਭਰ ਕੇ ਸਾਹਮਣੇ ਆਉਂਦੀ ਹੈ, ਜਿਸ ਵਿਚ ਮਨੁੱਖ ਦੀਆਂ ਕਦਰਾਂ-ਕੀਮਤਾਂ ਅਤੇ ਅਧਿਆਤਮਕ ਕੀਮਤਾਂ ਦੀ ਹੋਂਦ ਬਰਕਰਾਰ ਰਹਿੰਦੀ ਹੈ। ਫਲਸਰੂਪ, ਸਾਹਸ ਮਾਨਵ ਕਲਿਆਣ ਲਈ ਸਾਰਥਿਕ ਭੂਮਿਕਾ ਅਦਾ ਕਰਦਾ ਹੈ।

ਸਾਹਸ ਆਮ ਜੀਵਨ ਵਿਚ ਵਿਚਰਨ ਵਾਲੇ ਹਰ ਇਨਸਾਨ ਦੀ ਜ਼ਰੂਰਤ ਹੈ ਜੋ ਆਪਣੀ ਜ਼ਿੰਦਗੀ ਦੀਆਂ ਜ਼ਿੰਮੇਵਾਰੀਆਂ ਨਿਭਾਉਣਾ ਚਾਹੁੰਦਾ ਹੈ। ਵਿਅਕਤੀ ਨੂੰ ਆਪਣੀ ਜ਼ਿੰਦਗੀ ਦੇ ਕਾਰਜ ਨਿਭਾਉਂਦੇ ਹੋਏ ਕਈ ਔਕੜਾਂ. 'ਚੋਂ ਗੁਜ਼ਰਨਾ ਪੈਂਦਾ ਹੈ, ਜਿਨ੍ਹਾਂ ਨਾਲ ਨੈਤਿਕ ਅਤੇ ਸਰੀਰਕ ਸਾਹਸ ਨਾਲ ਹੀ ਨਜਿਠਿਆ ਜਾ ਸਕਦਾ ਹੈ। ਅਜਿਹੇ ਬਹਾਦਰਾਂ ਨੂੰ ਗੁਰਬਾਣੀ ਪ੍ਰੇਰਨਾ ਦਿੰਦੀ ਹੈ :

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)

ਭਾਵ ਸੁਖ ਅਤੇ ਦੁਖ ਵਿਚ ਇਕ ਰਸ ਅਡੋਲ ਰਹਿਣਾ ਸਾਹਸ ਹੈ, ਕਿਉਂਕਿ ਸੁਖ ਅਤੇ ਦੁਖ ਮਨੁੱਖੀ ਮਨ ਉਤੇ ਆਪਣਾ ਪ੍ਰਭਾਵ ਪਾਉਂਦੇ ਹਨ, ਜਿਸ ਪ੍ਰਭਾਵ ਅਧੀਨ ਆਮ ਮਨੁੱਖ ਆਪਣੇ ਅਸਲ ਉਦੇਸ਼ ਤੋਂ ਭਟਕ ਜਾਂਦਾ ਹੈ।

ਮੋਹਨ ਸਿੰਘ ਵੈਦ ਸਾਹਸੀ ਵਿਅਕਤੀ ਦੇ ਸੁਭਾਅ ਬਾਰੇ ਲਿਖਦੇ ਹਨ, "ਬੀਰ ਪੁਰਖ ਦਾ ਦਿਲ ਸਭਨਾਂ ਦਾ ਦਿਲ ਹੋ ਜਾਂਦਾ ਹੈ। ਉਸਦਾ ਮਨ ਸਭਨਾਂ ਦਾ ਮਨ ਹੋ ਜਾਂਦਾ ਹੈ। ਉਸਦੇ ਖਿਆਲ ਸਭਨਾਂ ਦੇ ਖਿਆਲ ਹੋ ਜਾਂਦੇ ਹਨ। ਸਭਨਾਂ ਦੇ ਸੰਕਲਪ ਉਸਦੇ ਸੰਕਲਪ ਹੋ ਜਾਂਦੇ ਹਨ। ਉਸਦਾ ਬਲ ਸਭਨਾਂ ਦਾ ਬਲ ਹੋ ਜਾਂਦਾ ਹੈ। ਉਹ ਸਭ ਦਾ ਤੇ ਸਭ ਉਸਦੇ ਹੋ ਜਾਂਦੇ ਹਨ।"

**6.6 ਸਾਹਸ ਪ੍ਰਾਪਤੀ ਦੇ ਸਾਧਨ**

ਸਾਹਸ, ਜੀਵਨ ਵਿਚ ਆਪਣੇ ਆਪ ਆਉਣ ਵਾਲਾ ਗੁਣ ਨਹੀਂ, ਬਲਕਿ ਇਹ ਦੈਵੀ ਗੁਣ ਹੈ। ਸਿੱਖ ਧਰਮ ਵਿਚ ਸਾਹਸ ਹਾਸਿਲ ਕਰਨ ਲਈ ਕਈ ਸਾਧਨ ਦਰਸਾਏ ਗਏ ਹਨ, ਜਿਨ੍ਹਾਂ ਵਿਚ ਅਕਾਲਪੁਰਖ, ਗੁਰੂ, ਨਾਮੁ, ਸਤਸੰਗਤਿ ਅਤੇ ਨਿਮਰਤਾ ਆਦਿ ਸ਼ਾਮਿਲ ਹਨ। ਇਨ੍ਹਾਂ ਦੀ ਸੰਖੇਪ ਵਿਚਾਰ ਹੇਠ ਦਿਤੇ ਅਨੁਸਾਰ ਹੈ :

**6.6.1 ਅਕਾਲਪੁਰਖ**

ਸਿੱਖ ਧਰਮ ਵਿਚ ਇਕ ਪਰਮਾਤਮਾ ਪ੍ਰਤੀ ਦ੍ਰਿੜ ਵਿਸ਼ਵਾਸ ਪ੍ਰਗਟਾਇਆ ਗਿਆ ਹੈ:

*ਸਾਹਿਬੁ ਮੇਰਾ ਏਕੋ ਹੈ॥*
*ਏਕੋ ਹੈ ਭਾਈ ਏਕੋ ਹੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੦)

ਪਰਮਸਤਿ, ਭਾਵ ਅਕਾਲਪੁਰਖ ਪ੍ਰਤਖ ਅਤੇ ਜ਼ਾਹਰ ਜ਼ਹੂਰ ਹੈ ਹੋਂਦ ਦਾ ਨਾਮ ਹੈ :

*ਬੇਦ ਕਤੇਬ ਸੰਸਾਰ ਹਭਾ ਹੂੰ ਪਾਹਰਾ॥*
*ਨਾਨਕ ਕਾ ਪਤਿਸਾਹੁ ਦਿਸੈ ਜ਼ਾਹਰਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੯੭)

ਅਕਾਲਪੁਰਖ ਦੇ ਇਸ ਸਰੂਪ ਦੀ ਵਿਆਖਿਆ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਵਿਚ ਵੀ ਭਲੀ-ਭਾਂਤ ਮਿਲਦੀ ਹੈ। ਭਾਈ ਸਾਹਿਬ ਨੇ ਪਰਮਸਤਿ ਦੇ ਸਰੂਪ ਦੀ ਵਿਆਪਕਤਾ ਇਸ ਤਰ੍ਹਾਂ ਦਰਸਾਈ ਹੈ :

*ਫੁੱਲਾਂ ਅੰਦਰਿ ਵਾਸੁ ਹੈ ਹੋਇ ਭਵਰੁ ਲੁਭਾਣਾ॥*
*ਅੰਬ!ਾਂ ਅੰਦਰਿ ਰਸ ਧਰੈ ਕੋਇਲ ਰਸੁ ਮਾਨਾ॥*
*ਮੋਰ ਬਬੀਆ ਹੋਇ ਕੈ ਘਣ ਵਰਸ ਸਿਵਾਣਾ॥*
*ਖੀਰ ਨੀਰ ਸੰਜੋਗ ਹੋਇ ਕਲੀਕੰਦ ਵਖਾਣਾ॥*

*ਓਅੰਕਾਰੁ ਆਕਾਰੁ ਕਰਿ ਹੋਇ ਪਿੰਡ ਪਰਾਣਾ॥*
*ਆਪੇ ਆਪਿ ਵਰਤਦਾ ਗੁਰਮੁਖਿ ਪਰਵਾਣਾ॥*

(*ਵਾਰਾਂ ਭਾਈ ਗੁਰਦਾਸ ਜੀ*, ਵਾਰ/ਪਉੜੀ-2/20)

ਇਸ ਦੇ ਨਾਲ ਹੀ ਅਕਾਲਪੁਰਖ ਦੇ ਸਰੂਪ ਦੀ ਨਿਰਲੇਪਤਾ ਤੇ ਪੂਰਨਤਾ ਨੂੰ ਵੀ ਆਪਣੀਆਂ ਵਾਰਾਂ ਦੁਆਰਾ ਭਾਈ ਸਾਹਿਬ ਨੇ ਇਉਂ ਸਪਸ਼ਟ ਕੀਤਾ ਹੈ :

*ਪਰਵਦਗਾਰ ਸਲਾਹੀਐ ਸਿਰਠਿ ਉਪਾਈ ਰੰਗ ਬਿਰੰਗੀ॥*
*ਰਾਜਿਕੁ ਰਿਜਕੁ ਸਬ!ਾਂਹਿਦਾ ਸਭਨਾ ਦਾਤਿ ਕਰੇ ਅਣਮੰਗੀ॥*
*ਕਿਸੈ ਜਿਵੇਹਾ ਨਾਹਿ ਕੋ ਦੁਬਿਧਾ ਅੰਦਰਿ ਮੰਦੀ ਚੰਗੀ॥*
*ਪਾਰਬ੍ਰਹਮੁ ਨਿਰਲੇਪੁ ਹੈ ਪੂਰਨੁ ਬ੍ਰਹਮੁ ਸਦਾ ਸਹਲੰਗੀ॥*
*ਵਰਨਾਂ ਚਿਹਨਾਂ ਬ!ਾਂਹਰਾ ਸਭਨਾ ਅੰਦਰਿ ਹੈ ਸਰਬੰਗੀ॥*
*ਪਉਣ ਪਾਣੀ ਬੈਸੰਤਰੁ ਸੰਗੀ॥*

(*ਵਾਰਾਂ ਭਾਈ ਗੁਰਦਾਸ ਜੀ*, ਵਾਰ/ਪਉੜੀ-18/10)

ਅਕਾਲਪੁਰਖ ਇਕ ਹੋ ਕੇ ਵੀ ਅਨੇਕ ਰੂਪ ਧਾਰਨ ਕਰਕੇ ਸ੍ਰਿਸ਼ਟੀ ਵਿਚ ਸਮਾਇਆ ਹੋਇਆ ਹੈ। ਉਹ ਆਪ ਹੀ ਭਿਖਾਰੀ ਵਿਚ ਜੋਤਿ ਰੂਪ ਹੋ ਕੇ ਭੀਖ ਮੰਗ ਰਿਹਾ ਹੈ ਅਤੇ ਆਪ ਹੀ ਮਹਾਰਾਜਾ ਬਣਿਆ ਹੋਇਆ ਹੈ। ਇਹ ਉਸ ਦਾ ਨਿਰਗੁਣ ਤੇ ਸਰਗੁਣ ਸਰੂਪ ਸਮੁਚੀ ਕਾਇਨਾਤ ਨੂੰ ਆਪਣੇ ਹੁਕਮ ਅਨੁਸਾਰ ਗਤੀਮਾਨ ਕਰ ਰਿਹਾ ਹੈ:

*ਕਤਹੂੰ ਸੁਚੇਤ ਹੁਇ ਕੈ ਚੇਤਨਾ ਕੋ ਚਾਰ ਕੀਓ*
*ਕਤਹੂੰ ਅਚਿੰਤ ਹੁਇ ਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇ ਕੈ ਮਾਂਗਤ ਫਿਰਤ ਭੀਖ*
*ਕਹੂੰ ਮਹਾਂਦਾਨ ਹੁਇ ਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਂਰਾਜਨ ਕੋ ਦੀਜਤ ਅਨੰਤ ਦਾਨ*
*ਕਹੂੰ ਮਹਾਂਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪਰੀਤ*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥*

(*ਸ੍ਰੀ ਦਸਮ ਗ੍ਰੰਥ ਸਾਹਿਬ,* ਪੰਨਾ 12)

ਡਾ. ਸ਼ੇਰ ਸਿੰਘ ਅਨੁਸਾਰ "ਰਬ ਦੀ ਹੋਂਦ ਇਕ ਰੂਹਾਨੀ ਤਜ਼ਰਬ!ਾਂ ਹੈ, ਆਤਮਾ ਦਾ ਇਕ ਗਿਆਨ ਹੈ। ਇਕ ਅਲੌਕਿਕ ਅਹਿਸਾਸ ਹੈ, ਜਿਹੜਾ ਮਨ ਤਨ ਨਾਲ ਪੈਦਾ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਗੱਲਾਂ ਨਾਲ ਦਰਸਾਇਆ ਜਾ ਸਕਦਾ ਹੈ।" ਡਾ. ਵਜੀਰ ਸਿੰਘ ਨੇ ਪਰਮਸਤਿ ਨੂੰ ਈਸ਼ਵਰਵਾਦ ਦਾ ਨਾਂ ਦਿਤਾ ਹੈ ਜੋ ਪਰਮਸਤਿ ਨੂੰ ਵਿਸ਼ਵਾਸ ਅਧੀਨ ਦਸਦੇ ਹਨ। ਡਾ. ਸਾਹਿਬ ਅਨੁਸਾਰ "ਈਸ਼ਵਰਵਾਦ ਦੀ ਸਮਸਿਆ ਨਿਸ਼ਚੇ ਤੇ ਅਕੀਦੇ ਦੀ ਸਮਸਿਆ ਹੈ। ਸੰਸਕਾਰਾਂ, ਭਾਵਨਾਵਾਂ ਤੇ ਰੁਝਾਨਾਂ ਉਤੇ ਅਧਾਰਿਤ ਵਿਸ਼ਵਾਸ ਪ੍ਰਬੰਧ ਦੀ ਸਮਸਿਆ ਹੈ। ਰਬ ਦੀ ਹੋਂਦ ਦਾ ਪ੍ਰਸ਼ਨ ਗਿਆਨ ਦੀ ਸਮਸਿਆ ਨਹੀਂ; ਇਹ ਸ਼ਰਧਾ ਤੇ ਵਿਸ਼ਵਾਸ਼ ਦਾ ਮਾਮਲਾ ਹੈ।"

ਸਿੱਖ ਧਰਮ ਦਾ ਮੂਲ ਸਿਧਾਂਤ ਅਕਾਲਪੁਰਖ ਵਿਚ ਵਿਸ਼ਵਾਸ ਹੈ ਜਿਸ ਦੇ ਸਰੂਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਦ੍ਰਿੜ੍ਹ ਕਰਵਾਇਆ ਹੈ :

*੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧)

ਸਾਹਸ ਦਾ ਮੁਖ ਸਰੋਤ ਅਕਾਲਪੁਰਖ ਹੈ। ਡਾ. ਸ਼ੇਰ ਸਿੰਘ ਅਨੁਸਾਰ, "ਸਭ ਯੋਧੇ, ਬਲੀ ਸੂਰਮੇ ਉਸੇ ਤੋਂ ਹੀ ਦਾਨ ਮੰਗਦੇ ਹਨ, ਅਕਾਲਪੁਰਖ ਦੇਵਾਂ ਅਤੇ ਦੈਤਾਂ ਨੂੰ ਕਾਬੂ ਕਰਨ ਵਾਲਾ ਹੈ।" ਅਕਾਲਪੁਰਖ ਸਰਬ ਸ਼ਕਤੀਮਾਨ ਹੈ, ਜਿਹੜਾ ਅਸੰਭਵ ਨੂੰ ਸੰਭਵ ਕਰ ਸਕਦਾ ਹੈ ਜਿਸ ਬਾਰੇ ਗੁਰਬਾਣੀ ਵਿਚ ਇਉਂ ਦਰਜ ਹੈ :

*ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥*
*ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ॥*
*ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥*
*ਕੀੜਾਂ. ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥*
*ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ॥*
*ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੪)

ਭਾਵ ਅਕਾਲਪੁਰਖ ਮਾਸ ਖਾਣ ਵਾਲੇ ਜਾਨਵਰਾਂ ਨੂੰ ਘਾਹ ਖਾਣ ਅਤੇ ਘਾਹ ਖਾਣ ਵਾਲਿਆਂ ਨੂੰ ਮਾਸ ਖਾਣ ਵਲ ਤੋਰ ਸਕਦਾ ਹੈ। ਨਦੀਆਂ ਨੂੰ ਰੇਤ ਦੇ ਟਿਬੇ ਕਰ ਸਕਦਾ ਹੈ ਅਤੇ ਟਿਬਿਆਂ ਨੂੰ ਨਦੀਆਂ ਵਾਂਗ ਤੈਰਾਅ ਸਕਦਾ ਹੈ। ਸਮਾਜ ਵਿਚ ਨੀਵੇਂ ਮਨੁੱਖ ਨੂੰ ਰਾਜਾ ਬਣਾ ਸਕਦਾ ਹੈ ਅਤੇ ਰਾਜਿਆਂ ਨੂੰ ਫੌਜਾਂ ਸਮੇਤ ਹੇਠਾਂ ਲਾਹ ਸਕਦਾ ਹੈ। ਜਿੰਨੇ ਵੀ ਧਰਤੀ 'ਤੇ ਜੀਵ ਵਸਦੇ ਹਨ ਉਨ੍ਹਾਂ ਦੇ ਜੀਵਨ ਦੀ ਡੋਰ ਅਕਾਲਪੁਰਖ ਕੋਲ ਰਹਿੰਦੀ ਹੈ। ਅਜਿਹੀਆਂ ਤਾਕਤਾਂ ਦਾ ਮਾਲਕ ਹੀ ਸੂਰਮਿਆਂ ਦਾ ਸਿਰਜਕ ਹੈ।

ਅਕਾਲਪੁਰਖ ਵਿਚ ਆਮ ਜੀਵ ਵਾਂਗ ਭਉ ਤੇ ਵੈਰ ਜਿਹੇ ਭਾਵ ਨਹੀਂ ਹਨ। ਉਹ ਨਿਰਭਉ ਤੇ ਨਿਰਵੈਰੁ ਹੈ। ਪਰਮਾਤਮਾ ਦੇ ਨਿਰਭਉ ਤੇ ਨਿਰਵੈਰੁ ਹੋਣ ਦਾ ਇਕ ਕਾਰਨ ਇਹ ਹੈ ਕਿ ਭਉ ਤੇ ਵੈਰ ਸਦਾ ਹੀ ਇਕ-ਦੂਜੇ ਤੋਂ ਉਪਜਦੇ ਹਨ, ਪਰੰਤੂ ਅਕਾਲਪੁਰਖ ਲਈ ਦੂਜਾ ਕੋਈ ਨਹੀਂ। ਉਹ ਸਭ ਆਪ ਹੀ ਆਪ ਹੈ। ਉਸ ਦਾ ਕੋਈ ਦੋਖੀ ਨਹੀਂ, ਨਾ ਹੀ ਉਸ ਦਾ ਕੋਈ ਦੁਸ਼ਮਣ ਹੈ। ਇਸ ਲਈ ਉਹ ਨਿਰਭਉ ਤੇ ਨਿਰਵੈਰੁ ਹੈ। ਇਹ ਦੋਵੇਂ ਗੁਣ ਸਾਹਸ ਦੀ ਪਰਕ੍ਰਿਤੀ ਦੇ ਸਿਰਜਕ ਹਨ।

### 6.6.2 ਗੁਰੂ

ਭਾਈ ਕਾਨ੍ਹ ਸਿੰਘ ਅਨੁਸਾਰ 'ਗੁਰੂ' ਪਦ ਦੇ ਅਰਥ ਹਨ: ਹਨ੍ਹੇਰਾ ਦੂਰ ਕਰਕੇ ਰੌਸ਼ਨੀ (ਪ੍ਰਕਾਸ਼) ਕਰਨ ਵਾਲਾ। ਭਾਈ ਸਾਹਿਬ ਅਨੁਸਾਰ, "ਗੁਰੂ ਸ਼ਬਦ ਗ੍ਰੀ (ਗ੍ਰ) ਧਾਤੂ ਤੋਂ ਬਣਿਆ ਹੈ, ਜਿਸ ਦੇ ਅਰਥ ਹਨ: ਨਿਗੱਲਣਾ ਅਤੇ ਸਮਝਾਉਣਾ। ਜੋ ਅਗਯਾਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤÉਗਯਾਨ ਸਮਝਾਉਂਦਾ ਹੈ, ਉਹ ਗੁਰੂ ਹੈ।" ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਭਾਵੇਂ ਸੈਂਕੜੇ ਚੰਦਰਮਾ ਚੜ੍ਹ ਜਾਣ, ਹਜਾਰਾਂ ਸੂਰਜਾਂ ਦਾ ਪ੍ਰਕਾਸ਼ ਹੋ ਜਾਵੇ, ਐਨੇ ਚਾਨਣ ਹੋਣ ਦੇ ਬਾਵਜੂਦ ਵੀ ਗੁਰੂ ਤੋਂ ਬਿਨਾਂ ਘੋਰ ਹਨੇਰਾ ਹੀ ਹੈ :

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੩)

ਵਿਕਾਰਾਂ ਰੂਪੀ ਭੜਕਦੀ ਅਗੱਲੀ ਨੂੰ ਠੰਢੀ ਕਰ ਦੇਣ ਵਾਲੇ ਤੇ ਅਗਿਆਨ ਦਾ ਨਾਸ ਕਰਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਗੁਰੂ ਹੈ :

*ਬਲਤੌ ਜਲਤੌ ਤਉਕਿਆ ਗੁਰ ਚੰਦਨੁ ਸੀਤਲਾਇਓ॥*
*ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੪੧)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਗੁਰੂ ਧਾਰਨ ਕਰਨਾ ਬਹੁਤ ਜ਼ਰੂਰੀ ਹੈ, ਕਿਉਂਕਿ ਸਤਿਗੁਰੂ ਹੀ ਇਕ ਅਜਿਹਾ ਜਹਾਜ ਰੂਪੀ ਸਾਧਨ ਹੈ, ਜੋ ਮਨੁੱਖ ਦਾ ਸੰਸਾਰ ਰੂਪੀ ਬੇੜਾਂ. ਪਾਰ ਲੰਘਾ ਸਕਦਾ ਹੈ। ਜੋ ਮਨੁੱਖ ਸਤਿਗੁਰੂ ਦੀ ਸ਼ਰਣ ਆ ਕੇ ਉਸ ਦੀ ਆਗਿਆ ਵਿਚ ਰਹਿ ਕੇ ਗੁਰੂ ਦੇ ਦਸੇ ਮਾਰਗ ਉਤੇ ਚਲਦਾ ਹੈ, ਉਸ ਦਾ ਜਗਤ ਵਿਚ ਆਉਣਾ ਸਫਲਾ ਹੋ ਜਾਂਦਾ ਹੈ :

*ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ॥*
*ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ॥*
*ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੦)

ਸੰਸਾਰ ਵਿਚ ਆਦਿ ਕਾਲ ਤੋਂ ਗੁਰੂ ਦੀ ਵਿਸ਼ੇਸ਼ ਮਹੱਤਤਾ ਰਹੀ ਹੈ। ਅਕਾਲਪੁਰਖ ਅਤੇ ਮਨੁੱਖ ਅਧਿਆਤਮਕਤਾ ਦੀ ਕੜੀ ਨਾਲ ਜੁੜੇ ਹੋਏ ਹਨ ਅਤੇ ਇਸ ਕੜੀ ਨੂੰ ਜੋੜਨ ਵਾਲਾ ਗੁਰੂ ਹੈ। ਗੁਰਬਾਣੀ ਵਿਚ ਅਧਿਆਤਮਕਤਾ ਦੇ ਧਾਰਨੀ ਨੂੰ ਬਹਾਦਰ ਮੰਨਿਆ ਹੈ। ਬਹਾਦਰਾਂ ਦੀ ਅਗਵਾਈ ਸਮਰਥ ਗੁਰੂ ਕਰਦਾ ਹੈ :

*ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥*
*ਆਤਮ ਜਿਣੈ ਸਗੱਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੭੮)

ਗੁਰੂ ਆਪਣੇ ਸਿੱਖ ਨੂੰ ਅਕਾਲਪੁਰਖ 'ਚ ਵਿਸ਼ਵਾਸ ਦੀ ਐਸੀ ਜੁਗਤਿ ਸਮਝਾਉਂਦਾ ਹੈ ਜਿਸ ਸਦਕਾ ਉਹ ਸਾਹਸ ਦੀ ਅਜਿਹੀ ਮਿਸਾਲ ਪੈਦਾ ਕਰਦਾ ਹੈ, ਜੋ ਪਹਿਲਾ ਕਦੇ ਨਾ ਵਾਪਰੀ ਹੋਵੇ। ਇਸ ਲਈ ਸਾਹਸ ਦੇ ਮੁਖ ਸਾਧਨ ਵਜੋਂ ਗੁਰੂ ਹੀ ਸਾਰਥਕ ਹੁੰਦਾ ਹੈ। ਸਾਹਸ ਦਾ ਜਜ਼ਬ!ਾਂ ਉਸ ਵਿਚੋਂ ਹੀ ਪੈਦਾ ਹੁੰਦਾ ਹੈ ਜੋ ਖੁਦ ਸੂਰਮਾ ਹੋਵੇ। ਗੁਰਬਾਣੀ ਇਸ ਤਥ ਦੀ ਗਵਾਹੀ ਭਰਦੀ ਹੈ ਕਿ ਗੁਰੂ ਅਕਾਲਪੁਰਖ ਦੀ ਤਰ੍ਹਾਂ ਹੀ ਸੂਰਬੀਰ ਹੈ :

*ਹਰਿ ਹਰਿ ਨਾਮੁ ਧਿਆਇਆ ਭੇਟਿਆ ਗੁਰੁ ਸੂਰਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੯੩)

ਗੁਰੂ ਸੂਰਮਾ ਇਸ ਕਰਕੇ ਹੈ ਕਿਉਂਕਿ ਗੁਰੂ ਨੇ ਵਿਕਾਰ ਰੂਪੀ ਵਿਰੋਧੀਆਂ ਉਪਰ ਸਦੀਵ ਕਾਲ ਲਈ ਜਿਤ ਪ੍ਰਾਪਤ ਕੀਤੀ ਹੈ। ਇਸ ਕਰਕੇ ਉਹ ਸ਼ਰਨ ਦੇਣ ਵਾਲਾ ਹੈ, ਜਿਹੜਾ ਕਥਨੀ-ਕਰਨੀ ਵਿਚ ਪ੍ਰਪਕ ਰਹਿੰਦਾ ਹੈ :

*ਹਉ ਬਲਿਹਾਰੀ ਸਤਿਗੁਰ ਪੂਰੇ॥*
*ਸਰਣਿ ਕੇ ਦਾਤੇ ਬਚਨ ਕੇ ਸੂਰੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੭੩)

### 6.6.3 **ਸਤਿਸੰਗਤ**

ਸਿੱਖ, ਅਕਾਲਪੁਰਖ ਨੂੰ ਆਪਣਾ ਇਸ਼ਟ ਸਮਝਦਾ ਹੋਇਆ ਉਸਦੀ ਤਾਕਤ ਨੂੰ ਆਪਣੇ ਸਚੇ ਗੁਰੂ ਰਾਹੀਂ ਸਤਸੰਗਤਿ ਵਿਚੋਂ ਨਾਮੁ ਸਿਮਰਨ ਅਤੇ ਸੇਵਾ ਰਾਹੀਂ ਪ੍ਰਾਪਤ ਕਰਦਾ ਹੈ। ਗੁਰੂ ਵਿਸ਼ਵਾਸ ਸਦਕਾ ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਗੁਰਮਤਿ ਵਿਚ ਅਕਾਲਪੁਰਖ, ਗੁਰੂ ਅਤੇ ਸਤਿਸੰਗਤਿ ਦੀ ਪ੍ਰਮੁਖਤਾ ਹੈ। ਇਹ ਤਿੰਨੋਂ ਸਿਧਾਂਤ ਅੰਤਰ ਸੰਬੰਧਿਤ ਅਤੇ ਇਕਮਿਕ ਹਨ, ਜਿਸ ਕਰਕੇ ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਨੂੰ ਵੀ ਵਖ ਕਰ ਦਈਏ ਤਾਂ ਬ!ਾਂਕੀ ਦੋ ਨੂੰ ਵਿਹਾਰਕ ਰੂਪ ਵਿਚ ਨਹੀਂ ਲਿਆਂਦਾ ਜਾ ਸਕਦਾ।

ਸੰਗਤ ਮਨੁੱਖ ਨੂੰ ਉਸਦੇ ਸਮਾਜਕ ਸਰੋਕਾਰ ਨਾਲ ਜੋੜਦੀ ਹੈ ਅਤੇ ਅਧਿਆਤਮਕ ਤਾਕਤ ਬਖਸ਼ਦੀ ਹੈ। ਇਹ ਸਾਹਸ ਦਾ ਮੁਖ ਸਾਧਨ ਹੈ। ਗੁਰਬਾਣੀ ਦੀ ਦ੍ਰਿਸ਼ਟੀ ਵਿਚ ਸਤਸੰਗਤਿ ਤੋਂ ਭਾਵ ਉਹ ਅਸਥਾਨ ਹੈ ਜਿਥੇ ਸਤਯਵਾਦੀ ਪੁਰਸ਼ ਇਕਤਰ ਹੋ ਕੇ ਹਰੀ ਪ੍ਰਭੂ ਦੀ ਕਥਾ ਵਾਰਤਾ ਕਰਦੇ ਹਨ, ਜਿਥੇ ਬੈਠ ਕੇ ਕੇਵਲ ਵਹਿਗੁਰੂ ਦੀ ਸਿਫਤਿ ਸਾਲਾਹ ਕੀਤੀ ਜਾਂਦੀ ਹੈ। ਗੁਰਮਤਿ ਅਨੁਸਾਰ ਸਤਿਸੰਗਤਿ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ :

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥*
*ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨)

ਮਨ ਦੀ ਪਵਿਤਰਤਾ ਲਈ ਸਤਸੰਗਤਿ ਕਰਨੀ ਪ੍ਰਮੁਖ ਕ੍ਰਿਆ ਹੈ। ਸਤਸੰਗਤਿ ਸਦਕਾ ਸਿੱਖ ਅੰਦਰੋਂ ਅਤੇ ਬਾਹਰ"" ਬਲਵਾਨ ਬਣਦਾ ਹੈ। ਗੁਰਬਾਣੀ ਵਿਚਲਾ ਸਤਸੰਗਤਿ ਦਾ ਫਲਸਫਾ ਸਿੱਖ ਦੀ ਜੀਵਨ-ਸ਼ੈਲੀ ਨੂੰ ਪਵਿਤਰ ਬਣਾਈ ਰਖਦਾ ਹੈ। ਸਤਿਸੰਗਤ ਵਿਚੋਂ ਜਿਥੇ ਸੂਰਮੇ ਨੈਤਿਕ ਤੇ ਅਧਿਆਤਮਕ ਬਲ ਹਾਸਲ ਕਰਦੇ ਹਨ ਉਥੇ ਹੀ ਇਹ ਸੂਰਮਿਆਂ ਦੀ ਸਰੀਰਕ ਤਾਕਤ ਨੂੰ ਧਰਮ ਦੇ ਆਸ਼ੇ ਅਧੀਨ ਰਖ ਕੇ ਸਰਬਤ ਦੇ ਭਲੇ ਲਈ ਪ੍ਰੇਰਿਤ ਕਰਦੀ ਹੈ। ਸਤਿਸੰਗਤ ਅਕਾਲਪੁਰਖ ਦੇ ਗੁਣਾਂ ਨੂੰ ਧਾਰਨ ਕਰਨ ਲਈ ਸਚੇ ਗੁਰੂ ਦੀ ਸ਼ਰਣ ਵਿਚ ਰਹਿਣ ਦੀ ਪ੍ਰੇਰਨਾ ਦਿੰਦੀ ਹੈ। ਸਤਿਸੰਗਤ ਸੂਰਮੇ ਦੇ ਮਨ ਵਿਚੋਂ ਡਰ ਦੀ ਭਾਵਨਾ ਨੂੰ ਖਤਮ ਕਰਨ ਵਿਚ ਸਹਾਈ ਹੁੰਦੀ ਹੈ। ਇਸ ਲਈ ਸੰਗਤ ਸੂਰਮੇ ਦੇ ਗੁਣਾਂ ਨੂੰ ਆਤਮਗਤ ਕਰਨ ਲਈ ਇਕ ਪ੍ਰਭਾਵਸ਼ਾਲੀ ਸਿਖਲਾਈ ਕੇਂਦਰ ਅਤੇ ਪ੍ਰਕਿਰਿਆ ਹੈ। ਸਤਿਸੰਗਤ

ਵਿਚ ਸਭ ਔਗੁਣ ਨਾਸ ਹੁੰਦੇ ਹਨ ਅਤੇ ਮਨ ਪਵਿਤਰ ਹੁੰਦਾ ਹੈ। ਇਥੋਂ ਤਕ ਕਿ ਸਤਿਸੰਗਤ ਡਰਪੋਕ ਵਿਅਕਤੀ ਅੰਦਰ ਅਜਿਹੀ ਤਾਕਤ ਪੈਦਾ ਕਰਦੀ ਹੈ ਕਿ ਉਹ ਸਾਹਸ ਦੇ ਬੇਮਿਸਾਲ ਪੂਰਨੇ ਪਾਉਣ ਲਈ ਤਿਆਰ-ਬਰ ਤਿਆਰ ਹੋ ਜਾਂਦਾ ਹੈ। ਗੁਰਬਾਣੀ ਸਤਿਸੰਗਤ ਦੇ ਪ੍ਰਭਾਵ ਬਾਰੇ ਇਸ ਤਰ੍ਹਾਂ ਚਾਨਣਾ ਪਾਉਂਦੀ ਹੈ :

*ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥*
*ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥*
*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੮੦੯)

ਅਕਾਲਪੁਰਖ ਦੀ ਤਾਕਤ ਨੂੰ ਗੁਰੂ ਰਾਹੀਂ ਪ੍ਰਸਾਦਿ ਰੂਪ ਵਿਚ ਹਾਸਲ ਕੀਤਾ ਜਾ ਸਕਦਾ ਹੈ, ਕਿਉਂਕਿ ਗੁਰੂ ਉਸ ਤਾਕਤ ਨੂੰ ਸਤਸੰਗਤਿ ਰਾਹੀਂ ਆਪਣੇ ਸਿੱਖ ਅੰਦਰ ਵਿਕਸਿਤ ਕਰਦਾ ਹੈ।

### 6.6.4 ਨਾਮੁ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਕੇਂਦਰੀ ਧੁਰਾ ਨਾਮੁ ਹੈ। ਮਨੁੱਖੀ ਜੀਵਨ ਦਾ ਪਰਮ ਉਦੇਸ਼ ਗੋਬਿੰਦ, ਭਾਵ ਪਰਮਾਤਮਾ ਦੀ ਪ੍ਰਾਪਤੀ ਹੈ, ਜਿਹੜੀ ਕਿ ਨਾਮੁ ਜਪਣ ਕਰਕੇ ਹੀ ਸੰਭਵ ਹੋ ਸਕਦੀ ਹੈ। ਨਾਮੁ ਨਾਮੀ ਨੂੰ ਮਿਲਣ ਦਾ ਇਕ ਸਾਧਨ ਮਾਤਰ ਹੈ। ਨਾਮੁ ਜਪਣ ਨਾਲ ਮਨ ਦੀ ਮੈਲ ਧੋਤੀ ਜਾਂਦੀ ਹੈ, ਜਿਸ ਸਦਕਾ ਮਨੁੱਖ ਸਦਗੁਣਾਂ ਦਾ ਧਾਰਨੀ ਹੁੰਦਾ ਹੈ। ਨਾਮੁ ਤੋਂ ਬਿਨਾਂ ਮਨੁੱਖ ਦੀ ਸਾਰੀ ਕਿਰਤ-ਵਿਰਤ ਨਿਸਫਲ ਹੈ। ਸੰਸਾਰ ਵਿਚ ਰਹਿੰਦੇ ਹੋਏ ਮਨੁੱਖੀ ਦੁਖਾਂ, ਕਲੇਸ਼!ਾਂ ਤੇ ਬੰਧਨਾਂ ਦਾ ਕਾਰਨ ਨਾਮੁ ਤੋਂ ਟੁਟਣਾ ਹੈ। ਮਨੁੱਖ ਦਾ ਅੰਦਰਲਾ ਆਪਾ ਸਰਬ ਵਿਆਪਕ ਪਰਮਾਤਮਾ ਨਾਲ ਇਕ-ਮਿਕ ਹੋ ਜਾਵੇ, ਅਥਵਾ ਮਨੁੱਖ ਦੀ ਨਾਮੁ ਨਾਲ ਲਿਵ ਲਗ ਜਾਵੇ ਤਾਂ ਮਨੁੱਖ ਨੂੰ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ। ਇਸ ਕਰਕੇ ਸੁਖਾਂ ਦਾ ਅਸਲੀ ਸੋਮਾ ਨਾਮੁ ਹੀ ਹੈ।

ਜੋ ਕੁਝ ਵੀ ਅਕਾਲਪੁਰਖ ਦੀ ਮਹਾਨਤਾ ਨੂੰ ਪ੍ਰਗਟ ਕਰਦਾ ਹੈ, ਉਹ ਨਾਮੁ ਹੈ। ਦੂਜੇ ਸ਼ਬਦਾਂ ਵਿਚ ਨਾਮੁ ਸੱਚਾਈ ਦੀ ਤਲਾਸ਼ ਹੈ, ਸੱਚਾਈ ਦਾ ਪਿਆਰ ਹੈ। ਇਹ ਆਪਣੇ ਆਪ ਨੂੰ ਉਚਾ ਕਰਨ ਨਾਲ ਪ੍ਰਾਪਤ ਹੁੰਦਾ ਹੈ। ਆਪਣੀ ਸ਼ਖ਼ਸੀਅਤ ਦੇ ਵਿਕਾਸ ਲਈ ਯਤਨ-ਸ਼ੀਲ ਰਹਿਣਾ ਹੀ ਨਾਮੁ ਸਿਮਰਨ ਹੈ।

ਨਾਮੁ ਉਹ ਥਿੰਧਾ ਹੈ ਜੋ ਮਨੁੱਖੀ ਮਨ ਨੂੰ ਕਾਮਾਦਿਕ ਤੋਂ ਬਚਾ ਕੇ ਰਖਦਾ ਹੈ। ਨਾਮੁ ਮਨੁੱਖੀ ਆਚਰਨ ਦੇ ਗੁਣਾਂ ਨੂੰ ਬਚਾ ਕੇ ਰਖਣ ਦਾ ਯਤਨ ਹੈ। ਨਾਮੁ ਸੱਚਾਈ ਤੇ ਪਵਿਤਰਤਾ ਦਾ ਗ੍ਰਹਿਣ ਕਰਨਾ ਹੈ। ਨਾਮੁ ਉਹ ਮਾਨਸਕ ਪੱਧਰ ਹੈ ਜੋ ਮਨੁੱਖ ਨੂੰ ਸਵੈ-ਕਾਬੂ ਤੇ ਸਵੈ-ਸੰਜਮ ਸਿਖਾਵੇ, ਜੋ ਮਨੁੱਖ ਨੂੰ ਆਪਣੇ ਆਪ ਦੀ ਸੋਝੀ ਦੇਵੇ; ਜੋ ਮਨੁੱਖ ਵਿਚੋਂ ਹੰਕਾਰ ਨਾਸ਼ ਕਰੇ।

ਡਾ.. ਤਾਰਨ ਸਿੰਘ ਅਨੁਸਾਰ ਨਾਮੁ ਸਾਹਸੀ ਮਨੁੱਖ ਦੇ ਅੰਦਰੋਂ ਪ੍ਰੇਰਨਾ ਦੇਣ ਵਾਲੀ ਇਕ ਸ਼ੈਅ ਹੈ। ਇਹ ਮਨੁੱਖ ਦਾ ਅੰਤਹਕਰਣ ਹੈ। ਆਚਰਨਕ ਗਿਰਾਵਟ ਵੇਲੇ ਨਾਮੁ ਅੰਦਰੋਂ ਇਕ ਪ੍ਰਕਾਸ਼ ਕਰਦਾ ਹੈ, ਇਹ ਗਿਰਾਵਟ ਵਲੋਂ ਹਥਾਂ ਨੂੰ ਰੋਕਦਾ ਹੈ, ਪੈਰਾਂ ਨੂੰ ਜਕੜਦਾ ਹੈ, ਅਖਾਂ ਨੂੰ ਮੀਟਦਾ ਹੈ। ਇਹ ਸਦਾ ਸਹਾਈ ਸਾਥੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਨਾਮੁ ਦੀ ਪ੍ਰਾਪਤੀ ਗੁਰੂ ਤੋਂ ਹੀ ਹੁੰਦੀ ਹੈ :

*ਸੁਣਿ ਗੱਲਾ ਗੁਰ ਪਹਿ ਆਇਆ॥*
*ਨਾਮੁ ਦਾਨੁ ਇਸਨਾਨੁ ਦਿੜਾਇਆ॥*
*ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੪)

ਨਾਮੁ ਜਪਦੇ ਹੋਏ ਜਦੋਂ ਮਨ ਤੇ ਆਤਮਾ ਸਰਬ ਵਿਆਪੀ ਜੋਤਿ, ਭਾਵ ਅਕਾਲਪੁਰਖ ਪਰਮਾਤਮਾ ਨਾਲ ਇਕ ਸੁਰ ਹੋ ਜਾਂਦੇ ਹਨ ਤਾਂ ਮਨੁੱਖ ਵਿਸਮਾਦਮਈ ਹਾਲਤ ਵਿਚ ਚਲਾ ਜਾਂਦਾ ਹੈ। ਇਸ ਅਵਸਥਾ ਵਿਚ ਮਨੁੱਖ ਅੰਦਰੋਂ ਸਾਹਸ ਪ੍ਰਗਟ ਹੁੰਦਾ ਹੈ, ਜਿਸ ਦੀ ਪ੍ਰਾਪਤੀ ਨਾਲ ਮਨੁੱਖ ਅੰਦਰ ਅੰਦਰੂਨੀ ਵਿਕਾਰਾਂ ਤੇ ਬਾਹਰੀ ਦੁਸ਼ਵਾਰੀਆਂ ਨਾਲ ਲੜਨ ਦੀ ਦਲੇਰੀ ਆਉਂਦੀ ਹੈ।

ਨਾਮੁ ਮਨੁੱਖ ਦੀ ਅੰਦਰੂਨੀ ਸ਼ਕਤੀ ਹੈ। ਨਾਮੁ ਦੁਆਰਾ ਨਾਮੀ (ਪਰਮਾਤਮਾ) ਮਨੁੱਖ ਦੇ ਅੰਦਰ ਆ ਵਸਦੇ ਹਨ ਅਤੇ ਮਨੁੱਖ ਦੇ ਅੰਦਰ ਜੁਰਅਤ ਤੇ ਬਲ ਪੈਦਾ ਕਰਦੇ ਹਨ। ਇਸ ਨਾਲ ਮਨੁੱਖ ਅੰਦਰ ਸਾਹਸ ਪੈਦਾ ਹੁੰਦਾ ਹੈ ਕਿ ਉਹ ਅਜ਼ਮਾਇਸ਼ ਦੀ ਘੜੀ ਵਿਚ ਜੁਰਅਤ ਹੌਂਸਲਾ ਨਾ ਹਾਰੇ ਅਤੇ ਜਮਾਂ ਦੇ ਫੰਧ ਵਿਚ ਨਾ ਫਸੇ।

### 6.6.5 ਪ੍ਰੇਮ

ਸਿੱਖੀ ਪ੍ਰੇਮ ਦਾ ਮਾਰਗ ਹੈ, ਪਰੰਤੂ ਇਸ ਮਾਰਗ 'ਤੇ ਚਲਣ ਦੇ ਚਾਹਵਾਨ ਨੂੰ ਸਿਰ ਤਲੀ 'ਤੇ ਧਰ ਕੇ ਆਉਣਾ ਪੈਂਦਾ ਹੈ। ਸਿਰ ਤਲੀ 'ਤੇ ਧਰ ਕੇ ਆਉਣ ਵਾਲਿਆਂ ਨੂੰ ਗੁਰੂ ਪ੍ਰੇਮ ਦੀ ਖੇਲ ਖੇਲਣੀ ਸਿਖਾਉਂਦਾ ਹੈ :

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)

ਪ੍ਰੇਮ ਸਿੱਖ ਨੂੰ ਆਪਣੇ ਗੁਰੂ ਤੋਂ ਅਤੇ ਧਰਮ ਤੋਂ ਆਪਣਾ ਆਪ ਵਾਰਨ ਲਈ ਪ੍ਰੇਰਿਤ ਕਰਦਾ ਹੈ। ਸਤਿਗੁਰੂ ਅਤੇ ਸਿੱਖ ਵਿਚਕਾਰ ਦੁਵਲਾ ਪ੍ਰੇਮ ਧੁਰੋਂ ਹੀ ਬਣਿਆ ਹੁੰਦਾ ਹੈ। ਗੁਰੂ ਸਿੱਖ ਨੂੰ ਦਿਲੋਂ ਪਿਆਰ ਕਰਦਾ ਹੈ ਅਤੇ ਸਿੱਖ ਪੂਰਨ ਵਿਸ਼ਵਾਸ ਨਾਲ ਗੁਰੂ ਨੂੰ ਸਮਰਪਿਤ ਹੁੰਦਾ ਹੈ। ਸਿੱਖ ਆਪਣਾ ਤਨ, ਮਨ ਅਤੇ ਧਨ ਗੁਰੂ ਨੂੰ ਸੌਂਪ ਦਿੰਦਾ ਹੈ। ਸਿੱਖ ਆਪਣੇ ਸਚੇ ਗੁਰੂ ਲਈ ਇਸ ਤਰ੍ਹਾਂ ਸਮਰਪਿਤ ਹੁੰਦਾ ਹੈ ਕਿ ਲੋੜ ਪੈਣ 'ਤੇ ਜੇ ਆਪਣਾ ਆਪਾ ਵੀ ਵਾਰਨਾ ਪਵੇ ਤਾਂ ਉਹ ਰਤੀ ਭਰ ਵੀ ਡੋਲਦਾ ਨਹੀਂ। ਜਦੋਂ ਸਿੱਖ ਦੇ ਅੰਦਰ ਅਜਿਹੀ ਦ੍ਰਿੜ੍ਹਤਾ ਵਾਲੀ ਭਾਵਨਾ ਘਰ ਕਰ ਜਾਵੇ ਤਾਂ ਉਹ ਸਿੱਖ ਕਿਸੇ ਵੀ ਹਾਲਤ ਵਿਚ ਹੋਵੇ ਹਮੇਸ਼ਾ ਹੀ ਚੜ੍ਹਦੀ ਕਲਾ 'ਚ ਅਤੇ ਵਿਗਾਸ ਵਿਚ ਰਹਿੰਦਾ ਹੈ। ਗੁਰੂ ਦੀ ਟੇਕ ਵਿਚ ਸਿੱਖ ਜ਼ੁਲਮ ਨੂੰ ਖਤਮ ਕਰਨ ਲਈ ਲਖਾਂ ਵੈਰੀਆਂ ਸਾਹਮਣੇ ਚਾਉ ਨਾਲ ਉਠ ਖੜੋਂਦਾ ਹੈ। ਉਸਦਾ ਇਹ ਨਿਹਚਾ ਹੁੰਦਾ ਹੈ ਕਿ ਜੇ ਗੁਰੂ ਉਸ ਦੇ ਵਲ ਹੈ ਤਾਂ ਲਖਾਂ ਬ!ਾਂਹਾਂ ਹਥਿਆਰ ਫੜ ਕੇ ਮੇਰਾ ਮੁਕਾਬਲਾ ਕਰਨ ਤਾਂ ਵੀ ਉਸ ਦਾ ਵਾਲ ਵਿੰਗਾ ਨਹੀਂ ਹੋ ਸਕਦਾ :

*ਜਾਮਿ ਗੁਰੂ ਹੋਇ ਵਲਿ ਲਖ ਬ!ਾਂਹੇ ਕਿਆ ਕਿਜਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੯)

ਗੁਰੂ ਪ੍ਰਤੀ ਸ਼ਰਧਾ ਸਰੀਰ ਦੇ ਰਸਾਇਣ ਬਦਲ ਦਿੰਦੀ ਹੈ। ਚਿੜੀਆਂ ਬ!ਾਂਜ ਨਾਲ ਟਕਰ ਲੈਣ ਦੇ ਸਮਰਥ ਹੋ ਜਾਂਦੀਆਂ ਹਨ।

## 6.7 ਸਾਹਸੀ ਮਨੁੱਖ ਦੇ ਗੁਣ

ਬਹਾਦਰ ਵਿਅਕਤੀ ਅੰਦਰ ਬਾਣੀ ਅਤੇ ਸੇਵਾ-ਸਿਮਰਨ ਸਦਕਾ ਅਨੇਕ ਗੁਣ ਸਹਿਜ-ਸੁਭਾਅ ਪ੍ਰਵੇਸ਼ ਕਰ ਜਾਂਦੇ ਹਨ, ਜਿਨ੍ਹਾਂ ਦੀ ਸੰਖੇਪ ਵਿਚਾਰ ਹੇਠ ਦਿਤੇ ਅਨੁਸਾਰ ਹੈ :

### 6.7.1 ਨਿਮਰਤਾ

ਨਿਮਰਤਾ ਦਾ ਅਰਥ ਹੈ ਨੀਵਾਂ ਹੋਣਾ, ਹਲੀਮੀ, ਨਿਰਅਭਿਮਾਨਤਾ। ਨਿਮਰਤਾ, ਹਲੀਮੀ, ਦੀਨਤਾ, ਨਿਰਮਾਣਤਾ ਕੁਝ ਐਸੀਆਂ ਭਾਵਨਾਵਾਂ ਹਨ ਜਿਹੜੀਆਂ ਗੁਰਮਤਿ ਦਾ ਅਧਾਰ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿਮਰਤਾ ਪਦ ਨੂੰ ਸੁਭਾਉ, ਨਿਮਰ, ਨਿਵਣ, ਨਿਮਾਣੀ, ਮਸਕੀਨ, ਹਲੇਮੀ (ਹਲੀਮੀ) ਆਦਿ ਸ਼ਬਦਾਂ ਦੁਆਰਾ ਪ੍ਰਗਟ ਕੀਤਾ ਗਿਆ ਹੈ। ਸਿੱਖੀ ਦਾ ਮਹਲ ਨਿਮਰਤਾ ਦੀਆਂ ਨੀਹਾਂ 'ਤੇ ਉਸਰਿਆ ਹੋਇਆ ਹੈ। ਇਸ ਨਿਮਰਤਾ ਤੇ ਹਲੀਮੀ ਤੋਂ ਹੀ ਸੇਵਾ, ਸਿਮਰਨ, ਦਿਆਲਤਾ, ਕਿਰਪਾਲਤਾ ਤੇ ਹਮਦਰਦੀ ਦੇ ਗੁਣ ਵਿਕਸਿਤ ਹੁੰਦੇ ਹਨ ਅਤੇ ਮਨੁੱਖੀ ਸਮਾਜ ਵਿਚ ਪ੍ਰੇਮ ਪਿਆਰ, ਹਮਦਰਦੀ ਤੇ ਆਪਸੀ ਅਪਣਤ ਦਾ ਪਾਸਾਰ ਹੁੰਦਾ ਹੈ। ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿਚ ਆਪਣੇ ਆਪ ਨੂੰ ਢਾਡੀ, ਦਾਸ, ਨੀਚਾ ਅੰਦਰਿ ਨੀਚੁ ਆਦਿ ਕਿਹਾ ਹੈ। ਇਸ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬ ਕਥਿਤ ਉਚੀ ਜਾਤ ਵਿਚੋਂ ਹੁੰਦੇ ਹੋਏ ਵੀ ਆਪਣੇ ਆਪ ਨੂੰ 'ਨੀਚ' ਹੀ ਕਹਿੰਦੇ ਹਨ। ਅਜਿਹੀਆਂ ਅਨੇਕ ਹੋਰ ਮਿਸਾਲਾਂ ਗੁਰਬਾਣੀ ਤੇ ਸਿੱਖ ਇਤਿਹਾਸ ਵਿਚੋਂ ਪ੍ਰਾਪਤ ਹੁੰਦੀਆਂ ਹਨ।

ਗੁਰਬਾਣੀ ਅਨੁਸਾਰ ਨਿਮਰਤਾ ਦਾ ਗੁਣ ਸਿਰਫ਼ ਤੇ ਸਿਰਫ਼ ਸੰਗਤ ਕੀਤਿਆਂ ਹੀ ਪ੍ਰਾਪਤ ਹੋ ਸਕਦਾ ਹੈ। ਜਿਵੇਂ ਸਤਿਸੰਗਤ ਦੀ ਬਰਕਤ ਨਾਲ ਸਹਜ ਅਤੇ ਮਨ ਅੰਦਰ ਅਜਿਹੇ ਕਈ ਹੋਰ ਗੁਣ ਪੈਦਾ ਹੁੰਦੇ ਹਨ, ਉਵੇਂ ਹੀ ਜੀਵ

ਅੰਦਰ ਨਿਮਰਤਾ ਦਾ ਗੁਣ ਵੀ ਆ ਵਸਦਾ ਹੈ। ਨਿਮਰਤਾ ਦਾ ਇਹ ਗੁਣ ਉਸ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ ਜਿਸ ਉਤੇ ਅਕਾਲਪੁਰਖ ਦੀ ਕਿਰਪਾ ਹੁੰਦੀ ਹੈ। ਨਿਮਰਤਾ ਸਾਰੇ ਗੁਣਾਂ ਦਾ ਤਤ ਹੈ। ਅਮਲੀ ਜੀਵਨ ਵਿਚ ਇਸ ਦੀ ਬਹੁਤ ਮਹੱਤਤਾ ਹੈ। ਬਾਬਾ ਫਰੀਦ ਜੀ ਮਨੁੱਖ ਨੂੰ ਸਮਝਾਉਂਦੇ ਹਨ ਕਿ ਪਰਮਾਤਮਾ ਨਿਮਰਤਾ ਜਿਹੇ ਗੁਣਾਂ ਦੁਆਰਾ ਹੀ ਪਾਇਆ ਜਾ ਸਕਦਾ ਹੈ :

*ਨਿਵਣੁ ਸੁ ਅਖਰ ਖਵਣੁ ਗੁਣੁ ਜਿਹਬ!ਾਂ ਮਣੀਆ ਮੰਤੁ॥*
*ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੪)

ਭਾਈ ਗੁਰਦਾਸ ਜੀ ਧਰਤੀ ਦਾ ਦ੍ਰਿਸ਼ਟਾਤ ਦੇ ਕੇ ਮਨੁੱਖ ਨੂੰ ਨਿਮਰਤਾ ਦਾ ਧਾਰਨੀ ਹੋਣ ਲਈ ਇਉਂ ਸਿਖਿਆ ਦਿੰਦੇ ਹਨ :

*ਸਭਦੂੰ ਨੀਵੀ ਧਰਤਿ ਹੈ ਆਪੁ ਗਵਾਇ ਹੋਇ ਓਡੀਣੀ ।*
*ਧੀਰਜੁ ਧਰਮੁ ਸੰਤੋਖੁ ਦ੍ਰਿੜੁ ਪੈਰਾ ਹੇਠਿ ਰਹੈ ਲਿਵਲੀਣੀ।*
*ਸਾਧ ਜਨਾਂ ਚਰਣ ਛੁਹਿ ਆਢੀਣੀ ਹੋਈ ਲਾਖੀਣੀ।*
*ਅੰਮ੍ਰਿਤ ਬੂੰਦ ਸੁਹਾਵਣੀ ਛਹਬਰ ਛਲਕ ਰੇਣੁ ਹੋਇ ਰੀਣੀ।*
*ਮਿਲਿਆ ਮਾਣੁ ਨਿਮਾਣੀਐ ਪਿਰਮ ਪਿਆਲਾ ਪੀਇ ਪਤੀਣੀ।*
*ਜੋ ਬੀਜੈ ਸੋਈ ਲੁਣੈ ਸਭ ਰਸ ਕਸ ਬਹੁ ਰੰਗ ਰੰਗੀਣੀ।*
*ਗੁਰਮੁਖਿ ਸੁਖ ਫਲੁ ਹੈ ਮਸਕੀਣੀ॥*

(*ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ -੪/੨)

ਨਿਮਰਤਾ ਧਾਰਨ ਕਰਕੇ ਹੀ ਕੋਈ ਵਿਅਕਤੀ ਸਾਹਸੀ ਬਣ ਸਕਦਾ ਹੈ।

### 6.7.2 ਨਿਡਰਤਾ

ਅਕਾਲਪੁਰਖ ਸਰਵ-ਸ਼ਕਤੀਮਾਨ, ਨਿਰਭਉ ਅਤੇ ਨਿਰਵੈਰੁ ਹੈ। ਉਸਦੀ ਹੋਂਦ ਸਭ ਪਸਾਰੇ ਵਿਚ ਵਿਦਮਾਨ ਹੈ। ਗੁਰੂ ਦੀ ਸ਼ਰਨ ਵਿਚ ਜਾ ਕੇ ਸਿੱਖ ਅੰਦਰ ਨਿਰਭਉ ਅਤੇ ਨਿਰਵੈਰ ਬਣਦਾ ਹੈ। ਉਸ ਅੰਦਰ ਨਿਰਭੈਅਤਾ ਅਤੇ ਨਿਡਰਤਾ ਆਉਂਦੀ ਹੈ। ਇਹ ਨਿਰਭੈਅਤਾ ਸਿੱਖ ਦੇ ਬ!ਾਂਹੂਬਲ ਕਰਕੇ ਨਹੀਂ, ਬਲਕਿ ਰੂਹਾਨੀਅਤ ਸਦਕਾ ਆਉਂਦੀ ਹੈ। ਗੁਰਬਾਣੀ ਅਨੁਸਾਰ ਨਿਰਭੈਅ ਵਿਅਕਤੀ ਉਸ ਨੂੰ ਮੰਨਿਆ ਗਿਆ ਹੈ ਜਿਹੜਾ ਨਾ ਕਮਜ਼ੋਰ ਨੂੰ ਡਰਾਉਂਦਾ ਹੈ ਤੇ ਨਾ ਕਿਸੇ ਤਾਕਤਵਰ ਤੋਂ ਡਰਦਾ ਹੈ :

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)

ਸਚ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੇ ਭੈਅ ਤੇ ਡਰ ਦੂਰ ਕਰਕੇ ਮਨੁੱਖ ਨਿਡਰਤਾ ਦਾ ਗੁਣ ਧਾਰਨ ਕਰਦਾ ਹੈ ਅਤੇ ਨਾਲ ਹੀ ਗੁਰੂ ਦੇ ਸ਼ਬਦ/ਪ੍ਰਮਾਤਮਾ ਦੇ ਹੁਕਮ ਵਿਚ ਜੁੜਿਆ ਰਹਿੰਦਾ ਹੈ :

*ਮਨ ਰੇ ਸਚੁ ਮਿਲੈ ਭਉ ਜਾਇ॥*
*ਭੈ ਬਿਨੁ ਨਿਰਭਉ ਕਿਉ ਥੀਐ ਗੁਰਮੁਖਿ ਸਬਦਿ ਸਮਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੮)

### 6.7.3 ਖਿਮਾ

ਮਨੁੱਖ ਅੰਦਰ ਸਾਹਸ ਨਾਲ ਖਿਮਾ ਸਹਿਜ-ਸੁਭਾਅ ਪ੍ਰਵੇਸ਼ ਕਰ ਜਾਂਦੀ ਹੈ। ਇਹੀ ਗੁਣ ਉਸਨੂੰ ਮਹਾਨ ਬਣਾਉਂਦਾ ਹੈ। ਮਹਾਨ ਕੋਸ਼ ਅਨੁਸਾਰ "ਦੁਖ ਸੁਖ ਸਹਾਰਨ ਵਾਲੀ ਚਿਤ ਦੀ ਵ੍ਰਿਤਿ" ਨੂੰ ਖਿਮਾ ਆਖਿਆ ਜਾਂਦਾ ਹੈ। ਭਾਵ ਜਦੋਂ ਕੋਈ ਬਚਾਅ ਪਖ ਨਾ ਰਵ੍ਹੇ ਤਾਂ ਵਿਰੋਧੀ ਦੇ ਸਾਹਮਣੇ ਖਿਮਾ ਹੀ ਪੀੜਤ ਵਿਅਕਤੀ ਦੇ ਬਚਾਅ ਲਈ ਸਾਰਥਕ ਸਿਧ ਹੁੰਦੀ ਹੈ। ਖਿਮਾ ਇਕ ਪ੍ਰਕਾਰ ਦਾ ਜੀਵਨ ਦਾਨ ਹੈ। ਖਿਮਾ ਦੀ ਇਸ ਸਥਿਤੀ ਵਿਚ ਜੇਤੂ ਸੂਰਮਾ ਹਾਰਨ ਵਾਲੇ ਨੂੰ ਮਾਫੀ ਪ੍ਰਦਾਨ ਕਰਦਾ ਹੈ।

ਖਿਮਾ ਕਰਨਾ, ਸੂਰਮੇ ਦੇ ਚਿਤ ਦੀ ਉਦਾਰਤਾ ਦਾ ਹਿਸਾ ਹੈ। ਗੁਰਬਾਣੀ ਦੇ ਸਿਧਾਂਤ "ਨਾ ਕੋ ਬੈਰੀ ਨਹੀ ਬਿਗਾਨਾ" ਨੂੰ ਸਿੱਖਾਂ ਨੇ ਹਮੇਸ਼ਾ ਆਪਣੇ ਜੀਵਨ ਵਿਚ ਅਪਣਾਇਆ ਹੈ। ਸਮਰਥ ਅਤੇ ਵੀਰ ਪੁਰਸ਼ ਵਿਚ ਖਿਮਾ ਦਾ

ਹੋਣਾ ਅਤਿ ਜ਼ਰੂਰੀ ਹੈ। ਨਿਮਰਤਾ ਤੇ ਖਿਮਾ ਦਾ ਆਪਸ ਵਿਚ ਗੂੜ੍ਹਾ ਸੰਬੰਧ ਹੈ। ਕਈ ਵਾਰ ਸੂਰਮਾ ਨਿਮਰਤਾ ਵਿਚ ਆ ਕੇ ਵਿਰੋਧੀ ਨੂੰ ਸ਼!ਾਂਤ ਕਰ ਦਿੰਦਾ ਹੈ। ਸਾਹਸ ਸੂਰਮੇ ਦੇ ਡੌਲੇ ਫਰਕਾਂਦੀ ਹੈ ਅਤੇ ਉਸ ਦੀਆਂ ਅਖਾਂ ਵਿਚ ਗਰਮਜੋਸ਼ੀ ਭਰਦੀ ਹੈ, ਪਰ ਖਿਮਾ ਉਸੇ ਬਹਾਦਰ ਦੇ ਜੋਸ਼ ਦਾ ਰੁਖ ਬਦਲ ਦਿੰਦੀ ਹੈ ਅਤੇ ਸੂਰਮਾ ਜ਼ਾਲਮ ਦੇ ਸਭ ਗੁਨਾਹ ਬਖਸ਼ ਦਿੰਦਾ ਹੈ। ਅਸਲ ਵਿਚ ਸਿੱਖ ਵਿਚਲੀ ਖਿਮਾ ਉਸਦੀ ਹਉਮੈਂ ਦਾ ਨਹੀਂ ਗੁਰੂ ਪ੍ਰਤੀ ਉਸਦੇ ਸਮਰਪਣ ਦਾ ਪ੍ਰਗਟਾਵਾ ਹੈ।

**6.7.4 ਸਹਿਜ ਅਵਸਥਾ**

ਸੂਰਮਿਆਂ ਦਾ ਜੀਵਨ ਸਹਿਜ ਭਰਿਆ ਰਹਿੰਦਾ ਹੈ। ਸਿੱਖ ਕਦੇ ਵੀ ਭਿਆਨਕ ਹਾਲਾਤਾਂ ਵਿਚ ਛੇਤੀ ਸਹਿਜ ਅਵਸਥਾ ਵਿਚੋਂ ਬ!ਾਂਹਰ ਨਹੀਂ ਆਉਂਦਾ। ਉਸਦੀ ਇਹ ਅਵਸਥਾ ਜੰਗ ਦੇ ਮੈਦਾਨ ਅਤੇ ਜੀਵਨ ਸੰਕਟਾਂ ਤੋਂ ਇਲਾਵਾ ਤਸੀਹੇ ਭਰੀਆਂ ਸ਼ਹਾਦਤਾਂ ਸਮੇਂ ਵੀ ਬਰਕਰਾਰ ਰਹਿੰਦੀ ਹੈ। ਸਿੱਖਾਂ ਵਿਚ ਇਹ ਪ੍ਰੇਰਨਾ ਸਿੱਖ ਗੁਰੂਆਂ ਦੀ ਬਾਣੀ ਅਤੇ ਉਹਨਾਂ ਦੇ ਜੀਵਨ ਵਿਚੋ ਪਰਾਪਤ ਹੁੰਦੀ ਹੈ।

ਇਹ ਅਵਸਥਾ ਸਾਹਸ ਦੀ ਵਿਸ਼ੇਸ਼ਤਾ ਹੈ। ਸਹਿਜ ਇਕ ਮਾਰਗ ਦਾ ਨਾਮੁ ਹੈ, ਜਿਸ ਉਪਰ ਚਲ ਕੇ ਜਗਿਆਸੂ ਸਚਾ-ਸੁਚਾ ਗਿਆਨ ਅਤੇ ਮਨ ਦੀ ਸ਼ੁੱਧੀ ਪ੍ਰਾਪਤ ਕਰ ਸਕਦਾ ਹੈ। ਗੁਰਮਤਿ ਵਿਚ ਇਸ ਨੂੰ ਸਹਿਜ ਮਾਰਗ ਕਿਹਾ ਹੈ। ਦੂਜਾ, ਸਹਿਜ ਉਸ ਆਤਮਕ ਅਵਸਥਾ ਦਾ ਨਾਮੁ ਹੈ ਜਿਸ ਉਪਰ ਇਕ ਜਗਿਆਸੂ ਆਪਣੀ ਸਾਧਨਾ ਨਾਲ ਪੁਜਦਾ ਹੈ। ਸਿੱਖੀ ਦਾ ਮਾਰਗ ਕਠਿਨ ਮਾਰਗ ਹੈ, ਜਿਸ ਮਾਰਗ 'ਚ ਬਾਹਰੀ ਤੌਰ 'ਤੇ ਤਾਕਤਵਰ ਹੋਣ ਤੋਂ ਪਹਿਲਾਂ ਆਪਣੇ ਅੰਦਰੋਂ ਬਲਵਾਨ ਬਣਨਾ ਪੈਂਦਾ ਹੈ।

ਸਹਿਜ ਤਤ ਨੂੰ ਜੀਵਨ ਵਿਚ ਧਾਰਨ ਕਰਕੇ ਮਨ ਦੀ ਸ਼ਾਂਤੀ, ਅਡੋਲਤਾ, ਤ੍ਰਿਪਤੀ ਪ੍ਰਾਪਤ ਹੁੰਦੀ ਹੈ। ਸਹਿਜ ਸਾਹਸ ਦਾ ਅਜਿਹਾ ਤੱਤ ਹੈ ਜਿਸਦਾ ਧਾਰਨੀ ਹਲੀਮੀ ਸੁਭਾਅ ਵਾਲਾ ਵਿਅਕਤੀ ਹੁੰਦਾ ਹੈ ਜੋ ਛੇਤੀ ਗੁਸੇ ਵਿਚ ਨਹੀਂ ਆਉਂਦਾ। ਆਪਣੇ ਮਕਸਦ ਨੂੰ ਪੂਰਾ ਕਰਨ ਲਈ ਸਾਹਮਣੇ ਤੋਂ ਹੋਣ ਵਾਲੇ ਅਤਿਆਚਾਰ ਨੂੰ ਸਹਿਣ ਕਰਕੇ ਅਤਿਆਚਾਰੀ ਨੂੰ ਸਬਕ ਸਿਖਾ ਜਾਂਦਾ ਹੈ। ਸਿਖ ਸ਼ਬਦਾਵਲੀ ਵਿਚ ਸਹਜ ਉਸ ਮਾਨਸਿਕ ਅਵਸਥਾ ਦਾ ਨਾਮੁ ਹੈ ਜਿਸ ਵਿਚ ਹਉਮੈਂ ਦੀ ਸੁਰਤਿ ਸਮਾਪਤ ਹੋ ਜਾਂਦੀ ਹੈ ਤੇ ਨਿਰ ਯਤਨ ਟਿਕਾਓ ਵਰਤ ਜਾਂਦਾ ਹੈ ਜੋ ਅਧਿਆਤਮਕ ਸਾਧਨਾ ਰਾਹੀਂ ਪ੍ਰਾਪਤ ਹੁੰਦਾ ਹੈ।

**6.7.5 ਜੀਵਨ ਆਦਰਸ਼**

ਗੁਰਬਾਣੀ ਸੂਰਮੇ ਨੂੰ ਇਸੇ ਜਨਮ ਵਿਚ ਆਪਣੇ ਉਚ ਜੀਵਨ ਅਦਰਸ਼ ਦੀ ਪ੍ਰਾਪਤੀ ਲਈ ਪ੍ਰੇਰਦੀ ਹੈ :

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾਂ.॥*

*ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੯੬)

ਗੁਰਬਾਣੀ ਮਨੁੱਖ ਨੂੰ ਅਕਾਲਪੁਰਖ ਨਾਲ ਮਿਲਾਪ ਦੀ ਸੋਝੀ ਦਿੰਦੀ ਹੈ :

*ਭਈ ਪਰਾਪਤਿ ਮਾਨੁਖ ਦੇਹੁਰੀਆ॥*

*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੭੮)

ਉਕਤ ਉਦੇਸ਼ ਦੀ ਪੂਰਤੀ ਖਾਤਰ ਸਿੱਖ ਭਗਤੀ ਦੇ ਮਾਰਗ ਉਤੇ ਨਿਰੰਤਰ ਚਲਦਾ ਹੈ ਤੇ ਲੋੜ ਪੈਣ 'ਤੇ ਯੁਧ ਵੀ ਕਰਦਾ ਹੈ। ਇਸ ਬ!ਾਂਬਤ ਪ੍ਰੋ. ਪੂਰਨ ਲਿਖਦੇ ਹਨ, "ਸਿੱਖ ਤਾਂ ਗੁਰੂ ਅਤੇ ਵਾਹਿਗੁਰੂ ਦੀ ਖਾਤਰ ਲੜਨ ਲਈ ਬਣਿਆ ਹੈ। ਉਹ ਇਸ ਪਾਵਨ ਆਦਰਸ਼ ਦੀ ਪੂਰਤੀ ਲਈ ਸਦਾ ਤਤਪਰ ਰਹਿੰਦਾ ਹੈ। ਭਾਵੇਂ ਆਪਣੇ ਨਿਤ ਦੇ ਸਾਧਾਰਨ ਜੀਵਨ ਵਿਚ ਉਹ ਉਪਰੋਕਤ ਉਦੇਸ਼ ਲਈ ਪ੍ਰਗਤੀਤਕ ਰੂਪ ਵਿਚ ਸਵੈ-ਤਿਆਗ ਕਰੇ ਜਾਂ ਬੀਰ ਭਾਵੀ ਚੜ੍ਹਦੀ ਕਲਾ ਵਿਚ ਗੁਰੂ ਲਈ ਯੁਧ ਕਰਦਾ ਹੋਇਆ ਆਤਮ ਬਲੀਦਾਨ ਕਰ ਦੇਵੇ।"

ਇਸ ਆਦਰਸ਼ ਦੇ ਨਾਲ-ਨਾਲ ਵਿਅਕਤੀ ਦੇ ਹੋਰ ਵੀ ਉਚ ਅਦਰਸ਼ ਹਨ, ਜਿਵੇਂ ਗਰੀਬ ਦੀ ਰਖਿਆ, ਜ਼ੁਲਮ ਅਤੇ ਅਤਿਆਚਾਰ ਨੂੰ ਰੋਕਣਾ, ਸਰਬਤ ਦੇ ਭਲੇ ਲਈ ਹਰ ਵਸੀਲਾ ਕਰਨਾ ਹੈ। ਸਿੱਖ ਆਪਣੇ ਇਨ੍ਹਾਂ ਆਦਰਸ਼!ਾਂ ਨੂੰ ਪੂਰਾ ਕਰਨ ਲਈ ਆਪਣੇ ਗੁਰੂ ਨੂੰ ਸਮਰਪਿਤ ਹੋ ਕੇ ਸਿਧਾਂਤਾਂ ਨੂੰ ਅਮਲੀ-ਜਾਮਾ ਪਹਿਨਾਉਂਦਾ ਹੈ।

ਕੋਈ ਵਿਰਲਾ ਮਨੁੱਖ ਐਸਾ ਬਲਵਾਨ ਹੁੰਦਾ ਹੈ ਜਿਸਨੇ ਗੁਰੂ ਨਾਲ ਮਿਲ ਕੇ ਕਾਮਾਦਿਕ ਪੰਜਾਂ ਸੂਰਮਿਆਂ ਨੂੰ ਮਾਰ ਲਿਆ ਹੈ। ਜਗਤ ਵਿਚ ਉਹੀ ਪੂਰਨ ਮਨੁੱਖ ਹੈ ਜਿਸਨੇ ਪੰਜਾਂ ਨੂੰ ਕਾਬੂ ਕਰਕੇ ਜਿਤ ਪ੍ਰਾਪਤ ਕੀਤੀ ਹੋਵੇ। ਇਨ੍ਹਾਂ ਦੇ ਅੰਦਰੂਨੀ ਹਮਲਿਆਂ ਦਾ ਟਾਕਰਾ ਸੂਰਮਾ ਹੀ ਕਰਦਾ ਹੈ :

*ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ॥*
*ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੭੮)

ਗੁਰਬਾਣੀ ਦੀ ਪ੍ਰੇਰਨਾ ਅਨੁਸਾਰ ਆਪਣੇ ਆਦਰਸ਼ ਦੀ ਪੂਰਤੀ ਲਈ ਸਿੱਖ ਨੇ ਆਪਣਾ ਆਪ ਵਾਰਨ ਤੋਂ ਝਿਜਕਣਾ ਨਹੀਂ। ਮਾਨਵ ਕਲਿਆਣ ਲਈ ਅਤੇ ਅਤਿਆਚਾਰ ਵਿਰੁਧ, ਸ਼ੁਭ ਕਰਮਾਂ ਨੂੰ ਅਮਲ ਵਿਚ ਲਿਆਉਣਾ ਉਚ ਆਦਰਸ਼ ਦੀ ਪੂਰਤੀ ਹਿਤ ਯੋਗ ਹੈ।

### 6.7.6 ਸਚਾ-ਸੁਚਾ ਆਚਰਣ

ਮਨੁੱਖ ਦੇ ਸਮਾਜਿਕ ਸੰਬੰਧਾਂ ਦੇ ਵਰਤਾਰੇ ਦਾ ਸਬੰਧ ਵਿਅਕਤੀ ਦੇ ਆਚਰਣ ਨਾਲ ਹੈ। ਅਰਸਤੂ ਲਿਖਦਾ ਹੈ ਕਿ ਚੰਗੀਆਂ ਆਦਤਾਂ ਮਨੁੱਖੀ ਕਿਰਦਾਰ ਦਾ ਰਹਸ ਹੁੰਦੀਆਂ ਹਨ ਜੋ ਸਾਹਸ ਲਈ ਲੋੜੀਦੀਆਂ ਹਨ। ਸਧਾਰਨ ਰੂਪ ਵਿਚ ਮਨੁੱਖ ਦੇ ਚਾਲ-ਚਲਨ ਦਾ ਸੰਬੰਧ ਜਿਨਸੀ ਵਿਹਾਰ ਨਾਲ ਹੈ। ਜਿਸਦਾ ਇਹ ਵਿਹਾਰ ਸੁਚਾ ਹੈ ਉਹ ਚੰਗੇ ਚਾਲ-ਚਲਣ ਜਾਂ ਚਰਿਤਰ ਵਾਲਾ ਹੈ। ਜਿਸਦਾ ਵਿਹਾਰ ਸੁਚਾ ਨਹੀਂ ਉਹ ਮੰਦ ਚਲਣ ਹੈ। ਆਚਰਨ ਮਨੁੱਖ ਦੇ ਇਛਤ ਕਰਮਾਂ ਦਾ ਸਮੂਹ ਹੈ। ਇਨ੍ਹਾਂ ਕਰਮਾਂ ਦੀ ਪੇਸ਼ਕਾਰੀ ਲਈ ਮਨੁੱਖ ਦੀਆਂ ਆਦਤਾਂ ਅਹਿਮ ਰੋਲ ਅਦਾ ਕਰਦੀਆਂ ਹਨ। ਇਸ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਚਰਨ ਨੂੰ ਸੂਰਮੇ ਦੀ ਮੁਖ ਤਾਕਤ ਮੰਨਦੇ ਹੋਏ ਇਸ ਨੂੰ ਸਚ ਤੋਂ ਵੀ ਉਪਰ ਦਸਿਆ ਹੈ :

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੨)

ਗੁਰੂ ਸਹਿਬ!ਾਂਨ ਨੇ ਜਗਿਆਸੂ ਨੂੰ ਆਚਰਣ ਦਾ ਸਚਾ-ਸੁਚਾ ਹੋਣ ਦਾ ਉਪਦੇਸ਼ ਦਿਤਾ ਹੈ ਅਤੇ ਸਿੱਖਾਂ ਨੇ ਆਪਣੇ ਆਚਰਣ ਨੂੰ ਕਿਸੇ ਵੀ ਕੀਮਤ 'ਤੇ ਆਪਣੇ ਆਦਰਸ਼ ਤੋਂ ਨੀਵਾਂ ਨਹੀਂ ਹੋਣ ਦਿਤਾ। ਸਿੱਖ ਦੇ ਜੀਵਨ ਵਿਚ ਸੁਚਾ ਆਚਰਣ ਤੇ ਸਾਹਸ ਪ੍ਰਮੁਖ ਹਨ। ਇਹ ਉਚ ਆਚਰਣ ਸਿੱਖ ਸੂਰਬੀਰਤਾ ਵਿਚ ਹਰ ਸਮੇਂ ਪ੍ਰਮੁਖ ਰਿਹਾ ਹੈ। ਉਚ ਆਚਰਣ ਸਾਹਸੀ ਮਨੁੱਖ ਦੀ ਨਿਸ਼!ਾਂਨੀ ਹੈ। ਜਿਹੜਾ ਵਿਅਕਤੀ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿਚ ਆ ਕੇ ਦੁਸ਼-ਕਰਮ ਨਹੀਂ ਕਰਦਾ ਉਸਨੂੰ ਗੁਰਬਾਣੀ ਵਿਚ ਸੂਰਬੀਰ ਕਿਹਾ ਗਿਆ ਹੈ :

*ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥*
*ਆਤਮ ਜਿਣੈ ਸਗੱਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੭੯)

## 6.8 ਸਾਰ

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਸਾਹਸ ਮਨੁੱਖੀ ਗੁਣਾਂ ਦਾ ਕੇਂਦਰੀ ਤਤ ਹੈ, ਜਿਸ ਦੀ ਹੋਂਦ ਵਿਅਕਤੀ ਦੇ ਵਿਹਾਰ ਵਿਚ ਪਈ ਹੁੰਦੀ ਹੈ ਅਤੇ ਜਿਸ ਦਾ ਮੰਤਵ ਡਰ ਦੇ ਪ੍ਰਭਾਵ ਤੋਂ ਮੁਕਤ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਡਰ ਦੇ ਹਰੇਕ ਪਖ ਤੋਂ ਜਾਣੂੰ ਕਰਵਾਉਣਾ ਅਤੇ ਪੂਰਨ ਭਰੋਸੇ ਨੂੰ ਕਾਇਮ ਰਖਣ ਵਾਲੀ ਭਾਵਨਾ ਦਾ ਨਾਂ ਸੂਰਬੀਰਤਾ ਹੈ।

## 6.9 ਸਹਾਇਕ ਪੁਸਤਕ ਸੂਚੀ


1. ਤੇਜਾ ਸਿੰਘ ਕੋਹਲੀ, *ਸੁਰਬੀਰਤਾ ਤੇ ਸ੍ਰੈਸਟਾਚਾਰ*, ਕੋਹਲੀ ਪਬਲਿਸ਼ਰਜ਼, ਅੰਮ੍ਰਿਤਸਰ, 1956.
2. ਮੋਹਨ ਸਿੰਘ ਵੈਦ, *ਧੀਰਜ ਅਤੇ ਸੱਚੀ ਬੀਰਤਾ*, ਵਜ਼ੀਰ ਹਿੰਦ ਪ੍ਰੈਸ, 1920
3. ਤਾਰਨ ਸਿੰਘ, 'ਗੁਰਮਤਿ ਸਾਹਿਤ ਤੇ ਬੀਰਤਾ' ਪੰਜਾਬੀ ਦੁਨੀਆਂ, ਪੰਜਾਬੀ ਵਿਭਾਗ, ਪਟਿਆਲਾ, ਅਪ੍ਰੈਲ ਮਈ, 1963.

**4.** ਸਮਸ਼ੇਰ ਸਿੰਘ, *ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

**5.** ਵਜੀਰ ਸਿੰਘ, *ਨੈਤਿਕ ਨਿਯਮ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990**.**

6. ਜੋਗਿੰਦਰ ਸਿੰਘ, 'ਬੀਰਤਾ ਦਾ ਨੈਤਿਕ ਅਧਿਐਨ', ਪੰਜਾਬੀ ਦੁਨੀਆਂ, ਪੰਜਾਬੀ ਵਿਭਾਗ ਪੰਜਾਬ, ਪਟਿਆਲਾ, ਅਪ੍ਰੈਲ-ਮਈ, 1963.

7. ਹਰਬੰਸ ਸਿੰਘ (1987) *ਦੇਗ ਤੇਗ ਫਤਹ*, ਆਲਮ ਹਾਉਸ, ਚੰਡੀਗੜ੍ਹ।

## 6.10 ਅਭਿਆਸ ਲਈ ਪ੍ਰਸ਼ਨ

1. ਸਾਹਸ ਤੋਂ ਕੀ ਭਾਵ ਹੈ ?
2.ਸਾਹਸ ਦੇ ਅਰਥ, ਪਰਿਭਾਸ਼ਾ ਅਤੇ ਸਰੂਪ ਉਤੇ ਨੋਟ ਲਿਖੋ।
3.ਸਾਹਸੀ ਮਨੁੱਖ ਦੇ ਗੁਣਾਂ ਬਾਰੇ ਜਾਣਕਾਰੀ ਦਿਉ।
4.ਸਾਹਸ ਦੀ ਪ੍ਰਾਪਤੀ ਦੇ ਸਾਧਨਾਂ ਬਾਰੇ ਤੁਸੀਂ ਕੀ ਜਾਣਦੇ ਹੋ? ਸੰਖੇਪ ਵਰਨਣ ਦਿਉ।

**PROGRAMME: CERTIFICATE COURSE ON VALUE AND LEARNING OF SIKHISM**

**COURSE: VALUES AND VIRTUES**

**SEMESTER-I**

## UNIT 7 – NAM

**STRUCTURE**

7.0 ਉਦੇਸ਼

7.1 ਜਾਣ ਪਛਾਣ

7.2 ਨਾਮੁ : ਅਰਥ

7.3 ਨਾਮੁ : ਪਰਿਭਾਸ਼ਾ

7.4 ਨਾਮੁ : ਸਰੂਪ

7.5 ਵੱਖ-ਵੱਖ ਧਰਮਾਂ ਵਿਚ ਨਾਮੁ

7.6 ਨਾਮੁ : ਸਿਰਜਣ ਸ਼ਕਤੀ

7.7 ਨਾਮੁ ਦਾਤਾ : ਗੁਰੂ

7.8 ਨਾਮੁ ਜਪਣ ਦੀ ਵਿਧੀ

7.9 ਨਾਮੁ ਦਾ ਹਉਮੈ ਨਾਲ ਵਿਰੋਧ

7.10 ਨਾਮੁ ਦੀ ਕਰਾਮਾਤ

7.11 ਨਾਮੁ ਵਿਹੂਣੇ ਮਨੁੱਖ ਦੇ ਲਛਣ

7.12 ਨਾਮੁ-ਪ੍ਰਾਪਤੀ ਦੇ ਸਾਧਨ

7.12.1 ਧਰਮ ਸਥਾਨ

7.12.2 ਸਤਿਸੰਗਤ

7.12.3 ਅੰਮ੍ਰਿਤ ਵੇਲਾ

7.12.4 ਅਰਦਾਸ

7.12.5 ਸੇਵਾ

7.13 ਸਾਰ

7.14 ਸਹਾਇਕ ਪੁਸਤਕ ਸੂਚੀ

7.15 ਅਭਿਆਸ ਲਈ ਪ੍ਰਸ਼ਨ

## 7.0 ਉਦੇਸ਼

ਸਿੱਖ ਧਰਮ ਦੇ ਬੁਨਿਆਦੀ ਸੰਕਲਪਾਂ ਵਿਚੋਂ ਨਾਮੁ ਇਕ ਮਹੱਤਵਪੂਰਨ ਸੰਕਲਪ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਕੇਂਦਰੀ ਧੁਰਾ ਨਾਮੁ ਹੈ। ਮਨੁੱਖੀ ਜੀਵਨ ਦਾ ਪਰਮ ਉਦੇਸ਼ ਗੋਬਿੰਦ, ਭਾਵ ਪਰਮਾਤਮਾ ਦੀ ਪ੍ਰਾਪਤੀ ਹੈ, ਜਿਹੜੀ ਕਿ ਨਾਮੁ ਜਪਣ ਕਰਕੇ ਹੀ ਸੰਭਵ ਹੋ ਸਕਦੀ ਹੈ। ਨਾਮੁ ਨਾਮੀ ਨੂੰ ਮਿਲਣ ਦਾ ਇਕ ਸਾਧਨ ਮਾਤਰ ਹੈ। ਨਾਮੁ ਜਪਣ ਨਾਲ ਮਨ ਦੀ ਮੈਲ ਧੋਤੀ ਜਾਂਦੀ ਹੈ, ਜਿਸ ਸਦਕਾ ਮਨੁੱਖ ਸਦਗੁਣਾਂ ਦਾ ਧਾਰਨੀ ਹੁੰਦਾ ਹੈ। ਇਸ ਪਾਠ ਦਾ ਮੁਖ ਮਨੋਰਥ ਨਾਮੁ ਬਾਰੇ ਜਾਣਨਾ ਹੈ। ਪਾਠ ਵਿਚ ਨਾਮੁ ਦੇ ਅਰਥ, ਪਰਿਭਾਸ਼ਾ, ਸਰੂਪ ਅਤੇ ਗੁਣ ਆਦਿ ਬਾਰੇ ਦਸ ਕੇ ਨਾਮੁ ਦੀ ਕਈ ਪੱਖਾਂ ਤੋਂ ਵਿਆਖਿਆ ਕੀਤੀ ਗਈ ਹੈ।

## 7.1 ਜਾਣ ਪਛਾਣ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁਚੀ ਬਾਣੀ ਦਾ ਪ੍ਰਧਾਨ ਵਿਸ਼ਾ ਨਾਮੁ ਹੈ। ਗੁਰਬਾਣੀ ਅਨੁਸਾਰ ਨਾਮੁ ਮਿਠੇ ਤੋਂ ਮਿਠਾ ਅੰਮ੍ਰਿਤ ਹੈ। ਨਾਮੁ ਤੋਂ ਬਿਨਾਂ ਮਨੁੱਖ ਦੀ ਸਾਰੀ ਕਿਰਤ-ਵਿਰਤ ਨਿਸਫਲ ਹੈ। ਸੰਸਾਰ ਵਿਚ ਰਹਿੰਦੇ ਹੋਏ ਮਨੁੱਖੀ ਦੁਖਾਂ, ਕਲੇਸ਼ਾ ਤੇ ਬੰਧਨਾਂ ਦਾ ਕਾਰਨ ਨਾਮੁ ਤੋਂ ਟੁਟਣਾ ਹੈ। ਨਾਮੁ ਤੋਂ ਬਿਨਾਂ ਮਨੁੱਖੀ ਜੀਵਨ ਪਸ਼ੂ ਤੋਂ ਵੀ ਭੈੜਾਂ. ਹੈ। ਨਾਮੁ ਵਿਹੂਣਾ ਜੀਵਨ ਸਪਾਂ, ਕਾਵਾਂ, ਕੁਤਿਆਂ, ਸੂਰਾਂ ਖੋਤਿਆਂ ਤੇ ਵਿਸ਼ਟਾ ਦੇ ਕੀੜਿਆਂ ਵਰਗਾ ਜੀਵਨ ਦਸਿਆ ਗਿਆ ਹੈ। ਭਾਵੇਂ ਇਹ ਸਭ ਅਲੰਕਾਰਕ ਪਦ ਹਨ, ਪਰ ਫਿਰ ਵੀ ਇਹ ਨਾਮੁ-ਹੀਣ ਪ੍ਰਾਣੀ ਦੀ ਤਰਸਯੋਗ ਮਾਨਸਕ ਅਵਸਥਾ ਦੇ ਜਣਾਇਕ ਜ਼ਰੂਰ ਹਨ। ਇਨ੍ਹਾਂ ਪਸ਼ੂਆਂ ਤੇ ਕੀੜਿਆਂ ਦੇ ਜੀਵਨ ਨਾਲ ਕਈ ਮੰਦ ਹਾਲਤਾਂ ਸਬੰਧਿਤ ਹਨ ਤੇ ਨਾਮੁ-ਰਹਿਤ ਮਨ ਉਨ੍ਹਾਂ ਮੰਦ ਹਾਲਤਾਂ ਵਿਚ ਫਸਿਆ ਰਹਿੰਦਾ ਹੈ। ਮਨੁੱਖਾ ਸਰੀਰ ਦਾ ਆਧਾਰ ਜਿਸ ਤਰ੍ਹਾਂ ਪ੍ਰਾਣ ਹਨ, ਉਸੇ ਤਰ੍ਹਾਂ ਆਤਮਿਕ ਜੀਵਨ ਦਾ ਅਧਾਰ ਨਾਮੁ ਹੈ। ਮਨੁੱਖ ਦਾ ਅੰਦਰਲਾ ਆਪਾ ਸਰਬ ਵਿਆਪਕ ਪਰਮਾਤਮਾ ਨਾਲ ਇਕ-ਮਿਕ ਹੋ ਜਾਵੇ, ਅਥਵਾ ਮਨੁੱਖ ਦੀ ਨਾਮੁ ਨਾਲ ਲਿਵ ਲਗ ਜਾਵੇ ਤਾਂ ਮਨੁੱਖ ਨੂੰ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ। ਇਸ ਕਰਕੇ ਸੁਖਾਂ ਦਾ ਅਸਲੀ ਸੋਮਾ ਨਾਮੁ ਹੀ ਹੈ।

## 7.2 ਨਾਮੁ : ਅਰਥ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਕਿਸੇ ਵਸਤੂ ਦਾ ਬੋਧ ਕਰਵਾਉਣ ਵਾਲਾ ਸ਼ਬਦ ਜਿਸ ਕਰਕੇ ਅਰਥ ਜਾਣਿਆ ਜਾਵੇ, ਉਹ ਨਾਮੁ ਹੈ। ਵਿਆਕਰਨ ਪਖੋਂ ਨਾਮੁ ਦੇ ਦੋ ਭੇਦ ਹਨ : ਵਸਤੂਵਾਚਕ ਅਤੇ ਭਾਵਵਾਚਕ। ਗੁਰਬਾਣੀ ਵਿਚ 'ਨਾਮੁ' ਕਰਤਾਰ ਅਤੇ ਉਸਦਾ ਹੁਕਮ ਬੋਧਕ ਸ਼ਬਦ ਹੈ। 'ਨਾਮੁ' ਸੰਗਯਾ ਨਹੀਂ ਹੈ, ਕਿਉਂਕਿ ਅਸੀਂ ਕੋਈ ਪ੍ਰਭੂ ਦਾ ਇਕ ਨਾਂ ਰਖ ਕੇ ਦੂਜਿਆਂ ਤੋਂ ਵਖ ਨਹੀਂ ਕਰਦੇ।

ਨਾਮੁ ਦਾ ਅਰਥ ਸਮਰਣ ਜਾਂ ਚੇਤਾ ਵੀ ਕੀਤਾ ਜਾਂਦਾ ਹੈ। ਡਾ. ਤਾਰਨ ਸਿੰਘ ਅਨੁਸਾਰ ਨਾਮੁ 'ਅਕਾਲਪੁਰਖ' ਦੀ ਸ਼ਕਤੀ ਹੈ ਜਿਹੜੀ ਭਾਣੇ, ਹੁਕਮ, ਕਾਨੂੰਨ, ਤ੍ਰੈ-ਗੁਣ, ਜੀਵਾਤਮਾ, ਚੇਤਨਤਾ, ਪੰਜ ਤਤ ਆਦਿ ਰੂਪਾਂ ਵਿਚ ਸਾਰੇ ਬ੍ਰਹਮੰਡ ਦਾ ਆਧਾਰ ਹੈ। ਉਸੇ ਸ਼ਕਤੀ ਦੁਆਰਾ ਇਹ ਸਭ ਕੁਝ ਉਤਪੰਨ ਹੁੰਦਾ ਹੈ, ਉਸੇ ਸ਼ਕਤੀ (ਨਾਮੁ ਸ਼ਕਤੀ) ਦੁਆਰਾ ਆਪਣੀ ਥਾਂ ਕਾਇਮ ਰਹਿੰਦਾ ਹੈ। ਸਾਰੇ ਪਸਾਰੇ ਨੂੰ ਕਾਇਮ ਰਖਣ ਵਾਲੀ ਸ਼ਕਤੀ ਨੂੰ ਕਈ ਪ੍ਰਕਾਰ ਦੇ ਕਾਨੂੰਨ ਵਜੋਂ ਜਾਣਿਆ ਜਾਂਦਾ ਹੈ। ਇਸ ਲਈ ਕੁਦਰਤ ਦੇ ਨਿਯਮ ਜਾਂ ਕਾਨੂੰਨ ਵੀ ਨਾਮੁ ਦਾ ਹੀ ਪਖ ਹਨ। ਕਿਸੇ ਤ੍ਰੈਗੁਣੀ, ਪੰਜ ਤਤੀ ਮਾਦੇ ਤੋਂ ਬ੍ਰਹਿਮੰਡ ਬਣਿਆ ਹੈ, ਜਿਸ ਨੂੰ ਮਾਦਾ ਕਿਹਾ ਜਾਂਦਾ ਹੈ, ਉਹ ਵੀ ਮਾਦਾ ਨਾਮੁ ਦਾ ਹੀ ਪਖ ਹੈ।

ਜੋ ਕੁਝ ਵੀ ਅਕਾਲਪੁਰਖ ਦੀ ਮਹਾਨਤਾ ਨੂੰ ਪ੍ਰਗਟ ਕਰਦਾ ਹੈ, ਉਹ ਨਾਮੁ ਹੈ। ਦੂਜੇ ਸ਼ਬਦਾਂ ਵਿਚ ਨਾਮੁ ਸੱਚਾਈ ਦੀ ਤਲਾਸ਼ ਹੈ, ਸੱਚਾਈ ਦਾ ਪਿਆਰ ਹੈ। ਇਹ ਆਪਣੇ ਆਪ ਨੂੰ ਉਚਾ ਕਰਨ ਨਾਲ ਪ੍ਰਾਪਤ ਹੁੰਦਾ ਹੈ। ਆਪਣੀ ਸ਼ਖ਼ਸੀਅਤ ਦੇ ਵਿਕਾਸ ਲਈ ਯਤਨ-ਸ਼ੀਲ ਰਹਿਣਾ ਹੀ ਨਾਮੁ ਸਿਮਰਨ ਹੈ ਜਾਂ ਨਾਮੁ ਸਿਮਰਨ ਸਫ਼ਲ ਤਦ ਹੀ ਹੈ ਜੇ ਸ਼ਖ਼ਸੀਅਤ ਉਨਤ ਹੋ ਰਹੀ ਹੋਵੇ।

ਨਾਮੁ ਉਹ ਥਿੰਧਾ ਹੈ ਜੋ ਮਨੁੱਖੀ ਮਨ ਨੂੰ ਕਾਮਾਦਿਕ ਵਿਕਾਰਾਂ ਤੋਂ ਬਚਾ ਕੇ ਰਖਦਾ ਹੈ। ਨਾਮੁ ਮਨੁੱਖੀ ਆਚਰਨ ਦੇ ਗੁਣਾਂ ਨੂੰ ਬਚਾ ਕੇ ਰਖਣ ਦਾ ਯਤਨ ਹੈ। ਨਾਮੁ ਉਹ ਮਾਨਸਕ ਪੱਧਰ ਹੈ ਜੋ ਮਨੁੱਖ ਨੂੰ ਸ੍ਵੈ-ਕਾਬੂ ਤੇ ਸ੍ਵੈ-ਸੰਜਮ ਸਿਖਾਵੇ, ਜੋ ਮਨੁੱਖ ਨੂੰ ਆਪਣੇ ਆਪ ਦੀ ਸੋਝੀ ਦੇਵੇ; ਜੋ ਮਨੁੱਖ ਵਿਚੋਂ ਹੰਕਾਰ ਨਾਸ਼ ਕਰੇ।

ਡਾ. ਤਾਰਨ ਸਿੰਘ ਅਨੁਸਾਰ ਨਾਮੁ ਮਨੁੱਖ ਦੇ ਅੰਦਰੋਂ ਪ੍ਰੇਰਨਾ ਦੇਣ ਵਾਲੀ ਇਕ ਸ਼ੈਅ ਹੈ। ਇਹ ਮਨੁੱਖ ਦਾ ਅੰਤਹਕਰਣ ਹੈ। ਆਚਰਨਕ ਗਿਰਾਵਟ ਵੇਲੇ ਨਾਮੁ ਅੰਦਰੋਂ ਪ੍ਰਕਾਸ਼ ਕਰਦਾ ਹੈ, ਇਹ ਗਿਰਾਵਟ ਵਲੋਂ ਹੱਥਾਂ ਨੂੰ ਰੋਕਦਾ ਹੈ, ਪੈਰਾਂ ਨੂੰ ਜਕੜਦਾ ਹੈ, ਅਖਾਂ ਨੂੰ ਮੀਟਦਾ ਹੈ। ਇਹ ਸਦਾ ਸਹਾਈ ਸਾਥੀ ਹੈ।

## 7.3 ਨਾਮੁ : ਪਰਿਭਾਸ਼ਾ

ਡਾ. ਸ਼ੇਰ ਸਿੰਘ ਅਨੁਸਾਰ ਨਾਮੁ ਇਕ ਵਿਸਮਾਦੀ ਅਵਸਥਾ ਹੈ। ਇਹ ਕਿਸੇ ਚਿਤਰਕਾਰ ਦਾ ਗਿਆਨ ਨਹੀਂ। ਵਿਸਮਾਦੀ (Aesthete) ਤੇ ਚਿਤਰਕਾਰ (artist) ਦੋਹਾਂ ਦੀ ਦ੍ਰਿਸ਼ਟੀ ਵਿਚ ਫ਼ਰਕ ਹੁੰਦਾ ਹੈ। 'ਵਿਸਮਾਦ' ਮਨੁੱਖੀ ਮਨ ਦਾ ਅੰਦਰੂਨੀ ਤਜ਼ਰਬ!ਾਂ ਹੈ। ਦੂਜੇ ਸ਼ਬਦਾਂ ਵਿਚ 'ਵਿਸਮਾਦ', ਵਿਸਮਾਦੀ ਅਨੁਭਵ ਦੁਆਰਾ ਪ੍ਰਾਪਤ ਕੀਤਾ ਗਿਆਨ ਹੈ। ਅਸਲ ਵਿਚ ਜਦੋਂ ਇਕ ਜਗਿਆਸੂ ਇਸ ਪ੍ਰਗਟ ਪਸਾਰੇ ਨੂੰ ਅਸਚਰਜ ਦ੍ਰਿਸ਼ਟੀ ਤੋਂ ਵਾਹ-ਵਾਹ ਦੀ ਸੁਰ ਰਾਹੀਂ ਬਿਆਨ ਕਰਦਾ ਹੈ ਤਾਂ ਇਸ ਦ੍ਰਿਸ਼ਟਮਾਨ ਸੰਸਾਰ  ਪਿਛੇ ਲੁਕੀ ਗੈਬੀ ਸ਼ਕਤੀ, ਰਬੀ ਜੋਤਿ ਤਕ ਪਹੁੰਚਦਾ ਹੈ। ਇਹ ਨਾਮੁ ਹੈ। ਦੂਜੇ ਪਾਸੇ ਇਕ ਚਿਤਰਕਾਰ ਜਦੋਂ ਪਦਾਰਥਾਂ ਨੂੰ ਸੌਂਦਰਯ ਜਨਕ ਦ੍ਰਿਸ਼ਟੀ ਤੋਂ ਦੇਖਦਾ ਹੈ, ਤਾਂ ਉਸਦਾ ਨਿਸ਼ਾਨਾ ਕੁਝ ਹੋਰ ਹੁੰਦਾ ਹੈ। ਉਹ ਵਿਸਮਾਦੀ ਰੂਪ ਦੀ ਪਛਾਣ ਨਹੀਂ ਕਰ ਸਕਦਾ।

ਡਾ. ਤਾਰਨ ਸਿੰਘ ਦੇ ਸ਼ਬਦਾਂ ਵਿਚ, ਨਾਮੁ ਕੋਈ ਐਸੀ ਸ਼ਕਤੀ ਹੈ ਜੋ ਮਨੁੱਖ ਦੇ ਅੰਦਰ ਹੀ ਰਹਿੰਦੀ ਹੈ। ਨਾਮੁ ਦੁਆਰਾ ਨਾਮੀ (ਪਰਮਾਤਮਾ) ਮਨੁੱਖ ਦੇ ਅੰਦਰ ਆ ਵਸਦੇ ਹਨ ਅਤੇ ਮਨੁੱਖ ਦੇ ਅੰਦਰ ਜੁਰਅਤ ਤੇ ਬਲ ਪੈਦਾ ਕਰਦੇ ਹਨ ਕਿ ਉਹ ਅਜ਼ਮਾਇਸ਼ ਦੀ ਘੜੀ ਵਿਚ ਜੁਰਅਤ ਹੌਂਸਲਾ ਨਾ ਹਾਰੇ ਅਤੇ ਜਮਾਂ ਦੇ ਫੰਧ ਵਿਚ ਨਾ ਫਸੇ। ਤਾਰਨ ਸਿੰਘ ਨਾਮੁ ਨੂੰ ਪਰਿਭਾਸ਼ਿਤ ਕਰਦੇ ਹੋਏ ਕਹਿੰਦੇ ਹਨ ਕਿ ਅਕਾਲ ਪੁਰਖ ਦਾ ਰੂਪ ਬਿਆਨ ਕਰਨ ਦਾ ਹਰ ਯਤਨ ਨਾਮੁ ਹੀ ਹੈ। 'ਨਾਮੁ' ਕੋਈ ਐਸਾ ਅਭਿਆਸ ਹੈ ਜੋ ਮਨ, ਮਤਿ ਤੇ ਬੁਧ ਨੂੰ ਬਣਾਉਂਦਾ ਹੈ, ਸੰਵਾਰਦਾ ਹੈ। ਨਾਮੁ ਉਹ ਸ਼ੀਸ਼ਾ ਹੈ-'ਦਰਪਨਿ ਨਿਆਈ' ਜਿਸ ਵਿਚੋਂ ਮਨੁੱਖ ਨੇ ਆਪਣੀ ਸ਼ਖ਼ਸੀਅਤ ਦੇ ਪੱਧਰ ਨੂੰ ਵੇਖਣਾ ਹੈ। ਨਾਮੁ ਮਾਨਸਕ ਤੇ ਆਤਮਕ ਪੱਧਰ ਹੈ, ਉਸ ਪੱਧਰ ਨੂੰ ਵੇਖ ਕੇ ਮਨੁੱਖ ਨੇ ਆਪਣਾ ਇਖ਼ਲਾਕੀ ਪੱਧਰ ਨਿਸ਼ਚਿਤ ਕਰਨਾ ਹੈ।

## 7.4 ਨਾਮੁ : ਸਰੂਪ

ਨਾਮੁ ਅਕਹਿ ਤੇ ਅਕਥ ਹੈ। ਨਾਮੁ ਗਿਆਨ ਇੰਦਰੀਆਂ ਦਾ ਵਿਸ਼ਾ ਨਹੀਂ, ਨਾਮੁ ਇਕ ਅਨਭਵੀ ਤਜ਼ਰਬਾ ਹੈ, ਇਹ ਇਕ ਅਹਿਸਾਸ ਹੈ, ਸੁਆਦ ਹੈ। ਇਸ ਲਈ ਅਖਰਾਂ ਦੇ ਸਰੂਪ ਵਿਚ ਦਸਿਆ ਨਹੀਂ ਜਾ ਸਕਦਾ। ਨਾਮੁ ਅਵਸਥਾ ਵਿਚ ਮਨ, ਆਤਮਾ, ਸਰੀਰ ਦੀ ਹਾਲਤ ਕੁਝ ਕੁ ਕਹੀ ਸੁਣੀ ਜਾ ਸਕਦੀ ਹੈ। ਨਾਮੁ ਤੋਂ ਉਪਜਿਆ ਵਿਸਮਾਦ ਦਾ ਜ਼ਹੂਰ ਜ਼ਰੂਰ ਪ੍ਰਤੀਤ ਹੋ ਸਕਦਾ ਹੈ। ਨਾਮੁ ਜਪਦੇ ਹੋਏ ਜਦੋਂ ਮਨ ਤੇ ਆਤਮਾ ਸਰਬ ਵਿਆਪੀ ਜੋਤਿ, ਭਾਵ ਅਕਾਲਪੁਰਖ ਪਰਮਾਤਮਾ ਨਾਲ ਇਕ ਸੁਰ ਹੋ ਜਾਂਦੇ ਹਨ ਤਾਂ ਮਨੁੱਖ ਵਿਸਮਾਦਮਈ ਹਾਲਤ ਵਿਚ ਚਲਾ ਜਾਂਦਾ ਹੈ।

ਇਸ ਲਈ ਨਾਮੁ ਕੋਈ ਕਿਤਾਬੀ ਗਿਆਨ ਨਹੀਂ, ਕੋਈ ਵਾਕਫੀਅਤ (ਜਾਣਕਾਰੀ) ਦਾ ਭੰਡਾ.ਰ ਨਹੀਂ ਨਾ ਹੀ ਇਹ ਕੋਈ ਦਾਰਸ਼ਨਿਕ ਖੋਜ ਹੈ। ਇਸੇ ਲਈ ਇਹ ਵੇਦਾਂ ਸ਼ਾਸਤ੍ਰਾਂ ਜਾਂ ਪੋਥੀਆਂ-ਕਤੇਬਾ ਦੇ ਪਾਠਾਂ ਤੋਂ ਨਹੀਂ ਲਭਦਾ। ਇਹ ਕੋਈ ਬਾਰੋਂ ਅੰਦਰ ਆਉਣ ਵਾਲੀ ਸ਼ੈਅ ਨਹੀਂ, ਬਲਕਿ ਇਹ ਤਾਂ ਅੰਦਰੋਂ ਪ੍ਰਫੁੱਲਤ ਹੋ ਕੇ ਸਾਰੇ ਆਲੇ ਦੁਆਲੇ ਨੂੰ ਸੁਰਜੀਤ ਕਰਨ ਵਾਲੀ ਔਸ਼ਧੀ ਹੈ। ਗੁਰ ਫੁਰਮਾਣ ਹੈ:

*ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥*
*ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੩੬)

ਖਜ਼ਾਨ ਸਿੰਘ ਦੇ ਸ਼ਬਦਾਂ ਵਿਚ, "ਨਾਮੁ ਜਪਣ ਨਾਲ ਸਾਡੇ ਅੰਦਰ ਇਕ ਬੜੇ ਅਦਭੁੱਤ ਤੇ ਰਸੀਲੇ ਅੰਮ੍ਰਿਤ ਦਾ ਭੰਡਾਰਾ ਖੁਲ੍ਹ ਜਾਂਦਾ ਹੈ ਤੇ ਇਸ ਭੰਡਾਰੇ ਤੋਂ ਸਾਨੂੰ ਪਰਮ ਸੁਖ, ਪਰਮ ਅਨੰਦ ਤੇ ਪੂਰਨ ਖੁਸ਼ੀ ਪ੍ਰਾਪਤ ਹੁੰਦੀ ਹੈ।" 'ਨਾਮੁ' ਇਕ ਐਸੀ ਕੇਂਦਰੀ ਦੌੜਦੀ ਰੌਂ ਹੈ ਜੋ ਬ੍ਰਹਿਮੰਡ ਤੇ ਪਿੰਡ (ਸ਼ਰੀਰ) ਵਿਚਕਾਰ ਇਕ-ਸੁਰ ਹੋ ਕੇ ਸਰਬ-ਵਿਆਪਕਤਾ ਦੇ ਰੂਪ ਵਿਚ ਅਟਲ ਵਿਚਰ ਰਹੀ ਹੈ। 'ਨਾਮੁ' ਆਪਣੇ ਆਪ ਵਿਚ ਸੰਪੂਰਨ, ਸ੍ਵੈ-ਨਿਰਭਰ ਅਤੇ ਸ੍ਵੈ-ਸਿਧ ਹੈ। ਇਹ ਇਕ ਸ੍ਵੈ-ਆਧਾਰਿਤ ਦੈਵੀ ਨਿਯਮ ਹੈ, ਜਿਸ ਅਧੀਨ ਹਰੇਕ ਸ਼ੈਅ ਦੀ ਹੋਂਦ ਜਾਂ ਕਾਰਜ ਨਿਰੰਤਰ ਜਾਰੀ ਹੈ। ਨਾਮੁ ਮੂਲ-ਅਸਲੀਅਤ ਦੀ ਬੀਜ-ਰੂਪ ਅਵਸਥਾ ਹੈ। ਨਾਮੁ ਨੂੰ ਸਮੁਚੇ ਪਸਾਰੇ ਦਾ ਮੂਲ-ਤਤ ਵੀ ਆਖਿਆ ਜਾ ਸਕਦਾ ਹੈ।

## 7.5 ਵੱਖ-ਵੱਖ ਧਰਮਾਂ ਵਿਚ ਨਾਮੁ

ਨਾਮੁ ਸ਼ਬਦ ਵਿਸ਼ਾਲ ਘੇਰੇ ਦਾ ਲਖਾਇਕ ਹੈ। ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਨਾਮੁ ਬਾਰੇ ਵਿਚਾਰ ਮਿਲਦੇ ਹਨ। ਈਸਾਈਆਂ ਵਿਚ ਰੱਬੀ ਨਾਉਂ ਨੂੰ ਰੱਬੀ ਸ਼ਕਤੀ ਦਾ ਜ਼ਹੂਰ ਬੜੀ ਪ੍ਰਸਿਧਤਾ ਨਾਲ ਮੰਨਿਆ ਗਿਆ ਹੈ। ਬਾਈਬਲ ਵਿਚ 'ਸ਼ਬਦ' (Word) ਖਾਸ ਮਹੱਤਤਾ ਰਖਦਾ ਹੈ। ਸਿੱਖ ਧਰਮ ਵਿਚ ਜਿਸ ਤਰ੍ਹਾਂ 'ਨਾਮੁ' ਸ਼ਬਦ ਅਕਾਲਪੁਰਖ ਦੇ ਹੁਕਮ ਨੂੰ ਵਰਤੋਂ ਵਿਚ ਲਿਆਉਣ ਵਾਲਾ ਹੈ, ਉਸੇ ਤਰ੍ਹਾਂ 'ਨਾਮੁ' ਨੂੰ ਬਾਈਬਲ ਨੇ ਵੀ ਰਬੀ ਸ਼ਖਸੀਅਤ ਨਾਲ ਸਬੰਧਿਤ ਕੀਤਾ ਗਿਆ ਹੈ। ਈਸਾਈ ਮਤ ਦੀਆਂ ਧਾਰਮਿਕ ਪੁਸਤਕਾਂ (ਬਾਈਬਲ ਦੇ ਭਾਗ) 'ਓਲਡ ਟੈਸਟਾਮੈਂਟ' (Old Testament) ਤੇ 'ਨਿਊ ਟੈਸਟਾਮੈਂਟ' (New Testament) ਵਿਚ ਵੀ ਰਬ ਦੇ ਨਾਉਂ ਵਿਚ ਬੜੀ ਲੁਕਵੀਂ ਸ਼ਕਤੀ ਦਸੀ ਗਈ ਹੈ। ਇਹ ਸ਼ਕਤੀ 'ਚੇਤੰਨ ਸਤਾ' ਦੀ 'ਪੁਰਖੀ ਸ਼ਕਤੀ' ਹੈ ਤੇ 'ਨਾਮੁ' ਦੇ ਨਾਲ ਸੁਤੇ ਸਿਧ ਸਬੰਧਿਤ ਹੈ। 'ਨਾਮੁ' ਲੈਣ ਵਾਲਿਆਂ ਅੰਦਰ ਇਹ ਸ਼ਕਤੀ ਸੁਭਾਵਿਕ ਹੀ ਪ੍ਰਵੇਸ਼ ਕਰ ਜਾਂਦੀ ਹੈ।

ਬੋਧ ਮਤਿ ਅਨੁਸਾਰ ਸੁਰਗ ਲੋਕ ਦੇ ਰਾਜਾ 'ਅਮਿਤਭਾ' ਦਾ ਨਾਉਂ ਐਨਾ ਪਵਿਤਰ ਸਮਝਿਆ ਜਾਣ ਲਗ ਪਿਆ ਸੀ ਕਿ ਜੇਕਰ ਬਜਰ ਪਾਪ ਕਰਨ ਵਾਲਾ ਮਹਾਂ ਪਾਪੀ ਵੀ ਭੁਲ ਭੁਲੇਖੇ "ਅਮਿਤਭਾ" ਪਦ ਮੂੰਹੋਂ ਉਚਾਰ ਲੈਂਦਾ ਤਾਂ ਉਸ ਦਾ ਕਲਿਆਣ ਹੋ ਜਾਂਦਾ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਰੀ ਬਾਣੀ ਵਿਚ ਵੀ 'ਨਾਮੁ' ਦੀ ਗੁਝੀ ਤੇ ਲੁਕਵੀਂ ਸ਼ਕਤੀ ਉਤੇ ਬਹੁਤ ਜ਼ੋਰ ਦਿਤਾ ਗਿਆ ਹੈ। ਗੁਰੂ ਸਾਹਿਬ ਨੇ ਫੁਰਮਾਇਆ ਹੈ ਕਿ ਕੇਵਲ 'ਨਾਮੁ' ਸੁਣਨ ਨਾਲ ਹੀ ਪੂਰਨ ਗਿਆਨ (ਬ੍ਰਹਮ ਗਿਆਨ) ਪ੍ਰਾਪਤ ਹੋ ਜਾਂਦਾ ਹੈ, ਜਿਸ ਨਾਲ ਕਾਲ ਵੀ ਵਸ ਵਿਚ ਆ ਜਾਂਦਾ ਹੈ ਅਤੇ ਮਨੁੱਖ ਨੂੰ ਮਰਨ ਦਾ ਭੈਅ ਨਹੀਂ ਰਹਿੰਦਾ। ਪਾਪ ਤੇ ਚਿੰਤਾ ਨਾਮੁ ਜਪਣ ਵਾਲੇ ਦੇ ਨੇੜੇ ਨਹੀਂ ਆਉਂਦੇ। ਨਾਮੁ ਸੁਣਨ ਵਾਲੇ ਦੇ ਅੰਦਰ ਅਕਾਲਪੁਰਖ ਦੀ ਮਹਾਨ ਸ਼ਕਤੀ ਪ੍ਰਵੇਸ਼ ਕਰ ਜਾਂਦੀ ਹੈ।

## 7.6 ਨਾਮੁ : ਸਿਰਜਣ ਸ਼ਕਤੀ

ਗੁਰਮਤਿ ਵਿਚ ਪ੍ਰਭੂ ਦੀ ਸਮੁਚੀ ਸ਼ਕਤੀ ਨੂੰ ਦਰਸਾਉਣ ਲਈ 'ਨਾਮੁ' ਸ਼ਬਦ ਵਰਤਿਆ ਗਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਕੁਲ ਕਾਇਨਾਤ 'ਨਾਮੁ' ਦੇ ਆਸਰੇ ਹੀ ਹੈ :

*ਨਾਮੁ ਕੇ ਧਾਰੇ ਸਗੱਲੇ ਜੰਤ॥*
*ਨਾਮੁ ਕੇ ਧਾਰੇ ਖੰਡ ਬ੍ਰਹਮੰਡ॥*
*ਨਾਮੁ ਕੇ ਧਾਰੇ ਸਿਮ੍ਰਿਤ ਬੇਦ ਪੁਰਾਨ॥*
*ਨਾਮੁ ਕੇ ਧਾਰੇ ਸੁਨਨ ਗਿਆਨ ਧਿਆਨ॥*
*ਨਾਮੁ ਕੇ ਧਾਰੇ ਆਗਾਮ ਪਾਤਾਲ॥*
*ਨਾਮੁ ਕੇ ਧਾਰੇ ਸਗੱਲ ਆਕਾਰ॥*
*ਨਾਮੁ ਕੇ ਧਾਰ ਪੁਰੀਆ ਸਭ ਭਵਨ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੪)

ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਉਹ ਪ੍ਰਭੂ 'ਨਾਮੁ' ਹੀ ਹੈ ਅਤੇ ਨਾਮੁ ਰਾਹੀਂ ਉਸ ਦੀ ਸ਼ਕਤੀ ਦਾ ਝਲਕਾਰਾ ਮਨ ਵਿਚ ਪੈਂਦਾ ਹੈ :

*ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੫)

ਬ੍ਰਹਿਮੰਡ ਵਿਚ ਜਿਵੇਂ ਉਸ ਦੀ ਸ਼ਕਤੀ ਪਸਰ ਰਹੀ ਹੈ, ਇਸੇ ਤਰ੍ਹਾਂ ਮਨੁੱਖਾ ਦੇਹੀ ਅੰਦਰ ਵੀ ਬਹੁਤ ਪਸਾਰਾ ਹੈ। ਉਹ ਵਿਆਪਕ ਨਾਮੁ, ਜਿਸ ਦੇ ਧਾਰੇ ਸਗੱਲੇ ਜੰਤ ਹਨ, ਦੇਹੀ ਅੰਦਰ ਵੀ ਮੌਜੂਦ ਹੈ। ਗੁਰਬਾਣੀ ਦੀ ਦ੍ਰਿਸ਼ਟੀ ਵਿਚ 'ਨਾਮੁ' ਜਿਹੜਾ ਕਿ ਪ੍ਰਭੂ ਵਾਂਗ ਹੀ ਨਿਰੰਜਨ ਅਤੇ ਅਗਮ-ਆਪਾਰ ਹੈ, ਪ੍ਰਗਟ ਕੀਤਾ ਜਾ ਸਕਦਾ ਹੈ :

*ਇਸੁ ਕਾਇਆ ਅੰਦਰਿ ਬਹੁਤੁ ਪਸਾਰਾ॥*
*ਨਾਮੁ ਨਿਰੰਜਨੁ ਅਤਿ ਅਗਮ ਆਪਾਰਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੨)

## 7.7 ਨਾਮੁ ਦਾਤਾ : ਗੁਰੂ

ਸਿੱਖ ਧਰਮ ਵਿਚ 'ਗੁਰੂ' ਦਾ ਕੇਂਦਰੀ ਸਥਾਨ ਹੈ। ਇਸ ਦੇ ਸਿਧਾਂਤਕ ਅਤੇ ਵਿਹਾਰਕ ਪਖ ਦਾ ਮਹੱਤਵਪੂਰਨ ਅੰਗ 'ਗੁਰੂ' ਹੈ। ਇਸ ਤੋਂ ਬਿਨਾਂ ਸਿੱਖ ਧਰਮ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਗੁਰਮਤਿ ਅਨੁਸਾਰ 'ਗੁਰੂ', ਸਮੇਂ-ਸਥਾਨ ਅਤੇ ਕਾਰਨ-ਕਾਰਜ ਵਿਚ ਬਝਾ ਕੋਈ ਸੰਸਾਰਕ ਵਿਅਕਤੀ ਨਹੀਂ, ਬਲਕਿ ਉਹ ਤਾਂ ਪਰਮਾਤਮਾ ਦੀ 'ਜੋਤਿ' ਦਾ ਪ੍ਰਗਟ ਰੂਪ ਹੈ, ਇਕ ਰੱਬੀ ਕਰਾਮਾਤ ਹੈ। 'ਗੁਰੂ' ਐਨਾ ਮਹਾਨ ਹੈ ਕਿ ਪਰਮਾਤਮਾ ਦੀਆਂ ਸਾਰੀਆਂ ਦੈਵੀ ਸ਼ਕਤੀਆਂ ਇਸ ਵਿਚ ਸ਼ਾਮਿਲ ਹਨ। ਇਸੇ ਲਈ ਸਿੱਖ ਵਿਚਾਰਧਾਰਾ ਅਨੁਸਾਰ ਸਭ ਸ਼ਕਤੀਆਂ ਦਾ ਪ੍ਰਤੀਨਿਧ 'ਗੁਰੂ' ਹੀ ਹੈ। ਗੁਰੂ ਹੀ ਨਾਮੁ ਦਾਤਾ ਹੈ। ਦੂਜੇ ਸ਼ਬਦਾਂ ਵਿਚ ਗੁਰੂ ਤੋਂ ਹੀ ਨਾਮੁ ਦੀ ਪ੍ਰਾਪਤੀ ਹੁੰਦੀ ਹੈ :

*ਸੁਣਿ ਗਲਾ ਗੁਰ ਪਹਿ ਆਇਆ॥*
*ਨਾਮੁ ਦਾਨੁ ਇਸਨਾਨੁ ਦਿੜਾਂ.ਇਆ॥*
*ਸਭੁ ਮੁਕਤੁ ਹੋਆ ਸੈਸਾਰੜਾਂ. ਨਾਨਕ ਸਚੀ ਬੇੜੀ ਚਾੜਿ ਜੀਉ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੪)

ਗੁਰੂ ਦੀ ਸੇਵਾ ਕਰਕੇ ਹੀ ਨਾਮੁ ਦੀ ਪ੍ਰਾਪਤੀ ਹੁੰਦੀ ਹੈ, ਪਰੰਤੂ ਨਾਮੁ ਪ੍ਰਾਪਤ ਕਰਨ ਵਾਲੇ ਜਗਿਆਸੂ ਵਿਰਲੇ ਹੁੰਦੇ ਹਨ :

*ਗੁਰ ਸੇਵਾ ਤੇ ਨਾਮੇ ਲਾਗਾ॥*
*ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ॥...*
*ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ॥*
*ਕਹੁ ਨਾਨਕ ਜਿਸੁ ਸਤਿਗੁਰੁ ਪੂਰਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੩੬)

### 7.8 ਨਾਮੁ ਜਪਣ ਦੀ ਵਿਧੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਮੁ ਦੀ ਪ੍ਰਾਪਤੀ ਸਬੰਧੀ ਜਗਿਆਸੂ ਨੂੰ ਸੇਧ ਪ੍ਰਦਾਨ ਕਰਦੀ ਹੈ। ਸੂਹੀ ਰਾਗ ਦੇ ਪਹਿਲੇ ਸ਼ਬਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਾਮੁ-ਪ੍ਰਾਪਤੀ ਦਾ ਸਾਧਨ ਸਪਸ਼ਟ ਕੀਤਾ ਹੈ। ਗੁਰੂ ਸਾਹਿਬ ਮਖਣ ਦੀ ਉਦਾਹਰਣ ਰਾਹੀਂ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਮਖਣ ਕਢਣ ਲਈ ਪਹਿਲਾਂ ਭਾਂਡਾ. ਧੋ ਕੇ, ਬਦਬੂ ਖਤਮ ਕਰਕੇ, ਧੁਪ ਵਿਚ ਭਾਂਡਾ ਸੁਕਾ ਕੇ, ਫਿਰ ਦੁਧ ਪਾਈਦਾ ਹੈ। ਦੁਧ ਨੂੰ ਫਿਰ ਜਾਗ ਲਗਾ ਕੇ ਰਿੜਕਿਆ ਜਾਂਦਾ ਹੈ। ਇਸੇ ਤਰ੍ਹਾਂ ਨਾਮੁ ਪ੍ਰਾਪਤ ਕਰਨ ਲਈ ਹਿਰਦਾ ਪਵਿਤਰ ਕਰਨਾ ਪੈਂਦਾ ਹੈ। ਮਨ ਨੂੰ ਵਿਸ਼ੇ-ਵਿਕਾਰਾਂ ਤੋਂ ਰੋਕ ਕੇ ਰਖਣਾ, ਜੀਵਨ ਵਿਚ ਪਰਉਪਕਾਰ ਰਾਹੀਂ ਖੁਸ਼ਬੂ ਪੈਦਾ ਕਰਨੀ ਅਤਿ ਜ਼ਰੂਰੀ ਹੈ। 'ਸੁਰਤਿ' ਨੂੰ 'ਸਬਦ' ਵਿਚ ਟਿਕਾ ਕੇ ਰਖਣਾ ਦੁਧ ਨੂੰ ਜਾਗ ਲਗਾਉਣਾ ਹੈ। ਦੁਧ ਰਿੜਕਣ ਵੇਲੇ ਜਿਵੇਂ ਨੇੜੇ ਦੀਆਂ ਈਟੀਆਂ ਹਥ ਵਿਚ ਫੜ ਲਈਦੀਆਂ ਹਨ, ਉਸੇ ਤਰ੍ਹਾਂ ਮਨ ਨੂੰ ਕਾਬੂ ਕਰਨਾ ਪੈਂਦਾ ਹੈ। ਮਾਇਆ ਦੀ ਮੋਹ ਦੀ ਨੀਂਦ ਦਾ ਪ੍ਰਭਾਵ ਮਨ 'ਤੇ ਪੈਣ ਤੋਂ ਰੋਕਣਾ, ਨੇਤਾ ਹੈ। ਪਰਮਾਤਮਾ ਦੀ ਹੋਂਦ ਦਾ ਪ੍ਰਕਾਸ਼ ਦੇਖ ਕੇ ਜੀਭ ਨਾਲ 'ਵਾਹਿਗੁਰੂ' 'ਵਾਹਿਗੁਰੂ' ਕਰਦੇ ਰਹਿਣ ਨਾਲ ਨਾਮੁ ਅੰਮ੍ਰਿਤ ਪ੍ਰਾਪਤ ਹੋ ਜਾਂਦਾ ਹੈ। ਗੁਰਬਾਣੀ ਦਾ ਫੁਰਮਾਣ ਹੈ :

*ਭਾਂਡਾ. ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥*
*ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ॥*
*ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥੧॥ ਰਹਾਉ॥*
*ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ॥*
*ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੮)

ਗੁਰਬਾਣੀ ਵਿਚ 'ਜਪ' ਨੂੰ ਨਿੰਦਿਆ ਵੀ ਗਿਆ ਹੈ ਅਤੇ ਸਲਾਹਿਆ ਵੀ ਗਿਆ ਹੈ। ਅਸਲ ਵਿਚ ਜਪਣ ਦਾ ਤਰੀਕਾ ਜਿਹੜਾ ਗੁਰੂ ਸਾਹਿਬਾਨ ਤੋਂ ਪਹਿਲਾਂ ਪ੍ਰਚਲਤ ਸੀ ਕਿ ਕਿਸੇ ਹਸਤੀ ਦਾ ਧਿਆਨ ਧਰੇ ਬਿਨਾਂ ਇਕ ਸ਼ਬਦ ਨੂੰ ਮੁੜ ਮੁੜ ਦੁਹਰਾਉਣਾ, ਉਸ ਨੂੰ ਗੁਰੂ ਸਾਹਿਬ ਨੇ ਰਦ ਕੀਤਾ ਹੈ :

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੯੧)

ਦੂਜੇ ਪਾਸੇ ਗੁਰਬਾਣੀ ਵਿਚ 'ਜਪ' ਪਦ ਕੇਵਲ ਰਟਣ ਲਈ ਵੀ ਆਉਂਦਾ ਹੈ ਕਿਉਂਕਿ 'ਜਪ' ਦੇ ਅਰਥਾਂ ਧਿਆਨ ਵਜੋਂ ਵੀ ਕੀਤੇ ਗਏ ਹਨ :

*ਨਾਨਕੁ ਜਪਿ ਜਪਿ ਜੀਵੈ ਹਰਿ ਕੇ ਚਰਨ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੮)

ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :

*ਐਸਾ ਗਿਆਨੁ ਜਪਹੁ ਮਨ ਮੇਰੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੮)

ਅਸਲ ਵਿਚ ਨਾਮੁ ਜਪਣ ਤੋਂ ਭਾਵ ਹੈ ਰਬ ਦੀ ਹਾਜ਼ਰੀ ਦੀ ਮਹਿਸੂਸ ਕਰਨੀ, ਰਬ ਦਾ ਸਰੂਪ ਜਿਹੜਾ ਗੁਰੂ ਸਾਹਿਬ ਦੇ 'ਸਬਦ' ਦੁਆਰਾ ਅਨੁਭਵ ਹੁੰਦਾ ਹੈ, ਉਸ ਵਿਚ ਧਿਆਨ ਜੋੜਨਾ, ਮੁੜ ਮੁੜ ਧਿਆਨ ਜੋੜਨਾ :

*ਜਿਉ ਪੁਰਖੈ ਘਰਿ ਭਗਤੀ ਨਾਰਿ ਹੈ ਅਤਿ ਲੋਚੈ ਭਗਤੀ ਭਾਇ॥*
*ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ॥*
*ਤਿਉ ਬਾਣੀ ਭਗਤ ਸਲਾਹਦੇ ਹਰਿ ਨਾਮੈ ਚਿਤੁ ਲਾਇ॥*
*ਮਨੁ ਤਨੁ ਧਨੁ ਆਗੈ ਰਾਖਿਆ ਸਿਰੁ ਵੇਚਿਆ ਗੁਰ ਆਗੈ ਜਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੩)

ਜਦ ਮਨ ਕੀਰਤਨ, ਪਾਠ ਜਾਂ ਹੋਰ ਕਿਸੇ ਤਰ੍ਹਾਂ ਨਾਲ ਸਿਫ਼ਤ ਸਿਲਹ ਕਰਦਿਆਂ ਸੋਚਾਂ ਵਿਚਾਰਾਂ ਤੋਂ ਲੰਘ ਕੇ ਇਕ ਰਬ ਦੇ ਵਿਸਮਾਦੀ ਰੂਪ ਵਿਚ ਟਿਕ ਜਾਂਦਾ ਹੈ, ਤਾਂ ਕੁਝ ਚਿਰ ਲਈ ਮਨ ਵਿਚ ਇਕ ਸ਼ੁਕਰ ਦਾ ਫੁਰਨਾ ਰਹਿ ਜਾਂਦਾ ਹੈ ਕਿ ਧੰਨ ਹੈ ਉਹ ਗੁਰੂ ਜਿਸ ਨੇ ਇਹੋ ਜਿਹੇ ਰਬ ਦਾ ਚਮਤਕਾਰ ਦਿਖਾਇਆ ਹੈ। ਉਸ ਵੇਲੇ ਜਗਿਆਸੂ ਦੇ ਆਪ ਮੁਹਾਰੇ ਮੂੰਹੋਂ 'ਵਾਹਿਗੁਰੂ' 'ਵਾਹਿਗੁਰੂ' ਨਿਕਲਦਾ ਹੈ।

ਇਸ ਪ੍ਰਕਾਰ ਸਪਸ਼ਟ ਹੈ ਕਿ ਨਾਮੁ ਪਰਮਾਤਮਾ ਨਾਲ ਅਭੇਦ, ਉਸ ਦੀ ਕੋਈ ਆਪਣੀ ਕਲਾ, ਵਿਆਪਕ ਵਸਤੂ ਹੈ। ਉਸ ਨੂੰ ਪ੍ਰਗਟ ਕੀਤਾ ਜਾ ਸਕਦਾ ਹੈ। ਸਿਮਰਨ ਨਾਲ ਉਹ ਵਿਆਪਕ ਨਾਮੁ ਹਿਰਦੇ ਵਿਚਲੇ ਨਾਮੁ ਨਾਲ ਜੁੜ ਜਾਂਦਾ ਹੈ ਅਤੇ ਜੀਵ ਇਕ-ਸੁਰ ਹੋ ਜਾਂਦਾ ਹੈ।

## 7.9 ਨਾਮੁ ਦੀ ਕਰਾਮਾਤ

ਗੁਰਬਾਣੀ ਅਨੁਸਾਰ ਨਾਮੁ ਪ੍ਰਾਪਤ ਕਰਨ ਵਾਲੇ ਜਗਿਆਸੂ ਦੀ ਅਵਸਥਾ ਆਮ ਭਾਸ਼ਾ ਵਿਚ ਕਥਨ ਨਹੀਂ ਕੀਤੀ ਜਾ ਸਕਦੀ। ਇਸ ਲਈ ਨਾਮੀ ਦੀ ਅਨੰਦਮਈ ਅਵਸਥਾ ਦਾ ਵਰਨਣ ਕਰਦਿਆਂ ਹੋਇਆਂ ਗੁਰੂ ਸਾਹਿਬ ਨੇ ਗੁਰਬਾਣੀ ਵਿਚ ਕਈ ਤਰ੍ਹਾਂ ਦੇ ਅਲੰਕਾਰ ਵਰਤੇ ਹਨ। ਇਹ ਨਾਮੁ ਦੀ ਕਰਾਮਾਤ ਹੀ ਹੈ ਜਿਸ ਸਦਕਾ ਜਗਿਆਸੂ ਨਾਮੁ ਨੂੰ ਆਪਣੇ ਜੀਵਨ ਦਾ ਆਧਾਰ ਸਮਝਣ ਲਗ ਜਾਂਦਾ ਹੈ, ਜਿਵੇਂ ਕਿ ਗੁਰੂ ਸਾਹਿਬ ਫੁਰਮਾਉਂਦੇ ਹਨ : 'ਨਾਨਕ ਨਾਮੁ ਮਿਲੈ ਤਾ ਜੀਵਾ'। ਐਸੇ ਨਾਮੀ ਅਭਿਆਸੀਆਂ ਦੀ ਅਵਸਥਾ ਬਾਰੇ ਗੁਰੂ ਸਾਹਿਬ ਫੁਰਮਾਂਦੇ ਹਨ ਕਿ ਰਬ ਦੇ ਪਿਆਰੇ ਨਾਮੁ ਦੇ ਆਸਰੇ ਹੀ ਜਿਉਂਦੇ ਹਨ, ਪਰਮਾਤਮਾ ਦਾ ਵਿਸਰਣਾ ਉਨ੍ਹਾਂ ਲਈ ਮਰਨ ਤੁਲ ਹੁੰਦਾ ਹੈ : 'ਆਖਾ ਜੀਵਾ ਵਿਸਰੈ ਮਰਿ ਜਾਉ'। ਅਸਲ ਵਿਚ ਜਿਹੜੇ ਮਨੁੱਖ ਅਕਾਲਪੁਰਖ ਵਾਹਿਗੁਰੂ ਨੂੰ ਬੂਝ ਲੈਂਦੇ ਹਨ, ਉਨ੍ਹਾਂ ਨੂੰ ਹੀ ਨਾਮੁ ਦਾ ਸੁਆਦ ਆਉਂਦਾ ਹੈ :

*ਬਿਸਮਨ ਬਿਸਮ ਭਏ ਬਿਸਮਾਦ॥*
*ਜਿਨਿ ਬੂਝਿਆ ਤਿਸੁ ਆਇਆ ਸ੍ਵਾਦ॥*

ਵਿਸਮਾਦ ਤੇ ਨਾਮੁ ਦੋ ਚੀਜ਼ਾਂ ਨਹੀਂ ਹਨ। ਨਾਮੁ ਦਾ ਜ਼ਹੂਰ ਹੀ ਵਿਸਮਾਦ ਹੈ। ਅਕਾਲਪੁਰਖ ਆਪ ਵਿਸਮਾਦੀ ਹੈ ਤੇ ਵਿਸਮਾਦ ਵਿਚ ਰਹਿੰਦਾ ਹੈ। ਇਹ ਵਿਸਮਾਦੀ ਹਾਲਤ ਮਨੁੱਖ ਉਤੇ ਵੀ ਲਾਗੂ ਹੁੰਦੀ ਹੈ। ਇਸ ਵਿਸਮਾਦ ਦਾ ਕਾਰਨ ਕੋਈ ਖਾਸ ਕਿਸਮ ਦਾ ਤਜ਼ਰਬ!ਾਂ ਨਹੀਂ, ਬਲਕਿ ਹਰ ਉਹ ਹਾਲਤ ਜਿਹੜੀ ਮਨੁੱਖ ਨੂੰ ਉਸ ਦੀ ਹਉਮੈ ਵਿਚੋਂ ਕਢ ਕੇ, ਆਪੇ ਦੀ ਚਾਰ-ਦਿਵਾਰੀ ਤੋਂ ਬ!ਾਂਹਰ ਲੈ ਜਾਂਦੀ ਹੈ ਤੇ ਮਸਤੀ ਲਿਆਉਂਦੀ ਹੈ, ਉਹ ਵਿਸਮਾਦ ਦਾ ਫਲ ਦਿੰਦੀ ਹੈ। ਅਜਿਹੀ ਹਾਲਤ ਵਿਚ ਮਨੁੱਖ ਆਪਣੇ ਆਪ ਨੂੰ ਭੁਲ ਜਾਂਦਾ ਹੈ। ਇਹ ਅਲੌਕਿਕ ਦ੍ਰਿਸ਼ ਤੇ ਅਚੰਭਾ ਭਰਪੂਰ ਅਹਿਸਾਸ ਵਿਸਮਾਦ ਹੈ ਤੇ ਵਿਸਮਾਦ ਦਾ ਜ਼ਹੂਰ 'ਵਾਹਿਗੁਰੂ' ਪਦ ਹੈ। ਉਸ ਉਚੀ ਤੇ ਸਰਬ

ਵਿਆਪਕ ਹੋਂਦ ਨੂੰ ਪ੍ਰਤੀਤ ਕਰਨਾ ਹੀ ਨਾਮੁ ਜਪਣਾ ਹੈ। ਉਹ ਹੋਂਦ ਨਾਮੁ ਹੈ, ਨਾਮੁ ਦਾ ਅਹਿਸਾਸ ਸਰਬ ਵਿਆਪੀ ਹੋਂਦ ਦੀ ਛੁਹ ਤੋਂ ਪ੍ਰਗਟ ਹੋ ਕੇ ਹਉਮੈ ਦੇ ਬੰਧਨ ਤੋੜਦਾ ਹੋਇਆ ਮਨੁੱਖ ਨੂੰ ਵਿਸਮਾਦ ਨਾਲ ਭਰਪੂਰ ਕਰ ਦਿੰਦਾ ਹੈ।

## 7.10 ਨਾਮੁ ਦਾ ਹਉਮੈ ਨਾਲ ਵਿਰੋਧ

ਸ੍ਰੀ ਗੁਰੂ ਅਮਰਦਾਸ ਜੀ ਫਰਮਾਉਂਦੇ ਹਨ ਕਿ 'ਹਉਮੈ ਨਾਵੈ ਨਾਲਿ ਵਿਰੋਧ ਹੈ' ਭਾਵ ਨਾਮੁ-ਪ੍ਰਾਪਤੀ ਲਈ ਪਹਿਲਾਂ 'ਹਉਮੈ' ਦੂਰ ਕਰਨੀ ਪੈਂਦੀ ਹੈ। ਇਹ ਹਉਮੈਂ ਹੀ ਹੈ ਜਿਹੜੀ ਅਕਾਲਪੁਰਖ ਵਾਹਿਗੁਰੂ ਦਾ ਪ੍ਰਕਾਸ਼ ਹਿਰਦੇ ਅੰਦਰ ਹੋਣ ਨਹੀਂ ਦਿੰਦੀ। ਇਹ ਹਉਮੈਂ ਕਈ ਪ੍ਰਕਾਰ ਦੀ ਹੈ। ਕਿਸੇ ਨੂੰ ਦੇਹ ਦੀ, ਕਿਸੇ ਨੂੰ ਦਾਨ ਦੀ, ਕਿਸੇ ਨੂੰ ਦੌਲਤ ਦੀ, ਕਿਸੇ ਨੂੰ ਰਿਸ਼ਤਿਆਂ ਦੀ, ਕਿਸੇ ਨੂੰ ਵਿਦਵਤਾ ਦੀ, ਕਿਸੇ ਨੂੰ ਅਕਲ ਦੀ। ਸੋ ਇਹ ਹਉਮੈ ਹੀ ਹੈ ਜੋ ਦਰ ਸੁਝਣ ਨਹੀਂ ਦਿੰਦੀ। ਹਉਮੈਂ ਨੂੰ ਮਾਰਨ ਲਈ ਨਿਮਰਤਾ ਜ਼ਰੂਰੀ ਹੈ ਅਤੇ ਇਹ ਨਿਮਰਤਾ ਸੇਵਾ ਤੋਂ ਉਪਜਦੀ ਹੈ। ਹਉਮੈਂ ਦੇ ਜਾਣ ਨਾਲ ਜਗਿਆਸੂ ਗੁਰੂ ਦੀ ਮਤਿ ਧਾਰਨ ਕਰਕੇ ਪ੍ਰੇਮ ਵਿਚ ਭਿਜ ਕੇ ਪ੍ਰਭੂ ਦੇ ਗੁਣ ਗਾਣੇ ਆਰੰਭ ਕਰ ਦਿੰਦਾ ਹੈ, ਜਿਸ ਨਾਲ ਇਕ ਰਸ ਮਨੋ ਬਿਰਤੀ ਉਚੀ ਹੋ ਕੇ 'ਨਾਮੁ' ਵਿਚ ਲਗ ਜਾਂਦੀ ਹੈ। ਗੁਰ ਵਾਕ ਹੈ :

*ਰਸਕਿ ਰਸਕਿ ਗੁਨ ਗਾਵਹ ਗੁਰਮਤਿ ਲਿਵ ਉਨਮਨਿ ਨਾਮਿ ਲਗਾਨ॥*
*ਅੰਮ੍ਰਿਤੁ ਰਸੁ ਪੀਆ ਗੁਰ ਸਬਦੀ ਹਮ ਨਾਮੁ ਵਿਟਹੁ ਕੁਰਬਾਨ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੩੫)

ਮਨੁੱਖ ਨੂੰ ਹਉਮੈਂ ਅਧੀਨ ਆਪਣੇ ਸਰੀਰ ਦਾ ਹੀ ਖਿਆਲ ਰਹਿੰਦਾ ਹੈ। ਹਉਮੈਂ ਵਿਚ ਮਨੁੱਖ ਅੰਦਰ ਗੁਬਾਰ ਬਣਿਆ ਰਹਿੰਦਾ ਹੈ ਅਤੇ ਅਸਲੀਅਤ ਦੀ ਸੋਝੀ ਨਹੀਂ ਹੁੰਦੀ। ਦੂਜੇ ਪਾਸੇ ਹਉਮੈਂ ਵਿਚ 'ਭਗਤਿ' ਨਹੀਂ ਹੁੰਦੀ। ਵਿਅਕਤੀ ਰੱਬੀ ਰਜ਼ਾ ਵਿਚ ਰਾਜ਼ੀ ਨਹੀਂ ਹੁੰਦਾ। ਜੇਕਰ 'ਗੁਰੂ' ਮਿਲ ਜਾਵੇ ਤਾਂ ਹਉਮੈਂ ਦੂਰ ਹੋ ਜਾਂਦੀ ਹੈ ਅਤੇ ਸਦਾ ਥਿਰ ਪ੍ਰਭੂ ਮਨ ਵਿਚ ਆ ਵਸਦਾ ਹੈ :

*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥*
*ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥*
*ਹਰਿ ਚੇਤਿ ਮਨ ਮੇਰੇ ਤ ਗੁਰ ਕਾ ਸਬਦੁ ਕਮਾਇ॥*
*ਹੁਕਮੁ ਮੰਨਹਿ ਤਾ ਹਰਿ ਮਿਲ ਤਾ ਵਿਚਹੁ ਹਉਮੈ ਜਾਇ॥*
*ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥*
*ਹਉਮੈ ਵੱਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥*
*ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ॥*
*ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ॥*
*ਨਾਨਕ ਸਤਿਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ॥*
*ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੬੦)

## 7.11 ਨਾਮੁ ਵਿਹੂਣੇ ਮਨੁੱਖ ਦੇ ਲਛਣ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾਮੁ ਦੀ ਖੂਬੀ ਤੇ ਸੁੰਦਰਤਾ ਨੂੰ ਜਨਾਉਣ ਲਈ ਪੰਜ ਵਾਰ 'ਖੂਬ' ਪਦ ਵਰਤਿਆ ਗਿਆ ਹੈ :

*ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ॥*
*ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ॥*

ਅਸਲ ਵਿਚ ਨਾਮੁ ਤੋਂ ਬਿਨਾਂ ਸਭ ਝੂਠ ਅਥਵਾ ਕੂੜ ਹੀ ਹੈ। ਨਾਮੁ ਵਿਹੂਣੇ ਮਨੁੱਖ ਦੇ ਲਛਣ ਦਰਸਾਉਂਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਨਾਮੁ ਤੋਂ ਬਿਨਾਂ ਮਨੁੱਖ ਸਪ ਦੀ ਤਰ੍ਹਾਂ ਹੈ :

*ਬਿਨੁ ਸਿਮਰਨ ਜੈਸੇ ਸਰਪ ਆਰਜਾਰੀ॥*
*ਤਿਉ ਜੀਵਹਿ ਸਾਕਤ ਨਾਮੁ ਬਿਸਾਰੀ॥*

ਨਾਮੁ ਵਿਹੂਣੇ ਮਨੁੱਖ ਨੂੰ ਗੁਰਬਾਣੀ ਵਿਚ ਫਿਟਕਾਰਾਂ ਹੀ ਪਾਈਆਂ ਗਈਆਂ ਹਨ :

*ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ॥*

*ਨਾਮੁ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ॥*

ਗੁਰਬਾਣੀ ਦੀ ਦ੍ਰਿਸ਼ਟੀ ਵਿਚ ਨਾਮੁ ਤੋਂ ਬਿਨਾਂ ਸਾਰੀ ਦੁਨੀਆ ਹੀ ਸੁਆਹ ਦੇ ਤੁਲ ਹੈ, ਭਾਵ ਨਾਸ਼ਮਾਨ ਹੈ : 'ਨਾਮੁ ਬਿਨਾ ਸਭ ਦਨੀਆ ਛਾਰੁ'। ਨਾਮੁ ਦੀ ਮਹੱਤਤਾ ਦ੍ਰਿੜ ਕਰਵਾਉਣ ਲਈ ਗੁਰੂ ਸਾਹਿਬ ਗਊਆਂ ਤੇ ਮੱਝਾਂ ਦੀ ਉਦਾਹਰਣ ਦੇ ਕੇ ਸਮਝਾਉਂਦੇ ਹਨ ਕਿ ਘਾਹ, ਤੂੜੀ, ਖਲ ਆਦਿ ਖਾ ਕੇ ਇਹ ਪਸ਼ੂ ਅੰਮ੍ਰਿਤਮਈ ਦੁਧ ਦਿੰਦੇ ਹਨ, ਪਰੰਤੂ ਮਨੁੱਖ ਛਤੀ ਪ੍ਰਕਾਰ ਦੇ ਭੋਜਨ ਖਾ ਕੇ ਵੀ ਦੁਨੀਆਂ ਵਿਚ ਗੰਦ ਹੀ ਫੈਲਾਉਂਦਾ ਹੈ। ਇਸ ਲਈ ਨਾਮੁ ਵਿਹੂਣੇ ਮਨੁੱਖ ਨਾਲੋਂ ਤਾਂ ਪਸ਼ੂ ਹੀ ਚੰਗਾ ਹੈ :

*ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥*
*ਨਾਮੁ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥*

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜੇਕਰ ਮੋਤੀਆਂ ਦਾ ਮੰਦਰ ਉਸਰ ਜਾਵੇ ਤੇ ਰਤਨ ਜਵਾਹਰ ਉਸ ਵਿਚ ਜੜੇ ਜਾਣ, ਕਸਤੂਰੀ, ਕੇਸਰ, ਸੰਦਲ ਆਦਿ ਦੀਆਂ ਸੁਗੰਧੀਆਂ ਨਾਲ ਉਸ ਨੂੰ ਮਨ ਮੋਹਤ ਕੀਤਾ ਜਾਵੇ, ਤਾਂ ਵੀ ਗੁਰੂ ਸਾਹਿਬ ਅਨੁਸਾਰ ਮਾਇਕ ਪਦਾਰਥਾਂ ਦੇ ਸਾਰੇ ਸੁਖ ਤੇ ਐਸ਼ੋ ਇਸ਼ਰਤ ਦੇ ਸਾਧਨ ਨਾਮੁ ਸਾਹਮਣੇ ਤੁਛ ਹਨ। ਨਾਮੁ ਸਭ ਤੋਂ ਉਤਮ ਹੈ। ਜੇਕਰ ਨਾਮੁ ਨਹੀਂ ਹੈ ਤਾਂ ਇਹ ਸਭ ਸੁਖ ਅਰਾਮ ਦੁਖ ਰੂਪ ਹਨ। ਇਕ ਗੱਲ ਧਿਆਨ ਦੇਣ ਵਾਲੀ ਇਹ ਹੈ ਕਿ ਗੁਰੂ ਸਾਹਿਬ ਦੁਨਿਆਵੀ ਸੁਖ ਅਰਾਮ ਨੂੰ ਘਿਰਣਤ ਨਹੀਂ ਸਮਝਦੇ, ਪਰ ਨਾਮੁ ਤੋਂ ਬਿਨਾਂ ਇਨ੍ਹਾਂ ਵਿਚੋਂ ਅਸਲ ਸ਼ਾਂਤੀ ਨਹੀਂ ਲਭਦੀ।

## 7.12 ਨਾਮੁ-ਪ੍ਰਾਪਤੀ ਦੇ ਸਾਧਨ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਨਾਮੁ-ਪ੍ਰਾਪਤੀ ਦੇ ਕਈ ਸਾਧਨ ਦਰਸਾਏ ਗਏ ਹਨ, ਜਿਨ੍ਹਾਂ ਵਿਚ ਗੁਰਦੁਆਰਾ, ਸਤਿਸੰਗਤ, ਅਰਦਾਸ, ਆਦਿ ਪ੍ਰਮੁਖ ਹਨ। ਇਨ੍ਹਾਂ ਦੀ ਵਿਸਤ੍ਰਿਤ ਵਿਚਾਰ ਹੇਠ ਦਿਤੇ ਅਨੁਸਾਰ ਹੈ :

### 7.12.1 ਗੁਰਦੁਆਰਾ

ਗੁਰਦੁਆਰਾ ਇਕ ਅਜਿਹਾ ਅਸਥਾਨ ਹੈ, ਜਿਥੇ ਮਨੁਖ ਦਾ ਜੀਵਨ ਘੜਿਆ ਜਾਂਦਾ ਹੈ। ਇਸ ਅਸਥਾਨ ਦਾ ਪ੍ਰਮੁਖ ਪ੍ਰਯੋਜਨ ਮਨੁੱਖ ਦੀ ਆਤਮਿਕ ਕਲਿਆਣ ਕਰਨਾ ਹੈ। ਇਹ ਇਕ ਅਜਿਹੀ ਥਾਂ ਹੈ ਜਿਥੋਂ ਸੰਗਤ ਨੂੰ ਜੀਵਨ ਦੇ ਹਰੇਕ ਪਹਿਲੂ, ਭਾਵ ਰੂਹਾਨੀ, ਸਮਾਜਿਕ, ਰਾਜਨੀਤਕ ਅਤੇ ਆਰਥਿਕ ਅਗਵਾਈ ਮਿਲਦੀ ਹੈ। ਇਥੇ ਵਖ-ਵਖ ਧਰਮ, ਪਿਛੋਕੜ, ਖਿਤੇ ਅਤੇ ਮਾਨਸਿਕਤਾ ਦੇ ਲੋਕ ਆ ਕੇ ਇਕ ਸੂਤਰ ਵਿਚ ਪਰੋਏ ਜਾਂਦੇ ਹਨ। ਉਨ੍ਹਾਂ ਨੂੰ ਇਥੇ ਇਕ ਅਜਿਹੀ ਸ਼ਕਤੀ ਪ੍ਰਾਪਤ ਹੁੰਦੀ ਹੈ, ਜਿਸ ਸਦਕਾ ਉਹ ਆਪਣੇ ਨਿਜੀ ਜੀਵਨ ਵਿਚ ਦ੍ਰਿੜਤਾ ਪ੍ਰਾਪਤ ਕਰਦੇ ਹਨ। ਗੁਰਦੁਆਰਾ ਗੁਰੂ ਦੇ ਨਿਵਾਸ ਦਾ ਸੰਕੇਤਕ ਹੈ, ਜਿਥੇ ਆ ਕੇ ਮਨੁੱਖ ਨੂੰ ਸੋਝੀ ਪ੍ਰਾਪਤ ਹੁੰਦੀ ਹੈ :

*ਗੁਰੂ ਦੁਆਰੈ ਹੋਇ ਸੋਝੀ ਪਾਇਸੀ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੩੦)

ਗੁਰਦੁਆਰਾ ਸਾਹਿਬ ਜਾਣ ਨਾਲ ਮਨੁੱਖ ਨੂੰ ਸਮਝ ਪ੍ਰਾਪਤ ਹੁੰਦੀ ਹੈ ਕਿ ਉਸ ਦੇ ਜੀਵਨ ਦਾ ਪਰਮ ਮਨੋਰਥ ਕੀ ਹੈ ਅਤੇ ਉਸ ਉਦੇਸ਼ ਦੀ ਪ੍ਰਾਪਤੀ 'ਨਾਮੁ' ਜਪਣ ਨਾਲ ਹੀ ਹੋਣੀ ਹੈ।

### 7.12.2 ਸਤਿਸੰਗਤ

ਭਾਈ ਵੀਰ ਸਿੰਘ ਅਨੁਸਾਰ ਸਤਿਸੰਗਤ ਤੋਂ ਭਾਵ ਹੈ ਭਲਾ ਸੰਗ, ਸਚੇ ਪੁਰਖ ਦਾ ਸੰਗ, ਉਸ ਆਦਮੀ ਦਾ ਸੰਗ ਜੋ ਝੂਠ ਤੇ ਮਾਇਆ ਤੋਂ ਕਢ ਕੇ ਸਤਿ ਵਾਹਿਗੁਰੂ ਵਿਚ ਲਗਾਵੇ। ਸੰਗਤ ਦੀ ਮਹਿਮਾ ਇਸ ਕਰਕੇ ਹੈ ਕਿ ਸੰਗਤ ਵਿਚ ਗੁਰੂ ਸਾਹਿਬ ਆਪ ਬਿਰਾਜਮਾਨ ਹੁੰਦੇ ਹਨ। ਵਰਨਣਯੋਗ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸੰਗਤ ਵਿਚ 'ਗੁਰੂ' ਦੀ ਮੌਜੂਦਗੀ ਹੀ ਸਿੱਖਾਂ ਨੂੰ ਆਤਮਿਕ ਬਲ ਬਖਸ਼ਦੀ ਸੀ, ਜਿਸ ਕਰਕੇ ਸਿੱਖਾਂ ਨੇ ਪੰਜਵੇਂ ਪਾਤਿਸ਼ਾਹ ਤੋਂ ਬਾਅਦ ਜ਼ੁਲਮ ਵਿਰੁਧ ਆਵਾਜ਼ ਉਠਾਉਣੀ ਸ਼ੁਰੂ ਕੀਤੀ। ਇਹ ਤਥ ਦਸਵੇਂ ਪਾਤਿਸ਼ਾਹ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਤਕ ਤਾਂ ਦ੍ਰਿਸ਼ਟੀਗੋਚਰ ਹੁੰਦਾ ਹੀ ਹੈ, ਪਰ ਇਸ ਦੀ ਨਿਰੰਤਰਤਾ ਮੌਜੂਦਾ ਸਮੇਂ ਵਿਚ ਵੀ ਦੇਖੀ ਜਾ ਸਕਦੀ ਹੈ।

'ਗੁਰੂ', ਸੰਗਤ ਦਾ ਕੇਂਦਰੀ ਧੁਰਾ ਹੈ। ਸਤਿਗੁਰੂ ਦੀ ਅਜਿਹੀ ਸੰਗਤ ਉਤਮ ਹੈ। ਸੰਗਤ ਨੂੰ ਉਤਮ ਇਸ ਲਈ ਕਿਹਾ ਗਿਆ ਹੈ ਕਿਉਂਕਿ ਅਜਿਹੀ ਸੰਗਤ ਵਿਚ ਆ ਕੇ ਜਗਿਆਸੂਆਂ ਨੂੰ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ। ਗੁਰੂ

ਅਤੇ ਸੰਗਤ ਦਾ ਪਰਸਪਰ ਸੰਬੰਧ ਹੈ। ਇਹ ਦੋ ਅਲਗ-ਅਲਗ ਹਸਤੀਆਂ ਨਹੀਂ, ਸਗੋਂ ਇਕ ਰੂਪ ਹਨ। ਗੁਰੂ, ਜੋਤਿ ਰੂਪ ਵਿਚ ਸੰਗਤ ਦਾ ਰੂਪ ਧਾਰਦਾ ਹੋਇਆ ਸਮਾਜ ਕਲਿਆਣ ਦੇ ਆਪਣੇ ਉਦੇਸ਼ ਨੂੰ ਪੂਰਾ ਕਰਦਾ ਹੈ।

ਸਤਿਸੰਗਤਿ ਨੂੰ ਪ੍ਰਭਾਸ਼ਿਤ ਕਰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਜਿਥੇ ਕੇਵਲ ਸਚ ਦੀ ਵਿਚਾਰ ਹੁੰਦੀ ਹੋਵੇ, ਉਹ ਸਤਿਸੰਗਤਿ ਹੈ :

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨)

ਸਤਿਸੰਗਤ ਹੀ ਅਜਿਹਾ ਸਥਾਨ ਹੈ ਜਿਥੇ ਵਿਅਕਤੀ ਆਪਣੇ ਔਗੁਣਾਂ ਦਾ ਤਿਆਗ ਕਰਕੇ ਗੁਣ ਗ੍ਰਹਿਣ ਕਰਦਾ ਹੈ। ਸੰਗਤ ਵਿਚ ਬੈਠ ਕੇ ਨਾਮੁ ਜਪਣ ਨਾਲ ਮਨੁੱਖ ਦਾ ਹਿਰਦਾ ਸ਼ੁਧ ਹੋ ਜਾਂਦਾ ਹੈ :

*ਊਤਮ ਸੰਗਤਿ ਊਤਮੁ ਹੋਵੈ॥*
*ਗੁਣ ਕਉ ਧਾਵੈ ਅਵਗਣ ਧੋਵੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੪)

ਮਨੁੱਖੀ ਸ਼ਖਸੀਅਤ ਦੇ ਵਿਗਾਸ ਵਿਚ ਸੰਗਤ ਦਾ ਅਹਿਮ ਯੋਗਦਾਨ ਹੁੰਦਾ ਹੈ। ਗੁਰਬਾਣੀ ਵਿਚ ਅਨੇਕ ਥਾਂ ਭਲਿਆਂ ਤੇ ਸਿਆਣੇ ਪੁਰਸ਼!ਾਂ ਦੀ ਸੰਗਤ ਕਰਨ ਦਾ ਉਪਦੇਸ਼ ਦਿਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਭਗਤ ਕਬੀਰ ਜੀ ਚੰਦਨ ਦੇ ਬੂਟੇ ਦੀ ਉਦਾਹਰਨ ਨਾਲ ਮਨੁੱਖ ਨੂੰ ਸਮਝਾਉਂਦੇ ਹਨ ਕਿ ਜਿਵੇਂ ਚੰਦਨ ਦੇ ਬੂਟੇ ਦੀ ਖੁਸ਼ਬੂ ਨਾਲ ਸਾਰਾ ਵਾਤਾਵਰਨ ਸੁਗੰਧਿਤ ਹੋ ਜਾਂਦਾ ਹੈ, ਉਸੇ ਤਰ੍ਹਾਂ ਭਲੇ ਲੋਕਾਂ ਦੀ ਸੰਗਤ ਕਰਨ ਨਾਲ ਜੀਵ ਉਨ੍ਹਾਂ ਵਿਚਲੇ ਗੁਣ ਗ੍ਰਹਿਣ ਕਰਦਾ ਹੈ। ਮਨੁੱਖ ਜਿਸ ਤਰ੍ਹਾਂ ਦੀ ਸੰਗਤ ਕਰਦਾ ਹੈ, ਉਹੋ ਜਿਹਾ ਹੀ ਉਸ ਨੂੰ ਫਲ ਪ੍ਰਾਪਤ ਹੁੰਦਾ ਹੈ :

*ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥*
*ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੯)

ਗੁਰਬਾਣੀ ਵਿਚ ਉਨ੍ਹਾਂ ਜੀਵਾਂ ਨੂੰ ਵਡਭਾਗੀ ਕਿਹਾ ਗਿਆ ਹੈ, ਜਿਨ੍ਹਾਂ ਨੂੰ ਸਤਸੰਗਤਿ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਸਤਸੰਗਤਿ ਕਰਨ ਵਾਲਾ ਮਨੁੱਖ ਕਦੇ ਵੀ ਕਿਸੇ ਦਾ ਬੁਰਾ ਨਹੀਂ ਚਿਤਵਦਾ, ਕਿਸੇ ਨਾਲ ਈਰਖਾ ਨਹੀਂ ਕਰਦਾ। ਉਸ ਨੂੰ ਕੋਈ ਵੀ ਵੈਰੀ ਜਾਂ ਦੁਸ਼ਮਨ ਨਹੀਂ ਲਗਦਾ। ਅਜਿਹਾ ਮਨੁੱਖ ਸਾਰੇ ਜੀਵਾਂ ਵਿਚ ਇਕੋ ਪਰਮਾਤਮਾ ਦੀ ਜੋਤਿ ਦੇ ਹੀ ਦਰਸ਼ਨ ਕਰਦਾ ਹੈ:

*ਬਿਸਰਿ ਗਈ ਸਭ ਤਾਤਿ ਪਰਾਈ॥*
*ਜਬ ਤੇ ਸਾਧਸੰਗਤਿ ਮੋਹਿ ਪਾਈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੯)

7.12.3 **ਅੰਮ੍ਰਿਤ ਵੇਲਾ**

ਪ੍ਰੋ. ਸਾਹਿਬ ਸਿੰਘ ਅੰਮ੍ਰਿਤ ਵੇਲੇ ਦੀ ਮਹਤਾ ਬਾਰੇ ਲਿਖਦੇ ਹਨ, "ਅੰਮ੍ਰਿਤ ਵੇਲਾ ਹੀ ਹੈ ਜਦੋਂ ਮਨੁੱਖ ਦਾ ਮਨ ਇਕਸਾਰ ਹੋ ਕੇ ਪਰਮਾਤਮਾ ਦੀ ਯਾਦ ਵਿਚ ਜੁੜ ਸਕਦਾ ਹੈ। ਪਰ ਅੰਮ੍ਰਿਤ ਵੇਲੇ ਦਾ ਇਹ ਅਭਿਆਸ ਇਹੋ ਜਿਹਾ ਬਣਨਾ ਚਾਹੀਦਾ ਹੈ ਕਿ ਅਠੇ ਪਹਰ ਪਰਮਾਤਮਾ ਦਾ ਡਰ-ਅਦਬ ਮਨ ਵਿਚ ਟਿਕਿਆ ਰਹੇ। ਸੁਰਤਿ ਦਾ ਪਰਮਾਤਮਾ ਦੀ ਯਾਦ ਵਿਚ ਜੁੜੇ ਰਹਿਣਾ ਹੀ ਮਨੁੱਖ ਵਾਸਤੇ ਆਤਮਕ ਇਸ਼ਨਾਨ ਹੈ।" ਗੁਰਬਾਣੀ ਵਿਚ ਮਨੁੱਖ ਨੂੰ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨ ਉਪਰੰਤ ਨਾਮੁ ਜਪਣ ਦੀ ਤਾਕੀਦ ਕੀਤੀ ਗਈ ਹੈ :

*ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੫)

ਅੰਮ੍ਰਿਤ ਵੇਲੇ ਜਾਗ ਕੇ ਨਾਮੁ ਜਪਣ ਨਾਲ ਜੀਵ ਨੂੰ ਕਿਸੇ ਤਰ੍ਹਾਂ ਦੀ ਕੋਈ ਚਿੰਤਾ, ਝਗੜਾਂ., ਕਲੇਸ਼ ਨਹੀਂ ਰਹਿੰਦੇ :

*ਝਾਲਾਘੇ ਊਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥*
*ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੫)

ਗੁਰਬਾਣੀ ਵਿਚ ਅੰਮ੍ਰਿਤ ਵੇਲੇ ਦੀ ਮਹਿਮਾ ਤੇ ਮਹਾਨਤਾ ਨੂੰ ਦਰਸਾਉਂਦਿਆਂ ਦਸਿਆ ਗਿਆ ਹੈ ਕਿ ਅੰਮ੍ਰਿਤ ਵੇਲਾ ਹੀ ਅਕਾਲਪੁਰਖ ਨਾਲ ਜੁੜਨ ਦਾ ਸਹੀ ਸਮਾਂ ਹੈ। ਇਸ ਲਈ ਗੁਰਬਾਣੀ ਦੀ ਸਿਖਿਆ ਅਨੁਸਾਰ ਜੇਕਰ ਜੀਵ ਅੰਮ੍ਰਿਤ ਵੇਲੇ ਵਾਹਿਗੁਰੂ ਦੇ ਚਰਨਾਂ ਵਿਚ ਜੁੜ ਜਾਵੇ ਤਾਂ ਹੌਲੀ ਹੌਲੀ ਅਭਿਆਸ ਨਾਲ ਉਸ ਦੇ ਮਨ ਵਿਚ ਟਿਕਾਅ ਆ ਜਾਂਦਾ ਹੈ।

ਭਾਈ ਗੁਰਦਾਸ ਜੀ ਵੀ ਲਿਖਦੇ ਹਨ ਕਿ 'ਅੰਮ੍ਰਿਤ ਵੇਲਾ' ਹੀ ਇਕ ਅਜਿਹਾ ਸਮਾਂ ਹੈ ਜਦ ਮਨ ਨਾਮੁ ਸਾਧਨਾ ਵਿਚ ਲਗਦਾ ਹੈ। ਇਸ ਲਈ ਭਾਈ ਸਾਹਿਬ ਵਾਹਿਗੁਰੂ ਦੀ ਸਿਫਤ-ਸਲਾਹ ਅੰਮ੍ਰਿਤ ਵੇਲੇ ਕਰਨ ਨੂੰ ਹੀ ਉਤਮ ਸਮਾਂ ਮੰਨਦੇ ਹਨ:

*ਸਿਫਤਿ ਸਲਾਹਣੁ ਅੰਮ੍ਰਿਤੁ ਵੇਲਾ।*

(ਵਾਰ/ਪਉੜੀ-੭/੨੦)

ਸ੍ਰੀ ਗੁਰੂ ਰਾਮਦਾਸ ਜੀ ਸਿਖਿਆ ਦਿੰਦੇ ਹਨ ਕਿ ਗੁਰੂ ਦਾ ਸਿੱਖ ਅਖਵਾਉਣ ਲਈ ਸਿੱਖ ਨੂੰ ਸਭ ਤੋਂ ਪਹਿਲਾਂ ਅੰਮ੍ਰਿਤ ਵੇਲੇ ਉਠ ਕੇ ਨਾਮੁ ਜਪਣਾ ਚਾਹੀਦਾ ਹੈ, ਉਪਰੰਤ ਇਸਨਾਨ ਕਰਨ ਦੀ ਹਦਾਇਤ ਹੈ। ਦਿਨ ਚੜ੍ਹਣ ਉਪਰੰਤ ਗੁਰਬਾਣੀ ਪੜ੍ਹਨ ਦੀ ਤਾਕੀਦ ਹੈ। ਦੁਨਿਆਵੀ ਕਾਰ ਵਿਹਾਰ ਕਰਦਿਆਂ ਵੀ ਸਿੱਖ ਨੇ ਆਪਣੇ ਮਨ ਨੂੰ ਸਦਾ ਬਾਣੀ ਵਿਚ ਜੋੜੀ ਰਖਣਾ ਹੈ। ਇਹ ਸਾਰਾ ਨੇਮ ਨਿਭਾਉਣ ਵਾਲਾ ਸਿੱਖ ਹੀ ਸਤਿਗੁਰੂ ਨੂੰ ਭਾਉਂਦਾ ਹੈ :

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥...*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੫)

### 7.12.4 **ਅਰਦਾਸ**

ਭਾਈ ਵੀਰ ਸਿੰਘ ਅਨੁਸਾਰ ਅਰਦਾਸ ਤੋਂ ਭਾਵ ਬੇਨਤੀ, ਪ੍ਰਾਰਥਨਾ ਹੈ। ਅਰਦਾਸ ਦੇ ਕੋਸ਼ਗਤ ਅਰਥ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਪ੍ਰਕਾਰ ਕੀਤੇ ਹਨ: "ਸੰਸਕ੍ਰਿਤ" ਅਰ੍ਦ (ਮੰਗਣਾ) + ਆਸ (ਆਸ਼!ਾਂ), ਮੁਰਾਦ ਮੰਗਣ ਦੀ ਕ੍ਰਿਯਾ (ਫਾਰਸੀ) ਅਰਜਦਾਸ਼੍ਤ. ਸੰਗਯਾ-ਪ੍ਰਾਰਥਨਾ. ਬੇਨਤੀ. ਵਿਨਯ।"

ਇਸ ਪ੍ਰਕਾਰ 'ਅਰਦ' ਦੇ ਅਰਥ ਹਨ- ਮੰਗਣਾ ਅਤੇ 'ਆਸ' ਦੇ ਅਰਥ ਹਨ- ਆਸ਼!ਾਂ, ਭਾਵ ਮੰਗਣ ਦੀ ਆਸ਼!ਾਂ। ਹਰੇਕ ਵਿਅਕਤੀ ਭਾਵੇਂ ਉਹ ਕਿਸੇ ਵੀ ਧਰਮ, ਮਜ਼ਹਬ ਜਾਂ ਮਤ ਦਾ ਅਨੁਯਾਈ ਹੋਵੇ, ਉਹ ਆਪਣੇ-ਆਪਣੇ ਢੰਗ ਜਾਂ ਤਰੀਕੇ ਨਾਲ ਆਪੋ-ਆਪਣੇ ਇਸ਼ਟ ਅਗੇ ਬੇਨਤੀ, ਜੋਦੜੀ ਜਾਂ ਪ੍ਰਾਰਥਨਾ ਕਰਦਾ ਹੈ। ਸਿੱਖ ਸ਼ਬਦਾਵਲੀ ਵਿਚ ਇਸਨੂੰ 'ਅਰਦਾਸ' ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਅਰਦਾਸ ਦੇ ਸਮਾਨਾਰਥੀ ਭਾਵੇਂ ਹੋਰ ਵੀ ਸ਼ਬਦ ਆਏ ਹਨ, ਜਿਵੇਂ ਬੇਨਤੀ, ਬਿਨਉ, ਬਿਨਤੀ, ਬੇਨੰਤੀ, ਬੇਨੰਤੀਆ ਆਦਿ, ਪਰੰਤੂ 'ਅਰਦਾਸ' ਸ਼ਬਦ ਇਨ੍ਹਾਂ ਵਿਚੋਂ ਵਧੇਰੇ ਪ੍ਰਚਲਿਤ ਹੈ।

ਗਿ. ਹਰਿਬੰਸ ਸਿੰਘ ਅਨੁਸਾਰ, "ਅਕਾਲਪੁਰਖ ਜੀ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ, ਆਤਮ ਸਮਰਪਣ ਕਰਕੇ, ਆਪਣੇ ਸ਼ੁਭ ਮਨੋਰਥਾਂ ਦੀ ਪੂਰਤੀ ਲਈ, ਮਨ ਦੀ ਸ਼ਾਂਤੀ ਲਈ, ਅਪਰਾਧਾਂ ਦੀ ਮੁਆਫੀ ਅਤੇ ਰੱਬੀ ਰਹਿਮਤ ਦੀ ਜਾਚਨਾ ਲਈ ਅਰਜੋਈ ਕਰਨ ਦਾ ਨਾਂ 'ਅਰਦਾਸ' ਹੈ।"

ਗੁਰਬਾਣੀ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਮਨੁੱਖ ਨੂੰ ਅਰਦਾਸ ਕਰਨ ਦੀ ਤਾਕੀਦ ਕੀਤੀ ਗਈ ਹੈ। ਇਸ ਦੇ ਨਾਲ ਹੀ ਗੁਰਬਾਣੀ ਵਿਚ ਇਹ ਵੀ ਸਿਖਿਆ ਦਿਤੀ ਗਈ ਹੈ ਕਿ ਅਰਦਾਸ ਕੇਵਲ ਵਾਹਿਗੁਰੂ/ਅਕਾਲਪੁਰਖ ਦੇ ਸਨਮੁਖ ਹੀ ਕਰਨੀ ਹੈ। ਗੁਰਬਾਣੀ ਪ੍ਰਾਣੀ ਮਾਤਰ ਨੂੰ ਕੇਵਲ ਪਰਮਾਤਮਾ ਦੇ ਅਗੇ ਅਰਦਾਸ ਕਰਨ ਤੇ ਸਭ ਦਾਤਾਂ ਉਸ ਤੋਂ ਮੰਗਣ ਦੀ ਹੀ ਪ੍ਰੇਰਨਾ ਦਿੰਦੀ ਹੈ।

ਗੁਰਬਾਣੀ ਅਨੁਸਾਰ ਮਨੁੱਖ ਨੇ ਅਰਦਾਸ ਵਿਚ ਪਰਮਾਤਮਾ ਤੋਂ ਜੋ ਕੁਝ ਮੰਗਣਾ ਹੈ ਉਹ ਪਰਮਾਤਮਾ ਦੀ ਪ੍ਰਾਪਤੀ ਲਈ ਮੰਗਣਾ ਹੈ, ਨਾ ਕਿ ਸੰਸਾਰਕ ਸੁਖਾਂ ਦੀ ਪ੍ਰਾਪਤੀ ਲਈ। ਇਥੇ ਇਕ ਹੋਰ ਧਿਆਨ ਦੇਣ ਵਾਲੀ ਗੱਲ ਹੈ ਕਿ ਭਗਤ ਧੰਨਾ ਜੀ ਨੇ ਪਰਮਾਤਮਾ ਕੋਲੋਂ ਕੁਝ ਸੰਸਾਰਕ ਵਸਤਾਂ ਦੀ ਮੰਗ ਕੀਤੀ ਹੈ ਪਰ ਇਸ ਦਾ ਭਾਵ ਇਹ ਨਹੀਂ

ਕਿ ਉਹ ਸੰਸਾਰਕ ਸੁਖਾਂ ਦੀ ਮੰਗ ਕਰ ਰਹੇ ਹਨ। ਭਗਤ ਧੰਨਾ ਜੀ ਸਿਰਫ਼ ਨਿਤ ਦੀਆਂ ਜ਼ਰੂਰਤਾਂ ਦੀ ਮੰਗ ਕਰਦੇ ਹਨ ਜੋ ਮਨੁੱਖ ਨੂੰ ਜਿਉਂਦੇ ਰਹਿਣ ਜਾਂ ਹਰਿਮੰਦਰ ਰੂਪੀ ਸਰੀਰ ਸਾਂਭ ਲਈ ਅਤਿ ਲੋੜੀਂਦੀਆਂ ਹਨ। ਗੁਰਬਾਣੀ ਅਨੁਸਾਰ ਪਰਮਾਤਮਾ ਦੀ ਪ੍ਰਾਪਤੀ ਲਈ, ਪਰਮਾਤਮਾ ਦੀ ਕਿਰਪਾ, ਨਾਮੁ, ਸੰਗਤ, ਸੇਵਾ, ਸਦਗੁਣ ਆਦਿ ਨੂੰ ਹੀ ਅਰਦਾਸ ਵਿਚ ਮੰਗਣਾ ਹੈ।

ਪਰਮਾਤਮਾ ਦੀ ਪ੍ਰਾਪਤੀ ਲਈ ਗੁਰਬਾਣੀ 'ਨਾਮੁ ਸਿਮਰਨ' ਦਾ ਮਾਰਗ ਦਸਦੀ ਹੈ। ਗੁਰਮਤਿ ਅਨੁਸਾਰ ਨਾਮੁ ਸਿਮਰਨ ਦੁਆਰਾ ਹੀ ਮਨੁੱਖ ਆਪਣਾ ਪਰਮ-ਲਕਸ਼ ਪ੍ਰਾਪਤ ਕਰ ਸਕਦਾ ਹੈ। ਇਸ ਲਈ ਨਾਮੁ ਸਿਮਰਨ ਪਰਮਾਤਮਾ ਦੀ ਪ੍ਰਾਪਤੀ ਦਾ ਅਹਿਮ ਸਾਧਨ ਹੈ। ਇਸ ਸਾਧਨ ਦੀ ਬਖਸ਼ਿਸ਼ ਲਈ ਗੁਰਬਾਣੀ ਵਿਚ ਅਰਦਾਸ ਇਸ ਪ੍ਰਕਾਰ ਕੀਤੀ ਗਈ ਹੈ:

*ਕਰਉ ਅਰਦਾਸਿ ਅਪਨੇ ਸਤਿਗੁਰ ਪਾਸਿ॥*
*ਨਾਨਕ ਨਾਮੁ ਮਿਲੈ ਸਚੁ ਰਾਸਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੯੨)

### 7.12.5 **ਸੇਵਾ**

ਸੇਵਾ ਸੰਸਕ੍ਰਿਤ ਸ਼ਬਦ 'ਸੇਵ' ਤੋਂ ਬਣਿਆ ਹੈ। ਸੇਵਾ ਤੋਂ ਭਾਵ ਹੈ ਕਿਸੇ ਦੀ ਖਿਦਮਤ ਕਰਨਾ, ਪੂਜਾ ਕਰਨਾ, ਸਤਿਕਾਰ ਕਰਨਾ ਆਦਿ। ਡਾ. ਦਰਸਨ ਸਿੰਘ ਅਨੁਸਾਰ, "ਪ੍ਰੇਮ, ਪਰਉਪਕਾਰ ਦੀ ਭਾਵਨਾ ਤੋਂ ਪ੍ਰੇਰਿਤ ਸਾਥੀ ਮਨੁੱਖਾਂ ਦੀ ਨਿਹਸਵਾਰਥ ਸਹਾਇਤਾ, ਮਦਦ ਦੀ ਸੰਗਿਆ ਸੇਵਾ ਹੈ"। ਗੁਰਬਾਣੀ ਵਿਚ ਸੇਵਾ ਨੂੰ ਵਿਸ਼ੇਸ ਸਥਾਨ ਪ੍ਰਾਪਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਅਨੁਸਾਰ ਸੇਵਾ ਤੋਂ ਬਿਨਾਂ ਗੁਰੂ-ਘਰ ਵਿਚ ਕੋਈ ਵਿਅਕਤੀ ਪ੍ਰਵਾਨ ਨਹੀਂ ਹੋ ਸਕਦਾ। ਸੇਵਾ ਤੋਂ ਭਾਵ ਹੈ ਮੈਂ ਦਾ ਪੂਰਨ ਅਭਾਵ ਕਰਕੇ ਤਨ ਤੇ ਮਨ ਨੂੰ ਅਕਾਲਪੁਰਖ ਅਗੇ ਸੰਪੂਰਨ ਸਮਰਪਨ ਕਰਨਾ। ਦੂਜੇ ਸ਼ਬਦਾਂ ਵਿਚ ਤਨ, ਮਨ ਤੇ ਧਨ ਕਰਕੇ ਸਰੀਰਕ, ਮਾਨਸਿਕ ਜਾਂ ਅਧਿਆਤਮਕ ਦੁਖ ਦਰਦ ਅਥਵਾ ਸੰਤਾਪ ਦੂਰ ਕਰਨਾ ਸੇਵਾ ਹੈ :

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੮)

ਗੁਰਬਾਣੀ ਅਨੁਸਾਰ ਸੇਵਾ ਹੀ ਨਾਮੁ - ਪ੍ਰਾਪਤੀ ਦਾ ਇਕੋ ਇਕ ਸਾਧਨ ਹੈ। ਕਿਰਤ ਕਰਨੀ, ਨਾਮੁ ਜਪਣਾ ਤੇ ਵੰਡ ਛਕਣਾ ਸਿੱਖ ਦੇ ਜੀਵਣ ਦੇ ਤਿੰਨ ਪਹਿਲੂ ਹਨ। ਕਿਰਤ-ਕਰਮ ਤੇ ਸੇਵਾ ਨਾਮੁ ਦੇ ਆਸਰੇ ਹੀ ਚਲਦੇ ਹਨ। ਨਾਮੁ ਇਨ੍ਹਾਂ ਦਾ ਮੂਲ ਹੈ, ਨਹੀਂ ਤਾਂ ਜਗਿਆਸੂ ਹਉਮੈ ਵਿਚ ਫਸ ਜਾਂਦਾ ਹੈ।

ਗੁਰਬਾਣੀ ਅਨੁਸਾਰ ਸੇਵਾ ਚਾਰ ਪ੍ਰਕਾਰ ਦੀ ਹੈ: ਤਨ, ਮਨ, ਧਨ ਤੇ ਸੁਰਤ ਦੁਆਰਾ ਸੇਵਾ। ਸਭ ਤੋਂ ਪਹਿਲਾਂ ਮਨੁੱਖ ਨੇ ਮਨ ਨਾਲ ਸੇਵਾ ਕਰਨੀ ਹੈ। ਮਨ ਲਾ ਕੇ ਕੀਤੀ ਸੇਵਾ ਹੀ ਸਫਲ ਸੇਵਾ ਹੈ। ਇਸ ਤਰ੍ਹਾਂ ਮਨ ਵਿਚੋਂ ਹਉਮੈ ਦਾ ਰੋਗ ਨਾਸ਼ ਹੁੰਦਾ ਹੈ ਤੇ ਪ੍ਰਾਣੀ ਮਨ ਇਛਤ ਫਲ ਪ੍ਰਾਪਤ ਕਰਦਾ ਹੈ। ਦੂਜੀ ਸੇਵਾ ਤਨ ਨਾਲ ਸੇਵਾ ਕਰਨਾ ਹੈ। ਗੁਰਬਾਣੀ ਵਿਚ ਸਰੀਰ ਤੇ ਹਥਾਂ ਦੁਆਰਾ ਸੇਵਾ ਕਰਨ ਨੂੰ ਤਰਜੀਹ ਦਿਤੀ ਗਈ ਹੈ। ਲੰਗਰ ਵਿਚ ਜੂਠੇ ਭਾਂਡੇ ਮਾਂਜਣੇ, ਜੋੜੇ ਝਾੜਣੇ, ਰੋਗੀਆਂ ਤੇ ਫਟੜਾਂ ਦੀ ਦਵਾ-ਦਾਰੂ ਕਰਨਾ, ਮਲ੍ਹਮ-ਪਟੀ ਕਰਨੀ, ਸਾਧ-ਸੰਗਤ ਨੂੰ ਪੱਖਾ ਝਲਣਾ, ਪਾਣੀ ਢੋਣਾ ਆਦਿ ਤਨ ਦੀ ਸੇਵਾ ਹੈ। ਤੀਜੀ ਹੈ ਧਨ ਦੀ ਸੇਵਾ। ਨੇਕ ਕਮਾਈ ਜਾਂ ਹਕ ਹਲਾਲ ਦੀ ਕਮਾਈ ਵਿਚੋਂ ਲੋੜਵੰਦਾਂ ਜਾਂ ਲੋਕ-ਭਲਾਈ ਦੇ ਕਾਰਜਾਂ ਲਈ ਧਨ ਦੇਣਾ, ਧਨ ਦੀ ਸੇਵਾ ਹੈ। ਇਸ ਨੂੰ ਦਸਵੰਧ ਵੀ ਕਿਹਾ ਜਾਂਦਾ ਹੈ। ਹਰੇਕ ਗੁਰਸਿੱਖ ਨੂੰ ਆਪਣੀ ਕਮਾਈ ਵਿਚੋਂ ਦਸਵੰਧ ਕਢਣ ਦਾ ਹੁਕਮ ਦਿਤਾ ਗਿਆ ਹੈ। ਚੌਥੀ ਸੇਵਾ, ਜਿਸ ਦਾ ਵੀ ਬੜਾਂ. ਮਹੱਤਵ ਹੈ, ਉਹ ਹੈ ਸੁਰਤ ਦੁਆਰਾ ਕੀਤੀ ਸੇਵਾ। ਭਾਵ ਸਤਿਗੁਰੂ ਜਾਂ ਪ੍ਰਭੂ ਦਾ ਨਾਮੁ ਹਰ ਵੇਲੇ ਸੁਰਤ ਵਿਚ ਟਿਕਾਈ ਰਖਣਾ। ਅਜਿਹਾ ਪ੍ਰਾਣੀ ਆਪਣੇ ਅੰਦਰੋਂ ਹਉਮੈ ਖਤਮ ਕਰ ਲੈਂਦਾ ਹੈ। ਉਹ ਆਤਮਿਕ ਅਨੰਦ ਮਾਣਦੇ ਹੋਏ ਦੁਨਿਆਵੀ ਕਿਰਤ ਕਰਦਾ ਹੋਇਆ ਵੀ ਮੋਹ-ਮਾਇਆ ਤੋਂ ਨਿਰਲੇਪ ਰਹਿੰਦਾ ਹੈ :

*ਸੇਵਾ ਸੁਰਤਿ ਸਬਦਿ ਵੀਚਾਰਿ॥*
*ਜਪੁ ਤਪੁ ਸੰਜਮੁ ਹਉਮੈ ਮਾਰਿ॥*
*ਜੀਵਨ ਮੁਕਤੁ ਜਾ ਸਬਦੁ ਸੁਣਾਏ॥*
*ਸਚੀ ਰਹਤ ਸਚਾ ਸੁਖੁ ਪਾਏ॥* (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੩)

## 7.13 ਸਾਰ

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਦੇ ਮੁਢਲੇ ਸੰਕਲਪਾਂ ਵਿਚੋਂ ਨਾਮੁ ਇਕ ਮਹੱਤਵਪੂਰਨ ਸੰਕਲਪ ਹੈ। ਨਾਮੁ ਜਪਣ ਨਾਲ ਮਨ ਦੀ ਮੈਲ ਧੋਤੀ ਜਾਂਦੀ ਹੈ। ਭਗਤੀ ਕਰਕੇ ਹੀ ਮਨੁੱਖ ਸਦਗੁਣਾਂ ਦਾ ਧਾਰਨੀ ਹੁੰਦਾ ਹੈ। ਮਨੁੱਖੀ ਜੀਵਨ ਦਾ ਪਰਮ ਉਦੇਸ਼ ਪਰਮਾਤਮਾ ਦੀ ਪ੍ਰਾਪਤੀ ਕਰਨਾ ਹੈ। ਇਸ ਉਦੇਸ਼ ਦੀ ਪੂਰਤੀ ਨਾਮੁ ਜਪ ਕੇ ਹੀ ਸੰਭਵ ਹੋ ਸਕਦੀ ਹੈ।

## 7.14 ਸਹਾਇਕ ਪੁਸਤਕ ਸੂਚੀ


1. ਸੁਰਿੰਦਰ ਸਿੰਘ ਕੋਹਲੀ, *ਗੁਰਮਤਿ ਮਾਰਗ,* ਅਕੈਡਮੀ ਆਫ ਸਿਖ ਰਿਲੇਜਨ ਐਂਡ ਕਲਚਰ, ਪਟਿਆਲਾ, 1988।
2. ਸ਼ੇਰ ਸਿੰਘ, *ਗੁਰਮਤਿ ਦਰਸ਼ਨ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010.
3. ਵੀਰ ਸਿੰਘ (ਭਾਈ), *ਗੁਰਮਤਿ ਨਾਮੁ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2011.
4. ਜਸਵੰਤ ਸਿੰਘ ਨੇਕੀ, *ਅਨੁਭਵ ਪ੍ਰਕਾਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019.
5. ਤਾਰਨ ਸਿੰਘ, *ਨਾਮੁ ਨਿਧਾਨੁ,* ਨਿਊ ਬੁਕ ਕੰਪਨੀ, ਜਲੰਧਰ, 1991.


## 7.15 ਅਭਿਆਸ ਲਈ ਪ੍ਰਸ਼ਨ

1. ਨਾਮੁ ਤੋਂ ਕੀ ਭਾਵ ਹੈ ?
2. ਨਾਮੁ ਦੇ ਅਰਥ, ਪਰਿਭਾਸ਼ਾ ਅਤੇ ਸਰੂਪ ਉਤੇ ਨੋਟ ਲਿਖੋ।
3. ਨਾਮੁ ਤੇ ਹਉਮੈ ਦੇ ਸਬੰਧ ਬਾਰੇ ਜਾਣਕਾਰੀ ਦਿਉ।
4. ਨਾਮੁ ਦੇ ਸਾਧਨਾਂ ਬਾਰੇ ਤੁਸੀਂ ਕੀ ਜਾਣਦੇ ਹੋ? ਸੰਖੇਪ ਵਰਨਣ ਦਿਉ।
5. ਨਾਮੁ ਵਿਹੂਣੇ ਮਨੁੱਖ ਦੇ ਲਛਣ ਲਿਖੋ।

## PROGRAMME: CERTIFICATE COURSE ON VALUE AND LEARNING OF SIKHISM

### COURSE: VALUES AND VIRTUES

### SEMESTER-I

### UNIT 8 – DAN

**STRUCTURE**

8.0 ਉਦੇਸ਼

8.1 ਜਾਣ ਪਛਾਣ

8.2 ਅਰਥ

8.3 ਪਰਿਭਾਸ਼ਾ

8.4 ਦਾਨ ਦੀਆਂ ਕਿਸਮਾਂ

8.5 ਦਾਨ : 'ਸਿੱਖ ਸਿਧਾਂਤ'

- 8.5.1 'ਦਾਨ': 'ਦਸਵੰਧ' ਦੇ ਰੂਪ ਵਿੱਚ
- 8.5.2 ਸਿੱਖ ਅਰਦਾਸ ਵਿਚ 'ਦਾਨ'
  - 8.5.2.1 'ਸਿੱਖੀ ਦਾਨ'
  - 8.5.2.2 'ਕੇਸ ਦਾਨ'
  - 8.5.2.3 'ਰਹਿਤ ਦਾਨ'
  - 8.5.2.4 'ਬਿਬੇਕ ਦਾਨ'
  - 8.5.2.5 'ਵਿਸਾਹ ਦਾਨ'
  - 8.5.2.6 'ਭਰੋਸਾ ਦਾਨ'
  - 8.5.2.7 'ਨਾਮੁ' ਦਾਨ
- 8.5.3 ਵੰਡ ਛਕਣਾ
- 8.5.4 ਦਾਨ : ਅਧਿਕਾਰੀ
- 8.5.5 ਦਾਨ : ਵਿਧੀ
- 8.5.6 ਦਾਨੀ : ਲਛਣ
  - 8.5.6.1 ਨਿਮਰਤਾ
  - 8.5.6.2 ਨਿਰਇੱਛਤ
  - 8.5.6.3 ਹਉਮੈਂ ਰਹਿਤ

8.6 ਸਾਰ

8.7 ਸਹਾਇਕ ਪੁਸਤਕ ਸੂਚੀ

8.8 ਅਭਿਆਸ ਲਈ ਪ੍ਰਸ਼ਨ

## 8.0 ਉਦੇਸ਼

'ਦਾਨ' ਇਕ ਨੈਤਿਕ ਗੁਣ ਹੈ, ਜਿਸ ਨੂੰ 'ਸਦਭਾਵਨਾ' ਜਾਂ 'ਉਪਕਾਰ' ਦੇ ਵਰਗ ਵਿਚ ਵਿਚਾਰਿਆ ਜਾਂਦਾ ਹੈ। ਇਸ ਦਾ ਮਨੁੱਖੀ ਸੁਭਾਅ ਦੀ ਖੁਸ਼ਦਿਲੀ ਅਤੇ ਦਰਿਆ-ਦਿਲੀ ਨਾਲ ਡੂੰਘਾ ਸੰਬੰਧ ਹੈ। ਪੰਡੂਰੰਗ ਵਾਮਨ ਕਾਨੇ (Pandurang Vaman Kane) ਆਪਣੀ ਪੁਸਤਕ 'ਦ ਹਿਸਟਰੀ ਆਫ ਧਰਮ ਸ਼!ਂਸਤਰ' (*The History of Dharamasastra*) ਵਿਚ ਲਿਖਦੇ ਹਨ ਕਿ 'ਬ੍ਰਹਦਰਣਯਕ ਉਪਨਿਸ਼ਦ' ਵਿਚ ਤਿੰਨ 'ਸਦਗੁਣਾਂ' ('ਦਾਨ', 'ਆਤਮ-ਸੰਜਮ' ਅਤੇ 'ਦਇਆ') ਦਾ ਉਲੇਖ ਮਿਲਦਾ ਹੈ। ਇਨ੍ਹਾਂ ਵਿਚੋਂ 'ਦਾਨ' ਨੂੰ ਵਿਸ਼ੇਸ਼ ਸਥਾਨ ਦਿਤਾ ਗਿਆ ਹੈ। ਮਨੂੰ 'ਦਾਨ' ਨੂੰ ਸਭ ਤੋਂ ਵੱਡਾ ਸਦਗੁਣ ਮੰਨਦਾ ਹੈ, ਜਿਹੜਾ ਦਾਨੀ ਨੂੰ ਸਵਰਗ ਦੇ ਯੋਗ ਬਣਾਉਂਦਾ ਹੈ। ਬ੍ਰਾਹਮਣਾਂ ਦੀ ਅਧਿਆਤਮਕ ਖੋਜ ਪ੍ਰਤਿ ਹਾਰਦਿਕ ਸ਼ਰਧਾ ਨੂੰ ਮੰਨਦਿਆਂ ਹੋਇਆਂ ਮਨੂੰ ਬ੍ਰਹਮਣਾਂ ਅਤੇ ਸੰਨਿਆਸੀਆਂ ਵਲੋਂ ਦਾਨ ਲੈਣ ਦੇ ਅਧਿਕਾਰ ਨੂੰ ਉਚਿਤ ਠਹਿਰਾਉਂਦਾ ਹੈ। 'ਦੇਵਾਲਾ' ਦਾਨ ਦੇ ਛੇ ਅੰਸ਼ ਦਸਦਾ ਹੈ, "ਦਾਨੀ, ਦਾਨ ਲੈਣ ਵਾਲਾ, ਸ਼ਰਧਾ (ਦਾਨ ਦੇਣ ਦੀ ਭਾਵਨਾ); ਦਾਨ ਦੀ ਵਸਤੂ (ਜਿਸ ਨੂੰ ਦਾਨੀ ਨੇ ਉਚਿਤ ਢੰਗ ਨਾਲ ਪ੍ਰਾਪਤ ਕੀਤਾ ਹੋਵੇ), ਉਚਿਤ ਸਮਾਂ ਅਤੇ ਉਚਿਤ ਥਾਂ"।

ਇਸ ਪਾਠ ਦਾ ਮਨੋਰਥ 'ਦਾਨ' ਦੇ ਸੰਕਲਪ ਬਾਰੇ ਜਾਣੂ ਕਰਵਾਉਣਾ ਹੈ। ਇਸ ਉਦਮ ਰਾਹੀਂ ਵਖੋ-ਵਖਰੇ ਧਰਮਾਂ ਵਿਚ ਮਿਲਦੇ 'ਦਾਨ' ਦੇ ਸਰੂਪ ਨੂੰ ਸਮਝ ਕੇ 'ਦਾਨ' ਦੇ ਸਿੱਖ ਸੰਕਲਪ ਨੂੰ ਸਮਝਣ ਦਾ ਜਤਨ ਕੀਤਾ ਹੈ। ਪਾਠ ਦਾ ਮੁਖ ਮੰਤਵ ਸਿੱਖ ਧਰਮ ਵਿਚ 'ਦਾਨ' ਦੇ ਨਿਵੇਕਲੇ ਸਰੂਪ ਨੂੰ ਜਾਣਨਾ ਹੈ।

## 8.1 ਜਾਣ ਪਛਾਣ

'ਪੁਰਾਨਿਕ ਐਨਸਾਈਕਲੋਪੀਡੀਆ' ਅਨੁਸਾਰ ਪ੍ਰਾਚੀਨ ਸਮੇਂ ਤੋਂ ਹੀ 'ਦਾਨ' ਨੂੰ ਅਧਿਆਤਮਕ ਮਹੱਤਵ ਦਿਤਾ ਗਿਆ ਹੈ। ਹਰ ਧਰਮ ਨੇ 'ਦਾਨ' ਦੇਣ ਦੀ ਪ੍ਰੇਰਣਾ ਕੀਤੀ ਹੈ ਤਾਂ ਕਿ ਸਮਾਜ ਵਿਚ ਲੋੜਵੰਦਾਂ ਦੀ ਲੋੜ ਪੂਰੀ ਹੋ ਸਕੇ। ਵੈਦਿਕ ਪਰੰਪਰਾ ਵਿਚ ਦਾਨ ਦਾ ਬਹੁਤ ਜਿਆਦਾ ਮਹੱਤਵ ਹੈ, ਕਿਉਂਕਿ ਇਸ ਧਰਮ ਵਿਚ 'ਬ੍ਰਾਹਮਣ' ਸਰਵ-ਉਚ ਹੈ। ਹਿੰਦੂ ਧਰਮ ਵਿਚ ਆਮਦਨ ਦਾ ੨੧ਵਾਂ ਹਿਸਾ ਬ੍ਰਾਹਮਣ ਅਤੇ ੩੧ਵਾਂ ਹਿਸਾ ਦੇਵਤਿਆਂ ਲਈ ਨਿਸ਼ਚਿਤ ਕੀਤਾ ਗਿਆ ਸੀ। ਆਪਣੇ ਨਿਜੀ ਹਿਤਾਂ ਦੀ ਪੂਰਤੀ ਲਈ ਪੁਜਾਰੀ ਵਰਗ ਨੇ ਆਮ ਜਨਤਾ ਨੂੰ ਅਜਿਹੇ ਲਾਲਚ ਦਿਤੇ ਕਿ ਮਾਤ ਲੋਕ ਵਿਚ ਦਾਨ ਦੇਣ ਨਾਲ ਪਰਲੋਕ ਵਿਚ ਕਿਤੇ ਵਧ ਪ੍ਰਾਪਤ ਹੋਵੇਗਾ। ਬ੍ਰਾਹਮਣ ਤੋਂ ਬਾਅਦ ਤਪਸਵੀ ਦਾਨ ਲੈਣ ਦੀ ਪਾਤਰਤਾ ਰਖਦਾ ਸੀ, ਫਿਰ ਆਮ ਭਿਖਾਰੀ ਭੀਖ ਰੂਪ ਵਿਚ ਦਾਨ ਮੰਗਣ ਦੇ ਅਧਿਕਾਰੀ ਹਨ। ਇਸੇ ਤਰ੍ਹਾਂ ਅਨਾਥਾਂ ਅਤੇ ਵਿਧਵਾਵਾਂ ਨੂੰ ਹਮਦਰਦੀ ਅਤੇ ਸਹਾਇਤਾ ਦੇ ਯੋਗ ਮੰਨਿਆ ਜਾਂਦਾ ਹੈ। ਗ਼ਰੀਬਾਂ, ਦੀਨ-ਦੁਖੀਆਂ, ਰੋਗੀਆਂ ਆਦਿ ਨੂੰ ਦਿਤਾ ਗਿਆ ਦਾਨ 'ਦੀਨ ਰਕ੍ਸ਼ਣ' ਅਖਵਾਉਂਦਾ ਹੈ। ਖਤਰੀ ਅਤੇ ਵੈਸ਼ ਨੂੰ ਦਾਨ ਪ੍ਰਾਪਤ ਕਰਨ ਦੀ ਮਨਾਹੀ ਹੈ। ਚੌਹਾਂ ਵਰਣਾਂ ਲਈ ਦਾਨ ਕਰਨਾ ਲਾਜ਼ਮੀ ਹੈ।

ਹਿੰਦੂ ਧਰਮ ਵਿਚ ਯਗ ਅਤੇ ਬਲੀ ਦੀ ਪ੍ਰਥਾ 'ਦਾਨ' ਅਧੀਨ ਹੀ ਨਿਭਾਈ ਜਾਂਦੀ ਹੈ। ਇਸ ਰਾਹੀਂ ਆਪਣੀ ਇਛਾ ਪੂਰਤੀ ਨੂੰ ਮੁਖ ਰਖ ਕੇ ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਪਿਤਰ ਪੂਜਾ ਦਾ ਰੁਝਾਣ ਵੀ ਵੈਦਿਕ ਪਰੰਪਰਾ ਵਿਚ ਦੇਖਣ ਨੂੰ ਮਿਲਦਾ ਹੈ। ਪਿਤਰਾਂ ਦੀ ਆਤਮਿਕ ਕਲਿਆਣ ਦੇ ਮਨੋਰਥ ਨੂੰ ਮੁਖ ਰਖਦੇ ਹੋਏ 'ਬ੍ਰਾਹਮਣ' ਨੂੰ 'ਦਾਨ' ਦਿਤਾ ਜਾਂਦਾ ਹੈ। ਰੋਜ਼ਾਨਾ ਜ਼ਿੰਦਗੀ ਵਿਚ ਸੁਖ-ਸ਼ਾਂਤੀ ਪ੍ਰਾਪਤ ਕਰਨ ਲਈ ਵੀ ਹਿੰਦੂ ਧਰਮ ਵਿਚ 'ਦਾਨ' ਦੇਣ ਦੀ ਰਵਾਇਤ ਪ੍ਰਚਲਿਤ ਹੈ। ਹਿੰਦੂ ਧਰਮ ਵਿਚ 'ਕੰਨਿਆ ਦਾਨ' ਦਾ ਬਹੁਤ ਮਹੱਤਵ ਹੈ। ਲੜਕੀ ਦੇ ਵਿਆਹ ਨੂੰ ਮੁਖ ਰਖ ਕੇ ਧਾਰਮਿਕ ਫ਼ਰਜ਼ ਨਿਭਾਇਆ ਜਾਂਦਾ ਹੈ। ਇਸ ਤੋਂ ਇਲਾਵਾ ਸੰਗਰਾਂਦ (ਸਕ੍ਰਾਂਤ) ਅਤੇ ਹੋਰ ਹਿੰਦੂ ਪੁਰਬਾਂ ਮੌਕੇ 'ਦਾਨ' ਦਿਤਾ ਜਾਂਦਾ ਹੈ।

ਬੁਧ ਧਰਮ ਵਿਚ ਬੋਧੀ ਭਿਕਸ਼ੂਆਂ ਲਈ 'ਬੋਧੀਸਤਵ' ਆਦਰਸ਼ ਹੈ, ਜਿਸ ਦੀ ਪ੍ਰਾਪਤੀ ਲੰਮੇ ਅਭਿਆਸ ਤੋਂ ਬਾਅਦ ਪੂਰਨ ਸਿਧੀ ਪ੍ਰਾਪਤ ਕਰਕੇ ਹੁੰਦੀ ਹੈ। ਮਹਾਯਾਨੀਆਂ ਵਿਚ ਪ੍ਰਚਲਿਤ ਸਦਗੁਣਾਂ (ਦਾਨ, ਸ਼ੀਲ, ਕਸ਼ਾਂਤਿ (ਸਹਿਨਸ਼ੀਲਤਾ), ਵੀਰਯ, ਧਿਆਨ ਅਤੇ ਪ੍ਰਗਯ) ਵਿਚੋਂ ਦਾਨ ਦੀ ਅਹਿਮ ਭੂਮਿਕਾ ਹੈ। ਇਕ ਬੋਧੀ ਗ੍ਰਹਿਸਤੀ ਲਈ 'ਭਿਖੂ' ਨੂੰ ਦਾਨ ਦੇਣਾ ਸ੍ਰੇਸ਼ਟ ਕਾਰਜ ਹੈ।

ਜੈਨ ਧਰਮ ਵਿਚ ਸਾਧੂ ਅਤੇ ਸਾਧਵੀਆਂ ਨੂੰ ਦਾਨ ਦੇਣ ਦਾ ਮਹਾਤਮ ਹੈ। ਗ੍ਰਹਿਸਤੀ ਜੈਨੀ ਦਾਨ ਕਰਕੇ ਹੀ ਭੋਜਨ ਗ੍ਰਹਿਣ ਕਰਦੇ ਹਨ। ਦਾਨ ਦੇਣਾ ਹੀ ਉਨ੍ਹਾਂ ਲਈ ਪਰਮ ਧਰਮ ਹੈ।

ਸਾਮੀ ਧਰਮ ਪਰੰਪਰਾ (semetic religions) ਅਧੀਨ ਈਸਾਈ ਧਰਮ ਵਿਚ 'ਦਾਨ' ਨੂੰ 'ਚੈਰਿਟੀ' (charity) ਦੇ ਅਰਥਾਂ ਵਿਚ ਲਿਆ ਜਾਂਦਾ ਹੈ। ਇਸ ਦਾ ਸਬੰਧ ਧਾਰਮਿਕ ਮਨੋਰਥਾਂ ਲਈ ਦਿਤੇ ਜਾਂਦੇ 'ਕਰ' (tax) ਨਾਲ ਹੈ, ਜਿਹੜਾ ਖਾਸ ਤੌਰ 'ਤੇ ਪੁਜਾਰੀਆਂ ਨੂੰ ਜਾਂ ਧਾਰਮਿਕ ਸੰਸਥਾਵਾਂ ਦੀ ਮਦਦ ਲਈ ਦਿਤਾ ਜਾਂਦਾ ਹੈ। 'ਚੈਰਿਟੀ' ਵਿਚ ਹੰਕਾਰ ਦਾ ਅਹਿਸਾਸ ਨਹੀਂ ਹੁੰਦਾ। ਇਸ ਦਾ ਅਰਥ ਹੈ ਕਿ ਆਪਣੀ ਦੌਲਤ ਲੋੜਵੰਦਾਂ ਨਾਲ ਵੰਡਾ.ਉਣ ਲਗਿਆਂ ਕਿਸੇ ਨੂੰ ਹੰਕਾਰ ਨਹੀਂ ਕਰਨਾ ਚਾਹੀਦਾ। 'ਬਾਈਬਲ' ਵਿਚ ਇਸ ਵਿਚਾਰ ਦੀ ਪੁਸ਼ਟੀ ਇਸ ਤਰ੍ਹਾਂ ਕੀਤੀ ਗਈ ਹੈ ਕਿ, "ਜਦੋਂ ਤੁਸੀਂ ਖੈਰਾਤ ਦਿਓ, ਤੁਹਾਡੇ ਖਬੇ ਹਥ ਨੂੰ ਵੀ ਪਤਾ ਨਾ ਲਗੇ"। ਭਾਵ ਕਿ ਇਸ ਨੂੰ ਗੁਪਤ ਰਖੋ। ਦਾਨ ਦੇਣ ਸਬੰਧੀ ਬਾਈਬਲ ਵਿਚ ਇਹ ਵੀ ਕਿਹਾ ਗਿਆ ਹੈ ਕਿ, "ਆਪਣੇ ਗ਼ਰੀਬ ਭਰਾਵਾਂ ਨੂੰ ਲੋੜ ਅਨੁਸਾਰ ਦਾਨ ਦਿਉ। ਅਜਿਹਾ ਕਰਨ ਨਾਲ ਯਹੋਵਾਹ (ਯਹੂਦੀਆਂ ਦਾ ਰਬ) ਖ਼ੁਸ਼ ਹੋਵੇਗਾ। ਗ਼ਰੀਬ ਤਾਂ ਇਸ ਧਰਤੀ 'ਤੇ ਹਮੇਸ਼ਾ ਰਹਿਣਗੇ, ਇਸ ਲਈ ਮੈਂ ਤੁਹਾਨੂੰ ਆਦੇਸ਼ ਦਿੰਦਾ ਹਾਂ ਕਿ ਆਪਣੇ ਭਰਾਵਾਂ, ਗ਼ਰੀਬਾਂ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਆਪਣਾ ਹਥ ਖੁਲ੍ਹਾ ਰਖੋ"।

ਇਸਲਾਮ ਧਰਮ ਦੇ ਧਾਰਮਿਕ ਗ੍ਰੰਥ 'ਪਵਿਤਰ ਕੁਰਾਨ' ਵਿਚ ਕਿਹਾ ਗਿਆ ਹੈ ਕਿ, "ਤੁਸੀਂ ਜੋ ਕੁਝ ਵੀ ਖ਼ਰਚ ਕੀਤਾ ਹੋਵੇ ਅਤੇ ਜੋ ਸੁਖਣਾ ਸੁਖੀ ਹੋਵੇ, ਅਲ੍ਹਾ ਨੂੰ ਉਸ ਦਾ ਗਿਆਨ ਹੈ। ਜੇ ਪੁੰਨ-ਦਾਨ ਐਲਾਨੀਆ ਕਰੋ ਤਾਂ ਚੰਗਾ ਹੈ, ਪਰ ਜੇ ਲੁਕਾ ਕੇ ਲੋੜਵੰਦਾਂ ਨੂੰ (ਦਾਨ) ਦਿਓ ਤਾਂ ਇਹ ਤੁਹਾਡੇ ਲਈ ਵਧੇਰੇ ਚੰਗਾ ਹੈ। ਤੁਹਾਡੀਆਂ ਬਹੁਤ ਸਾਰੀਆਂ ਬੁਰਾਈਆਂ ਇਸ ਤਰ੍ਹਾਂ ਕਰਨ ਨਾਲ ਮਿਟ ਜਾਂਦੀਆਂ ਹਨ"। ਇਸਲਾਮ ਵਿਚ ਦਾਨ ਨੂੰ 'ਜ਼ਕਾਤ' ਦੀ ਸੰਗਿਆ ਦਿਤੀ ਗਈ ਹੈ, ਜਿਸ ਰਾਹੀਂ ਆਮਦਨ ਦਾ ੪੦ਵਾਂ ਹਿਸਾ ਧਰਮ-ਅਰਥ ਲਈ ਰਖਿਆ ਜਾਂਦਾ ਹੈ। ਪਵਿਤਰ ਕੁਰਾਨ ਵਿਚ 'ਖੈਰਾਤ' ਦੀ ਸਿਫਾਰਿਸ਼ ਕੀਤੀ ਗਈ ਹੈ, "ਜਿਹੜੇ 'ਅਗਮ ਅਗੋਚਰ' ਵਿਚ ਯਕੀਨ ਕਰਦੇ ਹਨ ਅਤੇ ਦੁਆ ਕਰਦੇ ਹਨ ਅਤੇ ਜੋ ਕੁਝ 'ਅਸੀਂ' ਉਨ੍ਹਾਂ ਨੂੰ ਦਿਤਾ ਹੈ, ਉਸ ਵਿਚੋਂ ਦਰਿਆ-ਦਿਲੀ ਨਾਲ ਖਰਚ ਕਰਦੇ ਹਨ; ਉਹ ਖੁਦਾ ਦੇ ਦਸੇ ਠੀਕ ਰਾਹ 'ਤੇ ਚਲ ਰਹੇ ਹਨ ਅਤੇ ਉਹੀ ਕਾਮਯਾਬ ਹੋਣਗੇ।"

ਇਸਲਾਮ ਵਿਚ 'ਬਕਰ-ਈਦ' ਅਤੇ 'ਸ਼ਬ-ਏ ਬਾਰਾਤ' ਜਿਹੇ ਕੁਝ ਮੌਕਿਆਂ ਦਾ ਜ਼ਿਕਰ ਵੀ ਕੀਤਾ ਗਿਆ ਹੈ, ਜਦੋਂ ਮਠਿਆਈਆਂ, ਫਲ, ਮਾਸ, ਨਵੇਂ ਕਪੜੇ ਆਦਿ ਗਰੀਬਾਂ ਵਿਚ ਵੰਡਣਾ ਮੁਸਲਮਾਨਾਂ ਲਈ ਜ਼ਰੂਰੀ ਸਮਝਿਆ ਗਿਆ ਹੈ। ਹਜ਼ਰਤ ਮੁਹੰਮਦ ਸਾਹਿਬ ਦਾ ਆਦੇਸ਼ ਹੈ ਕਿ ਗਰੀਬਾਂ, ਯਤੀਮਾਂ ਅਤੇ ਮੁਥਾਜਾਂ ਦੀ ਸੇਵਾ ਕਰਨਾ 'ਸਚਾ ਮਾਰਗ' ਹੈ, ਜਿਹੜਾ ਕਿਸੇ ਵੀ ਮਨੁੱਖ ਨੂੰ ਖੁਦਾ ਤਕ ਲੈ ਜਾਂਦਾ ਹੈ।

ਤੁਹਫਿਆਂ ਅਤੇ ਨਜ਼ਰਾਨਿਆਂ ਦੀ ਸ਼ਕਲ ਵਿਚ ਦਿਤੇ ਜਾਂਦੇ ਦਾਨ ਨੂੰ ਸੂਫੀ 'ਖਾਨਗਾਹਾਂ' ਉਤੇ 'ਫਤੂਹ' ਕਿਹਾ ਜਾਂਦਾ ਹੈ। ਖਾਨਗਾਹਾਂ ਉਤੇ ਇਕ ਭਾਂਡਾ. ਪਿਆ ਹੁੰਦਾ ਹੈ, ਜਿਸ ਨੂੰ 'ਜ਼ੰਬੀਲ' ਕਿਹਾ ਜਾਂਦਾ ਹੈ। ਇਸ ਭਾਂਡੇ ਵਿਚ ਇਕਠੇ ਹੋਏ ਚੜ੍ਹਾਵੇ ਸਾਂਭੇ ਜਾਂਦੇ ਹਨ ਅਤੇ ਫਿਰ 'ਖਾਨਗਾਹ' ਵਿਚ ਰਹਿੰਦੇ ਲੋਕਾਂ ਨੂੰ ਵੰਡ ਦਿਤੇ ਜਾਂਦੇ ਹਨ।

ਸਿੱਖ ਧਰਮ ਵਿਚ 'ਦਾਨ' ਦਾ ਸੰਕਲਪ ਵਧੇਰੇ ਸਪਸ਼ਟ ਰੂਪ ਵਿਚ ਸਾਹਮਣੇ ਆਉਂਦਾ ਹੈ। ਸਿੱਖ ਧਰਮ ਵਿਚ 'ਦਾਨ' ਇਕ ਮਹੱਤਵਪੂਰਨ ਸੰਕਲਪ ਹੈ, ਜਿਸ ਨੂੰ 'ਦਸਵੰਧ' ਰੂਪ ਵਿਚ ਪ੍ਰਵਾਨ ਕੀਤਾ ਗਿਆ ਹੈ। ਦਸਵੰਧ ਦੀ ਪ੍ਰਥਾ ਆਰਥਿਕ ਨਾ ਬਰਾਬਰੀ ਨੂੰ ਕੁਝ ਹਦ ਤਕ ਘਟ ਕਰਨ ਵਿਚ ਯੋਗਦਾਨ ਪਾਉਂਦੀ ਹੈ। ਦਸਵੰਧ ਦਾ ਹੀ ਦੂਜਾ ਰੂਪ 'ਦੇਗ', ਭਾਵ 'ਲੰਗਰ' ਹੈ। ਗੁਰਬਾਣੀ ਵਿਚ ਨਾਮ, ਦਾਨ ਤੇ ਇਸਨਾਨ ਦਾ ਬਾਰ-ਬਾਰ ਆਦੇਸ਼ ਹੈ।

## 8.2 ਅਰਥ

ਭਾਈ ਵੀਰ ਸਿੰਘ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' ਵਿਚ 'ਦਾਨ' ਦਾ ਅਰਥ ਪੁੰਨ, ਬਖਸ਼ਿਸ਼, ਪੁੰਨ ਕਰਨ ਦੀ ਕਿਰਿਆ ('ਤੀਰਥੁ ਤਪੁ ਦਇਆ ਦਤੁ ਦਾਨੁ') ਆਦਿ ਕਰਦੇ ਹਨ। ਭਾਈ ਸਾਹਿਬ ਨੇ 'ਦਾਨ' ਸ਼ਬਦ ਦੇ ਅਰਥ ਮਸੂਲ ਜਾਂ ਕਰ, ਜੋ ਕਾਨੂੰਨਨ ਦੇਣਾ ਪਵੇ, ਡੰਨ, ਜੁਰਮਾਨਾ ਆਦਿ ਵੀ ਕੀਤੇ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ *ਮਹਾਨ ਕੋਸ਼* ਵਿਚ 'ਦਾਨ' ਸ਼ਬਦ ਦੇ ਅਰਥ ਦੇਣ ਦਾ ਕਰਮ, ਖੈਰਾਤ, ਮਹਿਸੂਲ, ਕਰ, ਯਗਯ ਆਦਿ ਕੀਤੇ ਹਨ।

'ਏ ਡਿਕਸ਼ਨਰੀ ਆਫ ਕੰਪੈਰੇਟਿਵ ਰਿਲੀਜਨਜ਼' (*A Dictionary of Comparative Religions*) ਅਨੁਸਾਰ 'ਦਾਨ' ਸ਼ਬਦ 'ਪਾਲੀ' (*pali*) ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਸ਼!ਾਬਦਿਕ ਅਰਥ ਹੈ 'ਦਾਤਾ'। ਇਸ ਦਾ ਅਰਥ ਹੈ, 'ਲੋੜਵੰਦ' ਅਤੇ 'ਯੋਗ' ਨੂੰ ਆਪਣੀ ਮਰਜ਼ੀ ਨਾਲ ਕੁਝ ਦੇਣਾ। 'ਦਾਨ' ਸ਼ਬਦ ਸੰਸਕ੍ਰਿਤ ਦੀ 'ਦਾ' ਧਾਤੂ ਤੋਂ ਨਿਕਲਿਆ ਹੈ, ਜਿਸ ਦਾ ਅਰਥ ਹੈ 'ਦੇਣਾ'। 'ਦੇਣਾ' ਦਾ ਅਰਥ ਹੈ, 'ਜੋ ਦਾਨ ਜਾਂ ਭੇਟਾ ਦੇ ਤੌਰ 'ਤੇ ਦਿਤਾ ਜਾਂਦਾ ਹੈ।

'ਦਾਨ', ਫ਼ੀਸ ਜਾਂ ਇਨਾਮ ਦੇ ਤੌਰ 'ਤੇ ਅਧਿਆਤਮਕ ਉਪਦੇਸ਼ ਪ੍ਰਾਪਤ ਕਰਨ ਜਾਂ ਧਾਰਮਿਕ ਰਸਮ ਜਾਂ ਰਸਮ ਰਿਵਾਜ਼ ਕਰਨ ਲਈ ਦਿਤਾ ਜਾਂਦਾ ਹੈ। ਇਸ ਲਈ ਦਾਨ ਨੂੰ 'ਦਕਸ਼ਿਣਾਂ' ਵੀ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਦਾਨ ਦਾ ਅਰਥ ਹੈ, ਦੇਣ ਦਾ ਕਾਰਜ, ਲੈਣ ਵਾਲੇ ਤੋਂ ਬਦਲੇ ਵਿਚ ਕੁਝ ਨਾ ਚਾਹ ਕੇ ਜਾਂ ਲੈ ਕੇ ਉਦਾਰਤਾ ਵਸ ਦੇਣ ਦਾ ਕਾਰਜ, ਉਹ ਧਰਮ ਅਰਥ ਕਰਮ ਜਿਸ ਵਿਚ ਸ਼ਰਧਾ ਜਾਂ ਦਇਆ ਪੂਰਵਕ ਦੂਸਰੇ ਨੂੰ ਧਨ ਆਦਿ ਦਿਤਾ ਜਾਂਦਾ ਹੈ। ਇਉਂ ਦਾਨ ਦਾ ਅਰਥ ਬਿਨਾਂ ਕਿਸੇ ਲਾਲਸਾ ਜਾਂ ਉਸ ਦੇ ਇਵਜ਼ ਵਜੋਂ ਕਰਨ ਦੀ ਇਛਾ ਨਾਲ ਦਿਤਾ ਦਾਨ (ਮਾਲ/ਵਸਤੂ) ਦਾਨ ਹੈ।

### 8.3 ਪਰਿਭਾਸ਼ਾ

ਵਿਦਵਾਨਾਂ ਨੇ 'ਦਾਨ' ਨੂੰ ਆਪੋ-ਆਪਣੇ ਢੰਗ ਨਾਲ ਪਰਿਭਾਸ਼ਿਤ ਕੀਤਾ ਹੈ। 'ਦਾਨ' ਦੀ ਸਰਵ ਪ੍ਰਵਾਨਿਤ ਪਰਿਭਾਸ਼ਾ ਹੈ : 'ਕਿਸੇ ਵਸਤੂ ਤੋਂ ਆਪਣਾ ਅਧਿਕਾਰ ਸਮਾਪਤ ਕਰਕੇ ਕਿਸੇ ਦੂਸਰੇ ਦਾ ਅਧਿਕਾਰ ਸਥਾਪਿਤ ਕਰਨਾ' ਦਾਨ ਹੈ।

### 8.4 ਦਾਨ ਦੀਆਂ ਕਿਸਮਾਂ

ਦਾਨ ਦਾ ਸਰੂਪ ਵਖ-ਵਖ ਧਰਮਾਂ ਵਿਚ ਵਖੋ-ਵਖਰਾ ਹੈ, ਜਿਸ ਕਾਰਨ ਸਭ ਧਰਮਾਂ ਵਿਚ ਦਾਨ ਦੀਆਂ ਅਨੇਕ ਕਿਸਮਾਂ ਪ੍ਰਚਲਿਤ ਹਨ। ਵੈਦਿਕ ਪਰੰਪਰਾ ਵਿਚ ਵਿਦਵਾਨਾਂ ਨੇ ਹੇਠ ਲਿਖੇ ਚਾਰ ਪ੍ਰਕਾਰ ਦਾ 'ਦਾਨ' ਪ੍ਰਵਾਨ ਕਤਿਾ ਹੈ :

1. ਨਿਤ ਦਾਨ : ਉਹ ਦਾਨ ਜਿਹੜਾ ਨਿਤ ਆਪਣੇ ਉਪਰ ਉਪਕਾਰ ਕਰਨ ਵਾਲੇ ਪੁਰਸ਼!ਾਂ ਨੂੰ (ਬਿਨਾਂ ਫਲ ਦੀ ਇਛਾ ਦੇ) ਦਿਤਾ ਜਾਵੇ।
2. ਨੈਮਿਤਕ ਦਾਨ: ਉਹ ਦਾਨ ਜਿਹੜਾ ਪਾਪਾਂ ਨੂੰ ਦੂਰ ਕਰਨ ਲਈ ਕਿਸੇ 'ਮਤਿ' ਦੀ ਮਰਯਾਦਾ ਨੂੰ ਜਾਣਨ ਵਾਲੇ ਗਿਆਨੀ ਨੂੰ ਦਿਤਾ ਜਾਵੇ।
3. ਕਾਮਯਦਾਨ : ਉਹ ਦਾਨ ਜਿਹੜਾ ਪਦਾਰਥਾਂ ਦੀ ਇਛਾ ਨਾਲ ਦਿਤਾ ਜਾਵੇ।
4. ਵਿਮਲ ਦਾਨ : ਉਹ ਦਾਨ ਜਿਹੜਾ ਪਰਮਾਤਮਾ ਦੀ ਪ੍ਰਸੰਨਤਾ ਹਿਤ, ਬ੍ਰਹਮਵੇਤਾ ਪੁਰਸ਼!ਾਂ ਨੂੰ ਦਿਤਾ ਜਾਵੇ।

ਉਕਤ ਤੋਂ ਬਿਨਾਂ ਭਗਵਤ 'ਗੀਤਾ' ਵਿਚ ਤਿੰਨ ਤਰ੍ਹਾਂ ਦਾ 'ਦਾਨ' ਦਸਿਆ ਗਿਆ ਹੈ : 'ਸਾਤਵਿਕਾ', 'ਰਾਜਸ' ਅਤੇ 'ਤਾਮਸ'। 'ਸਾਤਵਿਕਾ' ਦਾਨ ਦੂਜੇ ਦੋ ਕਿਸਮ ਦੇ 'ਦਾਨਾਂ' ਨਾਲੋਂ ਉਤਮ ਮੰਨਿਆ ਗਿਆ ਹੈ।

ਜੈਨ ਧਰਮ ਵਿਚ 'ਚਤੁਰਵਿਧ ਦਾਨ' ਦਾ ਵਿਧਾਨ ਪ੍ਰਚਲਿਤ ਹੈ। 'ਚਤੁਰਵਿਧ' ਤੋਂ ਭਾਵ ਚਾਰ (ਅਹਾਰ, ਅਭੈ, ਔਸ਼ਧ ਅਤੇ ਗਿਆਨ) ਪ੍ਰਕਾਰ ਦਾ ਦਾਨ ਹੈ।

'ਏ ਡਿਕਸ਼ਨਰੀ ਆਫ ਕੰਪੈਰੇਟਿਵ ਰਿਲੀਜਨਜ਼' (*A Dictionary of Comparative Religions*) ਅਨੁਸਾਰ ਬੁਧ ਧਰਮ ਵਿਚ 'ਪੁੰਨ' ('ਸਦ ਕਰਮ') ਦੇ ਤਿੰਨ ਗੁਣ ਦਸੇ ਗਏ ਹਨ : 'ਦਾਨ', 'ਸ਼ੀਲ' (ਸਦਾਚਾਰਕ ਗੁਣ ਅਪਣਾਉਣਾ) ਅਤੇ 'ਭਾਵਨਾ' (ਭਗਤੀ)। ਦਾਨ ਦੀਆਂ ਕਿਸਮਾਂ ਵਿਚੋਂ ਬੁਧ ਮਤਿ ਵਿਚ ਸਮੇਂ ਦੀ ਸ਼ਕਲ ਵਿਚ 'ਦਾਨ' ਕਰਨ ਉਪਰ ਜ਼ੋਰ ਦਿਤਾ ਗਿਆ ਹੈ, ਭਾਵ ਚੰਗੇ ਕੰਮਾਂ ਲਈ ਸਮਾਂ ਬਚਾਉਣਾ।

'ਦ ਐਨਸਾਈਕਲੋਪੀਡੀਆ ਆਫ ਇਸਲਾਮ' (*The Encyclopedia of Islam*) ਅਨੁਸਾਰ ਇਸਲਾਮ ਅੰਦਰ 'ਦਾਨ' ਦੋ ('ਇਖਤਿਆਰੀ' ਅਤੇ 'ਜ਼ਰੂਰੀ') ਪ੍ਰਕਾਰ ਦਾ ਮੰਨਿਆ ਗਿਆ ਹੈ। 'ਇਖਤਿਆਰੀ' ਦਾਨ ਨੂੰ 'ਇੰਤਫਾਕ' ਜਾਂ 'ਸਦਕੁਅ' ਕਿਹਾ ਜਾਂਦਾ ਹੈ, ਜਦੋਂ ਕਿ 'ਜ਼ਰੂਰੀ' ਦਾਨ ਲਈ 'ਜ਼ਕਾਤ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਜ਼ਕਾਤ ਨੂੰ ਇਸਲਾਮ ਵਿਚ ਵਿਸ਼ੇਸ਼ ਮਹੱਤਵ ਪ੍ਰਾਪਤ ਹੈ।

ਸਿੱਖ ਧਰਮ ਦੀ ਅਰਦਾਸ ਵਿਚ ਜਿਥੇ ਕਈ ਪ੍ਰਕਾਰ ਦੀ ਦਾਨ-ਜਾਚਨਾ ਕੀਤੀ ਗਈ ਹੈ, ਉਥੇ ਨਾਲ ਹੀ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਕਿਸੇ ਨੂੰ ਵਿੱਦਿਆ ਦੇਣੀ ਵੀ 'ਦਾਨ' ਦਾ ਹੀ ਰੂਪ ਹੈ। ਗੁਰਮਤਿ ਅਨੁਸਾਰ ਅਗਿਆਨਤਾ ਵਿਚ ਡੁਬੇ ਲੋਕਾਂ ਨੂੰ ਵਿੱਦਿਆ ਦਾ ਦਾਨ ਦੇ ਕੇ 'ਸਚ' ਦੇ ਮਾਰਗ 'ਤੇ ਚਲਣ ਯੋਗ ਬਨਾਉਣਾ ਵੀ 'ਦਾਨ' ਹੈ। ਇਹ ਗਿਆਨ ਦਾਨ ਹੈ। ਭਾਈ ਗੁਰਦਾਸ ਜੀ ਇਸ ਬਾਰੇ ਦਸਦੇ ਹਨ ਕਿ ਸਿੱਖ ਨੂੰ ਇਕ 'ਸਬਦ' ਸਿਖਾਉਣ ਦਾ ਪੁੰਨ ਸਤ ਮੰਦਰ ਸੋਨੇ ਦੇ ਉਸਾਰਣ ਤੁਲ ਹੈ :

*ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ*
*ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ।*

(ਭਾਈ ਗੁਰਦਾਸ ਜੀ,ਕਬਿਤ ਸਵਯਾ– ੬੭੩)

### 8.5 ਦਾਨ : 'ਸਿੱਖ ਸਿਧਾਂਤ'

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਈ ਗਈ ਮਨੁੱਖਾ ਜੀਵਨ-ਜਾਚ ਵਿਚ ਦਾਨ ਦਾ ਬਹੁਤ ਮਹੱਤਵ ਹੈ। 'ਦਾਨ' ਪ੍ਰਥਾਇ ਗੁਰਮਤਿ ਦਾ ਨਿਵੇਕਲਾ ਸਰੂਪ ਇਹ ਹੈ ਕਿ ਗੁਰਬਾਣੀ ਅਨੁਸਾਰ ਅਕਾਲਪੁਰਖ ਵਾਹਿਗੁਰੂ ਹੀ ਦਾਤਾ ਹੈ, ਬ!ਾਂਕੀ ਸਾਰੀ ਸ੍ਰਿਸ਼ਟੀ ਮੰਗਤੀ ਹੈ। ਪਰਮਾਤਮਾ ਹੀ ਸਾਰਿਆਂ ਦੀਆਂ ਝੋਲੀਆਂ ਭਰਨ ਵਾਲਾ ਹੈ :

*ਮੰਗਣ ਵਾਲੇ ਕੇਤੜੇ ਦਾਤਾ ਏਕੋ ਸੋਇ॥*

ਸ੍ਰੀ ਗੁਰੂ ਨਾਨਕ ਦੇਵ ਜੀ ਦਾਨ ਜਾਚਨਾ ਕਰਦੇ ਹੋਏ ਫ਼ੁਰਮਾਉਂਦੇ ਹਨ :

*ਦਾਨੁ ਮਹਿੰਡਾ. ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ॥*

ਹਰੇਕ ਧਰਮ ਚਿੰਤਨ ਵਿਚ ਤਿੰਨ ਸਿਧਾਂਤਾਂ ਦਾ ਸੁਮੇਲ ਦੇਖਣ ਵਿਚ ਮਿਲਦਾ ਹੈ। ਇਨ੍ਹਾਂ ਤਿੰਨ ਸਿਧਾਂਤਾਂ ਦੇ ਮੇਲ ਨੂੰ 'ਤ੍ਰੀ-ਰਤਨ' ਦਾ ਨਾਂ ਵੀ ਦਿਤਾ ਜਾਂਦਾ ਹੈ। ਭਾਰਤੀ ਅਤੇ ਸਾਮੀ ਧਰਮਾਂ ਅੰਦਰ ਅਜਿਹੇ ਸਿਧਾਂਤਾਂ ਦਾ ਜ਼ਿਕਰ ਹੁੰਦਾ ਆਇਆ ਹੈ। ਮਿਸਾਲ ਵਜੋਂ ਸਾਮੀ ਧਰਮ ਪਰੰਪਰਾ (semetic religions) ਅਧੀਨ ਈਸਾਈ ਧਰਮ ਵਿਚ 'ਤ੍ਰੀਏਕਤਾ' (concept of trinity) ਦਾ ਸਿਧਾਂਤ ਪ੍ਰਚਲਿਤ ਹੈ, ਜਿਸ ਅਧੀਨ ਪਿਤਾ (God), ਪੁੱਤਰ (Jesus) ਅਤੇ ਪਵਿਤਰ ਆਤਮਾ (Holy Spirit) ਦਾ ਜ਼ਿਕਰ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਭਾਰਤੀ ਧਰਮ ਪਰੰਪਰਾ ਅਧੀਨ ਜੈਨ ਧਰਮ ਵਿਚ 'ਰਤਨ ਤ੍ਰੈ' ਦਾ ਸਿਧਾਂਤ ਮਿਲਦਾ ਹੈ, ਜਿਸ ਅਧੀਨ 'ਸਮਿਅਕ ਗਿਆਨ (right knowledge), ਸਮਿਅਕ ਦਰਸ਼ਨ (right faith) ਅਤੇ ਸਮਿਅਕ ਚਰਿਤਰ' (right conduct) ਦਾ ਉਲੇਖ ਹੈ। ਦੂਜੇ ਸ਼ਬਦਾਂ ਵਿਚ ਇਨ੍ਹਾਂ ਨੂੰ 'ਸਚਾ ਵਿਸ਼ਵਾਸ, ਸਚਾ ਗਿਆਨ ਤੇ ਸਚਾ ਆਚਾਰ' ਦਾ ਨਾਂ ਵੀ ਦਿਤਾ ਗਿਆ ਹੈ। ਇਸ ਦੇ ਨਾਲ ਹੀ ਬੁਧ ਧਰਮ ਵਿਚ ਵੀ 'ਤ੍ਰੀ ਰਤਨ' (Three Jewels) ਦੇ ਸਿਧਾਂਤ ਅਧੀਨ 'ਬੁਧ (Buddha, the teacher), ਧਰਮ (Dharma, the teachings) ਤੇ ਸੰਘ (Sangha, the community)' ਦੀ ਵਿਚਾਰ ਕੀਤੀ ਜਾਂਦੀ ਹੈ।

ਸਿੱਖ ਧਰਮ ਵਿਚ ਵੀ 'ਤਿੰਨ' ਦਾ ਸੁਮੇਲ ਮਿਲਦਾ ਹੈ, ਜਿਸ ਨੂੰ 'ਸਿੱਖ ਧਰਮ ਦੇ ਥੰਮ੍ਹ' (Three pillars of Sikhism) ਕਿਹਾ ਜਾਂਦਾ ਹੈ। ਇਹ ਹਨ 'ਕਿਰਤ ਕਰੋ (Kirat Karo), ਨਾਮ ਜਪੋ (Naam Japo), ਵੰਡ ਛਕੋ (Vand Chhako)'। ਇਸੇ ਤਰਜ 'ਤੇ 'ਨਾਮ (Naam- Mindful Awareness of Divine Presence), ਦਾਨ (Daan- Live Out the Culture of Altruism when Seeking Divine Benevolence) ਅਤੇ ਇਸਨਾਨ (Ishnaan- Implement Ethics of Good Deeds that Cleanse Body and Mind)' ਸਬੰਧੀ ਗੁਰੂ ਸਾਹਿਬਾਨ ਦੇ ਅਨੇਕ ਪ੍ਰਵਚਨ ਮਿਲਦੇ ਹਨ। ਗੁਰਬਾਣੀ ਵਿਚ ਗੁਰਮੁਖਾਂ ਪ੍ਰਥਾਇ ਗੁਰੂ ਸਾਹਿਬ ਤਿੰਨ ਹੁਕਮ ਗ੍ਰਹਿਣ ਕਰਨ ਲਈ ਤਾਕੀਦ ਕਰਦੇ ਹਨ :

*ਗੁਰਮੁਖਿ ਨਾਮੁ ਦਾਨੁ ਇਸਨਾਨੁ॥*

ਇਸ ਸਬੰਧੀ ਭਾਈ ਨੰਦ ਲਾਲ ਜੀ ਦਾ ਕਥਨ ਹੈ :

*ਨੰਦ ਲਾਲ ਤੁਮ ਬਚਨ ਸੁਨ ਸਿਖ ਕਰਮ ਹੈ ਏਹੁ।*
*ਨਾਮ ਦਾਨ ਇਸਨਾਨ ਬਿਨ ਕਰਹਿ ਨ ਅਨ ਸਿਉ ਨੇਹੁ।*

(ਪਿਆਰਾ ਸਿੰਘ ਪਦਮ (ਸੰਪਾ.) *ਰਹਿਤਨਾਮੇ*, ਪੰਨਾ 57)

ਇਨ੍ਹਾਂ ਤਿੰਨ ਸਿਧਾਂਤਾਂ ਵਿਚੋਂ 'ਨਾਮੁ' ਪ੍ਰਮੁਖ ਹੈ। ਦੂਜੇ ਸ਼ਬਦਾਂ ਵਿਚ ਅਗੱਲੇ ਦੋਹਾਂ (ਦਾਨ ਤੇ ਇਸਨਾਨ) ਦਾ ਆਧਾਰ 'ਨਾਮੁ' ਹੈ। ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਗੁਰੂ ਦਾ ਸਿੱਖ ਅਖਵਾਉਣ ਵਾਲੇ ਨੂੰ ਸਭ ਤੋਂ ਪਹਿਲਾਂ ਅੰਮ੍ਰਿਤ ਵੇਲੇ ਉਠ ਕੇ 'ਨਾਮੁ' ਜਪਣਾ ਚਾਹੀਦਾ ਹੈ :

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*

ਉਕਤ ਲੜੀ ਵਿਚ 'ਦਾਨ' ਦੂਜੇ ਸਥਾਨ 'ਤੇ ਆਉਂਦਾ ਹੈ। ਇਕ ਗੱਲ ਬਿਲਕੁਲ ਸਪਸ਼ਟ ਹੈ ਕਿ 'ਨਾਮੁ' ਜਪਣ ਵਾਲਾ ਵਿਅਕਤੀ ਹੀ 'ਦਾਨ' ਕਰ ਸਕਦਾ ਹੈ। ਇਸ ਆਧਾਰ 'ਤੇ 'ਦਾਨ' ਅਧਿਆਤਮਿਕ ਗੁਣ (ਨਾਮੁ) ਪ੍ਰਾਪਤ ਕਰਨ ਲਈ ਇਕ ਸਾਧਨ ਹੈ :

*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥*

ਸਿੱਖ ਧਰਮ ਵਿਚ ਦਾਨ ਦੇਣਾ ਧਾਰਮਿਕ ਜ਼ੁੰਮੇਵਾਰੀ ਵੀ ਹੈ। ਇਹ ਜ਼ਰੂਰੀ ਹੈ ਕਿ ਦੂਜੇ ਜੀਵ ’ਤੇ ਦਇਆ ਕਰਕੇ ਦਾਨ ਦਿਤਾ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਅਜਿਹੇ ਪ੍ਰਵਚਨ ਮਿਲਦੇ ਹਨ, ਜਿਨ੍ਹਾਂ ਵਿਚ ‘ਦਾਨ’ ਦੇਣ ਦੀ ਹਦਾਇਤ ਕੀਤੀ ਮਿਲਦੀ ਹੈ :

*ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥*
*ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥*

ਸਿੱਖ ਧਰਮ ਅਨੁਸਾਰ ਦਾਨ ਦੇਣ ਨਾਲ ਮਨ ਵਿਚ ਪਰਮਾਤਮਾ ਪ੍ਰਤਿ ਪ੍ਰੇਮ ਪੈਦਾ ਹੁੰਦਾ ਹੈ। ਦਾਨ ਦੀ ਧਰਮ ਅਤੇ ਸਮਾਜ ਨਾਲ ਡੂੰਘੀ ਸਾਂਝ ਹੈ। ਸਿੱਖ ਦਾ ਧਾਰਮਿਕ ਅਤੇ ਸਮਾਜਿਕ ਫ਼ਰਜ਼ ਹੈ ਕਿ ਉਹ ਆਪਣੀ ਵਿਤ ਅਨੁਸਾਰ ਗ਼ਰੀਬ ਅਤੇ ਲੋੜਵੰਦਾਂ ਦੀ ਸਹਾਇਤਾ ਕਰੇ। ਸਮਾਜਿਕ ਪੱਧਰ ’ਤੇ ਦਾਨ ਨਾਲ ਸਮਾਜ ਵਿਚ ਭਾਈਚਾਰੇ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਧਾਰਮਿਕ ਪੱਧਰ ’ਤੇ ਦਾਨ ਅਕਾਲਪੁਰਖ ਵਾਹਿਗੁਰੂ ਨਾਲ ਅਭੇਦ ਹੋਣ ਦਾ ਸਾਧਨ ਬਣਦਾ ਹੈ।

ਇਕ ਗੱਲ ਬੜੀ ਸਪਸ਼ਟ ਹੈ ਕਿ ਦਾਨ ਦੇਣ ਨਾਲ ਕਿਸੇ ਵਿਅਕਤੀ ਦਾ ਧਨ ਅਥਵਾ ਦੌਲਤ ਘਟਦੀ ਨਹੀਂ, ਸਗੋਂ ਆਪਣੀ ਕਿਰਤ ਕਮਾਈ ਵਿਚੋਂ ਲੋੜਵੰਦਾਂ ਨੂੰ ਦਾਨ ਦੇਣ ਨਾਲ ਪਰਮਾਤਮਾ ਕਿਰਤ-ਕਮਾਈ ਵਿਚ ਹੋਰ ਵਾਧਾ ਕਰਦਾ ਹੈ। ਇਸ ਪ੍ਰਥਾਇ ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ ਕਿ ਜਿਹੜੇ ਵਿਅਕਤੀ ਆਪਣੀ ਕਿਰਤ-ਕਮਾਈ ਵਿਚੋਂ ਦਾਨ ਨਹੀਂ ਦਿੰਦੇ, ਉਨ੍ਹਾਂ ਦਾ ਕਮਾਇਆ ਹੋਇਆ ਧਨ ਕਿਸੇ ਕੰਮ ਨਹੀਂ ਆਉਂਦਾ :

*ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ॥*
*ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ॥*

ਦਾਨ ਦੇਣ ਸਮੇਂ ਇਕ ਗੱਲ ਧਿਆਨ ਰੱਖਣ ਵਾਲੀ ਹੈ ਕਿ ਕਿਸੇ ਵੀ ਤਰ੍ਹਾਂ ਦੀ ਬੇਈਮਾਨੀ ਜਾਂ ਗਲਤ ਢੰਗ ਨਾਲ ਕਮਾਏ ਹੋਏ ਧਨ ਵਿਚੋਂ ਕੀਤਾ ਗਿਆ ‘ਦਾਨ’ ਗਲਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਪ੍ਰਸੰਗ ਵਿਚ ਦਸਦੇ ਹਨ ਕਿ ਪਰਾਇਆ ਹਕ ਖਾਣਾ ਮੁਸਲਮਾਨ ਲਈ ਸੂਰ ਅਤੇ ਹਿੰਦੂ ਲਈ ਗਾਂ ਖਾਣ ਦੇ ਬਰਾਬਰ ਹੈ :

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥*
*ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥*

ਇਸੇ ਤਰ੍ਹਾਂ ਗੁਰਬਾਣੀ ਵਿਚ ਇਕ ਥਾਂ ਹੋਰ ਗੁਰੂ ਸਾਹਿਬ ਤਾਕੀਦ ਕਰਦੇ ਹਨ ਕਿ ਜੇਕਰ ਚੋਰ ਝੁਗਾ ਲੁਟ ਲਵੇ ਅਤੇ ਝੁਗੇ ਦੀ ਲੁਟ ਵਡੇ-ਵਡੇਰਿਆਂ ਨੂੰ ਦੇ ਦੇਵੇ ਤਾਂ ਪਰਲੋਕ ਵਿਚ ਚੀਜ਼ ਪਛਾਣੀ ਜਾਂਦੀ ਹੈ ਅਤੇ ਵਡੇਰੇ ਚੋਰ ਬਣਾ ਲਏ ਜਾਂਦੇ ਹਨ। ਪਰਮਾਤਮਾ ਦਾ ਨਿਆਂ ਇਸ ਤਰ੍ਹਾਂ ਦਾ ਹੁੰਦਾ ਹੈ ਕਿ ਵਿਚੋਲੇ ਦੇ ਹਥ ਵਢੇ ਜਾਂਦੇ ਹਨ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹਨ ਕਿ ਪਰਲੋਕ ਵਿਚ ਕੇਵਲ ਉਹੀ ਮਿਲਦਾ ਹੈ, ਜੋ ਇਨਸਾਨ ਆਪਣੀ ਮਿਹਨਤ ਦੀ ਕਮਾਈ ਵਿਚੋਂ ਲੋੜਵੰਦਾਂ ਨੂੰ ਦਿੰਦਾ ਹੈ :

*ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥*
*ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥*
*ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ॥*
*ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥*

### 8.5.1 ‘ਦਾਨ’: ‘ਦਸਵੰਧ’ ਦੇ ਰੂਪ ਵਿਚ

ਸਿੱਖ ਧਰਮ ਵਿਚ ‘ਦਾਨ’ ਦਾ ਦੂਜਾ ਰੂਪ ‘ਦਸਵੰਧ’ ਹੈ, ਜਿਸ ਅਨੁਸਾਰ ਹਰੇਕ ਸਿੱਖ ਨੂੰ ਆਪਣੀ ਕਮਾਈ ਦਾ ਦਸਵਾਂ ਹਿਸਾ ‘ਗੁਰੂ’ ਨੂੰ ਦੇਣ ਦਾ ਬਕਾਇਦਾ ਹੁਕਮ ਹੈ। ‘ਦਸਵੰਧ’ ਸ਼ਬਦ ਦੀ ਵਿਉਤਪਤੀ ‘ਦਸਮਾਂਸ’ ਤੋਂ ਹੋਈ

ਹੈ, ਜਿਸ ਦਾ ਅਰਥ ਹੈ 'ਦਸਵਾਂ ਭਾਗ'। ਸਿੱਖ ਸ਼ਬਦਾਵਲੀ ਵਿਚ ਇਸ ਦਾ ਅਰਥ 'ਧਰਮ ਦੀ ਕਿਰਤ ਕਮਾਈ ਵਿਚੋਂ ਗੁਰੂ ਘਰ ਨਮਿਤ ਦਸਵਾਂ ਹਿਸਾ ਕਢਣਾ' ਹੈ। ਜ਼ਿਕਰਯੋਗ ਹੈ ਕਿ ਮੁਗੱਲ-ਸ਼!'ਸਨ ਦੌਰਾਨ ਬਾਦਸ਼ਾਹ ਆਪਣੇ ਅਹਿਲਕਾਰਾਂ ਤੋਂ ਨਜ਼ਰਾਨੇ ਭੇਂਟ ਲੈਂਦਾ ਸੀ। ਇਸ ਸੰਦਰਭ ਵਿਚ ਕਈ ਵਿਦਵਾਨ ਗੁਰੂ-ਘਰ ਵਿਚ ਆਉਣ ਵਾਲੇ 'ਦਸਵੰਧ' ਨੂੰ ਵੀ ਉਕਤ ਪ੍ਰਬੰਧ ਨਾਲ ਜੋੜ ਕੇ ਵੇਖਦੇ ਹੋਏ ਇਸ ਨੂੰ ਸੰਗਤਾਂ ਉਤੇ ਲਗਿਆ 'ਕਰ' (Tax) ਸਮਝਦੇ ਹਨ। ਅਸਲ ਵਿਚ 'ਦਸਵੰਧ' ਸਿੱਖ ਸੰਗਤਾਂ ਦੁਆਰਾ ਆਪਣੀ ਸ੍ਵੈ-ਇਛਾ ਨਾਲ ਗੁਰੂ-ਘਰ ਵਿਚ ਦਿਤਾ ਜਾਂਦਾ ਹੈ। ਇਤਿਹਾਸ ਵਿਚ ਇਕ ਵੀ ਕੋਈ ਅਜਿਹਾ ਹਵਾਲਾ ਪ੍ਰਾਪਤ ਨਹੀਂ ਹੁੰਦਾ, ਜਦੋਂ ਗੁਰੂ-ਘਰ ਵਿਚੋਂ ਕਿਸੇ ਨੇ ਜ਼ਬਰੀ/ਮਜ਼ਬੂਰ ਕਰਕੇ ਦਸਵੰਧ ਪ੍ਰਾਪਤ ਕੀਤਾ ਹੋਵੇ। ਸੰਗਤਾਂ ਵਲੋਂ ਆਪਣੀ ਖੁਸ਼ੀ ਨਾਲ ਮਸੰਦਾਂ ਨੂੰ ਦਿਤਾ 'ਦਸਵੰਧ' ਪੈਸਾ/ ਫਸਲ/ ਜਾਂ ਕਿਸੇ ਹੋਰ ਪਦਾਰਥ ਦੇ ਰੂਪ ਵਿਚ ਹੁੰਦਾ ਸੀ। ਗੁਰੂ ਨਮਿਤ ਭੇਂਟ ਕੀਤੇ ਹੋਏ ਦਸਵੰਧ ਨੂੰ ਸੰਗਤ ਦੇ ਮੁਖੀ ਪ੍ਰਚਾਰਕ, ਮੰਜੀਦਾਰ, ਮਸੰਦ ਆਦਿ ਇਕਠਾ ਕਰਕੇ ਗੁਰੂ ਸਾਹਿਬ ਕੋਲ ਪਹੁੰਚਾਇਆ ਕਰਦੇ ਸਨ।

ਇਤਿਹਾਸਿਕ ਪ੍ਰਸੰਗ ਵਿਚ ਦਾਨ (ਦਸਵੰਧ) ਦੇਣ ਦਾ ਅਰੰਭ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ 'ਮੰਜੀ ਸੰਸਥਾ' ਦਾ ਆਰੰਭ ਕਰਨ ਨਾਲ ਹੋਇਆ। ਉਪਰੰਤ ਸ੍ਰੀ ਗੁਰੂ ਰਾਮਦਾਸ ਜੀ ਨੇ 'ਮਸੰਦ ਪ੍ਰਥਾ' ਅਰੰਭ ਕੀਤੀ। ਇਸ ਸਮੇਂ ਦੌਰਾਨ ਨਵੇਂ ਕੇਂਦਰ ਸਥਾਪਿਤ ਕੀਤੇ ਗਏ। ਲੋਕ ਕਲਿਆਣ ਹਿਤ ਬਉਲੀਆਂ, ਖੂਹਾਂ, ਧਰਮਸਾਲਾਵਾਂ, ਸਰੋਵਰਾਂ, ਦਵਾਖਾਨਿਆਂ ਆਦਿ ਦਾ ਨਿਰਮਾਣ ਹੋਣਾ ਸ਼ੁਰੂ ਹੋਇਆ। ਇਨ੍ਹਾਂ ਸਾਰੇ ਕਾਰਜਾਂ ਲਈ ਮਾਇਆ ਦੀ ਲੋੜ ਕੁਦਰਤੀ ਸੀ। ਇਸ ਲਈ ਗੁਰੂ ਨਮਿਤ ਆਪਣੀ ਕਿਰਤ ਕਮਾਈ ਵਿਚੋਂ ਕੁਝ ਭੇਟਾ ਦੇਣੀ ਸਿੱਖ ਆਪਣਾ ਫਰਜ਼ ਸਮਝਣ ਲਗੇ। ਇਹ ਭੇਟਾ ਇਕਠੀ ਕਰਨ ਲਈ ਗੁਰੂ ਸਾਹਿਬਾਨ ਨੇ ਮਸੰਦਾਂ ਦੀ ਸੇਵਾ ਲਗਾਈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਦਸਵੰਧ ਰੂਪ ਵਿਚ ਘੋੜੇ, ਚੰਗੇ ਸਸ਼ਤਰ ਆਦਿ ਭੇਂਟ ਕਰਨ ਲਈ ਸੰਗਤ ਨੂੰ ਹੁਕਮ ਕੀਤਾ। ਇਹ ਸਿਲਸਿਲਾ ਦਸਵੇਂ ਪਾਤਿਸ਼ਾਹ ਤਕ ਨਿਰੰਤਰ ਚਲਦਾ ਰਿਹਾ ਅਤੇ ਅਜ ਵੀ ਚਲ ਰਿਹਾ ਹੈ।

ਸਿੱਖ ਰਹਿਤ ਬਾਰੇ ਮਿਲਦੇ ਰਹਿਤਨਾਮਿਆਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਰੇਕ ਸਿੱਖ ਲਈ ਦਸਵੰਧ ਦੇਣਾ ਜ਼ਰੂਰੀ ਕੀਤਾ ਸੀ। ਮਿਸਾਲ ਵਜੋਂ *ਰਹਿਤਨਾਮਾ ਭਾਈ ਦੇਸਾ ਸਿੰਘ* ਵਿਚ ਲਿਖਿਆ ਹੈ :

*ਦਸ ਨਖ ਕਰ ਜੋ ਕਾਰ ਕਮਾਵੈ।*
*ਤਾਂ ਕਰ ਜੋ ਧਨ ਘਰ ਮੈ ਆਵੈ।*
*ਤਿਹਤੇ ਗੁਰ ਦਸਵੰਧ ਜੁ ਦੇਈ।*
*ਸਿੰਘ ਸੁ ਜਸ ਬਹੁ ਜਗ ਮਹਿ ਲੇਈ।*

(ਪਿਆਰਾ ਸਿੰਘ ਪਦਮ, *ਰਹਿਤਨਾਮੇ*, ਪੰਨਾ 128)

ਭਾਈ ਨੰਦ ਲਾਲ ਜੀ ਦਸਵੰਧ ਦੇਣ ਲਈ ਪ੍ਰੇਰਿਤ ਕਰਦੇ ਹਨ :

*ਦਸਵੰਧ ਗੁਰੂ ਨਹੀਂ ਦੇਵਹੀ ਝੂਠ ਬੋਲਿ ਜੋ ਖਾਇ॥*
*ਕਹਿ ਗੋਬਿੰਦ ਸਿੰਘ ਲਾਲ ਜੀ ਤਿਸ ਕਾ ਕਛੁ ਨ ਬਿਸਾਹੁ॥*

(ਪਿਆਰਾ ਸਿੰਘ ਪਦਮ, *ਰਹਿਤਨਾਮੇ*, ਪੰਨਾ 58)

'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਵੀ ਭਾਈ ਸੰਤੋਖ ਸਿੰਘ ਜੀ ਦੁਆਰਾ 'ਦਸਵੰਧ' ਦੇਣ'ਤੇ ਜ਼ੋਰ ਦਿਤਾ ਗਿਆ ਹੈ :

*ਜੋ ਅਪਨੀ ਕਛੁ ਕਰਹੁ ਕਮਾਈ।*
*ਗੁਰ ਹਿਤ ਦਿਹੁ ਦਸਵੰਧ ਬਨਾਈ*

### 8.5.2 ਸਿੱਖ ਅਰਦਾਸ ਵਿਚ 'ਦਾਨ'

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਦਰਸਾਇਆ ਗਿਆ ਹੈ ਕਿ ਸਮੁਚਾ ਸੰਸਾਰ 'ਮੰਗਤਾ' ਹੈ ਅਤੇ ਅਕਾਲਪੁਰਖ ਵਾਹਿਗੁਰੂ 'ਦਾਤਾ'। ਜੀਵ ਆਪੋ-ਆਪਣੀ ਤੋਂ ਨਿਤ ਦਾਤਾ ਮੰਗਦੇ ਹਨ। ਉਹ ਦਾਤਾ ਐਸਾ ਹੈ ਕਿ ਲੋਕ ਦਾਤਾਂ ਮੰਗਦੇ ਥਕ ਜਾਂਦੇ ਹਨ, ਪਰੰਤੂ ਅਕਾਲਪੁਰਖ ਦਾਤਾਂ ਦਿੰਦਾ ਥਕਦਾ ਨਹੀਂ। ਸਿੱਖ ਧਰਮ ਦੀ ਨਿਵੇਕਲੀ 'ਅਰਦਾਸ' ਵਿਚ ਸਤ ਤਰ੍ਹਾਂ ਦਾ 'ਦਾਨ' ਹਰੇਕ ਸਿੱਖ 'ਗੁਰੂ' ਪਾਸੋਂ ਰੋਜ਼ਾਨਾ ਦੋ ਸਮੇਂ ਮੰਗਦਾ ਹੈ। ਇਸ ਸਤ ਪ੍ਰਕਾਰ

ਦੇ ਦਾਨ ਹੈ : 'ਸਿੱਖੀ ਦਾਨ', 'ਕੇਸ ਦਾਨ', 'ਰਹਿਤ ਦਾਨ', 'ਬਿਬੇਕ ਦਾਨ', 'ਵਿਸਾਹ ਦਾਨ', 'ਭਰੋਸਾ ਦਾਨ' ਅਤੇ 'ਨਾਮੁ ਦਾਨ'। ਇਨ੍ਹਾਂ ਦਾ ਵਰਨਣ ਹੇਠ ਦਿਤੇ ਅਨੁਸਾਰ ਹੈ :

8.5.2.1 **'ਸਿੱਖੀ ਦਾਨ'**

ਅਕਾਲਪੁਰਖ ਦੀ ਮਿਹਰ ਅਤੇ ਪ੍ਰੇਰਨਾ ਸਦਕਾ ਜਿਹੜਾ ਧਰਮ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤਾ, ਉਸ ਦਾ ਨਾਮ ਸਿੱਖ ਧਰਮ ਹੈ। ਇਸ ਧਰਮ ਦੀ ਰਹਿਤ ਦਾ ਨਾਮ 'ਸਿੱਖੀ' ਹੈ। ਇਸ ਕਰਕੇ ਸਿੱਖੀ ਗੁਰੂ ਸਾਹਿਬ ਦੀ ਸਿਖਿਆ ਅਨੁਸਾਰ ਜੀਵਨ ਬਤੀਤ ਕਰਨ ਦੀ ਵਿਧੀ ਹੈ। ਭਾਈ ਗੁਰਦਾਸ ਜੀ ਇਸ ਸੰਬੰਧ ਵਿਚ ਫੁਰਮਾਉਂਦੇ ਹਨ :

*ਗੁਰ ਸਿਖੀ ਦਾ ਕਰਮੁ ਏਹੁ ਗੁਰ ਫੁਰਮਾਏ ਗੁਰ ਸਿਖ ਕਰਣਾ॥*

(ਵਾਰਾਂ ਭਾਈ ਗੁਰਦਾਸ, ਵਾਰ/ਪਉੜੀ– ੨੮/੧੦)

ਸਿੱਖੀ, ਨਿਮਰਤਾ, ਸੇਵਾ ਅਤੇ ਸਿਮਰਨ ਆਦਿ ਗੁਣਾਂ ਤੋਂ ਉਪਜਦੀ ਹੈ ਅਤੇ ਭਰਾਤਰੀ ਭਾਵਨਾ ਨਾਲ ਸਾਧ ਸੰਗਤ ਵਿਚ ਪਰਪਕ ਹੁੰਦੀ ਹੈ। 'ਸਿੱਖੀ' ਰਹਿਤ ਨੂੰ ਜ਼ਿੰਦਗੀ ਨਾਲੋਂ ਪਿਆਰਾ ਮੰਨਣ ਦੀ ਹੈ। ਭਾਈ ਸੰਤੋਖ ਸਿੰਘ ਜੀ ਨੇ ਪੰਜ ਪ੍ਰਕਾਰ ਦੀ ਸਿੱਖੀ ਦਸੀ ਹੈ : ਧੰਦੇ ਦੀ, ਦੇਖਾ–ਦੇਖੀ, ਹਿਰਸ ਦੀ, ਸਿਦਕ ਦੀ ਅਤੇ ਭਾਵਨਾ ਦੀ। ਅਰਦਾਸ ਵਿਚ 'ਸਿੱਖੀ' ਦੀ ਮੰਗ ਕੀਤੀ ਜਾਂਦੀ ਹੈ। ਸਿੱਖੀ, ਸਿਦਕ ਤੇ ਭਾਵਨਾ ਵਾਲੀ ਸਿੱਖੀ ਹੈ। ਸਿੱਖੀ ਸਿਦਕ ਨੂੰ ਕੇਸਾਂ ਸੁਆਸਾਂ ਨਾਲ ਨਿਭਾਉਣ ਦੀ ਪ੍ਰਕਿਰਿਆ ਹੈ। ਅਰਦਾਸ ਵਿਚ ਐਸੀ ਸਿੱਖੀ ਦਾ ਦਾਨ ਕੇਵਲ ਆਪਣੇ ਲਈ ਹੀ ਨਹੀਂ, ਬਲਕਿ ਸਾਰੇ ਸਿੱਖਾਂ ਲਈ ਮੰਗਿਆ ਜਾਂਦਾ ਹੈ।

8.5.2.2 **'ਕੇਸ ਦਾਨ'**

ਸਿੱਖ ਧਰਮ ਵਿਚ 'ਕੇਸਾਂ' ਦੀ ਬਹੁਤ ਮਹਾਨਤਾ ਹੈ। ਕੇਸਾਂ ਦੀ ਸੌਗਾਤ ਸਿੱਖਾਂ ਨੂੰ ਕੁਦਰਤਿ ਪਾਸੋਂ ਮਿਲੀ ਹੈ। 'ਕੇਸ' ਕਰਤਾਰੀ ਦੇਣ ਹੈ। ਰਬ ਦੇ ਹੁਕਮ ਵਿਚ ਹਰੇਕ ਮਨੁੱਖ ਨੂੰ ਕੇਸਾਂ ਦੀ ਦਾਤਿ ਪ੍ਰਾਪਤ ਹੁੰਦੀ ਹੈ। ਇਸ ਗੱਲ ਪਿਛੇ ਕੋਈ ਭੇਦ ਜ਼ਰੂਰ ਹੈ, ਕਿਉਂਕਿ ਹਰੇਕ ਮਨੁੱਖ ਨੂੰ ਪਰਮਾਤਮਾ ਪਾਸੋਂ ਕੇਸਾਂ ਦੀ ਦਾਤ ਮਿਲਦੀ ਹੈ। ਡਾ.. ਜਸਵੰਤ ਸਿੰਘ ਨੇਕੀ ਅਨੁਸਾਰ 'ਕੇਸ' ਸ਼ਬਦ ਦਾ ਮੂਲ ਧਾਤੂ ਪਾਣਿਨੀ ਨੇ 'ਕਾਸ਼' ਦਸਿਆ ਹੈ, ਜਿਸ ਦਾ ਅਰਥ ਹੈ 'ਜੋਤੀ'। ਇਸ ਨਾਤੇ 'ਕੇਸ' ਜੋਤੀ ਨੂੰ ਆਕਰਸ਼ਿਤ ਕਰਨ ਵਾਲੇ ਮੰਨੇ ਗਏ ਹਨ। ਇਤਿਹਾਸਕ ਦ੍ਰਿਸ਼ਟੀ ਤੋਂ ਹਰੇਕ ਧਰਮ ਦੇ ਸੰਸਥਾਪਕ ਪੈਗੰਬਰ ਜਾਂ ਅਵਤਾਰ, ਸਾਰੇ ਹੀ ਕੇਸਾਧਾਰੀ ਹੋਏ ਹਨ। ਗੁਰਬਾਣੀ ਵਿਚ ਕੇਸ ਦਾੜ੍ਹੀ ਨੂੰ ਸੁਚੇ ਆਚਰਣ ਦੇ ਪ੍ਰਤੀਕ ਬਣਾਉਣ ਦਾ ਆਦੇਸ਼ ਹੈ :

*ਮੁਖ ਸਚੇ ਸਚੁ ਦਾੜੀਆਂ ਸਚੁ ਬੋਲਹਿ ਸਚੁ ਕਮਾਹਿ॥*

ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖ ਨੂੰ ਸਾਬਤ–ਸੂਰਤ ਰਹਿਣ ਅਤੇ ਸਿਰ ਉਪਰ ਦਸਤਾਰ ਸਜਾਉਣ ਦੀ ਤਾਕੀਦ ਕੀਤੀ ਹੈ :

*...ਸਾਬਤ ਸੂਰਤਿ ਦਸਤਾਰ ਸਿਰਾ॥*

ਇਸ ਕਰਕੇ ਸਿੱਖ ਆਪਣੀ ਅਰਦਾਸ ਵਿਚ 'ਕੇਸ ਦਾਨ' ਲਈ ਜਾਚਨਾ ਕਰਦੇ ਹਨ।

8.5.2.3 **'ਰਹਿਤ ਦਾਨ'**

ਸਿੱਖ ਸ਼ਬਦਾਵਲੀ ਵਿਚ ਧਾਰਮਿਕ ਜ਼ਿੰਦਗੀ ਜਿਉਣ ਦੇ ਚਜ ਆਚਾਰ ਨੂੰ 'ਰਹਿਤ' ਦੀ ਸੰਗਿਆ ਦਿਤੀ ਗਈ ਹੈ। ਇਹ ਉਹ ਅਨੁਸ਼!ਾਸਨ ਹੈ ਜਿਹੜਾ ਦੁਨਿਆਵੀ ਕਾਮਨਾਵਾਂ ਉਤੇ ਨਿਯੰਤਰਣ ਕਰਦਾ ਹੈ। ਜ਼ਿੰਦਗੀ ਨੂੰ ਉਚੇ ਆਦਰਸ਼!ਾਂ ਵਲ ਪ੍ਰੇਰਦਾ ਹੈ। ਮਨ ਨੂੰ ਸੁਚੇ ਗਿਆਨ ਨਾਲ ਰੁਸ਼ਨਾਉਂਦਾ ਹੈ। ਜੀਵਨ ਨੂੰ ਅਰਥ ਭਰਪੂਰ ਕਰਦਾ ਹੈ। ਇਸ ਪ੍ਰਕਾਰ 'ਰਹਿਤ' ਗੁਰਮਤਿ ਦਾ 'ਚਲਨ' ਹੈ :

*ਗੁਰਸਿਖ ਮੀਤ ਚਲਹੁ ਗੁਰ ਚਾਲੀ॥*

ਹਰੇਕ ਸਿੱਖ ਨੂੰ 'ਰਹਿਤ' ਅਨੁਸਾਰ ਜਿਊਣ ਦਾ ਆਦੇਸ਼ ਹੈ। ਰਹਿਤ ਦੋ ਪ੍ਰਕਾਰ ਦੀ ਹੈ : ਅੰਦਰੂਨੀ ਤੇ ਬਾਹਰੀ। ਅੰਦਰੂਨੀ 'ਰਹਿਤ' ਨੂੰ ਗੁਰਬਾਣੀ ਵਿਚ 'ਆਤਮ ਕੀ ਰਹਿਤ' ਵੀ ਕਿਹਾ ਗਿਆ ਹੈ। ਅਧਿਆਤਮਕ ਜੀਵਨ ਦਾ ਇਹ ਆਧਾਰ ਹੈ। ਸਚੀ 'ਰਹਿਤ' ਉਹ ਹੈ ਜਿਹੜੀ ਦਿਲੋਂ ਰਖੀ ਜਾਵੇ। ਇਸ 'ਰਹਿਤ' ਅਧੀਨ ਅੰਦਰ ਤੇ

ਬ!ਾਂਹਰ ਦਾ, ਕਥਨੀ ਤੇ ਕਰਨੀ ਦਾ ਅੰਤਰ ਨਾ ਹੋਵੇ। ਕਥਨੀ ਤੇ ਕਰਨੀ ਵਿਚ ਅੰਤਰ ਵਾਲੀ ਰਹਿਤ, 'ਗੁਰਮਤਿ ਰਹਿਤ' ਨਹੀਂ ਹੋ ਸਕਦੀ :

*ਸਾਚੀ ਰਹਤ ਸਾਚਾ ਮਨਿ ਸੋਈ॥*
*ਮਨਮੁਖਿ ਕਥਨੀ ਹੈ ਪਰ ਰਹਤ ਨ ਹੋਈ॥*

ਅੰਦਰਲੀ ਰਹਿਤ ਵਿਚ ਅੰਮ੍ਰਿਤ ਵੇਲੇ ਉਠਣਾ, ਇਸ਼ਨਾਨ ਕਰਕੇ ਨਾਮ ਜਪਣਾ, ਉਪਰੰਤ ਸੰਗਤ ਕਰਨੀ, ਸੰਗਤ ਵਿਚ ਜਾ ਕੇ ਕੀਰਤਨ-ਕਥਾ ਸੁਣਨੀ, ਸੇਵਾ ਕਰਨੀ ਅਤੇ ਅਰਦਾਸ ਕਰਨੀ ਆਦਿ ਸ਼ਾਮਿਲ ਹਨ।

ਦੂਜੀ, ਬ!ਾਂਹਰਲੀ 'ਰਹਿਤ' 'ਖੰਡੇ ਦੀ ਪਾਹੁਲ' ਦੀ ਰਹਿਤ ਹੈ। ਇਹ ਰਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਪਾਸੋਂ 'ਗੁਰ ਦੀਖਿਆ' ਲੈਣ ਸਮੇਂ ਪ੍ਰਾਪਤ ਹੁੰਦੀ ਹੈ। ਰਹਿਤ ਗੁਰੂ ਦੀ ਦਾਤਿ ਹੈ। ਰਹਿਤਵਾਨ ਹੋਣਾ ਗੁਰੂ ਦੀ ਬਖ਼ਸ਼ਿਸ਼ ਹੈ। ਇਸ ਬਖਸ਼ਿਸ਼ ਦੀ ਜਾਚਨਾ ਲਈ ਅਰਦਾਸ ਵਿਚ 'ਰਹਿਤ ਦਾਨ' ਮੰਗਿਆ ਜਾਂਦਾ ਹੈ।

8.5.2.4 **'ਬਿਬੇਕ ਦਾਨ'**

'ਬਿਬੇਕ' ਬੁੱਧੀ ਦੀ ਉਹ ਉਚੀ ਯੋਗਤਾ ਹੈ, ਜਿਸ ਰਾਹੀਂ ਬੁੱਧੀ ਸਤਿ ਅਤੇ ਅਸਤਿ ਦਾ ਨਿਰਣਾ ਕਰਦੀ ਹੈ। 'ਬਿਬੇਕ' ਹੀ ਉਹ ਬੁੱਧੀ ਹੈ, ਜਿਹੜੀ ਪ੍ਰਕਿਰਤੀ ਤੇ ਬ੍ਰਹਮ ਦਾ ਨਿਰਣਾ ਕਰਦੀ ਹੈ। ਇਸ ਰਾਹੀਂ ਜੀਵ ਨੂੰ ਗਿਆਨ ਹੁੰਦਾ ਹੈ ਕਿ ਸਾਰਾ ਕੁਝ ਬ੍ਰਹਮ ਹੀ ਬ੍ਰਹਮ ਹੈ। ਸੰਸਾਰ ਬ੍ਰਹਮ ਤੋਂ ਭਿੰਨ ਨਹੀਂ। ਬਿਬੇਕ ਦੇ ਚਾਰ ਅੰਗ ਮੰਨੇ ਗਏ ਹਨ : ਸਿਆਣਪ, ਸਚ, ਸਾਹਸ ਤੇ ਸੰਜਮ। ਸਿਆਣਪ ਤੋਂ ਭਾਵ ਸਮਝਦਾਰੀ ਨਾਲ ਕੰਮ ਕਰਨਾ ਹੈ। ਸਚ ਵਿਚ ਨਿਆਂ ਸ਼ਾਮਿਲ ਹੈ। ਸਾਹਸ ਨਾਲ ਨਿਰਭੈਅਤਾ ਜੁੜੀ ਹੋਈ ਹੈ ਅਤੇ ਸੰਜਮ ਇਛਾਵਾਂ ਨੂੰ ਨਿਯੰਤਰਿਤ ਕਰਕੇ ਜਗਿਆਸੂ ਨੂੰ ਮੋਹ ਤੋਂ ਉਪਰ ਚੁਕਦਾ ਹੈ। ਗੁਰਮਤਿ 'ਬਿਬੇਕ' ਦਾ ਮਾਰਗ ਹੈ। ਬਿਬੇਕ ਇਸ ਮਾਰਗ ਦਾ ਸਿਧਾਂਤਕ ਗਿਆਨ ਹੈ। ਸਿੱਖ ਅਰਦਾਸ ਵਿਚ ਸਿੱਖੀ ਅਤੇ ਰਹਿਤ ਦਾਨ ਦੀਆਂ ਮੰਗਾਂ ਰਾਹੀਂ 'ਬਿਬੇਕ ਦਾਨ' ਵੀ ਮੰਗਿਆ ਗਿਆ ਹੈ। ਸਿੱਖ ਦੀ ਬਿਬੇਕੀ ਜ਼ਿੰਦਗੀ ਹੋਣੀ ਚਾਹੀਦੀ ਹੈ। ਹਰ ਸਿੱਖ ਲਈ ਵਾਹਿਗੁਰੂ ਦਾ ਹੋ ਕੇ ਰਹਿਣਾ ਲਾਜ਼ਮੀ ਹੈ ਤੇ ਵਾਹਿਗੁਰੂ ਦਾ ਹੋ ਜਾਣਾ 'ਬਿਬੇਕ' ਦੀ ਬੁਨਿਆਦ ਹੈ। ਇਸ ਪ੍ਰਥਾਇ ਕਬੀਰ ਸਾਹਿਬ ਦਾ ਫੁਰਮਾਨ ਹੈ:

*ਕਬੀਰ ਰਾਮੈ ਰਾਮ ਕਹੁ ਕਹਿਬੇ ਮਾਹਿ ਬਿਬੇਕ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੪)

ਸਿੱਖ ਧਰਮ ਵਿਚ ਬਿਬੇਕੀ ਉਹ ਸਿੱਖ ਹੈ, ਜਿਹੜਾ ਗੁਰਮਤਿ ਰਹਿਣੀ ਵਿਚ ਰਹਿੰਦਾ ਅਤੇ ਗੁਰੂ ਦੀ ਮਤਿ ਧਾਰਨ ਕਰਦਾ ਹੈ, ਕਿਉਂਕਿ ਗੁਰੂ ਹੀ ਪੂਰਨ ਬਿਬੇਕੀ ਹੈ :

*ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੮੧)

ਇਸ ਪ੍ਰਕਾਰ ਕੇਵਲ ਤੇ ਕੇਵਲ ਗੁਰੂ ਪਾਸੋਂ ਹੀ 'ਬਿਬੇਕ ਬੁੱਧੀ' ਦੀ ਦਾਤਿ ਪ੍ਰਾਪਤ ਹੋ ਸਕਦੀ ਹੈ ਅਤੇ ਇਹ ਦਾਤਿ ਹਰੇਕ ਸਿੱਖ ਰੋਜ਼ਾਨਾ ਆਪਣੀ ਅਰਦਾਸ ਰਾਹੀਂ ਗੁਰੂ ਸਾਹਿਬ ਕੋਲੋਂ ਮੰਗਦਾ ਹੈ।

8.5.2.5 **'ਵਿਸਾਹ ਦਾਨ'**

'ਵਿਸਾਹ' ਸਿਦਕ ਦਾ ਅਨਿਖੜ ਅੰਗ ਹੈ। 'ਵਿਸਾਹ' ਵਾਹਿਗੁਰੂ ਦੀ ਹੋਂਦ ਦਾ ਯਕੀਨ ਹੈ, ਭਰੋਸਾ ਹੈ। ਪਰਮਾਤਮਾ ਨਾਲ ਪਿਆਰ ਕਰਨ ਵਾਲਾ ਜਗਿਆਸੂ ਹੀ ਆਪਣੇ ਵਾਹਿਗੁਰੂ ਪ੍ਰਮੇਸ਼ਰ ਦਾ ਸਿਮਰਨ ਕਰਦਾ ਹੈ। 'ਵਿਸਾਹ' ਵਾਲਾ ਸਿਮਰਨ ਵਿਚ ਜਿਉਂਦਾ ਹੈ, ਉਹ ਕਦੇ ਡੋਲਦਾ ਨਹੀਂ। ਦੂਜੇ ਸ਼ਬਦਾਂ ਵਿਚ 'ਵਿਸਾਹ' ਹੀ ਅਧਿਆਤਮਕ ਜੀਵਨ ਦਾ ਆਧਾਰ ਹੁੰਦਾ ਹੈ, ਕਿਓਂਕਿ ਇਹ ਮਨੁੱਖੀ ਮਨ ਵਿਚੋਂ ਰਬ ਦੀ ਅੰਸ਼ ਜਗਾਉਂਦਾ ਹੈ। ਡਾ.. ਜਸਵੰਤ ਸਿੰਘ ਨੇਕੀ ਅਨੁਸਾਰ 'ਵਿਸਾਹ' ਵਾਹਿਗੁਰੂ ਪਰਮਾਤਮਾ ਵਲੋਂ ਆਈ ਆਵਾਜ਼ ਹੈ। ਵਿਸਾਹ ਕੋਈ ਅਧੂਰਾ ਵਿਸ਼ਵਾਸ ਨਹੀਂ ਹੁੰਦਾ, ਇਹ ਤਾਂ ਮੁਕੰਮਲ ਸੰਦੇਹਹੀਣ ਵਿਸ਼ਵਾਸ ਹੁੰਦਾ ਹੈ। ਇਸ ਦਾ ਸਬੰਧ ਸੰਸਾਰ ਨਾਲ ਨਹੀਂ, ਬਲਕਿ ਕਰਤਾਰ ਨਾਲ ਹੁੰਦਾ ਹੈ। ਗੁਰਮਤਿ ਅਨੁਸਾਰ ਸਭ ਤੋਂ ਵੱਡਾ 'ਵਿਸਾਹ' ਵਾਹਿਗੁਰੂ ਪਰਮਾਤਮਾ ਦਾ ਹੈ। ਕੇਵਲ ਇਹੋ ਇਕ ਵਿਸਾਹ ਹੈ, ਜਿਹੜਾ 'ਸਭਨਾਂ' ਦਾ ਵਿਸਾਹ ਹੈ :

*ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ॥*

*ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾ ਦਾ ਵੇਸਾਹੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੬)

'ਵਿਸਾਹ' ਗੁਰੂ ਪਾਸੋਂ ਪ੍ਰਾਪਤ ਹੁੰਦਾ ਹੈ। ਗੁਰੂ ਦਾ ਵਿਸਾਹ ਹੀ ਦਰਅਸਲ ਵਾਹਿਗੁਰੂ ਦਾ ਵਿਸਾਹ ਹੈ, ਕਿਉਂ ਕਿ ਵਾਹਿਗੁਰੂ ਨੇ ਆਪਣੇ ਆਪ ਨੂੰ ਗੁਰੂ ਵਿਚ ਟਿਕਾਇਆ ਹੋਇਆ ਹੈ। ਗੁਰੂ ਹੀ 'ਸਬਦ' ਨਾਲ ਜੋੜ ਕੇ ਜਗਿਆਸੂ ਨੂੰ ਵਾਹਿਗੁਰੂ ਨਾਲ ਅਭੇਦ ਕਰਦਾ ਹੈ। ਇਸ ਕਾਰਨ ਗੁਰੂ ਦਾ ਵਿਸਾਹ ਅਗੋਂ ਗੁਰ ਸਬਦ ਦਾ ਵਿਸਾਹ ਬਣ ਜਾਂਦਾ ਹੈ। ਸਿੱਖ ਧਰਮ ਵਿਚ ਇਹ ਪਕਾ ਵਿਸ਼ਵਾਸ ਹੈ ਕਿ ਜੇਕਰ ਕੋਈ ਪੂਰੇ ਸਿਦਕ ਨਾਲ 'ਸਬਦ ਗੁਰੂ' ਦਾ ਆਦੇਸ਼ ਮੰਨੇ ਤਾਂ ਅਵਸ਼ ਹੀ ਉਸ ਦੀ ਕਲਿਆਣ ਹੋ ਸਕਦੀ ਹੈ।

8.5.2.6 **'ਭਰੋਸਾ ਦਾਨ'**

'ਭਰੋਸਾ' ਸ਼ਬਦ ਦਾ ਮੂਲ 'ਭਦ੍ਰ ਆਸ਼!ਾਂ' ਹੈ, ਜਿਸ ਦਾ ਅਰਥ ਸ਼ੁਭ ਆਸ਼!ਾਂ ਹੈ। ਮਨੁੱਖੀ ਸੁਭਾਅ ਹੈ ਕਿਸੇ ਤੋਂ ਸ਼ੁਭ ਆਸਾ ਉਪਜਦੀ ਵੇਖ ਮਨੁੱਖ ਉਸ 'ਤੇ ਭਰੋਸਾ ਕਰ ਲੈਂਦਾ ਹੈ। ਸਚਾ ਭਰੋਸਾ ਸਦਾ ਆਸ ਬਣਾਉਂਦਾ ਹੈ। ਗੁਰਬਾਣੀ ਅਨੁਸਾਰ ਮਨੁੱਖ ਨੂੰ ਸਚਾ ਭਰੋਸਾ ਤਾਂ ਇਕ ਅਕਾਲਪੁਰਖ ਦਾ ਹੈ। ਗੁਰਮਤਿ ਵਿਚ ਇਸੇ ਇਕ ਭਰੋਸੇ ਮਨੁੱਖ ਨੂੰ ਟੇਕ ਰਖਣ ਦੀ ਤਾਕੀਦ ਕੀਤੀ ਗਈ ਹੈ। ਮਨੁੱਖ ਦਾ ਪਰਮਾਤਮਾ 'ਤੇ ਭਰੋਸਾ ਉਸ ਸਮੇਂ ਜਾਗਦਾ ਹੈ ਜਦੋਂ ਉਹ ਆਪਣਾ ਬਲ ਹਾਰ ਜਾਵੇ, ਆਪਣੀ ਉਸਦੀ ਕੋਈ ਸਿਆਣਪ ਕੰਮ ਨਹੀਂ ਕਰਦੀ, ਜਦੋਂ ਉਸਦਾ ਆਪਣਾ ਚਿਤਵਿਆ ਚਲਦਾ ਨਹੀਂ, ਜਦੋਂ ਮਨੁੱਖ ਦੀ ਚਤੁਰਾਈ ਨਾ ਚਲੇ, ਜਦੋਂ ਕੰਮ ਵਿਗੜਦੇ ਦਿਸਦੇ ਹਨ, ਜਦੋਂ ਕੁਝ ਬਿਨਸ ਜਾਂਦਾ ਹੈ ਅਤੇ ਜਦੋਂ ਮਨੁੱਖ ਦੀ ਆਪਣੀ ਨਿਰਬਲਤਾ, ਲਾਚਾਰਗੀ ਤੇ ਅਨਾਥਤਾ ਦਾ ਅਹਿਸਾਸ ਹੁੰਦਾ ਹੈ। ਉਸ ਸਮੇਂ ਮਨ ਸੁਤੇ ਸਿਧ ਪਰਮਾਤਮਾ ਨੂੰ ਚੇਤੇ ਕਰਦਾ ਹੈ :

*ਮੋਹਿ ਅਨਾਥ ਕੀ ਕਰਹੁ ਸਮਾਈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੦੪)

ਭਰੋਸਾ ਤਾਂ ਉਸੇ 'ਤੇ ਕੀਤਾ ਨਿਭ ਸਕਦਾ ਹੈ ਜਿਹੜਾ ਆਪ ਨਾਲ ਨਿਭਣ ਵਾਲਾ ਹੋਵੇ ਅਤੇ ਆਪ ਨਿਭਣ ਵਾਲਾ ਕੇਵਲ ਤੇ ਕੇਵਲ ਵਾਹਿਗੁਰੂ ਪਰਮਾਤਮਾ ਹੈ :

*ਸਦਹੀ ਨਿਬਹੈ ਤੇਰੈ ਨਾਲਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੨੯)

ਭਰੋਸੇ ਵਾਲਾ ਜੀਵ ਸਾਰੇ ਕੰਮ ਕਰਦਾ ਹੋਇਆ, ਕੰਮਾਂ ਲਈ ਆਹਰ ਕਰਦਾ ਹੋਇਆ, ਚਿੰਤਾ ਨਹੀਂ ਕਰਦਾ, ਕਿਉਂਕਿ ਉਸ ਨੂੰ ਪਰਮਾਤਮਾ ਉਤੇ ਭਰੋਸਾ ਹੁੰਦਾ ਹੈ। ਉਸ ਨੂੰ ਇਹ ਵਿਸ਼ਵਾਸ ਹੁੰਦਾ ਹੈ ਕਿ ਮੇਰੇ ਕਾਰਜ ਸਫਲ ਹੋਣਗੇ। ਸਿੱਖ ਅਰਦਾਸ ਵਿਚ 'ਭਰੋਸਾ ਦਾਨ' ਮੰਗਣ ਦਾ ਇਕੋ ਅਰਥ ਹੈ ਕਿ ਵਾਹਿਗੁਰੂ 'ਤੇ ਵਿਸ਼ਵਾਸ ਕੀਤਾ ਜਾਵੇ। ਮਨੁੱਖ ਨੂੰ ਇਹ ਯਕੀਨ ਹੋਵੇ ਕਿ ਪਰਮਾਤਮਾ ਸਦਾ ਹੀ ਬਹੁੜੀ ਕਰਦਾ ਹੈ।

8.5.2.7 **'ਨਾਮੁ' ਦਾਨ**

'ਨਾਮੁ' ਨੂੰ ਗੁਰਬਾਣੀ ਵਿਚ ਨਿਧਾਨ ਕਿਹਾ ਗਿਆ ਹੈ। ਦੁਨੀਆ ਦੇ ਵਡੇ ਤੋਂ ਵਡੇ ਖ਼ਜ਼ਾਨੇ ਵੀ ਨਿਖੁਟ ਜਾਂਦੇ ਹਨ, ਪਰੰਤੂ ਕੇਵਲ ਨਾਮ ਹੀ ਅਜਿਹਾ ਖਜਾਨਾ ਹੈ ਜਿਹੜਾ ਅਖੁਟ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨਾਮ ਦੀ ਜਾਚਨਾ ਕਰਨ ਦਾ ਢੰਗ ਸਿਖਾਉਂਦੇ ਹੋਏ ਦਸਦੇ ਹਨ :

*ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੮੪)

'ਨਾਮੁ' ਸਭ ਪ੍ਰਕਾਰ ਦਾ ਆਸਰਾ ਦਿੰਦਾ ਹੈ। ਇਸ ਤੋਂ ਸਭ ਕਾਰਜ ਰਾਸ ਹੁੰਦੇ ਹਨ। ਮਨ ਸ਼ੁਧ ਸਰੂਪ ਵਿਚ ਆਉਂਦਾ ਹੈ, ਪਾਪ ਮਿਟਦੇ ਹਨ। ਸਿੱਖ ਅਰਦਾਸ ਵਿਚ 'ਨਾਮੁ' ਦੀ ਜਾਚਨਾ ਕਰਨ ਤੋਂ ਪਹਿਲਾਂ ਮੰਗੀ ਗਈ ਸਿੱਖੀ 'ਨਾਮੁ' ਦੇ ਆਸਰੇ ਹੈ। ਮੰਗੀ ਗਈ ਰਹਿਤ 'ਨਾਮੁ' ਆਸਰੇ ਹੀ ਹੈ। ਇਸੇ ਤਰ੍ਹਾਂ ਮੰਗਿਆ ਗਿਆ ਬਿਬੇਕ ਵੀ 'ਨਾਮੁ' ਆਸਰੇ ਹੈ। ਵਿਸਾਹ ਤੇ ਭਰੋਸਾ ਵੀ 'ਨਾਮੁ' ਦੇ ਆਸਰੇ ਹਨ। ਇਸ ਤਰ੍ਹਾਂ ਜਿੰਨੇ ਵੀ ਸ੍ਰੇਸ਼ਟ 'ਦਾਨਾਂ' ਲਈ ਅਰਦਾਸ ਵਿਚ ਜਾਚਨਾ ਕੀਤੀ ਜਾਂਦੀ ਹੈ, ਉਨ੍ਹਾਂ ਸਭਨਾਂ ਦਾ ਆਧਾਰ 'ਨਾਮੁ' ਹੀ ਹੈ। ਇਸ ਲਈ 'ਨਾਮੁ ਦਾਨ' 'ਦਾਨਾ ਸਿਰ ਦਾਨ' ਹੈ।

ਗੁਰਮਤਿ ਅਨੁਸਾਰ ਜੀਵ ਨੂੰ ਪਰਮਾਤਮਾ ਦਾ 'ਨਾਮੁ' ਜਪ ਕੇ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ। ਪਰਮਾਤਮਾ ਦਾ ਨਾਮੁ ਹੀ ਮੁਕਤੀ ਦਾਤਾ ਹੈ। ਇਸ ਮਾਰਗ 'ਤੇ ਚਲਦਿਆਂ ਸਾਧਕ ਪਰਮਾਤਮਾ ਪਾਸੋਂ ਕੇਵਲ ਨਾਮੁ ਦਾ ਦਾਨ ਹੀ ਮੰਗਦਾ ਹੈ :

*ਨਾਨਕੁ ਜਾਚੈ ਏਕੁ ਦਾਨੁ॥*
*ਕਰਿ ਕਿਰਪਾ ਮੋਹਿ ਦੇਹੁ ਨਾਮੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੧ )

ਹਰੇਕ ਸਿੱਖ ਰੋਜ਼ਾਨਾ ਅਰਦਾਸ ਵਿਚ 'ਦਾਨਾਂ ਸਿਰ ਦਾਨ', ਭਾਵ 'ਨਾਮੁ ਦਾਨ' ਦੀ ਜਾਚਨਾ ਕਰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :

*ਮਾਗਲਾ ਮਾਗਲੁ ਨੀਕਾ ਹਰਿ ਜਸੁ ਗੁਰ ਤੇ ਮਾਗਲਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੧੮)

ਗੁਰਮਤਿ 'ਨਾਮ ਮਾਰਗ' ਹੈ। ਨਾਮ ਤੁਲ ਹੋਰ ਕੁਝ ਨਹੀਂ ਹੈ। ਗੁਰੂ ਸਾਹਿਬ ਨੇ ਹਰ ਪ੍ਰਕਾਰ ਦੇ ਦਾਨ ਨੂੰ ਨਕਾਰਦਿਆਂ ਪਰਮਾਤਮਾ ਤੋਂ ਕੇਵਲ 'ਨਾਮੁ' ਦਾ ਦਾਨ ਹੀ ਮੰਗਣ ਦੀ ਪ੍ਰੇਰਨਾ ਦਿਤੀ ਹੈ :

*ਹਰਿ ਜਨ ਕੈ ਹਰਿ ਨਾਮੁ ਨਿਧਾਨੁ॥*
*ਪਾਰਬ੍ਰਹਮਿ ਜਨ ਕੀਨੋ ਦਾਨ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੪ )

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਹੜਾ ਜੀਵ ਆਪਣੀ ਰਸਨਾ ਤੋਂ 'ਹਰਿ' ਪਰਮਾਤਮਾ ਦਾ ਨਾਮ ਜਪਦਾ ਹੈ, ਉਸਦੇ ਸਾਰੇ ਕਾਰਜ ਪੂਰੇ ਹੁੰਦੇ ਹਨ :

*ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੦੧)

ਅਨੇਕ ਤਰ੍ਹਾਂ ਦੇ ਕੀਤੇ ਪੁੰਨ, ਦਾਨ ਅਤੇ ਧਾਰਮਿਕ ਸੰਸਕਾਰ ਪਰਮਾਤਮਾ ਦੇ ਨਾਮੁ ਦੀ ਬਰਾਬਰੀ ਨਹੀਂ ਕਰ ਸਕਦੇ :

*ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੬੬)

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਹੜਾ ਜੀਵ ਆਪਣੀ ਜਿਹਬ!ਾਂ ਨਾਲ ਵਾਹਿਗੁਰੂ ਦੇ 'ਨਾਮੁ' ਦਾ ਉਚਾਰਣ ਕਰਦਾ ਹੈ, ਉਹ ਕਰੋੜਾਂ. ਹੀ ਪੁੰਨਾਂ ਤੇ ਇਸਨਾਨਾਂ ਦਾ ਅਤੇ ਅਨੇਕ ਸੁਚਮ ਤੇ ਪਵਿਤਰਤਾਈਆਂ ਦਾ ਫਲ ਪ੍ਰਾਪਤ ਕਰ ਲੈਂਦਾ ਹੈ। ਉਸਸਦੇ ਸਾਰੇ ਪਾਪ ਖਤਮ ਹੋ ਜਾਂਦੇ ਹਨ :

*ਕੋਟਿ ਦਾਨ ਇਸਨਾਨੰ ਅਨਿਕ ਸੋਧਨ ਪਵਿਤ੍ਰਤਹ॥*
*ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੦੬)

ਭਗਤ ਨਾਮਦੇਵ ਜੀ ਨੇ ਰਵਾਇਤੀ ਕਿਸਮਾਂ ਦੇ ਦਾਨ ਦੇਣ ਨੂੰ ਮਹੱਤਵ ਨਹੀਂ ਦਿਤਾ। ਭਗਤ ਜੀ ਦਾ ਮੰਨਣਾ ਹੈ ਕਿ ਇਸ ਪ੍ਰਕਾਰ ਦੇ ਸਾਰੇ ਦਾਨ ਪਰਮਾਤਮਾ ਦੇ 'ਨਾਮੁ' ਬਰਾਬਰ ਬਿਲਕੁਲ ਨਹੀਂ :

*ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ*
*ਰਾਮ ਨਾਮ ਸਰਿ ਤਊ ਨ ਪੂਜੈ॥...*
*ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ*
*ਗੋਮਤੀ ਸਹਸ ਗਊ ਦਾਨੁ ਕੀਜੈ॥...*
*ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ*
*ਐਸੋ ਦਾਨੁ ਨਿਤ ਨਿਤਹਿ ਕੀਜੈ॥*
*ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ*
*ਰਾਮ ਨਾਮ ਸਰਿ ਤਊ ਨ ਪੂਜੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੭੩)

ਦਾਨ ਦਾ ਸਰਵ-ਸ੍ਰੇਸ਼ਟ ਰੂਪ ਪਰਮਾਤਮਾ ਦੇ 'ਨਾਮੁ ਦਾਨ' ਦੇ ਰੂਪ ਵਿਚ ਦੇਖਿਆ ਜਾਂਦਾ ਹੈ। 'ਨਾਮੁ' ਸੁਣਨ ਅਤੇ ਜੀਵਨ ਵਿਚ ਧਾਰਨ ਕਰਨ ਨਾਲ ਜੀਵਨ ਦੀ ਦਸ਼ਾ ਅਤੇ ਦਿਸ਼ਾ ਬਦਲ ਜਾਂਦੀ ਹੈ:

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥*
*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥*
*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥*
*ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥*
*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥*
*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥*
*ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫)

### 8.5.3 ਵੰਡ ਛਕਣਾ

ਸਿੱਖ ਧਰਮ ਵਿਚ 'ਭੋਜਨ ਦਾਨ', ਭਾਵ 'ਵੰਡ ਛਕਣ' ਨੂੰ ਸਰਵੋਤਮ ਦਾਨ ਮੰਨਿਆ ਗਿਆ ਹੈ। 'ਵੰਡ ਛਕਣ' ਤੋਂ ਭਾਵ ਹੈ ਆਪਣੀ ਮਰਜ਼ੀ ਨਾਲ ਆਪਣੀ ਦੌਲਤ ਵਿਚੋਂ ਲੋੜਵੰਦਾਂ ਨੂੰ ਹਿਸਾ ਦੇਣਾ। 'ਵੰਡ ਛਕਣਾ' ਗੁਰਮਤਿ ਦਾ ਬੁਨਿਆਦੀ ਤੱਤ ਹੈ। ਗੁਰੂ ਸਾਹਿਬਾਨ ਨੇ ਨਾ ਸਿਰਫ ਆਪਣੇ ਨਿਜੀ ਜੀਵਨ ਵਿਚ ਹੀ ਇਸ ਸਿਧਾਂਤ ਨੂੰ ਲਾਗੂ ਕੀਤਾ, ਸਗੋਂ ਸਿੱਖਾਂ ਲਈ ਇਸ ਨੂੰ ਲਾਜ਼ਮੀ ਵੀ ਬਣਾ ਦਿਤਾ। ਸਿੱਖ ਧਰਮ ਵਿਚ 'ਦਾਨ' 'ਗੁਰੂ' ਦੇ ਨਾਮ 'ਤੇ ਕੀਤਾ ਜਾਂਦਾ ਹੈ। ਪਰੰਪਰਾ ਅਨੁਸਾਰ 'ਗਰੀਬ ਦਾ ਮੂੰਹ, ਗੁਰੂ ਦੀ ਗੋਲਕ' ਵਾਕ ਪ੍ਰਚਲਿਤ ਹੈ। ਇਸ ਅਨੁਸਾਰ 'ਦਾਨ' ਕਰਨ ਦਾ ਮੁਢਲਾ ਉਦੇਸ਼ ਲੋੜਵੰਦਾਂ ਨੂੰ ਭੋਜਨ ਛਕਾਉਣਾ ਹੈ। ਇਤਿਹਾਸਿਕ ਦ੍ਰਿਸ਼ਟੀ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਭੁਖੇ ਸਾਧੂਆਂ ਨੂੰ ਵੀਹ ਰੁਪਏ ਦਾ ਭੋਜਣ ਛਕਾਉਣ ਤੋਂ ਇਹ ਪ੍ਰਥਾ ਸ਼ੁਰੂ ਹੋਈ। ਮੌਜੂਦਾ ਸਮੇਂ ਦੌਰਾਨ ਇਸ ਦਾ ਨਿਖਰਿਆ ਰੂਪ 'ਲੰਗਰ' ਵਜੋਂ ਸਥਾਪਿਤ ਹੋਇਆ ਹੈ। ਵੰਡ ਛਕਣ ਦੇ ਸਬੰਧ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ :

*ਖਾਵਹਿ ਖਰਚਹਿ ਰਲਿ ਮਿਲਿ ਭਾਈ॥*
*ਤੋਟਿ ਨ ਆਵੈ ਵਧਦੋ ਜਾਈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੮੬)

'ਭਾਈ ਬ!ਾਂਲੇ ਵਾਲੀ ਜਨਮ ਸਾਖੀ' ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਜਾ ਕਾਰੂੰ ਨੂੰ ਉਪਦੇਸ਼ ਦਿਤਾ ਕਿ ਉਹ ਆਪਣਾ ਪਾਪ ਕਮਾ ਕੇ ਇਕਠਾ ਕੀਤਾ ਹੋਇਆ ਧਨ ਗਰੀਬਾਂ ਵਿਚ ਵੰਡ ਦੇਵੇ। ਗੁਰੂ ਸਾਹਿਬ ਨੇ ਉਸਨੂੰ ਦਸਿਆ ਕਿ ਧਨ ਇਕਠਾ ਕਰਨ ਦਾ ਅਸਲ ਮਨੋਰਥ ਇਸ ਨੂੰ ਮਨੁੱਖਤਾ ਦੇ ਭਲੇ ਲਈ ਖਰਚ ਕਰਨਾ ਹੈ :

*ਦਮੜਾਂ. ਤਿਸੀ ਕਾ ਜੋ ਖਰਚੇ ਅਰੁ ਖਾਇ।*
*ਦੇਵੇ ਦਿਵਾਵੈ ਰਜਾਵੈ ਖੁਦਾਇ।*
*ਹੋਤਾ ਨ ਰਾਖੇ ਇਕੇਲਾ ਨਾ ਖਾਇ।*
*ਤਹਿਕੀਕ ਦਿਲ ਦਾਨੀ ਵੁਹੀ ਭਿਸਤ ਜਾਇ।*

ਭਾਈ ਗੁਰਦਾਸ ਜੀ ਅਨੁਸਾਰ ਹਰੇਕ ਸਿੱਖ ਲਈ ਜ਼ਰੂਰੀ ਹੈ ਕਿ ਉਹ ਸਖਤ ਮਿਹਨਤ ਕਰੇ ਅਤੇ ਆਪਣੀ ਕਿਰਤ ਕਮਾਈ ਨੂੰ ਵੰਡ ਕੇ ਛਕੇ। ਭਾਈ ਗੁਰਦਾਸ ਜੀ ਮੁਤਾਬਿਕ ਸਿੱਖ ਲੋੜਵੰਦਾਂ ਵਿਚ ਵੰਡੇ ਬਗੈਰ ਆਪ ਨਹੀਂ ਖਾਂਦਾ :

*ਘਾਲਿ ਖਾਇ ਗੁਰਸਿਖ ਮਿਲਿ ਖਾਣਾ॥*

(*ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ -੩੨/੧)

ਭਾਈ ਗੁਰਦਾਸ ਜੀ ਦਸਦੇ ਹਨ ਕਿ ਜਿਸ ਤਰ੍ਹਾਂ ਹਿੰਦੂ ਵੀਰਾਂ ਲਈ ਪੰਜ ਵਾਰ ਗੰਗਾ ਤੇ ਪ੍ਰਯਾਗ ਇਸ਼ਨਾਨ ਦਾ ਮਹਾਤਮ ਹੈ, ਉਸੇ ਤਰ੍ਹਾਂ ਦਾ ਮਹਾਤਮ ਇਕ ਗੁਰਸਿੱਖ ਨੂੰ ਇਸ਼ਨਾਨ ਕਰਵਾਉਣ ਦਾ ਹੈ। ਇਸ ਦੇ ਨਾਲ ਹੀ ਜੇਕਰ ਕੋਈ ਵਿਅਕਤੀ ਸਿੱਖ ਨੂੰ ਪਾਣੀ ਪਿਲਾ ਦੇਵੇ ਤਾਂ ਉਸਨੂੰ ਅਸਮੇਧ ਯਗ ਦਾ ਫਲ ਮਿਲਦਾ ਹੈ :

*ਪੰਚ ਬਾਰ ਗੰਗ ਜਾਇ ਬਾਰ ਪੰਚ ਪ੍ਰਾਗ ਨ੍ਹਾਇ,*

*ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ॥*
*ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ,*
*ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ॥*

(*ਕਬਿਤ ਭਾਈ ਗੁਰਦਾਸ ਜੀ*, ੬੭੩)

ਸਿੱਖ ਦੇ ਘਰ ਆਉਣ ਵਾਲੇ ਅਤਿਥੀ ਦੀ ਸੇਵਾ ਕਰਨਾ ਸਿੱਖ ਦਾ ਮੁਢਲਾ ਫਰਜ਼ ਹੈ। ਜੇਕਰ ਉਹ ਸੇਵਾ ਨਹੀਂ ਕਰਦਾ ਤਾਂ ਅਕਾਲਪੁਰਖ ਦੀ ਦਰਗਾਹ ਵਿਚ ਉਸ ਕੋਈ ਮਾਣ-ਸਤਿਕਾਰ ਨਹੀਂ ਮਿਲ ਸਕਦਾ :

*ਅਤਿਥਿ ਵੇਖ ਨਹੀਂ ਦੇਵੈ ਦਾਨ।*
*ਸੋ ਨਹੀਂ ਪਾਵੈ ਦਰਗਹਿ ਮਾਨ।*

(*ਤਨਖਾਹਨਾਮਾ ਭਾਈ ਨੰਦ ਲਾਲ*)

### 8.5.4 ਦਾਨ : ਅਧਿਕਾਰੀ

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ 'ਦਾਨ' ਲੈਣ ਦਾ ਅਧਿਕਾਰੀ ਦੇਖ ਕੇ ਹੀ 'ਦਾਨ' ਕਰਨਾ ਚਾਹੀਦਾ ਹੈ। ਗੁਰੂ ਸਾਹਿਬ ਨੇ ਠੀਕ ਅਧਿਕਾਰੀ ਨੂੰ ਦਾਨ ਦੇਣ ਲਈ ਅਲੰਕਾਰਕ ਢੰਗ ਨਾਲ ਸਮਝਾਇਆ ਹੈ ਕਿ ਜਿਵੇਂ ਕਿਸਾਨ ਧਰਤੀ ਦੀ ਪਰਖ ਕਰਕੇ ਬੀਜ ਪਾਉਂਦਾ ਹੈ, ਇਵੇਂ ਹੀ ਦੇਖ-ਪਰਖ ਕੇ ਦਾਨ ਦੇਣਾ ਚਾਹੀਦਾ ਹੈ, ਕਿਉਂਕਿ ਕਲਰ ਵਿਚ ਖੇਤੀ ਕਰਨ ਵਾਲੇ ਨੂੰ ਕੋਈ ਲਾਭ ਪ੍ਰਾਪਤ ਨਹੀਂ ਹੁੰਦਾ:

*ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ॥*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾਨ ਦੇਣ ਦੇ ਪ੍ਰਸੰਗ ਵਿਚ ਸਮਝਾਉਂਦੇ ਹਨ ਕਿ ਰਵਾਇਤੀ ਦਾਨ ਦੇ ਅਧਿਕਾਰੀਆਂ ਨੂੰ ਛਡ ਕੇ ਲੋੜਵੰਦਾਂ ਦੀ ਸੇਵਾ ਕੀਤੀ ਹੀ ਪਰਮਾਤਮਾ ਨੂੰ ਚੰਗੀ ਲਗਦੀ ਹੈ। ਦਾਨ ਦਿਤਾ ਵੀ ਇਨ੍ਹਾਂ ਨੂੰ ਹੀ ਚੰਗਾ ਹੈ :

*ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵਾ ਸੁਹਾਤ ਨ ਜੀ ਕੋ॥*
*ਦਾਨ ਦਯੋ ਇਹੀ ਕੋ ਭਲੋ ਅਰੁ ਆਨ ਕੋ ਦਾਨੁ ਨ ਲਾਗਤ ਨੀਕੋ॥*

(*ਸ੍ਰੀ ਦਸਮ ਗ੍ਰੰਥ ਸਾਹਿਬ*, ਪੰਨਾ ੭੧੬)

ਇਸ ਆਧਾਰ 'ਤੇ ਲੋੜਵੰਦ, ਦੁਖੀਏ ਤੇ ਦੀਨ ਨੂੰ ਦਿਤਾ 'ਦਾਨ' ਸਫਲ ਹੁੰਦਾ ਹੈ। ਜਦੋਂ ਕਿ ਕਈ ਵਾਰ ਵਿਹਲੇ (ਮੰਗ ਖਾਣੇ) ਪਾਖੰਡ ਕਰਕੇ ਦਾਨ ਲੈ ਲੈਂਦੇ ਹਨ ਤੇ ਉਸ ਧਨ ਨਾਲ ਵਿਕਾਰਾਂ ਤੋਂ ਕੁਕਰਮਾਂ ਦੀ ਦੁਨੀਆਂ ਵਿਚ ਵਿਚਰਦੇ ਹਨ। ਭਾਈ ਕਾਨ੍ਹ ਸਿੰਘ ਦਾ ਵਿਚਾਰ ਹੈ, "ਜੋ ਹਰਾਮਖਾਣੇ ਪ੍ਰਪੰਚੀ ਭੇਖ ਨੂੰ ਉਪਜੀਵਕਾ ਦਾ ਵਸੀਲਾ ਸਮਝ ਕੇ ਮੰਗਦੇ ਫਿਰਦੇ ਹਨ, ਉਨ੍ਹਾਂ ਦੀ ਸੇਵਾ ਕਰਨੀ ਨਿਸਫਲ ਹੈ। ਜੋ ਵਿਚਾਰਵਾਨ ਵਿਦਵਾਨ, ਸ਼ੁਭ ਗੁਣਾਂ ਦਾ ਪ੍ਰਚਾਰ ਕਰਨ ਲਈ ਵਿਚਰਦੇ ਹਨ, ਉਹ ਸਚੇ ਅਭਯਾਗਤ ਅਥਵਾ ਅਤਿਥੀ ਦਾਨ ਦੇ ਪੂਰਨ ਅਧਿਕਾਰੀ ਹਨ। ਇਸ ਲਈ ਇਹ ਯਤਨ ਕਰਨਾ ਚਾਹੀਦਾ ਹੈ ਕਿ ਯੋਗ ਪਾਤਰ ਨੂੰ ਹੀ ਦਾਨ ਦਿਤਾ ਜਾਵੇ। ਅੰਨ ਦਾਨ ਸਰਬੋਤਮ ਹੈ ਕਿਉਂਕਿ ਗਰੀਬਾਂ, ਅਨਾਥਾਂ, ਅਪਾਹਜਾਂ ਤੇ ਨਿਆਸਰਿਆਂ ਦੀ ਪਹਿਲੀ ਲੋੜ ਉਦਰ ਪੂਰਤੀ ਹੁੰਦੀ ਹੈ। ਪ੍ਰਸ਼!ਾਂਦਾ ਛਕ ਕੇ ਉਨ੍ਹਾਂ ਨੂੰ ਸ਼ਾਂਤੀ ਮਿਲਦੀ ਹੈ। ਬੀਮਾਰਾਂ ਨਿਆਸਰਿਆਂ ਲਈ ਦਵਾ ਦਾਰੂ ਦਾ ਪ੍ਰਬੰਧ ਕਰਨਾ ਵੀ ਦਾਨ ਦਾ ਚੰਗਾ ਰੂਪ ਹੈ ਕਿਉਂਕਿ ਬਿਮਾਰੀਆਂ ਤੋਂ ਛੁਟਕਾਰਾ ਪਾ ਕੇ ਉਹ ਸੁਖ ਪਾਉਂਦੇ ਹਨ ਤੇ ਰਾਮ ਨਾਮ ਜਪਣ ਯੋਗ ਬਣ ਜਾਂਦੇ ਹਨ।"

### 8.5.5 ਦਾਨ : ਵਿਧੀ

ਸ੍ਰੀ ਗੁਰੂ ਨਾਨਕ ਦੇਵ ਜੀ 'ਦਾਨ' ਦੇਣ ਬਾਰੇ ਫ਼ੁਰਮਾਉਂਦੇ ਹਨ ਕਿ ਘਾਲਣਾ ਘਾਲ ਕੇ ਕੀਤੀ ਕਮਾਈ ਵਿਚੋਂ ਦਾਨ ਦੇਣ ਵਾਲਾ ਸਿੱਖ ਹੀ ਸਿੱਖੀ ਮਾਰਗ ਦੀ ਪਛਾਣ ਕਰ ਸਕਦਾ ਹੈ :

*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥*

ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਇਕ ਗਵਾਹੀ ਇਸ ਤਰ੍ਹਾਂ ਹੈ:

*ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ।*

(*ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ -੬/੧੨)

ਗੁਰੂ ਸਾਹਿਬਾਨ ਨੇ ਅਕਲ (ਸਿਆਣਪ) ਤੇ ਦਾਨ ਦਾ ਗਹਿਰਾ ਸਬੰਧ ਦਰਸਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹਨ ਕਿ ਮਨੁੱਖ ਨੂੰ ਪਰਮਾਤਮਾ ਦੀ ਸੇਵਾ ਅਕਲ, ਭਾਵ ਸਿਆਣਪ ਨਾਲ ਕਰਨੀ ਚਾਹੀਦੀ ਹੈ, ਜਿਸ ਸਦਕਾ ਉਸ ਨੂੰ ਸੰਸਾਰ ਵਿਚ ਰਹਿੰਦੇ ਹੋਏ ਮਾਣ ਮਿਲਦਾ ਹੈ। ਇਸ ਦੇ ਨਾਲ ਹੀ ਸਿਆਣਪ ਨਾਲ ਦਾਨ ਕਰਨ ਦੀ ਵੀ ਤਾਕੀਦ ਹੈ :

*ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥*
*ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥*

### 8.5.6 ਦਾਨੀ : ਲਛਣ

'ਦਾਨ' ਇਕ ਨੈਤਿਕ ਗੁਣ ਹੈ, ਜਿਹੜਾ ਮਨੁੱਖ ਨੂੰ ਅੰਦਰੂਨੀ ਤ੍ਰਿਪਤੀ ਦਿੰਦਾ ਹੈ। ਦਾਨ ਕਰਨ ਨਾਲ ਮਨੁੱਖ ਨੂੰ ਕਈ ਪ੍ਰਕਾਰ ਦੇ ਲਾਭ ਮਿਲਦੇ ਹਨ। ਲਾਭ ਤੋਂ ਭਾਵ ਕੋਈ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਨਹੀਂ, ਬਲਕਿ 'ਦਾਨ' ਮਨੁੱਖੀ ਸ਼ਖਸੀਅਤ ਵਿਚ ਨਿਖਾਰ ਲੈ ਕੇ ਆਉਂਦਾ ਹੈ। ਦਾਨ ਕਰਨ ਸਮੇਂ ਮਨੁੱਖ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਸਾਰੀਆਂ ਦਾਤਾਂ ਪਰਮਾਤਮਾ ਦੀ ਹੀ ਦੇਣ ਹੈ। ਜੇਕਰ ਕਿਣਕਾ ਮਾਤਰ ਉਨ੍ਹਾਂ ਦਾਤਾਂ ਵਿਚੋਂ ਮਨੁੱਖ ਕਿਸੇ ਲੋੜਵੰਦ ਨੂੰ ਦੇ ਦਿੰਦਾ ਹੈ ਤਾਂ ਕੋਈ ਘਾਟਾ ਨਹੀਂ ਪੈਂਦਾ।

'ਦਾਤਾਰ' ਪਿਤਾ, ਭਾਵ ਅਕਾਲਪੁਰਖ ਵਾਹਿਗੁਰੂ ਦੀ 'ਨਦਰਿ' ਦਾ ਪਾਤਰ ਬਣ ਕੇ ਦਾਨੀ ਆਪਣੇ 'ਗੋਬਿੰਦ' ਮਿਲਣ ਦੇ ਉਦੇਸ਼ ਵਲ ਸਹਿਜੇ ਹੀ ਅਗੇ ਵਧਦਾ ਨਜ਼ਰ ਆਉਂਦਾ ਹੈ। ਦਾਨੀ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਪਰਮਾਤਮਾ ਨਾਲ ਜੁੜਨ ਦੇ ਸਮਰਥ ਬਣ ਜਾਂਦਾ ਹੈ।

ਦਾਨੀ ਦੇ ਮਨ ਵਿਚ ਦਇਆ ਭਾਵਨਾ ਪ੍ਰਬਲ ਹੋ ਜਾਂਦੀ ਹੈ, ਜਿਸ ਨਾਲ ਉਸ ਦੇ ਮਨ ਵਿਚ ਸਾਰਿਆਂ ਲਈ ਪਿਆਰ ਪੈਦਾ ਹੁੰਦਾ ਹੈ। ਇਸ ਦੇ ਨਾਲ ਹੀ ਦਾਨ ਪ੍ਰਾਪਤ ਕਰਤਾ ਦੀਆਂ ਸ਼ੁਭ ਅਸੀਸਾਂ ਦਾਨੀ ਮਨੁੱਖ ਦੇ ਜੀਵਨ ਵਿਚ ਖੁਸ਼ੀ ਤੇ ਖੇੜਾਂ. ਭਰ ਦਿੰਦੀਆਂ ਹਨ। ਦਾਨ ਲੈਣ ਵਾਲੇ ਮਨੁੱਖ ਦੇ ਮੁਖੋਂ ਨਿਕਲੀ ਅਰਦਾਸ ਸਦਕਾ ਦਾਨੀ ਨੂੰ ਆਤਮਿਕ ਸੁਖ ਪ੍ਰਾਪਤ ਹੁੰਦਾ ਹੈ।

ਦਾਨ ਦੇਣ ਨਾਲ ਮਨ ਨੂੰ ਸੁਖ, ਸ਼ਾਂਤੀ ਅਤੇ ਤ੍ਰਿਪਤੀ ਮਿਲਦੀ ਹੈ। ਮਨ ਵਿਚ ਤਿਆਗ, ਸਦਭਾਵਨਾ ਅਤੇ ਸਦਾਚਾਰ ਵਰਗੇ ਗੁਣਾਂ ਦਾ ਪ੍ਰਵੇਸ਼ ਹੁੰਦਾ ਹੈ। ਆਪਣੀ ਕਿਰਤ-ਕਮਾਈ ਵਿਚੋਂ ਗ਼ਰੀਬਾਂ ਅਤੇ ਲੋੜਵੰਦਾਂ ਨੂੰ ਦਾਨ ਦੇਣ ਨਾਲ ਮਨ ਪਵਿਤਰ ਹੁੰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਧਿਐਨ ਕਰਦਿਆਂ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਨੇ 'ਦਾਨ' ਦੇਣ ਵਾਲੇ ਦਾਨੀ ਸਜਣ ਦੇ ਲਛਣ ਬਿਆਨ ਕੀਤੇ ਹਨ, ਜਿਨ੍ਹਾਂ ਦਾ ਵੇਰਵਾ ਹੇਠ ਦਿਤੇ ਅਨੁਸਾਰ ਹੈ:

#### 8.5.6.1 ਨਿਮਰਤਾ

'ਦਾਨ' ਦੇਣ ਵਾਲੇ ਦਾਨੀ ਦਾ ਸਭ ਤੋਂ ਪਹਿਲਾ ਲੱਛਣ ਨਿਮਰਤਾ ਹੈ। ਦਾਨ, ਪੂਰਨ ਨਿਮਰਤਾ ਨਾਲ ਦੇਣਾ ਚਾਹੀਦਾ ਹੈ। ਦਾਨ ਦੇਣ ਦੇ ਨਾਲ ਮਨ ਵਿਚ ਹੰਕਾਰ ਪੈਦਾ ਨਹੀਂ ਹੋਣਾ ਚਾਹੀਦਾ। ਹੰਕਾਰ ਨਾਲ ਦਾਨ ਦੀ ਭਾਵਨਾ ਮੈਲੀ ਹੋ ਜਾਂਦੀ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਫੁਰਮਾਉਂਦੇ ਹਨ ਕਿ ਤੀਰਥਾਂ ਦਾ ਭ੍ਰਮਣ ਕਰਕੇ, ਵਰਤ ਰਖ ਕੇ ਅਤੇ ਦਾਨ ਕਰਕੇ ਜੇਕਰ ਮਨ ਵਿਚ ਹੰਕਾਰ ਪੈਦਾ ਹੁੰਦਾ ਹੈ ਤਾਂ ਇਹ ਉਸੇ ਤਰ੍ਹਾਂ ਵਿਅਰਥ ਜਾਂਦਾ ਹੈ, ਜਿਸ ਤਰ੍ਹਾਂ ਹਾਥੀ ਨਹਾ ਕੇ ਆਪਣੇ ਉਤੇ ਮਿਟੀ ਪਾ ਲੈਂਦਾ ਹੈ :

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥*
*ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥*

#### 8.5.6.2 ਨਿਰਇੱਛਤ

'ਦਾਨ' ਦੇਣ ਵਾਲੇ ਦਾਨੀ ਨੂੰ ਨਿਰਇਛਤ ਹੋ ਕੇ ਦਾਨ ਦੇਣਾ ਚਾਹੀਦਾ ਹੈ। ਦਾਨ ਸ੍ਵੈ-ਇਛਾ ਨਾਲ ਕਰਨਾ ਚਾਹੀਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਇਸ ਸੰਬੰਧ ਵਿਚ ਫਰਮਾਉਂਦੇ ਹਨ ਕਿ ਬਧਾ ਚਟੀ ਭਰਨ ਨਾਲ ਨਾ ਕੋਈ ਨਿਜੀ ਲਾਭ ਹੁਦਾ ਹੈ ਅਤੇ ਨਾ ਹੀ ਕਿਸੇ 'ਤੇ ਕੋਈ ਉਪਕਾਰ :

*ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ॥*
*ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ॥*

ਦਾਨ ਕਰਨ ਵਾਲੇ ਨੂੰ ਨਿਰਾ ਦਾਨ ਕਰਨ ਨਾਲ ਜਾਂ ਦਾਨ ਆਸਰੇ ਭਵਸਾਗਰ ਪਾਰ ਕਰਨ ਵੀ ਇਛਾ ਰਖ ਕੇ ਦਾਨ ਕਰਨ ਨਾਲ ਕੁਝ ਪ੍ਰਾਪਤ ਨਹੀਂ ਹੁੰਦਾ।

#### 8.5.6.3ਹਉਮੈਂ ਰਹਿਤ

ਦਾਨ ਕਰਨ ਵਾਲੇ ਨੂੰ ਦਾਨ ਕਰਦਿਆਂ ਬਿਲਕੁਲ ਨਿਰਹੰਕਾਰ ਤੇ ਨਿਸ਼ਕਾਮ ਹੋਣਾ ਚਾਹੀਦਾ ਹੈ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਦਾਨ ਕਰਨ ਦਾ ਕੋਈ ਲਾਭ ਨਹੀਂ। ਦਾਨ ਕਰਦੇ ਸਮੇਂ ਬਸ ਮਨ ਵਿਚ ਇਹ ਹੀ ਰਖਣਾ ਚਾਹੀਦਾ ਹੈ :

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥*

## 8.6 ਸਾਰ

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਦਾਨ ਇਕ ਪਵਿੱਤਰ ਤੇ ਨੈਤਿਕ ਗੁਣ ਹੈ, ਜਿਸ ਦੇ ਸਰੂਪ ਬਾਰੇ ਲਗਪਗ ਸਾਰੇ ਧਰਮਾਂ ਨੇ ਆਪੋ-ਆਪਣਾ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਸਿੱਖ ਧਰਮ ਵਿਚ 'ਦਾਨ' ਦਾ ਸਰੂਪ 'ਦਸਵੰਧ' ਦੇ ਰੂਪ ਵਿਚ ਰੂਪਮਾਨ ਹੁੰਦਾ ਹੈ। 'ਦਸਵੰਧ' ਧਰਮ ਦੀ ਕਿਰਤ ਵਿਚੋਂ ਦਿਤਾ ਜਾਂਦਾ ਹੈ। ਸਿੱਖ ਧਰਮ ਵਿਚ ਬੇਈਮਾਨੀ ਨਾਲ ਇਕਤਰ ਕੀਤੀ ਮਾਇਆ ਵਿਚੋਂ ਦਸਵੰਧ ਕਢਨਾ ਪ੍ਰਵਾਨ ਨਹੀਂ। ਦਸਵੰਧ ਦੇ ਅਨੇਕ ਰੂਪਾਂ ਵਿਚੋਂ ਵਿੱਦਿਆ ਦਾ ਦਾਨ ਦੇ ਕੇ ਕੌਮ ਦੇ ਪ੍ਰਚਾਰ ਪ੍ਰਸਾਰ ਲਈ ਕਢਿਆ ਦਸਵੰਧ ਸਫਲਾ ਹੈ। ਦਸਵੰਧ ਦੇਣ ਵਾਲੇ ਵਿਅਕਤੀ ਨੂੰ ਪਰਮਾਤਮਾ ਭੁਲਦਾ ਨਹੀਂ। ਉਸ ਨੂੰ 'ਨਾਮੁ' ਸਦਾ ਚੇਤੇ ਰਹਿੰਦਾ ਹੈ। ਇਸ ਦੇ ਨਾਲ ਹੀ ਦਸਵੰਧ ਦੇਣ ਵਾਲੇ ਜੀਵ ਅੰਦਰ ਨਿਮਰਤਾ, ਸਦਭਾਵਨਾ ਵਰਗੇ ਸਦਗੁਣ ਸਹਿਜ-ਸੁਭਾਅ ਪ੍ਰਵੇਸ਼ ਕਰ ਜਾਂਦੇ ਹਨ।

## 8.7 ਸਹਾਇਕ ਪੁਸਤਕ ਸੂਚੀ


1. ਹਰਬੰਸ ਸਿੰਘ (ਡਾ.), *ਦੇਗ ਤੇਗ ਫਤਹ*, ਆਲਮ ਪਬਲਿਸ਼ਿੰਗ ਹਾਊਸ, ਚੰਡੀਗੜ੍ਹ, 1987.
2. ਰੂਪ ਸਿੰਘ (ਸੰਪਾ.), *ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ,* ਧਰਮ ਪ੍ਰਚਾਰ ਕਮੇਟੀ (ਸ਼੍ਰੋ.ਗੁ.ਪ੍ਰੰ.ਕਮੇਟੀ), ਸ੍ਰੀ ਅੰਮ੍ਰਿਤਸਰ, 2012.
3. ਜਸਵੰਤ ਸਿੰਘ ਨੇਕੀ, *ਗੁਰਮਤਿ ਮਨੋਵਿਗਿਆਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2009.
4. ਪਰਮਵੀਰ ਸਿੰਘ (ਡਾ.), *ਸਿੱਖ ਅਧਿਐਨ,* ਗਰੇਸ਼ੀਅਸ ਬੁਕਸ, ਪਟਿਆਲਾ, 2014.
5. ਦੇਵਿੰਦਰ ਸਿੰਘ ਸੇਖੋਂ (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਲਾਹੀ ਸੰਦੇਸ਼,* ਧਰਮ ਪ੍ਰਚਾਰ ਕਮੇਟੀ (ਸ਼੍ਰੋ.ਗੁ.ਪ੍ਰੰ.ਕਮੇਟੀ), ਸ੍ਰੀ ਅੰਮ੍ਰਿਤਸਰ, 2016.
6. ਜਸਵੰਤ ਸਿੰਘ ਨੇਕੀ, *ਅਰਦਾਸ : ਦਰਸ਼ਨ, ਰੂਪ, ਅਭਿਆਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010 (ਅਠਵੀਂ ਵਾਰ).
7. Avtar Singh, *Ethics of The Sikhs,* Punjabi University, Patiala, 1996 (IIIrd edition)


## 8.8 ਅਭਿਆਸ ਲਈ ਪ੍ਰਸ਼ਨ

1. ਦਾਨ ਤੋਂ ਕੀ ਭਾਵ ਹੈ ?
2. ਦਾਨ ਦੇ ਅਰਥ, ਪਰਿਭਾਸ਼ਾ ਅਤੇ ਕਿਸਮਾਂ ਉਤੇ ਨੋਟ ਲਿਖੋ।
3. ਦਾਨ ਦੇ ਸਿੱਖ ਸਿਧਾਂਤ ਬਾਰੇ ਜਾਣਕਾਰੀ ਦਿਉ।
4. ਵਖ-ਵਖ ਧਰਮਾਂ ਵਿਚ ਦਾਨ ਦੀ ਸਥਿਤੀ ਸਪਸ਼ਟ ਕਰੋ।
5. ਦਸਵੰਧ ਪਰੰਪਰਾ ਉਤੇ ਨੋਟ ਲਿਖੋ।

## PROGRAMME: CERTIFICATE COURSE ON VALUE AND LEARNING OF SIKHISM

**COURSE: VALUES AND VIRTUES**

**SEMESTER-I**

---

**UNIT 9 – ISNAN**

---

**STRUCTURE**

9.0 ਉਦੇਸ਼

9.1 ਜਾਣ ਪਛਾਣ

9.2 ਇਸਨਾਨ : ਅਰਥ

9.3 ਇਸਨਾਨ : ਪਰਿਭਾਸ਼ਾ

9.4 ਇਸਨਾਨ : ਸਮਾਂ

9.5 ਇਸਨਾਨ : ਕਿਸਮਾਂ

9.5.1 ਤਨ ਦਾ ਇਸਨਾਨ

9.5.1.1 ਪੰਜ ਇਸਨਾਨਾ

9.5.1.1.1 ਸਰੀਰ ਅਸੁਵਾਸਥ

9.5.1.1.2 ਸਫ਼ਰ ਦੌਰਾਨ

9.5.1.1.3 ਪਾਣੀ ਦੀ ਕਮੀ

9.5.1.1.4 ਸਰੋਵਰ ਵਿਚ ਪੰਜ ਸਨਾਨਾ

9.5.1.2 ਪਿੰਡੇ ਇਸਨਾਨ ਅਤੇ ਕੇਸੀ ਇਸਨਾਨ

9.5.2 ਮਨ ਦਾ ਇਸਨਾਨ

9.5.2.1ਮਨ ਦੇ ਇਸਨਾਨ ਦੇ ਲਾਭ

9.5.2.1.1 ਰੱਬੀ ਜੋਤਿ ਦਾ ਅਨੁਭਵ

9.5.2.1.2 ਭਰਮ-ਭੈਅ ਦਾ ਨਾਸ

9.5.2.1.3 ਜਮਦੂਤਾਂ ਤੋਂ ਛੁਟਕਾਰਾ

9.5.2.1.4 ਹਲਤ-ਪਲਤ ਸੰਵਰਨਾ

9.6 ਇਸਨਾਨ ਸਬੰਧੀ ਨਿਯਮ

9.7 ਤੀਰਥ ਇਸਨਾਨ

9.7.1 ਨਾਮੁ ਤੀਰਥੁ

9.7.2 ਗੁਰੂ ਤੀਰਥ

9.8 ਸਾਰ

9.9 ਸਹਾਇਕ ਪੁਸਤਕ ਸੂਚੀ

9.10 ਅਭਿਆਸ ਲਈ ਪ੍ਰਸ਼ਨ

## 9.0 ਉਦੇਸ਼

ਹਰੇਕ ਧਰਮ ਦਾ ਪਹਿਲਾ ਨਿਯਮ ਬਾਹਰੀ ਸ਼ੁੱਧੀਕਰਨ ਹੈ। ਆਤਮਿਕ ਸਿੱਧੀ ਤੋਂ ਪਹਿਲਾਂ ਸਰੀਰਕ ਸੁਚਤਾ ਇਸਨਾਨ ਹੈ। ਭਾਰਤੀ ਧਰਮਾਂ ਵਿਚ ਆਤਮਿਕ ਸ਼ੁੱਧੀ ਕਰਨ ਤੋਂ ਪਹਿਲਾਂ ਇਸਨਾਨ ਕਰਨਾ ਲਾਜ਼ਮੀ ਹੈ। ਇਸਨਾਨ ਉਪਰੰਤ ਹੀ ਧਿਆਨ ਸਾਧਨਾ ਕਰਵਾਈ ਜਾਂਦੀ ਹੈ। ਵੈਦਿਕ ਮਤਿ ਅਨੁਸਾਰ ਵੱਖ-ਵੱਖ ਸਮੇਂ ਭਾਵ, ਮਸਿਆ, ਸੰਗਰਾਦ, ਕੁੰਭ ਦੇ ਮੇਲੇ ਆਦਿ ਦੌਰਾਨ ਦਰਿਆ ਵਿਚ ਇਸਨਾਨ ਕਰਨ ਨਾਲ ਧਾਰਮਿਕ ਸ਼ੁੱਧੀ ਪ੍ਰਾਪਤ ਹੁੰਦੀ ਹੈ। ਧਾਰਮਿਕ-ਵਿਹਾਰ ਵਿਚ ਪਹਿਲਾ ਇਸਨਾਨ ਖੁਦ ਦਾ ਇਸਨਾਨ ਹੈ, ਫਿਰ ਆਪਣੇ ਦੇਵਤੇ ਦਾ ਇਸਨਾਨ ਕਰਵਾ ਕੇ ਸੁਗੰਧੀਆਂ ਲਾਉਣਾ, ਉਪਰੰਤ ਸਾਧਨਾ ਦਾ ਵਿਧਾਨ ਹੈ। ਵੈਦਿਕ ਧਰਮ ਅੰਦਰ ਵਡੇ ਦਰਿਆਵਾਂ (ਗੰਗਾ, ਕ੍ਰਿਸ਼ਨਾ, ਕਵੇਰੀ, ਸਰਸਵਤੀ, ਜਮਨਾ) ਨਾਲ ਇਸਨਾਨ ਦਾ ਡੂੰਘਾ ਸਬੰਧ ਹੈ। ਜੋਗੀ ਲੋਕ ਭਾਵੇਂ ਹਰ ਸਮੇਂ ਆਪਣੇ ਸ਼ਰੀਰ ਉਤੇ ਰਾਖ ਦਾ ਲੇਪ ਕਰਕੇ ਰਖਦੇ ਸਨ, ਉਨ੍ਹਾਂ ਲਈ ਇਹ ਰਾਖ ਦਾ ਇਸਨਾਨ ਹੁੰਦਾ ਸੀ, ਪਰੰਤੂ ਕੁੰਭ ਦੇ ਮੇਲੇ 'ਚ ਸਭ ਤੋਂ ਪਹਿਲਾਂ ਇਹੋ ਜੋਗੀ ਇਸਨਾਨ ਕਰਦੇ ਸਨ।

ਜੈਨ ਧਰਮ ਵਿਚ ਬ੍ਰਹਮਚਾਰੀ ਤਥਾ ਵਿਸ਼ੇਸ਼ ਕਰਕੇ ਆਤਮ ਦਰਸੀ ਲਈ ਇਸਨਾਨ ਦਾ ਕੋਈ ਮਹੱਤਵ ਨਹੀਂ ਮੰਨਿਆ ਗਿਆ। ਕਈ ਹਾਲਤਾਂ (ਜਿਵੇਂ ਸੁਪਨ ਦੋਸ਼) ਵਿਚ ਇਸਨਾਨ ਦੀ ਜ਼ਰੂਰਤ ਵੀ ਮੰਨੀ ਗਈ ਹੈ। ਜੈਨ ਧਰਮ ਵਿਚ ਆਤਮ ਸਨਾਨ ਹੀ ਯਥਾਰਥ (ਅਸਲੀ) ਸਨਾਨ ਹੈ।

ਇਸੇ ਤਰ੍ਹਾਂ ਬੁਧ ਧਰਮ ਵਿਚ ਵੀ ਇਸਨਾਨ ਦਾ ਵਿਸ਼ੇਸ਼ ਮਹੱਤਵ ਹੈ। ਵੈਸਾਖ ਦੀ ਪੂਰਨਮਾਸ਼ੀ ਨੂੰ ਪਵਿਤਰ ਨਦੀ ਵਿਚ ਇਸਨਾਨ ਕਰਨਾ ਲਾਭਦਾਇਕ ਮੰਨਿਆ ਗਿਆ ਹੈ। ਬੁਧ ਧਰਮ ਵਿਚ ਵੈਸਾਖ ਦੀ ਪੂਰਨਮਾਸ਼ੀ (ਤ੍ਰੀ-ਦਿਵਸ) ਵਜੋਂ ਮਨਾਈ ਜਾਂਦੀ ਹੈ। ਤ੍ਰੀ-ਦਿਵਸ (ਵੈਸਾਖ ਦੀ ਪੂਰਨਮਾਸ਼ੀ ਨੂੰ ਮਹਾਤਮਾ ਬੁਧ ਦਾ ਜਨਮ, ਨਿਰਵਾਣ ਅਤੇ ਮਹਾਂ ਪਰਿਨਿਰਵਾਣ) ਦੀ ਪ੍ਰਾਪਤੀ ਹੋਈ ਸੀ। ਵੈਸਾਖ ਦੀ ਪੂਰਨਮਾਸ਼ੀ ਨੂੰ ਇਕ ਖਾਸ ਰਸਮ ਕੀਤੀ ਜਾਂਦੀ ਹੈ, ਜਿਸਨੂੰ 'ਬੁੱਧ ਦਾ ਇਸਨਾਨ' ਕਿਹਾ ਜਾਂਦਾ ਹੈ। ਇਸ ਰਸਮ ਵਿਚ ਲੋਕ ਬੁੱਧ ਦੇ ਬੁੱਤ ਉਪਰ ਸ਼ੁੱਧ ਪਾਣੀ ਪਾਉਂਦੇ ਹਨ।

ਸਿੱਖ-ਜੀਵਨ ਜਾਂਚ ਵਿਚ ਵੀ ਇਸਨਾਨ ਦਾ ਬਹੁਤ ਮਹੱਤਵ ਹੈ। ਇਸ ਪਾਠ ਦਾ ਮਨੋਰਥ ਸਿੱਖ ਧਰਮ ਵਿਚ ਇਸਨਾਨ ਦਾ ਸਰੂਪ ਦ੍ਰਿੜ ਕਰਵਾਉਣਾ ਹੈ। ਪਾਠ ਵਿਚਲੇ 'ਇਸਨਾਨ' ਦੇ ਸ਼ਬਦ-ਜੋੜ ਵਿਚ 'ਸ' ਬਿੰਦੀ ਰਹਿਤ ਰਖਿਆ ਗਿਆ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਇਸਨਾਨ ਸ਼ਬਦ ਇਸੇ ਤਰ੍ਹਾਂ ਹੀ ਵਰਤਿਆ ਗਿਆ ਹੈ।

## 9.1 ਜਾਣ ਪਛਾਣ

ਗੁਰਬਾਣੀ ਦੀ ਦ੍ਰਿਸ਼ਟੀ ਵਿਚ ਇਸਨਾਨ ਦਾ ਅੰਤਹਕਰਣ ਦੀ ਪਵਿਤਰਤਾ ਅਤੇ ਸ਼ਾਂਤੀ 'ਤੇ ਬਹੁਤ ਅਸਰ ਪੈਂਦਾ ਹੈ। ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਹੁਕਮ ਕੀਤਾ ਹੈ ਕਿ ਇਸਨਾਨ ਕਰਕੇ ਪਰਮਾਤਮਾ ਦੀ ਸਿਫਤਿ ਸਾਲਾਹ ਕਰਨ ਨਾਲ ਮਨ ਅਤੇ ਤਨ ਅਰੋਗ ਹੋ ਜਾਂਦੇ ਹਨ : *ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥* (ਸ੍ਰੀ ਗੁਰੂ ਗ੍ਰੰਥ ਸਾਹਿਬ, ੬੧੧)। ਗੁਰਮਤਿ ਵਿਚ ਅੰਮ੍ਰਿਤ ਵੇਲੇ ਦੇ ਇਸਨਾਨ ਦੀ ਸਭ ਤੋਂ ਵਧ ਮਹੱਤਤਾ ਹੈ। ਇਸ ਦੇ ਨਾਲ ਹੀ ਗੁਰਮਤਿ ਅਨੁਸਾਰ ਜੇਕਰ ਇਸਨਾਨ ਕੇਵਲ ਦਿਖਾਵਾ ਹੈ, ਪਾਖੰਡ ਹੈ ਤਾਂ ਅਜਿਹੇ ਇਸਨਾਨ ਦਾ ਕੋਈ ਲਾਭ ਨਹੀਂ। ਅਜਿਹਾ ਇਸਨਾਨ ਕਿਸੇ ਲੇਖੇ ਨਹੀਂ ਪੈਂਦਾ। ਪਰਮਾਤਮਾ ਦੇ ਗੁਣਾਂ ਨੂੰ ਜੀਵਨ ਵਿਚ ਅਪਣਾਏ ਬਿਨਾਂ ਅਤੇ ਗੁਰਬਾਣੀ ਨਾਲ ਪ੍ਰੀਤ ਪਾਏ ਬਿਨਾਂ ਕੀਤਾ ਇਸਨਾਨ ਵਿਅਰਥ ਹੈ : *ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ॥ ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ॥* (ਸ੍ਰੀ ਗੁਰੂ ਗ੍ਰੰਥ ਸਾਹਿਬ, ੩੪)। ਇਸ ਲਈ ਸਿੱਖ ਧਰਮ ਵਿਚ ਕੇਵਲ ਸਰੀਰਕ ਇਸਨਾਨ ਪ੍ਰਵਾਨ ਨਹੀਂ। ਇਸ ਦੇ ਨਾਲ-ਨਾਲ ਸਿੱਖ ਨੇ ਮਨ ਦਾ ਇਸਨਾਨ ਵੀ ਕਰਨਾ ਹੈ। ਮਨ ਤੇ ਤਨ, ਦੋਨਾਂ ਨੂੰ ਮੈਲ ਰਹਿਤ ਕਰਨ ਬਾਰੇ ਗੁਰਬਾਣੀ ਵਿਚ ਵਾਰ-ਵਾਰ ਆਦੇਸ਼ ਦਿਤਾ ਗਿਆ ਹੈ। ਬਾਹਰੀ, ਤਨ ਦਾ ਇਸਨਾਨ ਪਾਣੀ ਨਾਲ ਕੀਤਾ ਜਾਂਦਾ ਹੈ, ਜਦੋਂ ਕਿ ਮਨ ਦਾ ਇਸਨਾਨ, ਮਨ ਨੂੰ ਪਰਮਾਤਮਾ ਦੇ ਨਾਮ ਨਾਲ ਜੋੜਨ ਉਪਰੰਤ ਮਨ ਦੀ ਮੈਲ ਧੋ ਕੇ ਪਵਿਤਰ ਕਰਨਾ ਹੈ।

ਸਿੱਖ ਇਤਿਹਾਸਕ ਅਸਥਾਨਾਂ ਅੰਦਰ ਬਣੇ ਸਰੋਵਰਾਂ ਦਾ ਮੁਖ ਮਨੋਰਥ ਇਹੋ ਹੈ ਕਿ ਵਿਅਕਤੀ ਪਹਿਲਾਂ ਸਰੀਰਕ ਸ਼ੁੱਧੀ ਕਰਕੇ ਫਿਰ ਗੁਰਬਾਣੀ, ਪਾਠ, ਕੀਰਤਨ ਅਤੇ ਸੇਵਾ ਆਦਿ ਦੁਆਰਾ ਮਨ ਦੀ ਸ਼ੁੱਧੀ ਕਰੇ। ਚੌਥੀ ਨਾਨਕ-ਜੋਤਿ ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਬਣਵਾਉਣ ਦੀ ਯੋਜਨਾ ਬਣਾਈ। *ਮਹਿਮਾ ਪ੍ਰਕਾਸ਼* ਨੇ ਇਸ ਸਰੋਵਰ ਨੂੰ 'ਮੁਕਤਛੇਤ੍ਰ' ਦੀ ਸੰਗਿਆ ਦਿਤੀ ਹੈ, ਜਿਥੋਂ ਸਮਾਜਿਕ ਤੌਰ 'ਤੇ ਲੋਕਾਂ ਦੀ ਮੁਕਤੀ ਹੋ ਸਕੇ। ਗੁਰੂ ਸਾਹਿਬ ਦਾ ਇਹ ਦੈਵੀ ਮਿਸ਼ਨ ਸੀ, ਜਿਸ ਅਧੀਨ ਉਨ੍ਹਾਂ ਨੇ ਲੋਕਾਂ ਦੀ ਆਪਸੀ ਵੰਡ ਦੂਰ ਕਰਨ ਲਈ, ਸਭ ਤੋਂ ਉਤਮ ਵਸੀਲਾ, ਪਾਣੀ ਨੂੰ ਬ!ਾਂਉਲੀ ਤੋਂ ਬਾਅਦ ਸਰੋਵਰ ਰੂਪ ਵਿਚ ਵਰਤਿਆ।

ਗੁਰਬਾਣੀ ਦੀ ਸੇਧ *ਪਹਿਲਾ ਪਾਣੀ ਜੀਉ ਹੈ...* ਅਨੁਸਾਰ ਗੁਰੂ ਸਾਹਿਬ ਨੇ ਮਨੁੱਖ ਦੀ ਮੁਢਲੀ ਜ਼ਰੂਰਤ (ਪਾਣੀ) ਨੂੰ ਪ੍ਰਚਾਰ ਦਾ ਮਾਧਿਅਮ ਬਣਾਇਆ। ਲੋਕਾਂ ਦੇ ਮਨਾਂ ਵਿਚੋਂ ਜਾਤੀ ਸੁਚ-ਭਿਟ ਨੂੰ ਦੂਰ ਕਰਨ ਹਿਤ ਸਰੋਵਰ ਦੀ ਤਿਆਰੀ ਆਰੰਭ ਕੀਤੀ ਗਈ। *ਮਹਿਮਾ ਪ੍ਰਕਾਸ਼* ਦਾ ਕਰਤਾ ਬਿਆਨ ਕਰਦਾ ਹੈ ਕਿ ਦਇਆਲੂ ਸਤਿਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਦੀ ਖੁਦਾਈ ਦੀ ਸੰਗਤ ਨੂੰ ਆਗਿਆ ਦਿਤੀ ਅਤੇ ਕਿਹਾ ਕਿ ਸੰਗਤ ਵਿਚੋਂ ਜਿਹੜਾ ਵੀ ਪ੍ਰਾਣੀ ਇਸ ਸਰੋਵਰ ਦੀ ਖੁਦਾਈ ਕਰੇਗਾ, ਉਸਨੂੰ ਮਨ ਬ!ਾਂਛਤ ਫਲ ਦੀ ਪ੍ਰਾਪਤੀ ਹੋਵੇਗੀ :

*...ਆਗਿਆ ਕੀਨੀ ਸਤਿਗੁਰ ਦਇਆਲ।*
*ਯਹ ਧਰਮ ਛੇਤ੍ਰ ਖੋਦੋ ਤੁਮ ਤਾਲ॥*
*ਜੋ ਖੋਦੇ ਮਨ ਪ੍ਰੀਤ ਬਢਾਇ।*
*ਜੋ ਚਿਤਵੈ ਸੋਈ ਫਲ ਪਾਇ॥*

(*ਮਹਿਮਾ ਪ੍ਰਕਾਸ਼,* ਅਧਿਆਇ/ਬੰਦ/ਪੰਨਾ- ੫/੧੮/੨੯੫)

ਬਾਣੀ ਅਤੇ ਪਾਣੀ ਦਾ ਅਧਿਆਤਮਕ ਸੰਬੰਧ ਹੈ। ਗੁਰਬਾਣੀ ਵਿਚ ਕਈ ਥਾਈਂ 'ਨਾਮੁ, ਦਾਨ, ਇਸਨਾਨ' ਦਾ ਸੁਮੇਲ ਦ੍ਰਿੜ ਕਰਵਾਇਆ ਗਿਆ ਹੈ। ਦਾਨ ਤੋਂ ਭਾਵ ਵੰਡ ਛਕਣਾ ਹੈ। ਇਸਨਾਨ ਨਾਮੁ ਲਈ ਤਿਆਰੀ ਹੈ। ਕਿਸੇ ਕੰਮ ਦੇ ਕਰਨ ਲਈ ਜ਼ਰੂਰੀ ਹੈ ਕਿ ਪਹਿਲੋਂ ਉਸਦੇ ਕਰਨ ਲਈ ਯੋਗ ਤਿਆਰੀ ਕੀਤੀ ਜਾਵੇ, ਅਥਵਾ ਉਸ ਕੰਮ ਵਾਸਤੇ ਸੁਚੇਤ ਹੋਇਆ ਜਾਵੇ। ਇਸ ਲਈ ਅੰਮ੍ਰਿਤ ਵੇਲੇ ਜਾਗਣਾ, ਸੁਚੇਤ ਹੋ ਕੇ ਇਸਨਾਨ ਕਰਨਾ, ਇਹ ਸਭ ਨਾਮੁ ਲਈ ਤਿਆਰੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ: *ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ॥* (ਸ੍ਰੀ ਗੁਰੂ ਗ੍ਰੰਥ ਸਾਹਿਬ, ੭੪੦) ਇਸੇ ਤਰ੍ਹਾਂ ਗੁਰ ਫੁਰਮਾਣ ਹੈ : *ਸੁਣਿ ਗੱਲਾ ਗੁਰ ਪਹਿ ਆਇਆ॥ ਨਾਮੁ ਦਾਨੁ ਇਸਨਾਨੁ ਦਿੜਾਇਆ॥* (ਸ੍ਰੀ ਗੁਰੂ ਗ੍ਰੰਥ ਸਾਹਿਬ, ੭੪)।

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਕਿ *ਭਾਉ ਭਗਤਿ ਭਉ ਮੰਤ੍ਰ ਦੇ ਨਾਮੁ ਦਾਨੁ ਇਸਨਾਨੁ ਦ੍ਰਿੜ੍ਹਾਇਆ॥...* (*ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ -੫/੧੩)। ਅੰਮ੍ਰਿਤ ਵੇਲੇ ਤੜਕੇ ਜਾਗ ਕੇ, ਇਸਨਾਨ ਕਰਕੇ ਸਾਵਧਾਨ ਹੋ ਜਾਣਾ ਸਿੱਖੀ ਮੰਜ਼ਿਲ ਦਾ ਅੱਧਾ ਪੈਂਡਾ ਤੈਅ ਕਰ ਲੈਣ ਬਰਾਬਰ ਹੈ। ਧਿਆਨ ਰਹੇ ਇਹ ਸਭ ਕੁਝ ਕੇਵਲ ਤਿਆਰੀ ਮਾਤਰ ਹੈ, ਆਦਰਸ਼ ਨਹੀਂ, ਕੇਵਲ ਵਸੀਲਾ ਹੀ ਹੈ।

## 9.2 ਇਸਨਾਨ : ਅਰਥ

ਇਸਨਾਨ ਦੇ ਸ਼ਾਬਦਿਕ ਅਰਥ ਮੈਲ ਉਤਾਰਨੀ, ਸਾਫ ਕਰਨਾ, ਨ੍ਹਾਉਣਾ, ਗੁਸਲ, ਸਰੀਰ ਧੋਣਾ ਆਦਿ ਹਨ। *ਮਹਾਨ ਕੋਸ਼* ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਇਸਨਾਨ' ਸੰਸਕ੍ਰਿਤ ਦੇ ਸਨਾਨ ਸ਼ਬਦ ਦਾ ਤਦਭਵ ਰੂਪ ਹੈ। ਇਸ ਦਾ ਮੂਲ ਭਾਵ ਜਲ ਨਾਲ ਸਰੀਰ ਨੂੰ ਧੋਣਾ ਹੈ।

## 9.3 ਇਸਨਾਨ : ਪਰਿਭਾਸ਼ਾ

ਇਸਨਾਨ ਨੂੰ ਪਰਿਭਾਸ਼ਿਤ ਕਰਦੇ ਹੋਏ ਕਿਸੇ ਵਿਦਵਾਨ ਨੇ ਲਿਖਿਆ ਹੈ ਕਿ, 'ਇਸਨਾਨ ਤੋਂ ਭਾਵ ਹੈ ਕਿ ਮਨ, ਸਰੀਰ, ਬਸਤ੍ਰ, ਘਰ ਆਦਿਕ ਸਭ ਸਾਮਗ੍ਰੀ ਸ੍ਵਛ ਰਖਣੀ, ਜਿਸ ਕਰਕੇ ਖੋਟੀਆਂ ਵਾਸ਼ਨਾਵਾਂ ਦਾ ਅਸਰ ਨਾ ਹੋਵੇ ਅਤੇ ਸਰੀਰ ਰੋਗਾਂ ਤੋਂ ਬਚਿਆ ਰਹੇ।'

## 9.4 ਇਸਨਾਨ : ਸਮਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਗੁਰਸਿੱਖ ਨੂੰ ਪ੍ਰਭਾਤ ਸਮੇਂ, ਭਾਵ ਅੰਮ੍ਰਿਤ ਵੇਲੇ ਉਠ ਕੇ ਅਕਾਲਪੁਰਖ ਦੀ ਭਗਤੀ ਕਰਕੇ ਇਸਨਾਨ ਕਰਨ ਦੀ ਤਾਕੀਦ ਹੈ :

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ,੩੦੫)

ਭਾਈ ਗੁਰਦਾਸ ਜੀ ਵੀ ਅੰਮ੍ਰਿਤ ਵੇਲੇ ਦੇ ਇਸਨਾਨ ਦੀ ਮਹੱਤਤਾ ਦ੍ਰਿੜ੍ਹ ਕਰਵਾਉਂਦੇ ਹਨ :

*ਅੰਮ੍ਰਿਤ ਵੇਲੇ ਉਠਿ ਕੈ ਜਾਇ ਅੰਦਰਿ ਦਰੀਆਇ ਨ੍ਹਵੰਦੇ।*
*ਸਹਿਜ ਸਮਾਧਿ ਅਗਾਧਿ ਵਿਚਿ ਇਕ ਮਨਿ ਹੋਇ ਗੁਰ ਜਾਪੁ ਜਪੰਦੇ।*

(*ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ – ੬/੩)

ਇਸੇ ਤਰ੍ਹਾਂ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਕ ਥਾਂ ਹੋਰ ਫੁਰਮਾਇਆ ਹੈ :

*ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜ੍ਹਾਂ.ਏ॥*

(*ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ –੨੮/੧੫)

ਭਾਈ ਗੁਰਦਾਸ ਜੀ ਵੀ ਲਿਖਦੇ ਹਨ ਕਿ 'ਅੰਮ੍ਰਿਤ ਵੇਲਾ' ਹੀ ਇਕ ਅਜਿਹਾ ਸਮਾਂ ਹੈ ਜਦ ਮਨ ਨਾਮ ਸਾਧਨਾ ਵਿਚ ਲਗਦਾ ਹੈ। ਇਸ ਲਈ ਭਾਈ ਸਾਹਿਬ ਵਾਹਿਗੁਰੂ ਦੀ ਸਿਫਤ-ਸਲਾਹ ਅੰਮ੍ਰਿਤ ਵੇਲੇ ਕਰਨ ਨੂੰ ਹੀ ਉਤਮ ਸਮਾਂ ਮੰਨਦੇ ਹਨ :

*ਸਿਫਤਿ ਸਲਾਹਣੁ ਅੰਮ੍ਰਿਤੁ ਵੇਲਾ।*

(*ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ– ੭/੨੦)

ਗੁਰਬਾਣੀ ਦੇ ਆਧਾਰ ਉਤੇ ਹੀ *ਪ੍ਰੇਮ ਸੁਮਾਰਗ ਗ੍ਰੰਥ* ਵਿਚ ਪ੍ਰਥਮ ਰਹਿਤ ਹੀ ਅੰਮ੍ਰਿਤ ਵੇਲੇ ਉਠਣਾ ਹੈ। ਗ੍ਰੰਥ ਕਰਤਾ ਜਗਿਆਸੂ ਨੂੰ ਰਾਤ ਦੇ ਪਿਛਲੇ ਪਹਿਰ, ਭਾਵ ਅੰਮ੍ਰਿਤ ਵੇਲੇ ਉਠ ਕੇ ਤਾਜੇ ਪਾਣੀ ਨਾਲ ਇਸਨਾਨ ਕਰਨ ਦੀ ਤਾਕੀਦ ਕਰਦਾ ਹੈ :

*...ਜੋ ਇਸ ਪ੍ਰਾਨੀ ਕਉ ਇਹੁ ਚਾਹੀਦਾ ਹੈ ਜੋ ਪਹਰ ਰਾਤਿ ਪਿਛਲੀ ਰਹੈ ਤਾਂ ਅੰਮ੍ਰਿਤ ਵੇਲੇ ਉਠੇ। ਉਠਿ ਕਰਿ ਤਾਜੇ ਪਾਣੀ ਨਾਲ ਇਸਨਾਨੁ ਕਰੇ।*

ਇਸਨਾਨ ਹਰ ਰੋਜ਼ ਅੰਮ੍ਰਿਤ ਵੇਲੇ ਕਰਨ ਸਬੰਧੀ *ਸਿੱਖ ਰਹਿਤ ਮਰਯਾਦਾ* (ਪੰਨਾ ੧0) ਵਿਚ ਜ਼ਿਕਰ ਹੈ :

"ਸਿੱਖ ਅੰਮ੍ਰਿਤ ਵੇਲੇ ਜਾਗ ਕੇ ਇਸਨਾਨ ਕਰੇ ਅਤੇ ਇਕ ਅਕਾਲਪੁਰਖ ਦਾ ਧਿਆਨ ਕਰਦਾ 'ਵਾਹਿਗੁਰੂ' ਨਾਮ ਜਪੇ।"

ਅੰਮ੍ਰਿਤ ਵੇਲੇ ਉਠ ਕੇ ਇਸਨਾਨ ਕਰਨਾ, ਪਰਮਾਤਮਾ ਦੇ ਨਾਮ ਨਾਲ ਸੁਰਤਿ ਜੋੜਨਾ ਹੈ, ਜਿਸ ਦਾ ਮਹਾਤਮ ਅੰਮ੍ਰਿਤ ਸਰੋਵਰ ਦੇ ਇਸਨਾਨ ਬਰਾਬਰ ਹੈ। ਅੰਮ੍ਰਿਤ ਵੇਲਾ 'ਅੰਮ੍ਰਿਤਮਈ' ਹੁੰਦਾ ਹੈ। ਇਸ ਵੇਲੇ ਦਾ ਇਸਨਾਨ ਅੰਮ੍ਰਿਤ ਨਾਮ ਵਾਲੀ ਸੁਰਤੀ ਵਿਚ ਹੁੰਦਾ ਹੈ। ਅੰਮ੍ਰਿਤ ਨਾਮ ਦੀ ਸੁਰਤੀ ਬਿਰਤੀ ਵਿਚ ਕੀਤੇ ਇਸਨਾਨ ਨਾਲ ਖੰਡਾ. ਬ੍ਰਹਮੰਡਾ ਵਿਚ ਹੋ ਰਹੀ ਅੰਮ੍ਰਿਤ ਵਰਖਾ ਦਾ ਪਰਤਖ ਨਜ਼ਾਰਾ ਮਾਣਿਆ ਜਾਂਦਾ ਹੈ। ਗੁਰਬਾਣੀ ਅਨੁਸਾਰ ਅੰਮ੍ਰਿਤ ਵੇਲੇ ਦਾ ਇਸਨਾਨ ਕਰਨਾ ਹਰ ਇਕ ਸਿੱਖ ਦਾ ਮੁੱਢਲਾ ਧਰਮ ਹੈ। ਜਦੋਂ ਗੁਰਸਿਖ ਬਿਨਾਂ ਕਿਸੇ ਰੁਤ ਦੀ ਪਰਵਾਹ ਕਰਦਿਆਂ (ਰੁਤ ਭਾਵੇਂ ਗਰਮੀ, ਸਰਦੀ, ਵਰਖਾ, ਬਰਫ ਵਾਲੀ ਹੋਵੇ) ਅੰਮ੍ਰਿਤ ਵੇਲੇ ਦੇ ਇਸਨਾਨ ਨੂੰ ਨੇਮ ਅਤੇ ਪ੍ਰੇਮ ਨਾਲ ਨਿਭਾਉਂਦਾ ਹੈ ਤਾਂ ਉਹ ਪਰਮਾਤਮਾ ਨਾਲ ਜੁੜਦਾ ਹੈ।

ਪ੍ਰੋ. ਸਾਹਿਬ ਸਿੰਘ ਅੰਮ੍ਰਿਤ ਵੇਲੇ ਦੀ ਮਹਤਾ ਬਾਰੇ ਲਿਖਦੇ ਹਨ, "ਅੰਮ੍ਰਿਤ ਵੇਲਾ ਹੀ ਹੈ ਜਦੋਂ ਮਨੁੱਖ ਦਾ ਮਨ ਇਕਸਾਰ ਹੋ ਕੇ ਪਰਮਾਤਮਾ ਦੀ ਯਾਦ ਵਿਚ ਜੁੜ ਸਕਦਾ ਹੈ। ਪਰ ਅੰਮ੍ਰਿਤ ਵੇਲੇ ਦਾ ਇਹ ਅਭਿਆਸ ਇਹੋ ਜਿਹਾ ਬਣਨਾ ਚਾਹੀਦਾ ਹੈ ਕਿ ਅਠੇ ਪਹਰ ਪਰਮਾਤਮਾ ਦਾ ਡਰ-ਅਦਬ ਮਨ ਵਿਚ ਟਿਕਿਆ ਰਹੇ। ਸੁਰਤਿ ਦਾ ਪਰਮਾਤਮਾ ਦੀ ਯਾਦ ਵਿਚ ਜੁੜੇ ਰਹਿਣਾ ਹੀ ਮਨੁੱਖ ਵਾਸਤੇ ਆਤਮਕ ਇਸ਼ਨਾਨ ਹੈ।" ਗੁਰਬਾਣੀ ਦੇ ਸੇਧ ਅਨੁਸਾਰ ਅੰਮ੍ਰਿਤ ਵੇਲੇ ਜਾਗ ਕੇ ਨਾਮ ਜਪਣ ਨਾਲ ਜੀਵ ਨੂੰ ਕਿਸੇ ਤਰ੍ਹਾਂ ਦੀ ਕੋਈ ਚਿੰਤਾ, ਝਗੜਾ, ਕਲੇਸ਼ ਨਹੀਂ ਰਹਿੰਦੇ :

*ਝਾਲਾਘੇ ਉਠਿ ਨਾਮੁ ਜਪਿ ਨਿਸਿ ਬ!ਸੁਰ ਆਰਾਧਿ॥*

*ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੫)

ਇਤਿਹਾਸਿਕ ਦ੍ਰਿਸ਼ਟੀ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਨਿਰਣੇ ਤੇ ਭਾਈ ਜੋਧ ਨੂੰ ਅੰਮ੍ਰਿਤ ਵੇਲੇ ਦੇ ਇਸਨਾਨ ਸਬੰਧੀ ਉਪਦੇਸ਼ ਦਿਤਾ ਸੀ ਕਿ, "ਮਨ ਨੀਵੇਂ ਕਰ ਸਿਖੀ ਪ੍ਰਾਪਤ ਹੁੰਦੀ ਹੈ, ਜੋ ਤੁਸਾਡੇ ਸਰੀਰ ਪਾਸੋਂ ਸੇਵਾ ਸਿਖਾਂ ਦੀ ਹੋਇ ਆਵੈ ਸੋ ਕਰਨੀ ਤੇ ਪਿਛਲੀ ਰਾਤ ਉਠ ਕੇ ਅਸਨਾਨ ਕਰ ਕੈ ਸਬਦ ਦਾ ਅਭਯਾਸ ਕਰਨਾ ਤੇ ਵਾਹਿਗੁਰੂ ਨੂੰ ਸ੍ਵਾਮੀ ਅਤੇ ਆਪ ਨੂੰ ਸੇਵਕ ਜਾਣਨਾ ਤੇ ਸਾਧੁ ਸੰਗਤਿ ਵਿਚ ਜਾਇਕੈ ਪ੍ਰੀਤਿ ਕਰਕੇ ਗੁਰੂ ਕਾ ਸਬਦ ਸੁਣਨਾ ਤੇ ਆਪਸ ਵਿਚ ਬਾਣੀ ਦਾ ਮੰਨਣ ਕਰਨਾ।"

## 9.5 ਇਸਨਾਨ : ਕਿਸਮਾਂ

ਡਾ. ਰਤਨ ਸਿੰਘ ਜੱਗੀ ਨੇ ਸ਼ਾ!ਂਸਤਰਾਂ ਦੇ ਹਵਾਲੇ ਨਾਲ ਤਿੰਨ ਤਰ੍ਹਾਂ ਦੇ ਇਸਨਾਨ ਦਾ ਵਰਣਨ ਕੀਤਾ ਹੈ :

1. ਨਿਤਯ, ਭਾਵ ਹਰ ਰੋਜ਼ ਕਰਨ ਵਾਲਾ ਇਸਨਾਨ।
2. ਗ੍ਰਹਿਣ ਲਗਣ ਤੋਂ ਬਾਅਦ ਕਰਨ ਵਾਲਾ ਇਸਨਾਨ।
3. ਇਛਾ ਦੀ ਪੂਰਤੀ ਲਈ ਤੀਰਥਾਂ ਉਤੇ ਕਰਨ ਵਾਲਾ ਇਸਨਾਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸਨਾਨ ਸਬੰਧੀ ਦੋ ਪਖ ਉਜਾਗਰ ਹੁੰਦੇ ਹਨ, ਜਿਨ੍ਹਾਂ ਦੇ ਆਧਾਰ ਉਤੇ ਇਸਨਾਨ ਦੀਆਂ ਕਿਸਮਾਂ ਨਿਸ਼ਚਿਤ ਕੀਤੀਆਂ ਜਾ ਸਕਦੀਆਂ ਹਨ। ਇਹ ਦੋ ਕਿਸਮਾਂ ਹਨ : ਤਨ ਦਾ ਇਸਨਾਨ ਅਤੇ ਮਨ ਦਾ ਇਸਨਾਨ। ਇਨ੍ਹਾਂ ਦੀ ਵਿਸਤ੍ਰਿਤ ਵਿਆਖਿਆ ਹੇਠ ਦਿਤੇ ਅਨੁਸਾਰ ਹੈ :

### 9.5.1 ਤਨ ਦਾ ਇਸਨਾਨ

ਤਨ ਦੇ ਇਸਨਾਨ ਤੋਂ ਭਾਵ ਹੈ ਕਿ ਸਰੀਰ ਸਾਫ-ਸੁਥਰਾ ਕਰਨਾ। ਸ੍ਰੀ ਗੁਰੂ ਰਾਮਦਾਸ ਜੀ ਆਪਣੀ ਬਾਣੀ ਰਾਹੀਂ ਸਮਝਾਉਂਦੇ ਹਨ ਕਿ ਗੁਰੂ ਦਾ ਸੱਚਾ ਸਿੱਖ ਉਹ ਹੈ, ਜਿਹੜਾ 'ਭਠਕੇ ਉਠਿ ਹਰਿ ਨਾਮੁ ਧਿਆਵੈ'। ਸਚੇ ਸਿੱਖ ਦਾ ਪਹਿਲਾ ਉਦਮ ਵੀ ਇਹੋ ਹੈ ਕਿ ਉਹ ਤੜਕੇ ਉਠ ਕੇ ਪਹਿਲਾਂ ਤਨ ਦਾ ਇਸਨਾਨ ਕਰੇ।

ਹਰੇਕ ਸਿੱਖ ਨੂੰ ਰੋਜ਼ਾਨਾ ਤਨ ਦਾ ਇਸਨਾਨ ਕਰਨ ਦਾ ਹੁਕਮ ਹੈ। ਸਿੱਖ ਧਰਮ ਵਿਚ ਤਨ ਦਾ ਇਸਨਾਨ ਆਮ ਤੌਰ 'ਤੇ ਤਿੰਨ ਪ੍ਰਕਾਰ ਨਾਲ ਕੀਤਾ ਜਾਂਦਾ ਹੈ : ਪੰਜ ਇਸਨਾਨਾ ; ਪਿੰਡੇ ਇਸਨਾਨ ਅਤੇ ਕੇਸੀ ਇਸਨਾਨ। ਇਨਾਂ ਦੀ ਸੰਖੇਪ ਵਿਚਾਰ ਇਸ ਪ੍ਰਕਾਰ ਹੈ :

#### 9.5.1.1 ਪੰਜ ਇਸਨਾਨਾ

ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਪੰਜ ਇਸਨਾਨਾ ਨੂੰ 'ਪੰਜ ਸਨਾਨ' ਲਿਖਿਆ ਹੈ। ਭਾਈ ਸਾਹਿਬ ਨੇ ਪੰਜ ਸਨਾਨਾ ਵਿਚ ਦੋ ਹਥ, ਦੋ ਪੈਰ ਅਤੇ ਇਕ ਮੂੰਹ ਨੂੰ ਗਿਣਿਆ ਹੈ, ਜਿਨ੍ਹਾਂ ਨੂੰ ਤਾਜੇ ਪਾਣੀ ਨਾਲ ਸਵਛ ਕਰਨਾ ਹੁੰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਗੁਰਮਤ ਮਾਰਤੰਡ' (ਪੰਨਾ, ੬੯0) ਵਿਚ ਪੰਜ ਸਨਾਨਾਂ ਨੂੰ ਦੂਜੇ ਦਰਜੇ ਦਾ ਸੁਧੀ ਸਾਧਨ ਕਿਹਾ ਹੈ। ਸਰੀਰ ਨੂੰ ਸ਼ੁਧ ਕਰਨ ਦਾ ਪਹਿਲਾ ਸਾਧਨ ਅੰਮ੍ਰਿਤ ਵੇਲੇ ਦਾ ਇਸਨਾਨ ਹੈ। ਭਾਈ ਸਾਹਿਬ ਨੇ ਪੰਜ ਸਨਾਨਾਂ ਦਾ ਵਿਧਾਨ ਪਵਿਤਰ ਸਥਾਨਾਂ ਦੇ ਅੰਦਰ ਦਾਖ਼ਲ ਹੋਣ ਲਈ ਅਤੇ ਸ਼ੁਭ ਕਾਰਜ ਕਰਨ ਤੋਂ ਪਹਿਲਾਂ ਦਾ ਦਸਿਆ ਹੈ।

ਇਸ ਤੋਂ ਇਲਾਵਾ ਵੀ ਸਿੱਖ ਧਰਮ ਵਿਚ ਪੰਜ ਸਨਾਨਾ ਦੇ ਵਿਧਾਨ ਨੂੰ ਸਵੀਕਾਰ ਕੀਤਾ ਗਿਆ ਹੈ। ਪਰੰਪਰਾ ਅਧਾਰਿਤ ਪੰਜ ਸਨਾਨਾ ਦਾ ਵਿਧਾਨ ਇਸ ਪ੍ਰਕਾਰ ਹੈ :

##### 9.5.1.1.1 ਸਰੀਰ ਅਸੁਵਾਸਥ

ਰਹਿਤਨਾਮਿਆਂ ਵਿਚ ਜ਼ਿਕਰ ਮਿਲਦਾ ਹੈ ਕਿ ਜੇਕਰ ਵਿਅਕਤੀ ਸਰੀਰਕ ਤੌਰ 'ਤੇ ਠੀਕ ਨਹੀਂ, ਸਰੀਰਕ ਢਿਲ-ਮਠ ਹੈ ਤਾਂ ਇਸ ਹਾਲਤ ਵਿਚ 'ਪੰਜ ਸਨਾਨਾ' ਕਰਨ ਦਾ ਆਦੇਸ਼ ਹੈ। ਸਰੀਰ ਜਦੋਂ ਸਿਹਤਮੰਦ ਨਹੀਂ, ਉਸ ਸਮੇਂ ਵਿਅਕਤੀ ਪੰਜ ਸਨਾਨਾ ਕਰਕੇ ਆਪਣਾ ਨਿਤਨੇਮ, ਅਰਦਾਸ, ਗੁਰਦੁਆਰਾ ਸਾਹਿਬ ਜਾਣਾ ਅਤੇ ਸੰਗਤ ਕਰਨਾ ਆਦਿ ਕਿਰਿਆਵਾਂ ਨਿਭਾ ਸਕਦਾ ਹੈ।

##### 9.5.1.1.2 ਸਫ਼ਰ ਦੌਰਾਨ

ਰਹਿਤਨਾਮਿਆਂ ਅਨੁਸਾਰ ਵਿਅਕਤੀ ਜਦੋਂ ਘਰ ਤੋਂ ਬਾਹਰ ਕਿਸੇ ਦੂਜੀ ਥਾਂ ਉਤੇ ਜਾਂਦਾ ਹੈ, ਤਾਂ ਸਫ਼ਰ ਦੌਰਾਨ ਜੇਕਰ ਇਸਨਾਨ ਦੀ ਸਹੂਲਤ ਨਾ ਹੋਵੇ ਤਾਂ ਪੰਜ ਸਨਾਨਾ ਕਰਕੇ ਉਹ ਆਪਣਾ ਧਰਮ ਕਰਮ ਕਰ ਸਕਦਾ ਹੈ।

ਖਾਸਕਰ ਲੰਬੇ ਸਫ਼ਰ ਦੌਰਾਨ, ਰੇਲਗੱਡੀਆਂ, ਹਵਾਈ ਜਹਾਜਾਂ ਆਦਿ ਵਿਚ ਇਸਨਾਨ ਦੀ ਸਹੂਲਤ ਅਸੰਭਵ ਹੁੰਦੀ ਹੈ। ਇਸ ਵਕਤ ਪੰਜ ਸਨਾਨਾ ਕਰਨ ਦਾ ਵਿਧਾਨ ਹੈ।

### 9.5.1.1.3 ਪਾਣੀ ਦੀ ਕਮੀ

ਕਈ ਵਾਰ ਪਾਣੀ ਦੀ ਕਮੀ ਕਾਰਨ ਇਸਨਾਨ ਕਰਨਾ ਸੰਭਵ ਨਹੀਂ ਹੁੰਦਾ। ਪਾਣੀ ਦੀ ਕਮੀ ਨੂੰ ਦੇਖਦਿਆਂ ਪੰਜ ਸਨਾਨਾ ਕਰਕੇ ਵਿਅਕਤੀ ਆਪਣੀ ਨਿਤ ਦੀ ਧਰਮ ਕਿਰਿਆ ਨਿਭਾ ਸਕਦਾ ਹੈ।

### 9.5.1.1.4 ਸਰੋਵਰ ਵਿਚ ਪੰਜ ਸਨਾਨਾ

ਸਰੋਵਰ ਵਿਚ ਆਮ ਤੌਰ ਉਤੇ ਸੰਗਤ ਇਸਨਾਨ ਕਰਦੀ ਹੈ, ਪਰੰਤੂ ਕੁਝ ਵਿਸ਼ੇਸ਼ ਹਾਲਤਾਂ ਵਿਚ ਸਰੋਵਰ ਵਿਚ ਪੰਜ ਸਨਾਨਾ ਕਰਨ ਦਾ ਵੀ ਨਿਯਮ ਹੈ। ਵਿਸ਼ੇਸ਼ ਹਾਲਤ ਅਧੀਨ ਸਰੀਰਕ ਢਿੱਲ ਮਠ ਕਾਰਨ ਵਿਅਕਤੀ ਪੰਜ ਸਨਾਨਾ ਕਰ ਸਕਦਾ ਹੈ ਜਾਂ ਛੋਟੇ ਬੱਚਿਆਂ ਨੂੰ ਪੰਜ ਸਨਾਨਾ ਕਰਨ ਦੀ ਖੁਲ ਹੈ। ਇਸੇ ਤਰ੍ਹਾਂ ਔਰਤਾਂ ਨੂੰ ਮਾਸਿਕ ਧਰਮ ਦੇ ਦਿਨਾਂ ਵਿਚ ਪੰਜ ਸਨਾਨਾ ਕਰਨ ਦੀ ਆਗਿਆ ਹੈ।

### 9.5.1.2 ਪਿੰਡੇ ਇਸਨਾਨ ਅਤੇ ਕੇਸੀ ਇਸਨਾਨ

ਤਨ ਦਾ ਇਸਨਾਨ ਪਿੰਡੇ (ਸਰੀਰ) ਅਤੇ ਕੇਸਾਂ, ਦੋਵਾਂ ਦਾ ਹੁੰਦਾ ਹੈ। ਗੁਰਬਾਣੀ ਵਿਚ ਤਾਕੀਦ ਕੀਤੀ ਗਈ ਹੈ ਹਰ ਸਿੱਖ ਨੇ ਅੰਮ੍ਰਿਤ ਵੇਲੇ ਉਠ ਕੇ ਇਸਨਾਨ ਕਰਨਾ ਹੈ:

*ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੫)

ਗੁਰੂ ਸਾਹਿਬ ਨੇ ਸਰੀਰਕ ਸ਼ੁੱਧੀ ਲਈ ਜਿਥੇ ਹੁਕਮ ਕੀਤਾ ਹੈ, ਉਥੇ ਨਾਲ ਹੀ ਕੇਸੀ ਇਸਨਾਨ ਕਰਨ ਦਾ ਵੀ ਆਦੇਸ਼ ਹੈ। ਮਨੁੱਖ ਦੇ ਜੰਮਣ ਤੋਂ ਲੈ ਕੇ ਮਰਨ ਤਕ ਸਰੀਰਕ ਸਵਛਤਾ ਤਾਂ ਹੀ ਰਹਿ ਸਕਦੀ ਹੈ, ਜੇਕਰ ਹਰ ਰੋਜ਼ ਇਸਨਾਨ ਕੀਤਾ ਜਾਵੇ। ਗੁਰੂ ਸਾਹਿਬ ਅਨੁਸਾਰ 'ਸੁਚਜਾ ਇਨਸਾਨ' ਉਹ ਹੈ ਜੋ ਹਰ ਰੋਜ਼ ਇਸਨਾਨ ਕਰਨ ਦਾ ਉਦਮ ਕਰਦਾ ਹੈ :

*ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥*
*ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੫੦)

ਧਿਆਨ ਦੇਣ ਯੋਗ ਗੱਲ ਇਹ ਹੈ ਕਿ ਜ਼ਰੂਰੀ ਨਹੀਂ ਕਿ ਹਰ ਰੋਜ਼ ਕੇਸੀ ਇਸਨਾਨ ਕੀਤਾ ਜਾਵੇ, ਪਰੰਤੂ ਪਿੰਡਾ ਇਸਨਾਨ ਹਰ ਰੋਜ਼ ਕਰਨਾ ਲਾਜ਼ਮੀ ਹੈ। ਇਹ ਵਿਅਕਤੀ ਦੇ ਖੁਦ ਉਪਰ ਨਿਰਭਰ ਹੈ ਕਿ ਉਹ ਹਰ ਰੋਜ਼ ਕੇਸੀ ਇਸਨਾਨ ਕਰਨਾ ਚਾਹੁੰਦਾ ਹੈ ਕਿ ਨਹੀਂ। ਇਛਾ ਹੋਵੇ ਤਾਂ ਕਰ ਲਵੇ, ਨਹੀਂ ਤਾਂ ਕੋਈ ਵਹਿਮ ਨਹੀਂ। ਜੇਕਰ ਹਰ ਰੋਜ਼ ਕੇਸੀ ਇਸਨਾਨ ਨਹੀਂ ਕੀਤਾ ਜਾ ਸਕਦਾ ਤਾਂ ਹਫ਼ਤੇ ਵਿਚ ਦੋ ਵਾਰ ਜ਼ਰੂਰ ਕੇਸਾਂ ਨੂੰ ਸਵੱਛ ਕਰਨਾ ਚਾਹੀਦਾ ਹੈ। *ਰਹਿਤਨਾਮਾ* ਭਾਈ ਦਯਾ ਸਿੰਘ ਜੀ ਅਨੁਸਾਰ ਵੀ ਚੌਥੇ ਦਿਨ ਕੇਸੀ ਇਸਨਾਨ ਕਰਨਾ ਕੇਸਾਂ ਦੀ ਸ਼ੁਧਤਾ ਲਈ ਉਤਮ ਹੈ।

ਕੇਸੀ ਇਸਨਾਨ ਦੀ ਮਹਾਨਤਾ ਇਸ ਤਥ ਤੋਂ ਵੀ ਪ੍ਰਗਟ ਹੁੰਦੀ ਹੈ ਕਿ ਅੰਮ੍ਰਿਤ ਸੰਚਾਰ ਦੌਰਾਨ ਅੰਮ੍ਰਿਤ ਅਭਿਲਾਖੀ ਨੂੰ ਨਵੇਂ ਕੇਸੀ ਇਸਨਾਨ ਕਰਨਾ ਲਾਜ਼ਮੀ ਹੁੰਦਾ ਹੈ। ਇਸ ਤੋਂ ਬਿਨਾਂ ਪਰੰਪਰਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆਂ ਬੈਠਣ ਸਮੇਂ ਵੀ ਕੇਸੀ ਇਸਨਾਨ ਕਰਨਾ ਜ਼ਰੂਰੀ ਹੈ। ਇਸੇ ਪ੍ਰਕਾਰ ਕੇਸੀ ਇਸਨਾਨ ਦੀ ਮਹੱਤਤਾ ਆਨੰਦ (ਵਿਆਹ) ਅਤੇ ਮਿਰਤਕ ਸੰਸਕਾਰ ਤੋਂ ਵੀ ਉਜਾਗਰ ਹੁੰਦੀ ਹੈ।

### 9.5.2 ਮਨ ਦਾ ਇਸਨਾਨ

ਸਰੀਰਕ ਇਸਨਾਨ ਤੋਂ ਬਾਅਦ ਅੰਮ੍ਰਿਤ ਸਰੋਵਰ ਵਿਚ ਚੁਭੀ ਲਗਾ ਕੇ ਮਨ ਦਾ ਇਸਨਾਨ ਕਰਨ ਬਾਰੇ ਗੁਰਬਾਣੀ ਵਿਚ ਕੀਤਾ ਆਦੇਸ਼ ਹੇਠ ਦਿਤੇ ਅਨੁਸਾਰ ਪ੍ਰਾਪਤ ਹੁੰਦਾ ਹੈ :

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ।*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਰਿ ਚੜੈ ਦਿਵਸੁ ਗੁਰਬਾਣੀ ਗਾਵੈ ਸ਼ਹਦਿਆ ਉਠਦਿਆ ਹਰਿ ਨਾਮੁ ਧਿਆਵੈ॥*

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੫)

ਉਕਤ ਸ਼ਬਦ ਵਿਚ ਤਨ ਅਤੇ ਮਨ ਦੋਹਾਂ ਤਰ੍ਹਾਂ ਦੇ ਇਸਨਾਨ ਨੂੰ ਵਿਸ਼ੇਸ਼ ਮਹੱਤਤਾ ਦਿਤੀ ਗਈ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਤਨ ਅਤੇ ਮਨ ਦੇ ਦੋਵੇਂ ਤਰ੍ਹਾਂ ਦੇ ਇਸਨਾਨਾ ਕਰਨ ਦੀ ਸਿਖਿਆ ਦਿਤੀ ਹੈ। ਤਨ ਦਾ ਇਸਨਾਨ ਕਰਕੇ ਪਰਮਾਤਮਾ ਨੂੰ ਧਿਆਉਣਾ ਹੈ ਤਾਂ ਕਿ ਸਰੀਰ ਅਤੇ ਮਨ ਦੋਵੇਂ ਨਿਰੋਗ ਰਹਿਣ। ਸਰੀਰ ਅਤੇ ਮਨ ਨਿਰੋਗੇ ਰਹਿਣ ਨਾਲ ਹੀ 'ਗੋਬਿੰਦ' ਦੀ ਪ੍ਰਾਪਤੀ ਹੋ ਸਕਦੀ ਹੈ :

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੧੧)

ਇਸ ਸੱਚਾਈ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਹੈ ਕਿ ਮਨੁੱਖੀ ਤਨ ਅਤੇ ਮਨ ਦਾ ਆਪਸ ਵਿਚ ਗੂੜ੍ਹਾ ਸਬੰਧ ਹੈ। ਨਰੋਆ ਮਨ, ਨਰੋਏ ਤਨ ਕਰਕੇ ਹੈ ਅਤੇ ਨਰੋਆ ਤਨ ਇਸ ਗੱਲ ਦਾ ਗਵਾਹ ਹੈ ਕਿ ਮਨ ਨਰੋਆ ਹੈ। ਮਨ ਅਤੇ ਤਨ ਨੂੰ ਨਰੋਆ ਰਖਣ ਲਈ ਇਸਨਾਨ ਨੂੰ ਮਨੁੱਖਾ ਜੀਵਨ ਦਾ ਸਫਲ ਤੇ ਸਿਹਤਮੰਦ ਅੰਗ ਮੰਨਿਆ ਗਿਆ ਹੈ। ਇਸਨਾਨ ਨਾਲ ਜਿਥੇ ਤਨ ਨਰੋਆ ਅਤੇ ਸਿਹਤਮੰਦ ਹੁੰਦਾ ਹੈ, ਉਥੇ ਮਨ ਵੀ ਇਕਾਗਰ ਹੋ ਕੇ ਪਰਮਾਤਮਾ ਦੇ ਸਿਮਰਨ ਵਿਚ ਜੁੜਦਾ ਹੈ।

ਨਾਮ ਰੂਪੀ ਇਸਨਾਨ ਜਾਂ ਹਿਰਦੇ ਰੂਪੀ ਇਸਨਾਨ ਲਈ ਇਹ ਜ਼ਰੂਰੀ ਹੈ ਕਿ ਮਨੁੱਖ ਸਫਲ ਇਸਨਾਨ ਕਰੇ। ਗੁਰੂ ਇਕ ਐਸਾ ਦਰਿਆ ਹੈ, ਜਿਸਦਾ ਜਲ ਸਦਾ ਹੀ ਨਿਰਮਲ ਹੈ। ਜਿਸ ਮਨੁੱਖ ਨੂੰ ਨਾਮ ਅੰਮ੍ਰਿਤ ਰੂਪੀ ਜਲ ਪ੍ਰਾਪਤ ਹੁੰਦਾ ਹੈ, ਉਸਦੀ ਖੋਟੀ ਮਤਿ ਵਾਲੀ ਮਲੀਨਤਾ ਦੂਰ ਹੋ ਜਾਂਦੀ ਹੈ। ਗੁਰਬਾਣੀ ਅਨੁਸਾਰ ਗੁਰੂ ਦੀ ਪ੍ਰਾਪਤੀ ਹੀ ਸਫਲ ਇਸਨਾਨ ਹੈ। ਗੁਰੂ ਦੇ ਨਾਮ ਰੂਪੀ ਦਰਿਆ ਵਿਚ ਇਸਨਾਨ ਕਰਨ ਨਾਲ ਦੁਰਮਤਿ ਦੂਰ ਹੁੰਦੀ ਹੈ। ਸਫਲ ਇਸਨਾਨ ਦੁਆਰਾ ਹੀ ਮਨੁੱਖ, ਪਸ਼ੂ ਅਥਵਾ ਪਰੇਤ ਤੋਂ ਦੇਵਤਾ ਬਣ ਸਕਦਾ ਹੈ :

*ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ॥*
*ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ॥*

ਪੰਜ ਵਿਕਾਰਾਂ ਵਿਚ ਗ੍ਰਸੇ ਮਨੁੱਖ ਦੀ ਹਾਲਤ ਅਜਿਹੀ ਹੈ ਕਿ ਉਸ ਦੇ ਮਨ ਵਿਚ ਲੋਭ ਦੀ ਮੈਲ ਹੈ। ਇਸ ਲੋਭ ਦੀ ਅਧੀਨਗੀ ਕਰਦਿਆਂ ਮਨੁੱਖ ਕੂੜ ਕਮਾਉਂਦਾ ਹੈ। ਜੇਕਰ ਅੰਦਰ ਦੀ ਅਵਸਥਾ ਅਜਿਹੀ ਹੈ ਤਾਂ ਫਿਰ ਬਾਹਰੀ ਇਸਨਾਨ ਦਾ ਕੋਈ ਲਾਭ ਨਹੀਂ। ਗੁਰੂ ਸਾਹਿਬ ਜੀਵ ਨੂੰ ਸਮਝਾਉਂਦੇ ਹਨ ਕਿ ਨਿਰਮਲ ਨਾਮ ਜਪਣ ਨਾਲ ਹੀ ਅੰਦਰੂਨੀ ਅਵਸਥਾ ਉਚੀ ਹੋ ਸਕਦੀ ਹੈ। ਜਦੋਂ ਜੀਵ ਸਦਾ ਇਸ ਪਵਿਤਰ ਨਾਮ ਨੂੰ ਜਪੇਗਾ ਤਾਂ ਉਸਦਾ ਕਲਿਆਣ ਹੋਵੇਗਾ :

*ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ॥*
*ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੯੮)

### 9.5.2.1ਮਨ ਦੇ ਇਸਨਾਨ ਦੇ ਲਾਭ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਧਿਐਨ ਕਰਦਿਆਂ ਮਨ ਦੇ ਇਸਨਾਨ ਕਰਨ ਦੇ ਹੇਠ ਲਿਖੇ ਲਾਭ ਦ੍ਰਿਸ਼ਟੀਗੋਚਰ ਹੁੰਦੇ ਹਨ :

#### 9.5.2.1.1 ਰੱਬੀ ਜੋਤਿ ਦਾ ਅਨੁਭਵ

'ਨਾਮ' ਰੂਪੀ ਇਸਨਾਨ ਕਰਨ ਨਾਲ ਮਨੁੱਖ ਦਾ ਅਕੀਦਾ ਬਣ ਜਾਂਦਾ ਹੈ ਕਿ ਪਰਮਾਤਮਾ 'ਇਕ' ਹੈ ਅਤੇ ਉਹ 'ਸਰਬ ਵਿਆਪਕ' (ਸਾਰੇ ਥਾਂ ਪਰਮਾਤਮਾ ਦੀ ਹੋਂਦ) ਹੈ। ਮਨੁੱਖ ਨੂੰ ਬਿਬੇਕ ਬੁੱਧੀ ਦੀ ਪ੍ਰਾਪਤੀ ਹੋਣ ਕਾਰਨ, ਉਸਨੂੰ ਇਹ ਗੱਲ ਸਮਝ ਪੈਂਦੀ ਹੈ ਕਿ ਹਰ ਹਿਰਦੇ ਵਿਚ 'ਇਕ ਪਰਮਾਤਮਾ' ਦੀ ਜੋਤਿ ਵਿਆਪਕ ਹੈ। ਅਸੀਂ ਸਾਰੇ ਇਕ ਦੀ ਹੀ ਅੰਸ਼ ਹਾਂ :

*ਏਕ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੧੧)

ਭਾਵੇਂ ਪਰਮਾਤਮਾ ਦੇ ਬਣਾਏ ਇਸ ਜਗਤ ਪਸਾਰੇ ਵਿਚ ਰੰਗਾਂ, ਜਾਤਾਂ, ਨਸਲਾਂ, ਧਰਮਾਂ, ਸਭਿਆਚਾਰਾਂ ਅਤੇ ਭਾਸ਼ਾਵਾਂ ਵਿਚ ਭਿੰਨਤਾ ਹੈ, ਪਰੰਤੂ ਜਦੋਂ ਜੀਵ ਦੇ ਹਿਰਦੇ ਵਿਚ ਪਰਮਾਤਮਾ ਦੀ ਜੋਤਿ ਦਾ ਅਨੁਭਵ ਹੋ ਜਾਂਦਾ ਹੈ ਤਾਂ ਫਿਰ ਉਸਨੂੰ ਬਾਹਰੀ ਵਖਰੇਵਿਆਂ ਵਿਚ ਭਿੰਨਤਾ ਦਿਖਾਈ ਨਹੀਂ ਦਿੰਦੀ। ਸਗੋਂ ਉਸਨੂੰ ਅੰਦਰ-ਬਾਹਰ ਇਕ ਹੀ ਜੋਤਿ ਦੇ ਦਰਸ਼ਨ ਹੁੰਦੇ ਹਨ।

9.5.2.1.2 **ਭਰਮ-ਭੈਅ ਦਾ ਨਾਸ**

ਗੁਰੂ ਦੀ ਕਿਰਪਾ ਅਤੇ ਸਿਖਿਆ ਸਦਕਾ ਜਿਹੜਾ ਮਨੁੱਖ ਮਨ ਰੂਪੀ ਗੁਰਬਾਣੀ ਵਿਚ ਇਸਨਾਨ ਕਰਦਾ ਹੈ, ਉਸਦੇ ਸਾਰੇ ਭਰਮ ਅਤੇ ਭੈਅ ਖਤਮ ਹੋ ਜਾਂਦੇ ਹਨ। ਜਦੋਂ ਮਨੁੱਖ 'ਗੁਰਮਤਿ ਦਾ ਪਾਂਧੀ' ਬਣਦਾ ਹੈ ਤਾਂ ਹੀ ਉਸ ਦੇ ਭਰਮ ਨਾਸ ਹੁੰਦੇ ਹਨ। ਗੁਰਮਤਿ ਦੇ ਰਸਤੇ ਉਤੇ ਚਲਦਿਆਂ 'ਗੁਰਮੁਖਿ' ਨੂੰ ਇਹ ਸਮਝ ਪੈਂਦੀ ਹੈ ਕਿ ਸਮੁਚੇ ਬ੍ਰਹਿਮੰਡ ਵਿਚ 'ਅਕਾਲਪੁਰਖ' ਦੀ ਜੋਤਿ ਦਾ ਪਸਾਰਾ ਹੈ। ਇਸ ਕਾਰਨ ਗੁਰਮੁਖਿ ਸਹਿਜੇ-ਸਹਿਜੇ ਗੁਰਬਾਣੀ ਅਨੁਸਾਰ ਜੀਵਨ ਜਿਊਂਦਾ ਹੈ।

ਭਰਮਾਂ ਦਾ ਨਾਸ ਹੋਣ ਕਾਰਨ ਮਨੁੱਖ ਅਗੱਲੀ ਪਉੜੀ ਚੜ੍ਹਦਾ ਹੈ, ਜਿਥੇ ਮਨੁੱਖ 'ਸਾਸ ਗਿਰਾਸ' ਨਾਮ ਜਪਦਿਆਂ ਸਾਧੂ ਧੂੜ ਵਿਚ ਇਸਨਾਨ ਕਰਦਾ ਹੈ। ਇਸ ਇਸਨਾਨ ਸਦਕਾ ਮਨੁੱਖ 'ਨਿਰਭਉ ਅਤੇ ਨਿਰਵੈਰੁ' ਵਾਲੀ ਅਵਸਥਾ ਪ੍ਰਾਪਤ ਕਰਦਾ ਹੈ। 'ਨਿਰਭਉ ਅਤੇ ਨਿਰਵੈਰੁ' ਹੋਣ ਨਾਲ ਮਨੁੱਖ ਨਿਡਰ ਹੋ ਕੇ ਵਿਚਰਦਾ ਹੈ, ਜਿਸ ਕਾਰਨ 'ਗੁਰਮੁਖਿ' ਸੱਚਾਈ 'ਤੇ ਚਲਣ ਦੀ ਹਿੰਮਤ ਕਰਦਾ ਹੈ। ਇਸ ਲਈ ਸਾਧੂ ਧੂੜ ਦੇ ਇਸਨਾਨ ਨੂੰ ਵਿਸ਼ੇਸ਼ ਮਹੱਤਤਾ ਦਿਤੀ ਗਈ ਹੈ। 'ਸਾਧੂ ਧੂੜ' ਇਸਨਾਨ ਨਾਲ ਹੀ ਮਨੁੱਖ ਦੇ ਸਾਰੇ ਭੈ-ਭਰਮ ਨਾਸ਼ ਹੁੰਦੇ ਹਨ। ਮਨੁੱਖ ਆਤਮਿਕ ਅਨੰਦ ਮਾਣਦਾ ਹੈ :

*ਹਰਿ ਹਰਿ ਨਾਮੁ ਜਪਤ ਸੁਖ ਸਹਜੇ ਮਜਨੁ ਹੋਵਤ ਸਾਧੂ ਧੂਰੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੮੨੫)

9.5.2.1.3 **ਜਮਦੂਤਾਂ ਤੋਂ ਛੁਟਕਾਰਾ**

ਇਕ ਪਰਮਾਤਮਾ ਦੀ ਜੋਤਿ ਦੇ ਦਰਸ਼ਨ ਕਰਨ ਨਾਲ ਜਿਥੇ ਮਨੁੱਖ ਦੇ ਸਾਰੇ ਭੈ-ਭਰਮ ਦੂਰ ਹੋ ਜਾਂਦੇ ਹਨ, ਉਥੇ ਮਨੁੱਖ ਦੇ ਜਮਾਂ ਬਾਰੇ ਵੀ ਸਾਰੇ ਡਰ ਮੁਕ ਜਾਂਦੇ ਹਨ। ਮਨੁੱਖ ਮੌਤ ਦੇ ਡਰ ਤੋਂ ਵੀ ਮੁਕਤ ਹੋ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਥਨ ਅਨੁਸਾਰ ਮਨੁੱਖ 'ਪੂਰਨ ਪਰਮਾਨੰਦ' ਦੀ ਤਾਂਘ ਰਖਦਾ ਹੈ। ਇਹ ਹੀ 'ਮੁਕਤੀ' ਹੈ। ਇਹ ਹੀ ਚਰਨਾਂ ਕਮਲਾਂ ਦੀ ਪ੍ਰੀਤ ਹੈ। ਇਸ ਲਈ ਸਾਧੂ ਧੂੜ ਦਾ ਇਸਨਾਨ ਹੀ ਮਨੁੱਖ ਨੂੰ ਜਮਾਂ ਦੀ ਫਾਸੀ ਤੋਂ ਬਚਾ ਕੇ ਪਰਮਾਤਮਾ ਦੀ ਸ਼ਰਨ ਵਿਚ ਲੈ ਜਾਂਦਾ ਹੈ :

*ਭ੍ਰਮ ਭੈ ਤਰੇ ਛੁਟੇ ਭੈ ਜਮ ਕੇ ਘਟਿ ਘਟਿ ਏਕੁ ਰਹਿਆ ਭਰਪੂਰੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੮੨੫)

9.5.2.1.4 **ਹਲਤ-ਪਲਤ ਸੰਵਰਨਾ**

ਮਨੁੱਖ ਨੂੰ ਗੁਰੂ ਸਾਹਿਬ ਨੇ ਸਿਖਿਆ ਦਿਤੀ ਹੈ ਕਿ ਗੁਰੂ ਦੇ ਚਰਨਾਂ ਦੀ ਧੂੜ ਵਿਚ ਇਸਨਾਨ ਕਰਨ ਨਾਲ ਦੋਵੇਂ ਥਾਂ (ਹਲਤ-ਪਲਤ) ਸੰਵਰਦੇ ਹਨ। ਮਨੁੱਖ ਨੂੰ ਇਸ ਜੀਵਨ ਵਿਚ ਸਫਲਤਾ ਮਿਲਦੀ ਹੈ ਅਤੇ ਪਰਮਾਤਮਾ ਦੇ ਦਰਬਾਰ ਵਿਚ ਵੀ ਕਾਮਯਾਬੀ ਪ੍ਰਾਪਤੀ ਹੁੰਦੀ ਹੈ। ਜਦੋਂ ਹਲਤ-ਪਲਤ ਦੋਵੇਂ ਸੰਵਰ ਜਾਂਦੇ ਹਨ ਤਾਂ ਜੀਵ ਦੇ ਸਾਰੇ ਕਾਰਜ ਸਫਲ ਹੋ ਜਾਂਦੇ ਹਨ। ਸਾਰੇ ਦੁਖਾਂ-ਕਲੇਸਾਂ ਦਾ ਅੰਤ ਹੋ ਜਾਂਦਾ ਹੈ। ਮਨੁੱਖ ਨੂੰ ਪਰਮ ਪਦਵੀ ਵਾਲਾ ਜੀਵਨ ਪ੍ਰਾਪਤ ਹੁੰਦਾ ਹੈ। ਅਜਿਹੇ ਜੀਵਨ ਵਾਲਾ ਮਨੁੱਖ ਅਡੋਲ ਵਿਚਰਦਾ ਹੈ। ਗੁਰ ਵਾਕ ਹੈ :

*ਦੋਵੈ ਥਾਵ ਰਖੇ ਗੁਰ ਸੂਰੇ॥*
*ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੮੨੫)

## 9.6 ਇਸਨਾਨ ਸਬੰਧੀ ਨਿਯਮ

ਸਿੱਖ ਰਹਿਤ ਮਰਯਾਦਾ ਨੂੰ ਮੁੱਖ ਰਖਦੇ ਹੋਏ ਇਸਨਾਨ ਸਬੰਧੀ ਕਈ ਗ੍ਰੰਥਾਂ ਵਿਚੋਂ ਨਿਯਮਾਵਲੀ ਵੀ ਪ੍ਰਾਪਤ ਹੁੰਦੀ ਹੈ, ਜਿਸ ਅਨੁਸਾਰ ਇਸਨਾਨ ਕਰਨ ਦੇ ਨਿਯਮ ਹੇਠ ਦਿਤੇ ਅਨੁਸਾਰ ਹਨ :

1. ਤੜਕੇ ਉਠ ਕੇ ਸੌਚ, ਦਾਤਣ ਆਦਿ ਕਰਨ ਤੋਂ ਬਾਅਦ ਇਸਨਾਨ ਕਰਨਾ ਠੀਕ ਹੁੰਦਾ ਹੈ।
2. ਇਸਨਾਨ ਹਮੇਸਾਂ ਠੰਡੇ ਪਾਣੀ ਨਾਲ ਕਰਨ ਦਾ ਹੁਕਮ ਹੈ, ਪਰ ਸਰੀਰ ਦੀ ਲੋੜ ਮੁਤਾਬਿਕ ਗਰਮ ਪਾਣੀ ਦੀ ਵਰਤੋਂ ਕੀਤੀ ਜਾ ਸਕਦੀ ਹੈ :

*ਸੀਤਲ ਜਲ ਕੋ ਅੰਗੀਕਾਰੈ।*
*ਜੇ ਨਾਹਿ ਸਕਤਿ ਤਪਤ ਕਰਿ ਬਾਰੈ।*

(ਭਾਈ ਸੰਤੋਖ ਸਿੰਘ, *ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰੰਥ*)

3. ਬਿਨਾਂ ਇਸਨਾਨ ਦੇ ਦਿਨ ਦੇ ਕਾਰ-ਵਿਹਾਰ ਕਰਨਾ ਵਰਜਿਤ ਹੈ।
4. ਇਸਨਾਨ ਕੀਤੇ ਬਗੈਰ ਭੋਜਨ ਛਕਣ ਦੀ ਵੀ ਆਗਿਆ ਨਹੀਂ :

*ਬਿਨੁ ਇਸਨਾਨ ਨ ਭੋਜਨ ਖਾਵੈ॥*

(ਭਾਈ ਸੰਤੋਖ ਸਿੰਘ, *ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰੰਥ*)

5. ਸਿੱਖ ਇਸਨਾਨ ਕਰਨ ਤੋਂ ਆਲਸ ਨਾ ਕਰੇ।
6. ਜੇਕਰ ਇਸਨਾਨ ਕਰਨ ਲਈ ਹਾਲਾਤ ਅਨੁਕੂਲ ਨਾਲ ਹੋਣ ਤਾਂ ਪੰਜ ਸਨਾਨਾ ਕਰਕੇ ਕਰਮ-ਧਰਮ, ਦਿਨ ਦੇ ਕਾਰ-ਵਿਹਾਰ ਅਤੇ ਭੋਜਨ ਛਕਿਆ ਜਾ ਸਕਦਾ ਹੈ।

### 9.7 ਤੀਰਥ ਇਸਨਾਨ

ਡਾ. ਗੁਰਚਰਨ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿਚ 'ਤੀਰਥ' ਸ਼ਬਦ ਦਾ ਅਰਥ ਧਰਮ ਨਾਲ ਸਬੰਧਿਤ ਪਵਿਤਰ ਅਸਥਾਨ ਕੀਤਾ ਹੈ। ਭਾਈ ਵੀਰ ਸਿੰਘ ਨੇ 'ਤੀਰਥ' ਦਾ ਅਰਥ 'ਪਵਿਤਰ ਅਸਥਾਨ ਜੋ ਪਾਪਾਂ ਤੋਂ ਤਾਰਦੇ ਹਨ' ਕੀਤਾ ਹੈ। ਇਸ ਪ੍ਰਕਾਰ ਤੀਰਥ ਦਾ ਅਰਥ ਪਾਪਾਂ ਤੋਂ ਪਾਰ ਕਰਵਾਉਂਣ ਵਾਲਾ ਸਥਾਨ ਹੋ ਗਿਆ। ਇਸੇ ਕਾਰਨ ਤੀਰਥਾਂ ਉਤੇ ਇਸਨਾਨ ਅਤੇ ਪੁੰਨ ਦਾਨ ਆਦਿ ਕੀਤਾ ਜਾਂਦਾ ਹੈ, ਤਾਂ ਕਿ ਪਾਪਾਂ ਤੋਂ ਛੁਟਕਾਰਾ ਪਾ ਕੇ ਸੰਸਾਰਕ ਬੰਧਨਾਂ ਤੋਂ ਤਰਿਆ ਜਾ ਸਕੇ। ਭਾਵੇਂ ਵਖ-ਵਖ ਧਰਮਾਂ ਵਿਚ ਵੀ ਪਵਿਤਰ ਸਥਾਨਾਂ ਨੂੰ ਤੀਰਥ ਕਿਹਾ ਜਾਂਦਾ ਹੈ, ਪਰ ਵੈਦਿਕ ਧਰਮ ਵਿਚ ਤੀਰਥ ਅਸਥਾਨਾਂ ਲਈ 'ਤੀਰਥ' ਸ਼ਬਦ ਵਿਸ਼ੇਸ਼ ਤੌਰ ਤੇ ਰੂੜ ਹੋ ਗਿਆ ਹੈ। ਵੈਦਿਕ ਧਰਮ ਅੰਦਰ ਅਠਾਹਠ ਤੀਰਥਾਂ ਦੇ ਇਸਨਾਨ ਨੂੰ ਮੁਕਤੀ ਦਾ ਸਾਧਨ ਮੰਨਿਆ ਗਿਆ ਹੈ। ਇਨ੍ਹਾਂ ਅਠਾਹਠ ਤੀਰਥਾਂ ਵਿਚੋਂ ਅਯੋਧਿਆ, ਅਵੰਤਿਕਾ, ਕਾਂਸ਼ੀ, ਕਾਂਚੀ, ਮਥੁਰਾ ਮਾਯਾ ਅਤੇ ਦਵਾਰਿਕਾ ਨੂੰ ਸਤ ਪੁਰੀਆ ਕਿਹਾ ਗਿਆ ਹੈ। ਸਤ ਪੁਰੀਆਂ ਤੋਂ ਬਿਨਾਂ ਚਾਰ ਧਾਮ ਵੀ ਮੰਨੇ ਗਏ ਹਨ। ਇਹ ਹਨ: ਦ੍ਵਾਰਿਕਾ (ਪੁਰੀ ਤੇ ਧਾਮ ਦੋਨੋਂ), ਜਗਨਨਾਥ, ਬਦਰਿਕਾਸ੍ਰਮ ਅਤੇ ਰਾਮੇਸ਼੍ਵਰਮ। ਇਨ੍ਹਾਂ ਦਸ ਤੀਰਥਾਂ ਤੋਂ ਇਲਾਵਾ ਬ!ਂਕੀ ਅਠਵੰਜਾ ਤੀਰਥਾਂ ਦੇ ਨਾਂ ਇਸ ਤਰ੍ਹਾਂ ਮਿਲਦੇ ਹਨ: ਓਅੰਕਾਰ, ਏਰਾਵਤੀ, ਸ਼ਤਦ੍ਰ, ਸਰਸਵਤੀ, ਸਰਯੂ, ਸ੍ਰੀਵੰਗ, ਹਰਿਦ੍ਵਾਰ, ਕਪਾਲਮੋਚਨ, ਕਪਿਲੋਦਕ, ਕਾਲੰਜਰ, ਕਾਵੇਰੀ, ਕਰੁਕਸ਼ੇਤ੍ਰ, ਕੇਦਾਰਨਾਥ, ਕੌਸ਼ਿਕੀ, ਗਯਾ, ਗੋਕਰਣ, ਗੋਦਾਵਰੀ, ਗੋਮਤੀ, ਗੋਵਰਧਨ, ਗੰਗਾਸਾਗਰ, ਸੰਡਕਾ, ਘਰਘਰਾ, ਚਰਮਨ੍ਵਤੀ, ਚਿਤ੍ਰਕੂਟ, ਚੰਦ੍ਰਭਾਗਾ, ਜਵਾਲਾਮੁਖੀ, ਤਪਤੀ, ਤਾਮਰਪਰਣੀ, ਤੁੰਗਭਦਰਾ, ਦਸ਼ਾਸ੍ਵਮੇਧ, ਦ੍ਰਿਸ਼ਦਵਤੀ, ਧਾਰਾ, ਨਰਮਦਾ, ਨਾਗਤੀਰਥ, ਨੈਮਿਸ਼, ਪੁਸ਼ਕਰ, ਪ੍ਰਯਾਗ (ਤ੍ਰਿਵੇਣੀ ਸੰਗਮ), ਪ੍ਰਿਥੂਦਕ, ਭਦ੍ਰੇਸ਼੍ਵਰ, ਭੀਮੇਸ੍ਵਰ, ਸ੍ਰਿਗੁਤੰਗ ਮਹਾਕਾਲ, ਮਹਾਬੋਧ ਮਾਨਸਰੋਵਰ, ਮੰਦਾਕਿਨੀ, ਯਮੁਨਾ, ਵਿਤਸਤ, ਵਿੰਧ੍ਯ, ਵਿਪਾਸ਼, ਵਿਮੇਲਸ਼੍ਵਰ, ਵੇਣਾ, ਵੇਤ੍ਰਣਤੀ, ਵੈਸ਼ਨਵੀ ਅਤੇ ਵੈਦ੍ਯਨਾਥ।

ਵੈਦਿਕ ਮਤਿ ਵਿਚ ਇਨ੍ਹਾਂ ਅਠਾਹਠ ਤੀਰਥਾਂ ਉਤੇ ਇਸਨਾਨ ਕਰਨ ਦਾ ਮਨੋਰਥ ਉਮਰ ਭਰ ਕੀਤੇ ਭੈੜੇ ਕਰਮਾਂ ਅਤੇ ਪਾਪਾਂ ਤੋਂ ਨਵਿਰਤੀ ਪਾਉਣਾ ਹੈ। ਇਹ ਨਵਿਰਤੀ ਨੀਅਤ ਕੁਝ ਖਾਸ ਦਿਨਾਂ (ਮਸਿਆ, ਸੰਗਰਾਂਦ, ਪੂਰਨਮਾਸ਼ੀ, ਚਾਨਣਾ ਐਤਵਾਰ, ਸੂਰਜ ਗ੍ਰਹਿਣ, ਚੰਦ੍ਰ ਗ੍ਰਹਿਣ, ਦੋ ਅਸ਼ਟਮੀਆਂ, ਦੋ ਚੌਂਦਸਾ ਭਾਵ ਦਸ ਪੁਰਥ) ਅਤੇ ਮਿਥੇ ਹੋਏ ਕੁਝ ਖਾਸ ਅਸਥਾਨਾਂ ਉਤੇ ਜਾ ਕੇ ਇਸਨਾਨ ਕਰਨ ਨਾਲ ਹੁੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤੀਰਥ ਇਸਨਾਨ ਨੂੰ ਨਿਵੇਕਲੇ ਰੂਪ ਵਿਚ ਦਰਸਾਇਆ ਗਿਆ ਹੈ। ਗੁਰੂ ਸਾਹਿਬ ਨੇ ਸਮਕਾਲੀਨ ਸਮਾਜ ਦੀ ਹਾਲਤ ਦਾ ਜ਼ਿਕਰ ਕਰਦਿਆਂ ਦਸਿਆ ਹੈ ਕਿ ਉਸ ਵੇਲੇ ਸਮਾਜਿਕ ਤਾਣਾ-ਬ!ਂਣਾ ਉਲਝਿਆ ਹੋਇਆ ਸੀ। ਲੋਕ ਵਹਿਮਾਂ ਭਰਮਾਂ ਦਾ ਸ਼ਿਕਾਰ ਹੋਣ ਕਰਕੇ ਅਸਲੀ ਧਰਮ ਤੋਂ ਦੂਰ ਹੋ ਚੁਕੇ ਸਨ।

ਧਾਰਮਿਕ ਤੇ ਸਮਾਜਿਕ ਜੀਵਨ ਨਿਰ੍ਹਾ ਕਰਮਕਾਂਡੀ ਤੇ ਪਾਖੰਡੀ ਹੋ ਚੁਕਾ ਸੀ। ਅਜਿਹੇ ਸਮੇਂ ਤੀਰਥ, ਤੀਰਥ ਯਾਤਰਾ ਅਤੇ ਤੀਰਥ ਇਸਨਾਨ ਵੀ ਆਪਣੇ ਅਸਲੀ ਮਨੋਰਥ ਤੋਂ ਮੁਨਕਰ ਹੋ ਚੁਕੇ ਸਨ, ਪਾਖੰਡ ਦਾ ਰੂਪ ਧਾਰ ਚੁਕੇ ਸਨ। ਇਸ ਲਈ ਗੁਰੂ ਸਾਹਿਬ ਨੇ ਗੁਰਬਾਣੀ ਵਿਚ ਤੀਰਥ ਇਸਨਾਨ ਦਾ ਜੋ ਰੂਪ ਪੇਸ਼ ਕੀਤਾ ਹੈ ਉਹ ਵਿਲਖਣ ਅਤੇ ਵਿਸ਼ੇਸ਼ ਹੈ, ਜਿਸ ਨੇ ਮਨੁੱਖ ਨੂੰ ਨਵੀਂ ਸੇਧ ਪ੍ਰਦਾਨ ਕੀਤੀ। ਗੁਰਬਾਣੀ ਵਿਚ ਤੀਰਥ ਇਸਨਾਨ ਸਬੰਧੀ ਦ੍ਰਿੜ ਕਰਵਾਇਆ ਗਿਆ ਹੈ ਕਿ ਕੇਵਲ ਤੀਰਥ ਇਸਨਾਲ ਨਾਲ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਪਰਮਾਤਮਾ ਦੀ ਪ੍ਰਾਪਤੀ ਲਈ 'ਘਟ ਹੀ ਭੀਤਰਿ' ਇਸਨਾਨ ਕਰਨ ਦੀ ਸਿਖਿਆ ਦਿਤੀ ਗਈ ਹੈ। 'ਜੋ ਬ੍ਰਹਿਮੰਡੇ ਸੋਈ ਪਿੰਡੇ' 'ਮਨ ਰੂਪੀ ਇਸਨਾਨ' ਰਾਹੀਂ ਹੀ ਪਾਇਆ ਜਾ ਸਕਦਾ ਹੈ।

ਤੀਰਥ ਇਸਨਾਨ ਪ੍ਰਥਾਇ ਸ੍ਰੀ ਗੁਰੂ ਅਮਰਦਾਸ ਜੀ ਦੇ ਬਚਨ ਹਨ ਜੇ ਤੀਰਥ ਇਸਨਾਨ ਕਰਨ ਨਾਲ ਵਿਕਾਰਾਂ ਦੀ ਮੈਲ ਨਹੀਂ ਉਤਰਦੀ ਤਾਂ ਫਿਰ ਤੀਰਥ ਇਸਨਾਨ ਕਰਨ ਦਾ ਕੋਈ ਲਾਭ ਨਹੀਂ :

*ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ॥*

*ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੯੧)

ਗੁਰੂ ਸਾਹਿਬ ਜੀਵ ਨੂੰ ਸੇਧ ਦਿੰਦੇ ਹਨ ਕਿ ਜੇਕਰ ਮਨ ਵਿਚ ਖੋਟ ਹੈ ਅਤੇ ਸਰੀਰ ਵਿਕਾਰਾਂ ਨਾਲ ਭਰਿਆ ਹੋਇਆ ਹੈ ਤਾਂ ਤੀਰਥ ਇਸਨਾਨ ਦਾ ਕੋਈ ਲਾਭ ਨਹੀਂ, ਕਿਉਂਕਿ ਵਿਕਾਰਾਂ ਵਿਚ ਫਸੇ ਮਨੁੱਖ ਦੀ ਤੀਰਥਾਂ ਆਦਿ ਉਤੇ ਇਸਨਾਨ ਕਰਨ ਨਾਲ ਗਤੀ ਨਹੀਂ ਹੁੰਦੀ। ਗਤੀ ਤਾਂ ਸਿਰਫ ਨਾਮ ਦੁਆਰਾ ਹੀ ਹੋ ਸਕਦੀ ਹੈ, ਜੋ ਅਸਲ ਤੀਰਥ ਇਸਨਾਨ ਹੈ :

*ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੮੯)

ਗੁਰੂ ਸਾਹਿਬ ਨੇ ਮਨੁੱਖ ਨੂੰ ਸਿੱਖਿਆ ਦਿਤੀ ਹੈ ਕਿ ਮਨ ਵਿਕਾਰਾਂ ਦੀ ਮੈਲ ਨਾਲ ਭਰਿਆ ਹੋਇਆ ਹੈ ਤਾਂ ਤੀਰਥ ਇਸਨਾਨ ਕਰਨ ਦਾ ਲਾਭ ਨਹੀਂ। ਮੈਲ ਭਰੇ ਮਨ ਨਾਲ ਤੀਰਥਾਂ ਦੇ ਇਸਨਾਨ ਕਰਨ ਨਾਲ ਸੁਰਗ ਦੀ ਪ੍ਰਾਪਤੀ ਨਹੀਂ ਹੋ ਸਕਦੀ। ਤੀਰਥਾਂ ਉਤੇ ਨਹਾਉਣ ਨਾਲ ਲੋਕਾਂ ਲਈ ਕੋਈ ਭਾਵੇਂ ਅਖੌਤੀ 'ਭਗਤ' ਬਣ ਜਾਵੇ ਪਰ ਲੋਕਾਂ ਨੂੰ ਪਤੀਜਣ ਨਾਲ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਪਰਮਾਤਮਾ ਅੰਤਰਜਾਮੀ ਹੈ, ਉਹ ਸਾਰਿਆਂ ਦੇ ਦਿਲਾਂ ਦੀ ਜਾਣਦਾ ਹੈ। ਦਿਖਾਵੇ ਦੇ ਇਸਨਾਨ ਸਬੰਧੀ ਮਨੁੱਖ ਨੂੰ ਸੁਚੇਤ ਕਰਦਿਆਂ ਗੁਰੂ ਸਾਹਿਬ ਨੇ ਸਮਝਾਇਆ ਹੈ ਕਿ ਕੇਵਲ ਇਸਨਾਨ ਨਾਲ 'ਗਤਿ' ਹੁੰਦੀ, ਜੇਕਰ ਇਸ ਤਰ੍ਹਾਂ ਗਤਿ ਹੁੰਦੀ ਤਾਂ ਫਿਰ ਡੱਡੂ ਦੀ ਵੀ 'ਗਤਿ' ਹੋ ਜਾਂਦੀ, ਜਿਹੜਾ ਹਰ ਸਮੇਂ ਹੀ ਪਾਣੀ ਵਿਚ ਨਹਾਉਂਦਾ ਹੈ। ਗੁਰਬਾਣੀ ਅਨੁਸਾਰ ਅਸਲ ਤੀਰਥ ਇਸਨਾਨ 'ਗੁਰ ਕੀ ਸੇਵਾ' ਹੀ ਹੈ :

*ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ॥*
*ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ॥*
*ਪੂਜਹੁ ਰਾਮੁ ਏਕੁ ਹੀ ਦੇਵਾ॥*
*ਸਾਚਾ ਨਾਵਣੁ ਗੁਰ ਕੀ ਸੇਵਾ॥੧॥ ਰਹਾਉ॥*
*ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥*
*ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥...*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੪)

ਗੁਰੂ ਸਾਹਿਬ ਦੇ ਸਮਕਾਲੀ ਸਮਾਜ ਵਿਚ ਇਸਨਾਨ ਕੇਵਲ ਕਰਮ-ਕਾਂਡ ਜਾਂ ਦਿਖਾਵੇ ਤਕ ਸੀਮਤ ਹੋ ਗਿਆ ਸੀ। ਇਸ ਲਈ ਗੁਰੂ ਸਾਹਿਬ ਨੇ ਕਰਮ ਕਾਂਡਾ ਅਤੇ ਪਾਖੰਡਾ ਦਾ ਖੰਡਨ ਕਰਦਿਆਂ ਪਾਖੰਡ ਰੂਪੀ ਤੀਰਥ ਇਸਨਾਨ ਨੂੰ ਵੀ ਭੰਡਿਆ ਹੈ। ਕੇਵਲ ਤੀਰਥਾਂ ਉਤੇ ਇਸਨਾਨ ਕਰਨ ਨਾਲ 'ਹਉਮੈ' ਵਰਗੇ 'ਦੀਰਘ ਰੋਗ' ਘਟਣ ਦੀ ਥਾਂ ਹੋਰ ਵਧਦੇ ਹਨ :

*ਤੀਰਥਿ ਨਾਇ ਨ ਉਤਰਸਿ ਮੈਲੁ॥*
*ਕਰਮ ਧਰਮ ਸਭਿ ਹਉਮੈ ਫੈਲੁ*

(ਸ੍ਰੀ ਗੁਰੂ ਗ੍ਰੰਥ ਸਾਹਿਬ, ੮੯੦)

ਹਉਮੈ ਅਤੇ ਹੋਰ ਵਿਕਾਰਾਂ ਕਾਰਨ ਜਨਮਾਂ-ਜਨਮਾਂ ਦੀ ਮੈਲ ਜੋ ਅੰਤਰ ਆਤਮੇ ਉਪਰ ਜੰਮੀ ਹੋਈ ਹੈ, ਉਹ ਤੀਰਥ ਇਸਨਾਨ ਨਾਲ ਨਹੀਂ ਧੋਤੀ ਜਾ ਸਕਦੀ। ਇਹ ਤੀਰਥ ਇਸਨਾਨ ਪਾਖੰਡ ਜਾਂ ਦਿਖਾਵੇ ਮਾਤਰ ਹਨ, ਫਿਰ ਅੰਤਰ ਦੀ ਮੈਲ ਕਿਵੇਂ ਧੋਤੀ ਜਾ ਸਕਦੀ ਹੈ :

*ਪੁੰਨ ਦਾਨ ਅਨੇਕ ਨਾਵਣ ਕਿਉ ਅੰਤਰ ਮਲੁ ਧੋਵੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੪੩)

ਪਰਮਾਤਮਾ ਦੀ ਪ੍ਰਾਪਤੀ ਨਾ ਹੀ ਤੀਰਥ ਇਸਨਾਨ ਅਤੇ ਨਾ ਹੀ ਪੁੰਨ-ਦਾਨ ਕਰਨ ਨਾਲ ਹੋ ਸਕਦੀ ਹੈ। ਜਦੋਂ ਤਕ ਮਨ ਪਰਮਾਤਮਾ ਦੇ ਰੰਗ ਵਿਚ ਨਹੀਂ ਰੰਗਿਆ ਜਾਂਦਾ, ਮਨ ਨਹੀਂ ਭਿਜਦਾ, ਉਦੋਂ ਤਕ ਮੋਹ-ਮਾਇਆ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੋਇਆ ਜਾ ਸਕਦਾ। ਗੁਰੂ ਸਾਹਿਬ ਦਸਦੇ ਹਨ ਕਿ ਭਾਵੇਂ 'ਬੇਦ ਪੜ੍ਹੰਤਿਆ' ਨੂੰ ਪੁਛ ਲਵੋ ਬਿਨਾਂ ਪਰਮਾਤਮਾ ਦੇ ਨਾਮ ਨੂੰ ਮੰਨਣ ਤੋਂ ਸਾਰਾ ਜਗਤ ਠਗਿਆ ਜਾ ਰਿਹਾ ਹੈ :

*ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ॥*
*ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੧੨)

ਗੁਰਬਾਣੀ ਵਿਚ ਦ੍ਰਿੜ ਕਰਵਾਇਆ ਗਿਆ ਹੈ ਕਿ ਲੱਖਾਂ ਕਰੋੜਾਂ ਦਾਨ ਤੇ ਇਸਨਾਨ ਕਰ ਲਵੋ, ਜਿੰਨੀਆਂ ਮਰਜੀ, ਸੁੱਚਮਤਾਵਾਂ ਰਖ ਲਵੋ, ਪਵਿਤਰਤਾ ਨਹੀਂ ਆ ਸਕਦੀ। ਪਵਿਤਰ ਹੋਣ ਦਾ ਇਕੋ ਇਕ ਸਾਧਨ ਹੈ, ਪਰਮਾਤਮਾ ਦੇ ਨਾਮ ਦਾ ਜਾਪ। ਰਸਨਾ ਨਾਲ ਵਾਹਿਗੁਰੂ ਪਰਮੇਸ਼ੁਰ ਦਾ ਨਾਮ ਜਪ ਕੇ ਸਾਰੇ ਪਾਪਾਂ ਤੋਂ ਮੁਕਤ ਹੋਇਆ ਜਾ ਸਕਦਾ ਹੈ :

*ਕੋਟਿ ਦਾਨ ਇਸਨਾਨੰ ਅਨਿਕ ਸੋਧਨ ਪਵਿਤ੍ਰਤਹ॥*
*ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੦੬)

ਗੁਰੂ ਸਾਹਿਬ ਨੇ ਤੀਰਥਾਂ ਦੇ ਇਸਨਾਨ ਨੂੰ ਨਿਸਫਲ ਦਸਿਆ ਹੈ। ਤੀਰਥਾਂ 'ਤੇ ਭ੍ਰਮਣ ਕਰਨ ਵਾਲੇ ਇਨਸਾਨ ਨੂੰ ਅਗੇ ਕੋਈ ਅਰਾਮ ਦੀ ਥਾਂ ਨਹੀਂ ਮਿਲਦੀ :

*ਤੀਰਥ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੬)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਜਿਹੇ ਜੀਵਨ ਨੂੰ ਅਠਸਠ ਤੀਰਥ ਦੇ ਇਸਨਾਨ ਸਮਾਨ ਦਸਿਆ ਗਿਆ ਹੈ ਜਿਸ ਅਨੁਸਾਰ ਪਰਮਾਤਮਾ ਦੇ ਨਾਮ ਨਾਲ ਜੁੜ ਕੇ, ਸਚ ਦੇ ਮਾਰਗ ਉਤੇ ਚਲ ਕੇ ਅਤੇ ਜੀਵਾਂ ਉਪਰ ਦਇਆ ਕਰਕੇ ਪਰਉਪਕਾਰੀ ਜੀਵਨ ਬਤੀਤ ਕੀਤਾ ਜਾਵੇ। ਗੁਰਮਤਿ ਅਨੁਸਾਰ ਇਸ ਤਰ੍ਹਾਂ ਦਾ ਜੀਵਨ ਹੀ ਦਰਗਾਹ ਵਿਚ ਪ੍ਰਵਾਨ ਹੁੰਦਾ ਹੈ :

*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬)

ਗੁਰਬਾਣੀ ਵਿਚ ਤੀਰਥ ਇਸਨਾਨ ਸਬੰਧੀ ਵਰਣਨ ਇਸ ਪ੍ਰਕਾਰ ਹੈ :

### 9.7.1 ਨਾਮੁ ਤੀਰਥੁ

ਗੁਰਬਾਣੀ ਵਿਚ ਪਰਮਾਤਮਾ ਦੇ ਨਾਮੁ ਨੂੰ ਹੀ ਅਸਲ ਤੀਰਥ ਕਿਹਾ ਹੈ। ਪਰਮਾਤਮਾ ਦਾ ਨਾਮੁ ਜਪਣ, ਉਸ ਵਿਚ ਸੁਰਤਿ ਜੋੜਨ ਨਾਲ ਹੀ 'ਅਠਸਠਿ ਤੀਰਥ' ਇਸਨਾਨ ਹੋ ਸਕਦਾ ਹੈ। ਪਰਮਾਤਮਾ ਦੇ ਚਰਨਾਂ ਨਾਲ ਜੁੜ ਕੇ ਆਤਮਕ ਅਡੋਲਤਾ ਪ੍ਰਾਪਤ ਹੁੰਦੀ ਹੈ। ਪਰਮਾਤਮਾ ਦੀ ਸਿਫਤਿ-ਸਾਲਾਹ ਕਰਨਾ, ਭਾਵ ਸਬਦ ਵਿਚਾਰ ਕਰਨਾ ਵੀ 'ਤੀਰਥ' ਹੈ। ਸਬਦ ਦੀ ਵਿਚਾਰ ਨਾਲ ਅੰਤਰ ਆਤਮੇ ਦੇ ਗਿਆਨ ਦੀ ਸੋਝੀ ਆਉਂਦੀ ਹੈ। ਗੁਰੂ ਦੀ ਕਿਰਪਾ ਨਾਲ ਮਿਲਿਆ ਇਹ ਗਿਆਨ ਰੂਪੀ ਇਸਨਾਨ ਸਦਾ ਕਾਇਮ ਰਹਿਣ ਨਾਲ ਤੀਰਥ ਇਸਨਾਨ ਹੈ।

*ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥*
*ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੯੭)

ਗੁਰੂ ਦੀ ਕਿਰਪਾ ਸਦਕਾ ਜਿਹੜੇ ਮਨੁੱਖ ਨੂੰ ਆਤਮਕ ਜੀਵਨ ਦੀ ਸੂਝ ਪ੍ਰਾਪਤ ਹੁੰਦੀ ਹੈ, ਉਸ ਨੂੰ ਇਹ ਸੋਝੀ ਹੋ ਜਾਂਦੀ ਹੈ ਕਿ ਪਰਮਾਤਮਾ ਦਾ ਨਾਮ ਜਪਣਾ ਹੀ ਅਸਲ ਤੀਰਥ ਇਸਨਾਨ ਹੈ। ਨਾਮ ਰੂਪੀ ਇਸਨਾਨ ਨਾਲ ਮਨੁੱਖ ਦਾ ਅੰਦਰਲਾ ਪ੍ਰਕਾਸ਼ਮਾਨ ਹੋ ਜਾਂਦਾ ਹੈ :

*ਨਾਮੁ ਲੈਤ ਮਨੁ ਪਰਗਟੁ ਭਇਆ॥*
*ਨਾਮੁ ਲੈਤ ਪਾਪੁ ਤਨ ਤੇ ਗਇਆ॥*
*ਨਾਮੁ ਲੈਤ ਸਗੱਲ ਪੁਰਬ!ਾਂਇਆ॥*
*ਨਾਮੁ ਲੈਤ ਅਠਸਠਿ ਮਜਨਾਇਆ॥*
*ਤੀਰਥੁ ਹਮਰਾ ਹਰਿ ਕੋ ਨਾਮੁ॥*
*ਗੁਰਿ ਉਪਦੇਸਿਆ ਤਤੁ ਗਿਆਨੁ॥...*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੪੨)

ਗੁਰਬਾਣੀ ਵਿਚ ਮਨੁੱਖ ਨੂੰ ਸਿਖਿਆ ਦਿਤੀ ਗਈ ਹੈ ਕਿ ਤੀਰਥਾਂ ਉਤੇ ਜਾ ਕੇ ਕੇਵਲ ਤਨ ਦੇ ਇਸਨਾਨ ਨਾਲ ਤਨ ਅਤੇ ਮਨ ਦੇ ਰੋਗ ਦੂਰ ਨਹੀਂ ਹੁੰਦੇ। ਇਨ੍ਹਾਂ ਰੋਗਾਂ ਤੋਂ ਮੁਕਤੀ ਪਰਮਾਤਮਾ ਦੇ ਨਾਮ ਦੁਆਰਾ ਹੀ ਹੋ ਸਕਦੀ ਹੈ। ਨਾਮ ਤੋਂ ਬਿਨਾਂ ਕੋਈ ਮਨੁੱਖ ਆਤਮਕ ਆਨੰਦ ਨਹੀਂ ਮਾਣ ਸਕਦਾ :

*ਤੀਰਥਿ ਭਰਮਸਿ ਬਿਆਧਿ ਨ ਜਾਵੈ॥*
*ਨਾਮ ਬਿਨਾ ਕੈਸੇ ਸੁਖੁ ਪਾਵੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੮੦੬)

ਇਸ ਲਈ ਗੁਰੂ ਸਾਹਿਬ ਨੇ ਨਾਮ ਨੂੰ 'ਮਜਨ ਇਸਨਾਨੁ' ਕਿਹਾ ਹੈ :

*ਨਾਮੁ ਹਮਾਰੈ ਮਜਨ ਇਸਨਾਨੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੪੫)

### 9.7.2 ਗੁਰੂ ਤੀਰਥ

ਗੁਰਬਾਣੀ ਵਿਚ ਗੁਰੂ ਦਾ ਪ੍ਰਮੁਖ ਸਥਾਨ ਹੈ। ਗੁਰੂ ਤੋਂ ਬਿਨਾਂ ਪਰਮਾਤਮਾ ਦਾ ਭਗਤ ਸਹੀ ਢੰਗ ਨਾਲ ਆਪਣੀ ਮੰਜਿਲ ਵਲ ਨਹੀਂ ਵਧ ਸਕਦਾ। ਗੁਰਬਾਣੀ ਵਿਚ ਵਾਰ-ਵਾਰ ਦ੍ਰਿੜ ਕਰਵਾਇਆ ਗਿਆ ਹੈ ਕਿ ਸੱਚਾ ਤੀਰਥ ਜਾਂ ਅਸਲ ਤੀਰਥ ਕੇਵਲ 'ਸਤਿਗੁਰੂ' ਹੈ :

*ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦)

ਗੁਰੂ ਹੀ ਇਕ ਅਜਿਹਾ ਸਾਧਨ ਹੈ ਜਿਹੜਾ ਕਈ ਜਨਮਾਂ ਤੋਂ ਵਿਛੜੇ ਜਗਿਆਸੂ ਦਾ ਮਿਲਾਪ ਪਰਮਾਤਮਾ ਨਾਲ ਕਰਵਾਉਂਦਾ ਹੈ। ਗੁਰੂ ਦੀ ਕਿਰਪਾ ਨਾਲ ਹੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਐਸੇ ਸਮਰਥ ਗੁਰੂ ਦੀ ਨਦਰਿ ਸਦਕਾ ਮਨੁੱਖ ਅਠਾਹਠ ਤੀਰਥਾਂ ਦਾ ਆਪਣੇ ਅੰਦਰ ਹੀ ਦਰਸ਼ਨ ਕਰਦਾ ਹੈ :

*ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨ੍ਹਾਉਗੋ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੭੩)

'ਘਟ ਹੀ ਭੀਤਰਿ' ਇਸਨਾਨ ਕਰਦਿਆਂ ਗੁਰੂ ਤੋਂ ਨਾਮ-ਰੂਪੀ ਦਾਤਿ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਤੋਂ ਪਰਮਾਤਮਾ ਦੇ ਨਾਮ ਦੀ ਦਾਤਿ ਮਿਲਦੀ ਹੈ। ਗੁਰੂ ਦੁਆਰਾ ਬਖਸ਼ੇ ਆਤਮਿਕ ਚਾਨਣ ਵਿਚ ਮਨ ਦੀ ਚੁਭੀ ਲਗਾਉਣਾ ਹੀ ਗੁਰੂ-ਤੀਰਥ ਦਾ ਇਸਨਾਨ ਹੈ। ਗੁਰੂ ਤੀਰਥ ਦਾ ਇਸਨਾਨ ਹੀ ਅਠਾਹਠ ਤੀਰਥਾਂ ਦਾ ਇਸਨਾਨ ਹੈ। ਗੁਰੂ-ਤੀਰਥ ਨੂੰ ਸੇਂਵਦਿਆਂ ਮਨੁੱਖ ਮੋਤੀ ਅਤੇ ਜਵਾਹਰ ਰੂਪੀ ਗੁਰੂ-ਉਪਦੇਸਾਂ ਨੂੰ ਪਾ ਲੈਂਦਾ ਹੈ। ਇਸ ਲਈ ਗੁਰਬਾਣੀ ਦਾ ਨਿਰਣਾ ਹੈ ਕਿ ਗੁਰੂ ਦੇ ਬਰਾਬਰ ਕੋਈ ਵੀ ਤੀਰਥ ਨਹੀਂ। ਗੁਰੂ ਹੀ ਦਰਿਆ ਹੈ, ਗੁਰੂ ਦੀ ਬਾਣੀ ਪਵਿਤਰ ਜਲ ਹੈ :

*ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ॥*
*ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁੋ ਖੋਜਿ ਲਹੈ॥*
*ਗੁਰ ਸਮਾਨਿ ਤੀਰਥੁ ਨਹੀ ਕੋਇ॥*

*ਸਰੁ ਸੰਤੋਖੁ ਤਾਸੁ ਗੁਰੁ ਹੋਇ॥...*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੨੮)

ਮਨੁੱਖ ਨੂੰ ਜਦੋਂ ਸਮਝ ਪੈ ਜਾਂਦੀ ਹੈ ਕਿ ਗੁਰੂ ਦੇ ਸਮਾਨ ਕੋਈ ਤੀਰਥ ਨਹੀਂ, ਤਾਂ ਫਿਰ ਉਹ ਗੁਰੂ ਦੀ ਬਾਣੀ ਦੀ ਵਿਚਾਰ ਨੂੰ ਤੀਰਥ ਇਸਨਾਨ ਬਣਾ ਲੈਂਦਾ ਹੈ। ਗੁਰੂ ਦੀ ਵਿਚਾਰ ਕਰਦਿਆਂ ਉਹ ਪਰਮਾਤਮਾ ਨਾਲ ਇਕਮਿਕ ਹੋ ਜਾਂਦਾ ਹੈ। ਇਸ ਮਨੋਰਥ ਦੀ ਪ੍ਰਾਪਤੀ ਲਈ ਗੁਰਬਾਣੀ ਵਾਰ-ਵਾਰ ਮਨੁੱਖ ਨੂੰ ਪ੍ਰੇਰਿਤ ਕਰਦੀ ਹੈ :

*ਤੀਰਥ ਮਜਨੁ ਗੁਰ ਵੀਚਾਰਾ॥*
*ਅੰਤਰਿ ਪੂਜਾ ਥਾਨੁ ਮੁਰਾਰਾ॥*
*ਜੋਤੀ ਜੋਤਿ ਮਿਲਾਵਣਹਾਰਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੧)

ਭਾਈ ਗੁਰਦਾਸ ਜੀ 'ਅਠਸਠਿ ਤੀਰਥ' ਦੀ ਥਾਂ 'ਸਤਿਗੁਰ ਤੀਰਥ' ਇਸਨਾਨ ਲਈ ਜੀਵ ਨੂੰ ਪ੍ਰੇਰਨਾ ਦਿੰਦੇ ਹਨ। ਸਤਿਗੁਰ ਤੀਰਥ ਇਸਨਾਨ ਬਿਨ੍ਹਾਂ ਸੰਸਾਰਕ ਘੁੰਮਣ-ਘੇਰੀਆਂ ਵਿਚ ਪਿਆ ਮਨੁੱਖ ਭਰਮ ਮੁਕਤ ਨਹੀਂ ਹੋ ਸਕਦਾ, ਸਗੋਂ ਭੰਬਲ-ਭੂਸਿਆਂ ਵਿਚ ਫਸਿਆ ਰਹਿੰਦਾ ਹੈ। ਪੂਰਨ ਗੁਰੂ ਤੋਂ ਬਿਨ੍ਹਾਂ ਇਹ ਸੰਸਾਰ-ਸਾਗਰ ਤਰਿਆ ਨਹੀਂ ਜਾ ਸਕਦਾ :

*ਸਤਿਗੁਰੁ ਤੀਰਥੁ ਛਡਿ ਕੈ ਅਠਿਸਠਿ ਤੀਰਥ ਨਾਵਣ ਜਾਹੀ।*
*ਬਗੁਲ ਸਮਾਧਿ ਲਗਾਇ ਕੈ ਜਿਉ ਜਲ ਜੰਤਾ ਘੁਟਿ ਘੁਟਿ ਖਾਹੀ।...*
*ਮਨਮੁਖ ਭਰਮ ਨ ਉਤਰੈ ਭੰਭਲਭੂਸੇ ਖਾਇ ਭਵਾਹੀ।*
*ਗੁਰੁ ਪੂਰੇ ਵਿਣੁ ਪਾਰ ਨ ਪਾਹੀ॥*

(*ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ – ੧੫/੧੦)

## 9.8 ਸਾਰ

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਸਰੀਰਕ ਸੁੱਚਤਾ ਇਸਨਾਨ ਹੈ। ਭਾਰਤੀ ਧਰਮਾਂ ਵਿਚ ਇਸਨਾਨ ਦੀ ਵਿਸ਼ੇਸ਼ ਮਹਾਨਤਾ ਹੈ। ਗੁਰਬਾਣੀ ਅਨੁਸਾਰ ਇਸਨਾਨ ਦਾ ਸਬੰਧ ਤਨ ਅਤੇ ਮਨ ਦੋਹਾਂ ਨਾਲ ਹੈ। ਇਸਨਾਨ ਦਾ ਅੰਤਹਕਰਣ ਦੀ ਪਵਿਤਰਤਾ ਅਤੇ ਸ਼ਾਂਤੀ 'ਤੇ ਬਹੁਤ ਪ੍ਰਭਾਵ ਪੈਂਦਾ ਹੈ। ਸਿੱਖ ਵਿਸ਼ਵਾਸ ਅਨੁਸਾਰ ਇਸਨਾਨ ਕਰਕੇ ਪਰਮਾਤਮਾ ਦੀ ਸਿਫਤਿ ਸਾਲਾਹ ਕਰਨ ਨਾਲ ਮਨ ਅਤੇ ਤਨ ਅਰੋਗ ਹੋ ਜਾਂਦੇ ਹਨ। ਸਿੱਖ ਧਰਮ ਵਿਚ ਕੇਵਲ ਸਰੀਰਕ ਇਸਨਾਨ ਪ੍ਰਵਾਨ ਨਹੀਂ। ਸਿੱਖ ਨੇ ਮਨ ਦਾ ਇਸਨਾਨ ਵੀ ਕਰਨਾ ਹੈ। ਸਿੱਖ ਨੇ ਮਨ ਤੇ ਤਨ ਦੋਨਾਂ ਨੂੰ ਮੈਲ ਰਹਿਤ ਕਰਨਾ ਹੈ। ਬਾਹਰੀ, ਤਨ ਦਾ ਇਸਨਾਨ ਪਾਣੀ ਨਾਲ ਕੀਤਾ ਜਾਂਦਾ ਹੈ, ਜਦੋਂ ਕਿ ਮਨ ਦਾ ਇਸਨਾਨ, ਮਨ ਨੂੰ ਪਰਮਾਤਮਾ ਦੇ ਨਾਮ ਨਾਲ ਜੋੜ ਕੇ ਅਤੇ ਮਨ ਦੀ ਮੈਲ ਧੋ ਕੇ ਪਵਿਤਰ ਕਰਨਾ ਹੈ। ਇਸ ਕਰਕੇ ਗੁਰਬਾਣੀ ਵਿਚ ਕਈ ਥਾਈਂ 'ਨਾਮੁ ਤੇ ਇਸਨਾਨ' ਦਾ ਸੁਮੇਲ ਦ੍ਰਿੜ ਕਰਵਾਇਆ ਗਿਆ ਹੈ। ਗੁਰਸਿੱਖ ਨੂੰ ਅੰਮ੍ਰਿਤ ਵੇਲੇ ਉਠ ਕੇ ਅਕਾਲਪੁਰਖ ਦੀ ਭਗਤੀ ਕਰਕੇ ਇਸਨਾਨ ਕਰਨ ਦੀ ਤਾਕੀਦ ਹੈ। ਸਿੱਖ ਧਰਮ ਵਿਚ ਪੰਜ ਸਨਾਨਾ ਦੇ ਵਿਧਾਨ ਨੂੰ ਸਵੀਕਾਰ ਕੀਤਾ ਗਿਆ ਹੈ। ਸਰੀਰ ਦੇ ਅਸੁਵਸਥ ਹੋਣ ਦੀ ਸੂਰਤ ਵਿਚ; ਸਫ਼ਰ ਦੌਰਾਨ; ਪਾਣੀ ਦੀ ਕਮੀ ਕਾਰਨ ਜਾਂ ਫਿਰ ਸਰੋਵਰ ਵਿਚ ਵੀ ਪੰਜ ਸਨਾਨਾ ਕਰਨ ਦੀ ਰਵਾਇਤ ਪ੍ਰਚਲਿਤ ਹੈ। ਇਸ ਤੋਂ ਬਿਨਾਂ ਪਿੰਡੇ ਇਸਨਾਨ ਅਤੇ ਕੇਸੀ ਇਸਨਾਨ ਦਾ ਵੀ ਮਹੱਤਵ ਹੈ। ਇਸਨਾਨ ਸਬੰਧੀ ਬਕਾਇਦਾ ਨਿਯਮਾਂ ਦੀ ਪਾਲਣਾ ਕਰਨ ਦਾ ਵੀ ਆਦੇਸ਼ ਹੈ।

## 9.9 ਸਹਾਇਕ ਪੁਸਤਕ ਸੂਚੀ


1. ਅਰਜਨ ਸਿੰਘ (ਗਿਆਨੀ), *ਏਕ ਓਟ ਏਕੋ ਆਧਾਰੁ,* ਧਰਮ ਪ੍ਰਚਾਰ ਕਮੇਟੀ (ਸ਼੍ਰੋ.ਗੁ.ਪ੍ਰੰ.ਕਮੇਟੀ), ਸ੍ਰੀ ਅੰਮ੍ਰਿਤਸਰ, 1996.
2. ਸਰੂਪ ਸਿੰਘ ਅਲੱਗ, *ਗੁਰਬਾਣੀ ਸੰਕਲਪ,* ਅਲੱਗ ਸ਼ਬਦ ਯੁਗ ਚੈਰੀਟੇਬਲ ਟਰਸਟ, ਲੁਧਿਆਣਾ, 2003 (ਚੌਥੀ ਵਾਰ)।
3. ਹਰਿਭਜਨ ਸਿੰਘ, *ਗੁਰਮਤਿ ਵਿਆਖਿਆਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1985 (ਤੀਜੀ ਵਾਰ)।

4. ਕਰਤਾਰ ਸਿੰਘ (ਡਾ.), *ਗੁਰਮਤਿ ਦੇ ਮੂਲਿਕ ਸਿਧਾਂਤ,* ਗੁਰੂ ਨਾਨਕ ਪ੍ਰਚਾਰ ਸਭਾ, ਜਲੰਧਰ, 1978.
5. ਤਾਰਨ ਸਿੰਘ, *ਸਿੱਖ ਧਰਮ ਦੇ ਰਹਿਸ ਤੇ ਰਮਜ਼,* ਨਿਊ ਬੁੱਕ ਕੰਪਨੀ, ਜਲੰਧਰ, 1991.
6. ਜਸਵੰਤ ਸਿੰਘ ਨੇਕੀ, *ਗੁਰਮਤਿ ਮਨੋਵਿਗਿਆਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2009.
7. ਭਗਤ ਸਿੰਘ (ਗਿਆਨੀ), *ਕਥਾ ਉਪਦੇਸ਼ ਸਾਗਰ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2002 (ਪੰਜਵੀਂ ਵਾਰ)।
8. ਰਣਧੀਰ ਸਿੰਘ (ਭਾਈ), *ਗੁਰਮਤਿ ਬਿਬੇਕ,* ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 1999 (ਛੇਵੀਂ ਵਾਰ)।
9. Avtar Singh, *Ethics of The Sikhs,* Punjabi University, Patiala, 1996 (III[rd] edition).

## 9.10 ਅਭਿਆਸ ਲਈ ਪ੍ਰਸ਼ਨ

1. ਇਸਨਾਨ ਤੋਂ ਕੀ ਭਾਵ ਹੈ ?
2. ਇਸਨਾਨ ਦਾ ਅਰਥ, ਪਰਿਭਾਸ਼ਾ ਦਿਓ।
3. ਇਸਨਾਨ ਦੀਆਂ ਕਿਸਮਾਂ ਉਤੇ ਨੋਟ ਲਿਖੋ।
4. ਤੀਰਥ ਤੋਂ ਕੀ ਭਾਵ ਹੈ? ਤੀਰਥ ਇਸਨਾਨ ਦਾ ਕੀ ਮਹੱਤਵ ਹੈ ?
5. ਗੁਰਬਾਣੀ ਅਨੁਸਾਰ ਤੀਰਥ ਇਸਨਾਨ ਕੀ ਹੈ ?

## PROGRAMME: CERTIFICATE COURSE ON VALUE AND LEARNING OF SIKHISM

**COURSE: VALUES AND VIRTUES**

**SEMESTER-I**

---

**UNIT 10 – TRUTHFULLNESS**

---

**STRUCTURE**

**10.**0 ਉਦੇਸ਼

**10.**1 ਜਾਣ ਪਛਾਣ

**10.**2 ਸੱਚਾਈ : ਅਰਥ

**10.**3 ਸੱਚਾਈ : ਪਰਿਭਾਸ਼ਾ

**10.**4 'ਸੱਚਾਈ' ਦਾ ਸੋਮਾ : 'ਸਚੁ'

**10.**5 'ਸੱਚਾਈ' : ਧਾਰਮਿਕ ਆਧਾਰ

**10.**6 ਸੱਚਾਈ : ਸਮਾਜਿਕ ਆਧਾਰ

**10.**7 ਸੱਚਾਈ : ਨੈਤਿਕ ਆਧਾਰ

**10.**7.1 ਕਾਮ

**10.**7.2 ਕ੍ਰੋਧ

**10.**7.3 ਲੋਭ

**10.**7.4 ਮੋਹੁ

**10.**7.5 ਹੰਕਾਰ

**10.**7.6 ਝੂਠ

**10.**8 ਸੱਚਾਈ : ਪ੍ਰਾਪਤੀ ਦੇ ਸਾਧਨ

**10.**8.1 ਸੰਤੋਖ

**10.**8.2 ਗਿਆਨੁ

**10.**8.3 ਧਿਆਨੁ

**10.**8.4 ਦਇਆ

**10.**8.5 ਖਿਮਾ

**10.**9 ਸੱਚਾਈ : ਨਿਸ਼ਾਨੀਆਂ

**10.**10 ਸੱਚਾਈ : ਲਛਣ

**10.11** ਸਾਰ

**10.12** ਸਹਾਇਕ ਪੁਸਤਕ ਸੂਚੀ

**10.13** ਅਭਿਆਸ ਲਈ ਪ੍ਰਸ਼ਨ

## 10.0 ਉਦੇਸ਼

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁੱਖ-ਦੁੱਖ ਦੀ ਬਹੁਤ ਚਰਚਾ ਹੋਈ ਹੈ। ਗੁਰਬਾਣੀ ਵਿਚ ਗੁਰੂ ਸਾਹਿਬਾਨ ਕੇਵਲ ਪਰਲੋਕ ਦੇ ਸੁਖ ਦੀ ਹੀ ਗੱਲ ਹੀ ਨਹੀਂ ਕਰਦੇ, ਬਲਕਿ ਇਸ ਲੋਕ ਵਿਚਲੇ ਅਨੰਦਮਈ ਜੀਵਨ ਨੂੰ ਵੀ ਧਿਆਨ ਵਿਚ ਰੱਖਦੇ ਹਨ। ਗੁਰਬਾਣੀ ਮਨੁੱਖ ਨੂੰ ਇਸ ਲੋਕ ਵਿਚ ਬਤੀਤ ਕੀਤੇ ਜਾ ਰਹੇ ਜੀਵਨ ਨੂੰ ਸਫਲ ਕਰਨ ਦੀ ਪ੍ਰੇਰਨਾ ਦਿੰਦੀ ਹੈ। ਗੁਰਮਤਿ ਅਨੁਸਾਰ ਹਸਦਿਆਂ, ਖੇਡਦਿਆਂ ਅਤੇ ਪਹਿਣਦਿਆਂ, ਭਾਵ ਸੰਸਾਰਕ ਕੰਮ-ਧੰਦੇ ਕਰਦਿਆਂ ਮਨੁੱਖ ਦੀ ਮੁਕਤੀ ਹੋ ਸਕਦੀ ਹੈ। ਬਸ਼ਰਤੇ ਮਨੁੱਖ ਨੂੰ ਪਰਮਾਤਮਾ ਨਾ ਵਿਸਰੇ। ਮਨੁੱਖਾ ਜੀਵਨ ਦਾ ਅਰਥ ਕੇਵਲ ਧਨ-ਦੌਲਤ, ਐਸ਼ੋ-ਆਰਾਮ ਕਰਨਾ ਹੀ ਨਹੀਂ, ਸਗੋਂ ਮਨੁੱਖਾ ਜੀਵਨ ਨੂੰ ਸਫਲ ਕਰਨਾ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਮਨੁੱਖ ਆਪਣੇ ਜੀਵਨ ਵਿਚ 'ਸੱਚਾਈ' ਲੈ ਕੇ ਆਵੇ, ਭਾਵ 'ਸੱਚਾਈ' ਦੇ ਰਸਤੇ ਉਤੇ ਚਲੇ। ਜੀਵਨ ਦਾ ਆਧਾਰ ਜੇਕਰ 'ਸਚ' ਹੋਵੇ ਤਾਂ ਈਰਖਾ, ਛਲ-ਕਪਟ ਅਤੇ ਬੇਈਮਾਨੀ ਆਦਿ ਵਿਅਕਤੀ ਦੇ ਨੇੜੇ ਨਹੀਂ ਆ ਸਕਦੇ।

ਗੁਰਬਾਣੀ ਮਨੁੱਖ ਨੂੰ ਜੀਵਨ ਦਾ ਹਰ ਕਰਮ 'ਸੱਚਾਈ' ਆਧਾਰਿਤ ਕਰਨ ਦਾ ਉਪਦੇਸ਼ ਦਿੰਦੀ ਹੈ। ਪਰਮਾਤਮਾ ਨਾਲ ਮੇਲ ਕਰਨ ਪ੍ਰਾਪਤ ਕਰਨ ਦਾ ਇਹੋ ਇਕੋ-ਇਕ ਤਰੀਕਾ ਹੈ। 'ਸੱਚਾਈ' ਅਧਾਰਿਤ ਜੀਵਨ ਹੋਵੇ ਤਾਂ ਮਨੁੱਖ ਨੂੰ ਕੋਈ ਚਿੰਤਾ ਨਹੀਂ ਰਹਿੰਦੀ। ਮਸੁਚੇ ਧਰਮ 'ਸੱਚਾਈ' ਗ੍ਰਹਿਣ ਕਰਨ ਦਾ ਉਪਦੇਸ਼ ਦਿੰਦੇ ਹਨ। 'ਸੱਚਾਈ' ਨੂੰ ਜੀਵਨ ਵਿਚੋਂ ਮਨਫੀ ਕਰਕੇ ਮਨੁੱਖ ਪ੍ਰਭੂ ਤਕ ਪਹੁੰਚ ਨਹੀਂ ਕਰ ਸਕਦਾ। ਉਸ ਦੁਆਲੇ ਕੂੜ ਦੀ ਦੀਵਾਰ ਸਿਰਜੀ ਰਹਿੰਦੀ ਹੈ। ਮਨੁੱਖ ਜ਼ਿੰਦਗੀ ਦੇ ਮੁਖ ਉਦੇਸ਼ ਤੋਂ ਭਟਕ ਕੇ ਮੋਹ-ਮਾਇਆ ਦੇ ਚਕਰ ਵਿਚ ਫਸ ਜਾਂਦਾ ਹੈ।

'ਸੱਚਾਈ' ਦਾ ਸੰਬੰਧ 'ਕੀਮਤਾਂ' (values) ਨਾਲ ਹੈ। ਨੈਤਿਕ ਪੱਧਰ 'ਤੇ ਇਸ ਨੂੰ 'ਸਦਗੁਣਾਂ' (virtues) ਦੇ ਘੇਰੇ ਵਿਚ ਵੀ ਰਖਿਆ ਜਾਂਦਾ ਹੈ। ਇਸ ਨੂੰ ਨਿਰੋਲ ਦਰਸ਼ਨ (philosophy) ਦੇ ਸੰਦਰਭ ਵਿਚ ਸਮਝਣਾ ਜਟਿਲ ਕਾਰਜ ਹੈ। ਇਸ ਕਰਕੇ ਅਸੀਂ ਸੱਚਾਈ ਨੂੰ applied philosophy ਦੇ ਘੇਰੇ ਵਿਚ ਰਖ ਸਕਦੇ ਹਾਂ, ਕਿਉਂਕਿ 'ਸੱਚਾਈ' ਜੀਵਨ ਵਿਚ ਗ੍ਰਹਿਣ ਕਰਨ ਵਾਲੀ 'ਕੀਮਤ' ਹੈ। ਇਹ ਨਿਰੋਲ ਸਿਧਾਂਤ ਨਹੀਂ। ਇਸ ਪਾਠ ਵਿਚ ਅਸੀਂ 'ਸੱਚਾਈ' ਨੂੰ ਸਿੱਖ ਧਰਮ ਦੇ ਸੰਦਰਭ ਵਿਚ ਸਮਝਣ ਦਾ ਜਤਨ ਕਰਾਂਗੇ। ਸੱਚਾਈ ਦਾ ਘੇਰਾ, ਅਰਥ ਅਤੇ ਪਰਿਭਾਸ਼ਾ ਆਦਿ ਸਮਝ ਕੇ, ਇਸ ਦੇ ਧਾਰਮਿਕ, ਸਮਾਜਿਕ ਅਤੇ ਨੈਤਿਕ ਆਧਾਰ ਉਤੇ ਚਰਚਾ ਕੀਤੀ ਜਾਵੇਗੀ। ਇਸ ਦੇ ਨਾਲ ਹੀ ਸੱਚਾਈ ਦੀਆਂ ਨਿਸ਼!ਾਂਨੀਆਂ ਅਤੇ ਲਛਣਾਂ ਦੀ ਨਿਸ਼!ਾਂਨਦੇਹੀ ਕਰਨਾ ਵੀ ਇਸ ਪਾਠ ਦੀ ਸੀਮਾ ਵਿਚ ਰਹੇਗਾ।

## 10.1 ਜਾਣ ਪਛਾਣ

'ਸੱਚਾਈ', ਸਭ ਧਰਮਾਂ ਦਾ ਮੁਢਲਾ ਸਿਧਾਂਤ ਹੈ। ਸਮੁਚੀ ਧਾਰਮਿਕ ਪ੍ਰਕ੍ਰਿਆ 'ਸੱਚਾਈ' ਦੇ ਅਧਾਰ 'ਤੇ ਹੀ ਟਿਕੀ ਹੋਈ ਹੈ। ਸਾਰੇ ਧਰਮ ਇਕ ਅਧਿਆਤਮਿਕ ਪ੍ਰਕਾਸ਼ ਦੀ ਪ੍ਰਾਪਤੀ ਲਈ ਸਹਾਇਕ ਹਨ। ਬੇਸ਼ਕ, ਸਦੀਵੀ 'ਸਚੁ' ਤਕ ਪਹੁੰਚਣ ਲਈ ਵਖ-ਵਖ ਧਰਮਾਂ ਦੁਆਰਾ ਆਪੋ-ਆਪਣੇ ਮਾਰਗ ਦਰਸਾਏ ਗਏ ਹਨ, ਪਰੰਤੂ ਇਸ ਦਾ ਮਤਲਬ ਇਹ ਨਹੀਂ ਕਿ ਉਹ ਸਾਰੇ ਪੰਧ ਵਖੋ-ਵਖਰੀ ਮੰਜ਼ਿਲ 'ਤੇ ਪਹੁੰਚਾਉਂਦੇ ਹਨ। ਇਹ ਸਫਰ ਤਾਂ ਮਾਨੋ ਕੁਝ ਪੈਂਡਾ. ਤੈਅ ਕਰਕੇ ਕਿਸੇ ਇਕ ਨੁਕਤੇ 'ਤੇ ਆਪਸ ਵਿਚ ਮਿਲਦਾ ਹੋਵੇ। ਇਹ ਨੁਕਤਾ ਸਿਰਫ ਇਕ 'ਸਤਿ' (ਵਾਹਿਗੁਰੂ, ਅਕਾਲਪੁਰਖ) ਦਾ ਹੈ, ਜਿਸ ਦਾ ਅਨੁਭਵ ਕਰਨਾ ਸਮੁਚੇ ਧਰਮਾਂ ਦਾ ਕੇਂਦਰੀ ਉਪਦੇਸ਼ ਹੈ।

ਦੂਜੇ ਪਾਸੇ ਸੱਚਾਈ ਇਕ ਕੀਮਤ ਵੀ ਹੈ। ਕੀਮਤ-ਮੀਮਾਂਸਾ ਅਧੀਨ ਤਿੰਨ ਪ੍ਰਮੁਖ ਕੀਮਤਾਂ ਦਾ ਅਧਿਐਨ ਕੀਤਾ ਜਾਂਦਾ ਹੈ, ਸੱਚਾਈ (truthfullness), ਪਿਆਰ (love) ਅਤੇ ਸੁੰਦਰਤਾ (beauty)। ਸੱਚਾਈ ਇਨ੍ਹਾਂ ਤਿੰਨਾਂ ਵਿਚੋਂ ਮੁਢਲੀ ਕੀਮਤ ਹੈ। ਅਸਲ ਵਿਚ ਕੀਮਤਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ - ਅੰਦਰੂਨੀ ਤੇ ਬਾਹਰੀ। 'ਸੱਚਾਈ' ਜਦੋਂ ਕਿਸੇ ਚੀਜ਼ ਦਾ ਸਾਧਨ ਬਣਦੀ ਹੈ ਤਾਂ ਇਹ ਬਾਹਰੀ ਕੀਮਤ ਹੈ। ਇਸੇ ਤਰ੍ਹਾਂ ਸੱਚਾਈ ਜਦੋਂ ਮੰਜ਼ਿਲ ਬਣਦੀ ਹੈ ਤਾਂ ਇਹ ਅੰਦਰੂਨੀ ਕੀਮਤ ਹੋ ਨਿਬੜਦੀ ਹੈ।

ਸੱਚਾਈ ਮਨੁੱਖੀ ਸ਼ਖਸੀਅਤ ਨਾਲ ਜੁੜੀ ਹੋਈ ਹੈ, ਭਾਵ ਇਹ ਧਾਰਨ ਕਰਨ ਵਾਲੀ ਕੀਮਤ ਹੈ। ਇਸ ਦਾ ਸਬੰਧ ਕਿਸੇ ਜਾਤ, ਧਰਮ, ਮਜ਼ਹਬ, ਦੇਸ਼, ਸਮੇਂ ਅਤੇ ਸਥਾਨ ਨਾਲ ਨਹੀਂ। ਸੱਚਾਈ ਦਾ ਸਬੰਧ ਨੈਤਿਕ ਅਧਿਐਨ (normative studies) ਨਾਲ ਹੋਣ ਕਾਰਨ ਸਮੁਚੀਆਂ ਨੈਤਿਕ ਪ੍ਰਣਾਲੀਆਂ ਨੇ ਸੱਚਾਈ ਨੂੰ ਪ੍ਰਵਾਨ ਕੀਤਾ ਹੈ। ਦੂਜੇ ਸ਼ਬਦਾਂ ਵਿਚ ਇਹ ਪ੍ਰਤੀਮਾਣਕ ਅਧਿਐਨ (ਜੋ ਚਾਹੀਦਾ ਹੈ) ਨਾਲ ਸਬੰਧ ਰਖਦੀ ਹੈ। ਇਸ ਖੇਤਰ ਦੇ ਸਮੁਚੇ ਫਲਸਫੇ ਥੋੜ੍ਹੇ-ਬਹੁਤ ਵਖਰੇਵੇਂ ਨਾਲ ਸੱਚਾਈ ਨੂੰ ਆਪੋ-ਆਪਣੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦੇ ਹਨ, ਜਿਨ੍ਹਾਂ ਵਿਚ ਅੰਤਰ ਕੇਵਲ ਸ਼ਬਦਾਂ ਦਾ ਹੁੰਦਾ ਹੈ। ਭਾਵ ਇਹ ਸਭ ਰੇਖਕੀ (linear) ਪ੍ਰਬੰਧ ਅਧੀਨ ਵਿਚਾਰੇ ਜਾਂਦੇ ਹਨ। ਜਦੋਂ ਕਿ ਸੱਚਾਈ ਰੇਖਕੀ ਨਹੀਂ, ਸਿਧੀ ਚਲਣ ਵਾਲੀ ਧਾਰਾ ਨਹੀਂ। ਸੱਚਾਈ ਗੋਲ ਚਕਰੀ (circular) ਹੈ, ਜਿਸ ਦੇ ਸ਼ੁਰੂ ਅਤੇ ਖਤਮ ਹੋਣ ਦਾ ਨਿਸ਼ਚਿਤ ਬਿੰਦੂ ਹੈ।

ਸਿੱਖ ਧਰਮ ਵਿਚ ਸੱਚਾਈ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ। ਸੱਚਾਈ ਦਾ ਸਬੰਧ ਧਰਮ ਅਤੇ ਸਾਧਨਾ ਦੇ ਨਾਲ-ਨਾਲ ਸਮਾਜ ਅਤੇ ਨੈਤਿਕਤਾ ਨਾਲ ਵੀ ਹੈ। ਗੁਰਮਤਿ ਅਨੁਸਾਰ ਮਨੁੱਖ ਦੀ ਮਨੁੱਖ ਵਜੋਂ ਪਛਾਣ ਸੱਚਾਈ ਦੇ ਆਧਾਰ ਉਤੇ ਕੀਤੀ ਜਾਂਦੀ ਹੈ। ਬਾਹਰੀ ਤੌਰ ਉਤੇ ਸਚ, ਸੱਚਾਈ ਤੇ ਸਚਿਆਰ ਤਿੰਨ ਵਖ-ਵਖ ਕੀਮਤਾਂ ਪ੍ਰਤੀਤ ਜ਼ਰੂਰ ਹੁੰਦੀਆਂ ਹਨ, ਪਰੰਤੂ ਇਹ ਤਿੰਨੇ ਅੰਤਰ-ਸਬੰਧਿਤ ਹਨ। ਦੂਜੇ ਸ਼ਬਦਾਂ ਵਿਚ ਕੀਮਤ ਵਿੱਦਿਆ ਵਿਚ ਸਚ, ਸੱਚਾਈ ਤੇ ਸਚਿਆਰ ਵਖ-ਵਖ ਕੀਮਤਾਂ ਹਨ। ਇਸ ਸੰਦਰਭ ਵਿਚ ਸੱਚਾਈ ਨੂੰ ਸਿਧਾਂਤ ਅਤੇ ਦਰਸ਼ਨ (philosophy) ਦੇ ਸਬੰਧ ਵਿਚ ਸਮਝਿਆ ਜਾ ਸਕਦਾ ਹੈ। ਦਰਸ਼ਨ ਦਾ ਹਿਸਾ ਹੀ ਕੀਮਤ-ਮੀਮਾਂਸਾ ਹੈ। ਸਿਧਾਂਤਕ ਪੱਧਰ ਉਤੇ ਸੱਚਾਈ ਨੂੰ ਬਿੰਬ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਦਰਸ਼ਨ ਵਿਚ ਸੱਚਾਈ ਨੂੰ ਸੰਕਲਪ ਕਿਹਾ ਜਾਂਦਾ ਹੈ। ਇਥੇ ਸਾਡਾ ਸਬੰਧ ਸੱਚਾਈ ਨੂੰ ਸੰਕਲਪ ਦੇ ਪੱਧਰ ਉਤੇ ਸਮਝਣਾ ਨਹੀਂ, ਬਲਕਿ ਸਾਡਾ ਉਦੇਸ਼ ਸੱਚਾਈ ਨੂੰ ਕੀਮਤ (axiology) ਪਖੋਂ ਸਮਝਣਾ ਹੈ।

ਵਿਆਕਰਨਕ ਪਖ ਤੋਂ 'ਸਚੁ' ਬੇਸ਼ਕ ਨਾਂਵ (noun) ਹੈ, ਪਰੰਤੂ ਇਹ ਭਾਵਵਾਚੀ (abstract noun) ਨਾਂਵ ਹੈ। ਗੁਰਬਾਣੀ ਵਿਚ ਇਹ ਪਦ ਪਾਰਬ੍ਰਹਮ ਲਈ ਵਰਤਿਆ ਗਿਆ ਹੈ। ਇਸ ਦੇ ਨਾਲ ਦੂਜੀ ਕੀਮਤ 'ਸੱਚਾਈ' ਹੈ, ਜਿਹੜੀ ਕਿ ਵਿਆਕਰਨ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ਣ (adjective) ਹੈ। ਇਸੇ ਤਰ੍ਹਾਂ 'ਸਚਿਆਰ' ਇਕਲਾ ਨਾਂਵ (noun) ਹੈ, ਉਹ ਕੋਈ ਵਿਅਕਤੀ ਵਿਸ਼ੇਸ਼ ਹੈ, ਕੋਈ ਪਦ ਹੈ, ਕੋਈ ਅਹੁਦਾ ਹੈ। ਜਦੋਂ ਕਿ ਸਚੁ ਅਤੇ ਸੱਚਾਈ ਕੋਈ ਅਹੁਦੇ ਨਹੀਂ, ਕੀਮਤਾਂ ਹਨ। ਇਸ ਪ੍ਰਕਾਰ ਕੀਮਤਾਂ ਦੇ ਘੇਰੇ ਵਿਚੋਂ ਬੇਸ਼ਕ ਸਚਿਆਰ ਬ!ਾਹਰ ਨਿਕਲ ਜਾਂਦਾ ਹੈ, ਪਰੰਤੂ ਇਹ ਦੋਨੋਂ ਕੀਮਤਾਂ ਸਚਿਆਰ ਮਨੁੱਖ ਦੀਆਂ ਹੁੰਦੀਆਂ ਹਨ। ਸਚੁ ਦਾ ਸਬੰਧ ਜਿਸ ਤਰ੍ਹਾਂ ਬ੍ਰਹਮ ਅਥਵਾ ਅਕਾਲਪੁਰਖ ਨਾਲ ਹੈ, ਇਸੇ ਤਰ੍ਹਾਂ ਸੱਚਾਈ ਦਾ ਸਬੰਧ ਵਿਅਕਤੀ ਨਾਲ ਹੈ। ਦੂਜੇ ਸ਼ਬਦਾਂ ਵਿਚ ਕੀਮਤ ਦਾ ਸਬੰਧ ਮਨੁੱਖ ਨਾਲ ਹੁੰਦਾ ਹੈ, ਰਬ ਨਾਲ ਨਹੀਂ। ਇਸ ਲਈ ਕੇਂਦਰ ਵਿਚ ਸੱਚਾਈ ਰਹਿੰਦੀ ਹੈ, ਸਚ ਅਤੇ ਸਚਿਆਰ ਇਸ ਦੇ ਬਰਾਬਰ ਚਲਦੇ ਹਨ। ਇਸ ਤਰ੍ਹਾਂ ਹਥ ਵਿਚਲੇ ਪਾਠ ਦੇ ਅਧਿਐਨ-ਵਿਸ਼ੇ ਦੇ ਸੰਦਰਭ ਵਿਚ ਸੱਚਾਈ ਕੀਮਤ ਹੀ ਬਣ ਸਕਦੀ ਹੈ। ਸਿੱਖ ਧਰਮ ਵਿਚ ਮਿਲਦੇ 'ਸੱਚਾਈ' ਦੇ ਸਰੂਪ ਨੂੰ ਸਮਝਣ ਲਈ ਅਸੀਂ ਦੋਨੋਂ ਪਖਾਂ (ਸਚੁ ਅਤੇ ਸੱਚਾਈ) ਦੇ ਸੰਦਰਭ ਵਿਚ ਅਗੱਲੇ ਪੰਨਿਆਂ ਉਤੇ ਸਮਝਣ ਦਾ ਜਤਨ ਕਰਾਂਗੇ।

**10.2 ਸੱਚਾਈ : ਅਰਥ**

ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ 'ਸਚੁ' ਨੂੰ ਮੁਖ ਰੂਪ ਵਿਚ ਦੋ ਅਰਥਾਂ ਵਿਚ ਵਰਤਿਆ ਗਿਆ ਹੈ। ਇਕ, ਪਰਮਾਤਮਾ ਸੰਬੰਧੀ ਤੇ ਦੂਸਰਾ ਜੀਵ ਸੰਬੰਧੀ। ਪਹਿਲੇ ਅਨੁਸਾਰ, ਪਰਮਾਤਮਾ ਸੰਬੰਧੀ ਵਰਤੇ ਸਚੁ ਤੋਂ ਭਾਵ ਹੈ ਕਿ ਅਕਾਲਪੁਰਖ ਤਿੰਨੇ ਕਾਲਾਂ (ਭੂਤ, ਵਰਤਮਾਨ ਅਤੇ ਭਵਿਖ) ਵਿਚ ਸਚੁ ਸਰੂਪ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼* ਦੇ ਕਰਤਾ ਭਾਈ ਵੀਰ ਸਿੰਘ ਜੀ ਅਨੁਸਾਰ 'ਸਚੁ' ਸ਼ਬਦ ਸੰਸਕ੍ਰਿਤ ਦੇ ਸਤਜੰ ਸ਼ਬਦ ਤੋਂ ਬਣਿਆ ਹੈ, ਜਿਸ ਦੇ ਅਰਥ ਹਨ ਜੋ ਹੋਵੇ, ਵਜੂਦ ਵਾਲਾ, ਹੋਂਦ, ਸਚ ਬੋਲਣਾ ਆਦਿ।

ਦੂਜਾ, ਮਨੁੱਖ ਸੰਬੰਧੀ ਵਰਤੇ 'ਸਚ' ਤੋਂ ਭਾਵ ਸੱਚਾਈ ਹੈ, ਜਿਹੜੀ ਕਿ ਇਕ ਕੀਮਤ ਹੈ, ਜਿਸ ਨੂੰ ਜੀਵ ਨੇ ਸੰਸਾਰ ਵਿਚ ਰਹਿੰਦਿਆਂ ਆਪਣੇ ਜੀਵਨ ਵਿਚ ਧਾਰਨ ਕਰਨਾ ਹੈ। ਸੱਚਾਈ ਦਾ ਉਚਿਤ ਅਰਥ, ਜਿਸ ਲਈ ਪ੍ਰਮਾਣ ਦੀ ਲੋੜ ਨਾ ਹੋਵੇ, ਹੋ ਸਕਦਾ ਹੈ। ਸੱਚਾਈ ਧਾਰਨ ਕਰਨ ਨਾਲ ਮਨੁੱਖ ਨੂੰ ਜਿਥੇ ਪਰਮਾਤਮਾ ਦੇ ਦਰਬਾਰ ਵਿਚ ਸੋਭਾ ਮਿਲਦੀ ਹੈ, ਉਥੇ ਜਗਤ ਵਿਚ ਵੀ ਉਸ ਨੂੰ ਸੋਭਾ ਤੇ ਮਾਣ ਪ੍ਰਾਪਤ ਹੁੰਦਾ ਹੈ, ਭਾਵ ਲੋਕ ਤੇ ਪ੍ਰਲੋਕ ਵਿਚ ਸਦਾ ਜੈ-ਜੈਕਾਰ ਹੁੰਦੀ ਹੈ।

ਉਕਤ ਸੰਦਰਭ ਵਿਚ ਤੀਜਾ ਸ਼ਬਦ ਸਚਿਆਰ ਹੈ। 'ਸਚਿਆਰ', 'ਸਚੁ' ਵਰਗਾ ਹੋ ਜਾਣ ਦੀ ਅਵਸਥਾ ਹੈ। 'ਸਚਿਆਰ' ਦਾ ਸੁਭਾਅ ਜਾਂ ਵਤੀਰਾ ਉਹ ਹੀ ਹੈ ਜੋ 'ਸਚੁ' ਦਾ ਹੈ। 'ਸਚੁ' ਪਾਰਬ੍ਰਹਮ ਦਾ ਸਰੂਪ ਹੈ। 'ਸਚਿਆਰ' ਸਦਾ ਅਕਾਲਪੁਰਖ ਦਾ ਉਪਾਸ਼ਕ ਹੈ। 'ਸਚਿਆਰ' ਸਦਾ 'ਕਰਤਾ ਪੁਰਖ' ਵਾਂਗ ਕਰਤਾਰੀ (Creative) ਰਹਿੰਦਾ ਹੈ। ਉਹ ਸਦਾ ਕੁਝ ਉਸਾਰਦਾ ਹੈ, ਖਤਮ ਕਰਨਾ ਜਾਂ ਨਾਸ਼ ਕਰਨਾ, ਉਸ ਦਾ ਕਰਤਵ ਨਹੀਂ ਹੋ ਸਕਦਾ। ਉਸ ਦੀ ਸੋਚ, ਬੋਲ ਅਤੇ ਕਰਮ ਉਸਾਰੂ ਹੁੰਦੇ ਹਨ। ਸਚਿਆਰ ਵਿਅਕਤੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਮੁਖਿ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬ੍ਰਹਮਗਿਆਨੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਕਿਹਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਅਕਤੀ ਦਾ ਪਰਮ ਉਦੇਸ਼ 'ਸਚਿਆਰ' ਬਣਨਾ ਦਰਸਾਇਆ ਹੈ, ਅਥਵਾ ਜੀਵ ਨੂੰ 'ਸਚੁ' ਅਨੁਸਾਰੀ ਆਪਣਾ ਜੀਵਨ ਢਾਲਣ ਦੀ ਤਾਕੀਦ ਕੀਤੀ ਗਈ ਹੈ, ਪਰੰਤੂ ਅਜਿਹਾ ਕਿਵੇਂ ਹੋਵੇ, ਇਹ ਸਵਾਲ ਗੁਰੂ ਸਾਹਿਬ ਆਪ ਹੀ ਕਰਕੇ ਇਸ ਦਾ ਜਵਾਬ ਵੀ ਖੁਦ ਦਿੰਦੇ ਹਨ ਕਿ ਪਰਮਾਤਮਾ ਦੇ ਹੁਕਮ ਵਿਚ ਚਲਣ ਨਾਲ ਜੀਵ ਸਚਿਆਰਾ ਬਣ ਸਕਦਾ ਹੈ :

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥*

ਗੁਰੂ ਸਾਹਿਬ ਦਸਦੇ ਹਨ ਕਿ ਸਚੇ ਇਨਸਾਨ ਸੱਚਾਈ ਇਕਠੀ ਕਰਦੇ ਹਨ, ਕਿਉਂਕਿ ਸਚਾ ਨਾਮ ਅਣਮੋਲ ਹੈ :

*ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ॥*

ਸੱਚਾਈ ਦੇ ਸਮਾਨਰਥੀ ਕੋਈ ਸ਼ਬਦ ਨਹੀਂ, ਪਰੰਤੂ ਇਸ ਦੇ ਨੇੜਲੇ ਕੁਝ ਸ਼ਬਦ ਜ਼ਰੂਰ ਮਿਲਦੇ ਹਨ, ਜਿਵੇਂ ਇਮਾਨਦਾਰੀ ਅਤੇ ਨਿਆਇਸ਼ੀਲਤਾ। ਇਸ ਦੇ ਵਿਰੋਧ ਵਿਚ ਝੂਠ, ਬੇਈਮਾਨੀ ਅਤੇ ਅਨਿਆਂ ਸ਼ਬਦ ਮਿਲਦੇ ਹਨ।

**10.3 ਸੱਚਾਈ : ਪਰਿਭਾਸ਼ਾ**

ਇੰਗੱਲੈਂਡ ਦਾ ਪ੍ਰਸਿਧ ਕਵੀ ਮਿਲਟਨ, 'ਸੱਚਾਈ' ਨੂੰ ਪਰਿਭਾਸ਼ਿਤ ਕਰਦਾ ਹੋਇਆ ਕਹਿੰਦਾ ਹੈ : *Truth is as impossible to be soiled by an outward touch as the sun-beam.* ਭਾਵ, ਸੱਚਾਈ ਨੂੰ ਕਿਸੇ ਵੀ ਬਾਹਰੀ ਵਸਤੂ ਨਾਲ ਮੈਲਾ ਕਰਨਾ ਉਸੇ ਤਰ੍ਹਾਂ ਅਸੰਭਵ ਹੈ ਜਿਵੇਂ ਕਿ ਸੂਰਜ ਦੀ ਕਿਰਨ ਨੂੰ। ਸ਼ੈਕਸਪੀਅਰ, ਸੰਸਾਰ ਪ੍ਰਸਿਧ ਮਨੋ-ਵਿਗਿਆਨੀ ਤੇ ਮਹਾਨ ਨਾਟਕ-ਕਾਰ ਵੀ ਇਸ ਹਕੀਕਤ (ਸੱਚਾਈ) ਨੂੰ ਇਉਂ ਹੀ ਪੇਸ਼ ਕਰਦਾ ਹੈ : *Truth is truth to the end of reckoning.* ਭਾਵ, ਸੱਚਾਈ ਪਰਲੋ ਤਕ ਸੱਚਾਈ ਹੀ ਰਹੇਗੀ।

**10.4 'ਸੱਚਾਈ' ਦਾ ਸੋਮਾ : 'ਸਚੁ'**

ਸਿੱਖ ਧਰਮ ਵਿਚ ਮਿਲਦੇ ਸੱਚਾਈ ਦੇ ਸਰੂਪ ਬਾਰੇ ਅਸੀਂ ਭੂਮਿਕਾ ਵਿਚ ਸਮਝਿਆ ਹੈ ਕਿ ਸੱਚਾਈ ਇਕ ਕੀਮਤ ਹੈ, ਜਿਸ ਦਾ ਮੁਢਲਾ ਸਬੰਧ 'ਸਚੁ' ਨਾਲ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ 'ਸਚੁ' ਤੋਂ ਭਾਵ ਸਦੀਵੀ ਹੋਂਦ ਹੈ, ਜਿਸ ਨੂੰ ਗੁਰੂ ਸਾਹਿਬ ਨੇ ਆਦਿ-ਜੁਗਾਦਿ 'ਸਚੁ' ਕਿਹਾ ਹੈ :

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*

ਗੁਰਬਾਣੀ ਵਿਚ 'ਸਚੁ' ਦਾ ਅਨੇਕਾਂ ਵਾਰ ਜ਼ਿਕਰ ਆਇਆ ਹੈ। ਆਮ ਲੋਕ ਇਸ ਸ਼ਬਦ ਦਾ ਮਤਲਬ ਸਚ ਬੋਲਣ ਨਾਲ ਜੋੜਦੇ ਹਨ, ਜਿਹੜਾ ਕਿ ਠੀਕ ਨਹੀਂ। 'ਸਚੁ' ਸ਼ਬਦ ਦੇ ਆਮ ਤੌਰ 'ਤੇ ਗੁਰਬਾਣੀ ਵਿਚੋਂ ਪ੍ਰਕਾਸ਼ਮਾਨ ਹੋਣ ਵਾਲੇ ਅਰਥ 'ਸਤਿਪੁਰਖ' ਹਨ। ਸਤਿਪੁਰਖ ਜੋ ਸਭ ਦਾ ਕਰਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ:

*ਨਾਨਕ ਸਾਚੇ ਕਉ ਸਚੁ ਜਾਣੁ॥*

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ 'ਸਚੁ' ਚੇਤੰਨ ਵਜੂਦ ਵਾਲਾ ਹੈ, ਪਰ ਇਹ ਅਨਾਦਿ ਤੇ ਬੇਅੰਤ ('ਸਚੁ') ਸਚੇ ਮਾਲਕ ਕਰਤਾ ਪੁਰਖ ਦਾ ਹੀ ਨਾਮ ਹੈ, ਜਿਸ ਨੂੰ 'ਸਤਿਨਾਮੁ' ਵੀ ਕਿਹਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸਚਾ ਸਾਹਿਬ ਸਿਰਫ ਇਕ ਅਕਾਲਪੁਰਖ ਵਾਹਿਗੁਰੂ ਹੈ, ਜਿਸ ਨੇ ਨਿਰੋਲ ਸਚ ਵਰਤਾਇਆ ਹੈ :

*ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੭)

'ਸਚੁ' ਕੁਲ ਸ੍ਰਿਸ਼ਟੀ ਦਾ ਸਚ ਹੈ। ਇਹ ਮਨ, ਬਚ, ਕਰਮ ਦੁਆਰਾ ਪ੍ਰਗਟ ਕੀਤਾ ਸਚ ਹੈ। ਗੁਰੂ ਸਾਹਿਬ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਅਕਾਲਪੁਰਖ ਐਸਾ 'ਸਤਯ' ਹੈ ਜਿਸ ਦੇ ਤਾਣ, ਭਾਵ ਜ਼ੋਰ ਕਰਕੇ ਹੋਰ ਸਾਰੇ 'ਸਚ' ਹਨ। ਗੁਰ ਵਾਕ :

*ਸਚੈ ਸਭਿ ਤਾਣਿ ਸਚੈ ਸਭਿ ਜੋਰਿ॥*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਗੱਲ ਵੀ ਸਪਸ਼ਟ ਕੀਤੀ ਹੈ ਕਿ 'ਸਚੁ' ਨੂੰ ਧਿਆਉਣ ਵਾਲੇ, ਭਾਵ ਅਕਾਲਪੁਰਖ ਦੀ ਅਰਾਧਨਾ ਕਰਨ ਵਾਲੇ ਵੀ ਸਚੇ ਹਨ :

*ਨਾਨਕ ਸਚੁ ਧਿਆਇਨਿ ਸਚੁ॥*

ਸ੍ਰੀ ਗੁਰੂ ਰਾਮਦਾਸ ਜੀ ਦਸਦੇ ਹਨ ਕਿ ਜਿਹੜੇ ਮਨੁੱਖ ਮਨ ਅਤੇ ਤਨ ਕਰਕੇ 'ਸਚੁ' (ਪਰਮਾਤਮਾ) ਦੀ ਯਾਦ ਵਿਚ ਸੁਰਤਿ ਜੋੜਦੇ ਹਨ, ਉਹ ਸਚੇ ਦੀ ਦਰਗਾਹ ਵਿਚ ਪਹੁੰਚ ਜਾਂਦੇ ਹਨ। ਪਰੰਤੂ 'ਸਚੁ' ਦੀ ਦਰਗਾਹ ਵਿਚ ਉਹ ਹੀ ਪਹੁੰਚਦੇ ਹਨ ਜਿਹੜੇ 'ਸਚੁ' ਨੂੰ ਪਛਾਣ ਲੈਂਦੇ ਹਨ, ਸਚੁ ਦੀ ਪੂੰਜੀ ਨਾਲ ਸੰਸਾਰ ਦੀ ਬ!ਾਂਜ਼ੀ ਜਿਤ ਲੈਂਦੇ ਹਨ :

*ਸਚਿ ਰਤੇ ਸੇ ਜਿਣਿ ਗਏ ਹਉ ਸਦ ਬਲਿਹਾਰੈ ਜਾਸੁ॥*

'ਸਚੁ' ਨੂੰ ਜਾਣਨ ਨਾਲ ਜੀਵ ਸਦਾ ਸੁਖ ਭੋਗਦਾ ਹੈ ਤੇ ਉਸਦੇ ਅੰਦਰ ਅਨੰਦ ਬਣਿਆ ਰਹਿੰਦਾ ਹੈ। ਇਸ ਲਈ ਗੁਰੂ ਸਾਹਿਬ ਮਨੁੱਖ ਨੂੰ ਸਚੇ ਨਾਲ ਸੁਰਤਿ ਜੋੜਨ ਦੀ ਸਿਖਿਆ ਦਿੰਦੇ ਹਨ, ਕਿਉਂਕਿ ਸਚੇ ਨਾਲ ਸੁਰਤਿ ਜੋੜ ਕੇ ਹੀ ਜੀਵ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਸਕਦਾ ਹੈ ਤੇ ਮੁਕਤ ਜੀਵ ਨੂੰ ਹੀ 'ਸਚੁ' ਦੀ ਪ੍ਰਾਪਤੀ ਹੋ ਸਕਦੀ ਹੈ। ਪਰਮਾਤਮਾ ਦੀ ਮਿਹਰ ਸਦਕਾ ਮਨੁੱਖ ਨੂੰ 'ਸਚੁ' ਦੀ ਸੋਝੀ ਹੁੰਦੀ ਹੈ :

*ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ॥*

ਪਰਮਾਤਮਾ ਦੀ ਬਖਸ਼ਿਸ਼ ਸਦਕਾ ਹੀ ਸਚੁ ਦਾ ਬੋਧ ਜੀਵ ਨੂੰ ਹੰਦਾ ਹੈ। ਅਜਿਹੀ ਬਖਸ਼ਿਸ਼ ਦੀ ਬਰਕਤ ਸਦਕਾ ਹੀ ਮਨੁੱਖ ਸਚੁ ਦੀ ਕਮਾਈ ਕਰਦਾ ਹੈ :

*ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨ੍ਹੀ ਸਚੁ ਕਮਾਇਆ॥*
*ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ ਕੈ ਹਿਰਦੈ ਸਚੁ ਵਸਾਇਆ॥*

**10.5 'ਸੱਚਾਈ' : ਧਾਰਮਿਕ ਆਧਾਰ**

'ਸੱਚਾਈ' ਦਾ ਧਾਰਮਿਕ ਵਰਤਾਰਾ ਮਨੁੱਖ ਦੇ ਪਰਮ ਉਦੇਸ਼ (*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ*) ਨਾਲ ਜੁੜਿਆ ਹੋਇਆ ਹੈ। 'ਸੱਚਾਈ' ਉਹ ਹੀ ਹੈ, ਜੋ ਮਨੁੱਖੀ ਕਰਤਵ ਵਿਚੋਂ ਪਰਗਟ ਹੁੰਦੀ ਹੈ। ਭਾਵ ਜਦੋਂ ਮਨੁੱਖ ਦੂਜੇ ਮਨੁੱਖ ਨੂੰ ਪਿਆਰ ਕਰਦਾ ਹੈ, ਉਹ ਨਿਆਂ ਲਈ ਲੜਦਾ-ਮਰਦਾ ਹੈ। 'ਸੱਚਾਈ' ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੇ ਭੈਅ ਤੇ ਡਰ ਦੂਰ ਕਰਕੇ ਨਿਡਰਤਾ ਦਾ ਗੁਣ ਧਾਰਨ ਕਰਦਾ ਹੈ ਅਤੇ ਗੁਰੂ ਦੇ ਸ਼ਬਦ/ਪਰਮਾਤਮਾ ਦੇ ਹੁਕਮ ਵਿਚ ਜੁੜਿਆ ਰਹਿੰਦਾ ਹੈ :

*ਮਨ ਰੇ ਸਚੁ ਮਿਲੈ ਭਉ ਜਾਇ॥*
*ਭੈ ਬਿਨੁ ਨਿਰਭਉ ਕਿਉ ਥੀਐ ਗੁਰਮੁਖਿ ਸਬਦਿ ਸਮਾਇ॥*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਇਲਾਹੀ 'ਹੁਕਮ' ਮਨੁੱਖ ਅਤੇ ਕੁਦਰਤਿ ਦੋਹਾਂ ਵਿਚ ਨਿਰੰਤਰ ਵਰਤ ਰਿਹਾ ਹੈ। ਉਸਦੀ ਰਜ਼ਾ ਵਿਚ ਜਿਹੜੇ ਵਿਅਕਤੀ ਆਪਣੇ ਆਪ ਨੂੰ ਸਮਰਪਿਤ ਕਰ ਦਿੰਦੇ ਹਨ, ਉਨ੍ਹਾਂ ਦਾ ਜਿਉਣਾ ਸੱਚਾਈ-ਭਰਪੂਰ ਹੋ ਜਾਂਦਾ ਹੈ। ਇਸ ਤਰ੍ਹਾਂ ਦਾ ਮਨੁੱਖ 'ਸਚੇ' ਪਰਮਾਤਮਾ ਨਾਲ ਰਤਿਆ ਜਾਂਦਾ ਹੈ ਅਤੇ ਉਸਨੂੰ ਆਵਾਗਉਣ ਤੋਂ ਮੁਕਤੀ ਮਿਲ ਜਾਂਦੀ ਹੈ :

*ਸਚੇ ਸੇਤੀ ਰਤਿਆ ਜਨਮੁ ਨ ਦੂਜੀ ਵਾਰ ਜੀਉ॥*

ਗੁਰਮਤਿ ਅਨੁਸਾਰ ਸੱਚਾਈ 'ਤੇ ਚਲਣ ਨਾਲ ਪਰਮਾਤਮਾ ਦੀ ਨੇੜਤਾ ਪ੍ਰਾਪਤ ਹੁੰਦੀ ਹੈ। ਮਨ ਦੇ ਸਾਰੇ ਸੰਕਲਪ-ਵਿਕਲਪ ਤਿਆਗ ਕੇ ਅਤੇ ਚਿਤ ਜੋੜ ਕੇ ਪਰਮਾਤਮਾ ਦੀ ਭਗਤੀ ਕਰਨ ਨਾਲ 'ਸਚੇ' ਤਕ ਸਹਿਜੇ ਹੀ ਰਸਾਈ ਹੋ ਸਕਦੀ ਹੈ :

*ਭਗਤਿ ਕਰਿ ਚਿਤੁ ਲਾਇ ਹਰਿ ਸਿਉ ਛੋਡਿ ਮਨਹੁ ਅੰਦੇਸਿਆ॥*
*ਸਚੁ ਕਹੈ ਨਾਨਕੁ ਚੇਤਿ ਰੇ ਮਨ ਜੀਅੜਿਆ ਪਰਦੇਸੀਆ॥*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਦੇ ਕਰਤਾ ਭਾਈ ਸੰਤੋਖ ਸਿੰਘ ਜੀ ਵੀ ਸੱਚਾਈ-ਪ੍ਰਾਪਤੀ ਦਾ ਢੰਗ ਸਿਖਾਉਂਦੇ ਹੋਏ ਕਹਿੰਦੇ ਹਨ ਕਿ ਮਨੁੱਖ ਨੂੰ ਕੰਨਾਂ ਦੁਆਰਾ ਝੂਠ ਨਹੀਂ ਸੁਣਨਾ ਚਾਹੀਦਾ ਹੈ ਅਤੇ ਨਾ ਹੀ ਮੁਖ ਤੋਂ ਝੂਠ ਬੋਲਣਾ ਚਾਹੀਦਾ ਹੈ। ਉਸਦਾ ਝੂਠ ਨਾਲ ਪਿਆਰ ਨਹੀਂ ਹੋਣਾ ਚਾਹੀਦਾ। ਝੂਠ ਤੋਂ ਦੂਰ ਰਹਿਣ ਲਈ ਮਨੁੱਖ ਨੂੰ ਸਤਿਸੰਗ ਵਿਚ ਜਾ ਕੇ ਸੱਚਾਈ ਦੀ ਕਮਾਈ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਮਨੁੱਖ ਦਾ ਸਚ ਨਾਲ ਪਿਆਰ ਪੈ ਜਾਂਦਾ ਹੈ। ਸਚ ਹਿਰਦੇ ਵਿਚ ਧਾਰਨ ਕਰਨ ਨਾਲ ਮਨੁੱਖ ਦਾ ਬਾਹਰੀ ਪ੍ਰਗਟਾਵਾ, ਭਾਵ ਵਿਹਾਰਕ ਰੂਪ ਵੀ ਸਚਾ ਹੋ ਜਾਵੇਗਾ। ਅਜਿਹੇ ਮਨੁੱਖ ਦੇ ਬੋਲਾਂ ਵਿਚ ਛਲ-ਕਪਟ ਨਹੀਂ ਹੁੰਦਾ, ਉਹ ਸਚ ਹੀ ਬੋਲਦਾ ਹੈ। ਉਸ ਦੀ ਉਪਜੀਵਕਾ (ਕਿਰਤ) ਵੀ ਸੱਚ ਅਧਾਰਿਤ ਹੁੰਦੀ ਹੈ, ਭਾਵ ਮਨੁੱਖ ਸੱਚੀ-ਸੁੱਚੀ ਕਿਰਤ ਕਰਦਾ ਹੈ। ਐਸਾ ਮਨੁੱਖ ਪਖੰਡ ਤੋਂ ਰਹਿਤ ਹੁੰਦਾ ਹੈ :

*ਸੁਨੈ ਨ ਝੂਠ ਨ ਮੁਖ ਤੇ ਕਹੈ।*
*ਸੰਗ ਝੂਠ ਕੇ ਪ੍ਰੀਤਿ ਨ ਗਹੇ।*
*ਸਤਿਸੰਗੀ ਹੋਇ ਸਾਚੁ ਕਮਾਵੈ।*
*ਸੰਗ ਸਾਚ ਕੇ ਪ੍ਰੀਤਿ ਵਧਾਵੈ।*
*ਸਚ ਉਰ ਧਰਹਿ ਮਰਯਾਦਾ ਸਾਚੀ।*
*ਛਲ ਬਿਨੁ ਹੋਵੈ ਸਾਚਉ ਬ!ਾਂਚੀ।*
*ਸਚ ਕੇ ਸੰਗ ਜੀਵਕਾ ਜੋਈ।*
*ਤਿਸ ਕੋ ਕਰੈ ਦੰਭ ਬਿਨ ਹੋਈ।*

## 10.6 ਸੱਚਾਈ : ਸਮਾਜਿਕ ਆਧਾਰ

ਸੱਚਾਈ ਦਾ ਸਮਾਜਿਕ ਆਧਾਰ ਨਿਆਂ ਨਾਲ ਜੁੜਿਆ ਹੋਇਆ ਹੈ। 'ਮਹਾਨ ਕੋਸ਼' ਅਨੁਸਾਰ 'ਨਿਆਂ' ਸ਼ਬਦ ਦੇ ਅਰਥ ਇਨਸਾਫ਼, ਅਦਲ ਆਦਿ ਹਨ। ਸੱਚਾਈ ਨੂੰ ਦਬਾਉਣਾ ਅਨਿਆਂ ਹੈ। ਅਨਿਆਂ ਸਬੰਧੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਨਿਆਂ-ਪ੍ਰਬੰਧ ਤੋਂ ਸਾਫ ਝਲਕ ਮਿਲਦੀ ਹੈ। ਗੁਰੂ ਸਾਹਿਬ ਦੇ ਸਮਕਾਲ ਦਾ ਨਿਆਂ-ਪ੍ਰਬੰਧ ਐਨਾ ਵਿਗੜ ਚੁਕਾ ਸੀ ਕਿ ਕਾਜ਼ੀ ਨਿਆਂ ਕਰਨ ਲਈ ਬੈਠ ਤਾਂ ਜਾਂਦਾ ਸੀ, ਪਰੰਤੂ ਦਿਖਾਵੇ ਦੀ ਮਾਲਾ ਫੇਰ ਕੇ ਨਿਆਂ ਕਰਨ ਦੀ ਬਜਾਇ ਰਿਸ਼ਵਤ ਲੈ ਕੇ ਬੇਇਨਸਾਫੀ ਕਰਦਾ ਸੀ। ਵਢੀ ਲੈ ਕੇ ਉਹ ਇਕ ਧਿਰ ਦੇ ਹਕ ਵਿਚ ਫੈਸਲਾ ਦਿੰਦਾ ਸੀ:

*ਕਾਜੀ ਹੋਇ ਕੈ ਬਹੈ ਨਿਆਇ॥*
*ਫੇਰੇ ਤਸਬੀ ਕਰੇ ਖੁਦਾਇ॥*
*ਵਢੀ ਲੈ ਕੈ ਹਕੁ ਗਵਾਏ॥*
*ਜੇ ਕੋ ਪੁਛੈ ਤਾ ਪੜਿ ਸੁਣਾਏ॥*

ਗੁਰਬਾਣੀ ਦੀ ਦ੍ਰਿਸ਼ਟੀ ਵਿਚ ਸਭ ਤੋਂ ਵੱਡਾ ਰਾਜਾ ਖੁਦ ਪਰਮਾਤਮਾ ਹੈ ਅਤੇ ਉਸਦਾ ਨਿਆਂ ਹੀ ਸਚਾ ਹੈ :

*ਤਿਸੁ ਬਿਨੁ ਅਵਰੁ ਨ ਕੋਈ ਰਾਜਾ ਕਰਿ ਤਪਾਵਸੁ ਬਣਤ ਬਣਾਈ॥*
*ਨਿਆਉ ਤਿਸੈ ਕਾ ਹੈ ਸਦ ਸਾਚਾ ਵਿਰਲੇ ਹੁਕਮੁ ਮਨਾਈ॥*

ਇਕ ਗੱਲ ਬੜੀ ਸਪਸ਼ਟ ਹੈ ਕਿ ਕੇਵਲ ਤੇ ਕੇਵਲ ਅਕਾਲਪੁਰਖ ਵਾਹਿਗੁਰੂ ਹੀ ਸਚਾ ਹੈ, ਉਸਦਾ ਤਖਤ (ਸਥਾਨ) ਸਚਾ ਹੈ ਅਤੇ ਉਹ ਹਮੇਸ਼ਾ ਹੀ ਸਚਾ ਨਿਆਂ ਕਰਦਾ ਹੈ :

*ਸਚਾ ਆਪਿ ਤਖਤੁ ਸਚਾ ਬਹਿ ਸਚਾ ਕਰੇ ਨਿਆਉ॥*

ਅਕਾਲਪੁਰਖ ਆਪਣੇ ਨਿਆਂ ਵਿਚ ਸਚੋ-ਸਚ ਨਿਬੇੜਾ ਕਰਦਾ ਹੈ। ਉਸਦੀ ਦ੍ਰਿਸ਼ਟੀ ਵਿਚ ਕੋਈ ਅਮੀਰ-ਗਰੀਬ, ਵੱਡਾ-ਛੋਟਾ, ਤਕੜਾਂ.-ਮਾੜਾਂ. ਨਹੀਂ ਹੁੰਦਾ, ਸਭ ਬਰਾਬਰ ਹੁੰਦੇ ਹਨ। ਅਕਾਲਪੁਰਖ ਦਾ ਇਕ ਵਿਸ਼ੇਸ਼ ਗੁਣ ਅੰਤਰਯਾਮਤਾ ਹੈ। ਉਹ ਬਿਨਾਂ ਦਸੇ ਸਭ ਜਾਣਦਾ ਹੈ :

*ਤਹ ਸਾਚ ਨਿਆਇ ਨਿਬੇਰਾ॥*
*ਊਹਾ ਸਮ ਠਾਕੁਰੁ ਸਮ ਚੇਰਾ॥*

*ਅੰਤਰਜਾਮੀ ਜਾਨੈ॥*
*ਬਿਨੁ ਬੋਲਤ ਆਪਿ ਪਛਾਨੈ॥*

ਅਕਾਲਪੁਰਖ ਜਦੋਂ ਨਿਆਂ ਕਰਦਾ ਹੈ ਤਾਂ ਸਾਰੇ ਝੂਠੇ ਵਿਅਕਤੀ ਇਕ ਪਾਸੇ ਹੋ ਜਾਂਦੇ ਹਨ ਅਤੇ ਸਚਿਆਰ ਮਨੁੱਖਾਂ ਨੂੰ ਵਡਿਆਈ ਮਿਲਦੀ ਹੈ :

*ਹਰਿ ਆਪਿ ਬਹਿ ਕਰੇ ਨਿਆਉ ਕੂੜਿਆਰ ਸਭ ਮਾਰਿ ਕਢੋਇ॥*
*ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ॥*

## 10.7 ਸੱਚਾਈ : ਨੈਤਿਕ ਆਧਾਰ

ਸੱਚਾਈ ਦਾ ਤੀਜਾ ਆਧਾਰ ਨੈਤਿਕਤਾ ਹੈ। ਨੈਤਿਕ ਕਤਰਾਂ-ਕੀਮਤਾਂ ਦਾ ਸੱਚਾਈ ਗ੍ਰਹਿਣ ਕਰਵਾਉਣ ਵਿਚ ਵਡਮੁਲਾ ਯੋਗਦਾਨ ਹੁੰਦਾ ਹੈ। ਗੁਰਬਾਣੀ ਅਨੁਸਾਰ ਸੰਸਾਰ ਵਿਚ ਸਰਵ-ਸ੍ਰੇਸ਼ਟ ਚੀਜ਼ 'ਸਚੁ ਆਚਾਰੁ', ਭਾਵ ਸਚਾ ਆਚਰਣ ਹੈ :

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥*

ਮਨੁੱਖ ਦਾ ਸਚਾ-ਸੁਚਾ ਆਚਰਣ ਤਾਂ ਹੀ ਰਹਿ ਸਕਦਾ ਹੈ ਜੇਕਰ ਉਹ ਵਿਕਾਰਾਂ ਨੂੰ ਨਿਯੰਤਰਿਤ ਕਰੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਧਰਮ ਕਰਮ ਕਰਦਿਆਂ ਮਨੁੱਖ ਦੇ ਰਾਹ ਵਿਚ ਕਈ ਰੁਕਾਵਟਾਂ ਆਉਂਦੀਆਂ ਹਨ, ਜਿਨ੍ਹਾਂ ਨੂੰ ਗੁਰਬਾਣੀ ਵਿਚ ਵਿਕਾਰ ਕਿਹਾ ਗਿਆ ਹੈ। ਇਨ੍ਹਾਂ ਵਿਕਾਰਾਂ ਦੀ ਗਿਣਤੀ ਪੰਜ ਹੈ : ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ। ਇਹ ਵਿਕਾਰ ਪਸ਼ੂਆਂ ਤੇ ਮਨੁੱਖਾਂ ਵਿਚ ਸਾਂਝੇ ਹਨ। ਇਸ ਲਈ ਜਿਹੜਾ ਮਨੁੱਖ ਆਪਣੀ ਸਮਝ ਤੋਂ ਕੰਮ ਨਹੀਂ ਲੈਂਦਾ, ਆਪਣੀ ਮਤਿ ਨੂੰ ਉਚਾ ਕਰਕੇ ਆਪਣੀ ਵਿਚਾਰ ਦੀ ਅਗਵਾਈ ਵਿਚ ਜੀਵਣ ਬਤੀਤ ਨਹੀਂ ਕਰਦਾ, ਗੁਰਮਤਿ ਦੀ ਦ੍ਰਿਸ਼ਟੀ ਵਿਚ ਉਹ ਪਸ਼ੂ ਸਮਾਨ ਹੈ :

*ਕਰਤੂਤਿ ਪਸੂ ਕੀ ਮਾਨਸ ਜਾਤਿ॥*
*ਲੋਕ ਪਚਾਰਾ ਕਰੈ ਦਿਨੁ ਰਾਤਿ॥*

ਇਸ ਲਈ ਮਨੁੱਖ ਬਣਨ ਦਾ ਭਾਵ ਇਹੋ ਹੈ ਕਿ ਆਪਣੇ ਮਨ ਨੂੰ ਪਸ਼ੂਪੁਣੇ ਵਿਚੋਂ ਕਢ ਕੇ ਦੇਵਤੇਪੁਣੇ ਵਿਚ ਲਿਆਉਣਾ। ਇਹ ਤਾਂ ਹੀ ਸੰਭਵ ਹੈ ਜੇਕਰ ਆਪਣੇ ਮਨ ਨੂੰ ਜਿਤਿਆ ਜਾਵੇ। ਜ਼ਿਕਰਯੋਗ ਹੈ ਕਿ ਮਨੁੱਖੀ ਮਨ ਵਿਚਾਰ ਸ਼ਕਤੀ ਨਾਲ ਹਮੇਸ਼ਾ ਜੁਧ ਕਰਦਾ ਰਹਿੰਦਾ ਹੈ। ਮਨੁੱਖ ਨੂੰ ਇਨਸਾਨੀਅਤ ਤੋਂ ਹੇਠਾਂ ਸੁਟਣ ਲਈ ਮਨ ਦੇ ਕੋਲ ਪੰਜ ਵਡੇ ਹਥਿਆਰ ਹਨ। ਇਨ੍ਹਾਂ ਨੂੰ ਗੁਰਬਾਣੀ ਵਿਚ ਪੰਜ ਦੂਤ ਕਿਹਾ ਗਿਆ ਹੈ। ਇਹ ਮਨੁੱਖ ਦੇ ਪੰਜ ਦੁਸ਼ਮਨ ਹਨ, ਜਿਹੜੇ ਕਿ "ਮਹਾਂ ਅਸਾਧ" (*ਪੰਚ ਦੂਤ ਸੰਗਿ ਮਹਾ ਅਸਾਧ॥*) ਹਨ। ਇਹ 'ਮਹਾਂ ਅਸਾਧ' 'ਪੰਚ ਦੂਤ' ਹਰ ਸਮੇਂ ਮਨੁੱਖ ਦੇ ਅੰਗ-ਸੰਗ ਰਹਿੰਦੇ ਹਨ। ਮਨੁੱਖ ਨੇ ਆਪਣੇ ਪਰਮ ਉਦੇਸ਼ ਦੀ ਪ੍ਰਾਪਤੀ ਲਈ ਇਨ੍ਹਾਂ ਪੰਜ ਵਿਕਾਰਾਂ ਨੂੰ ਕਾਬੂ ਕਰਨਾ ਹੈ। ਜੇਕਰ ਇਹ ਕਾਬੂ ਹੋ ਜਾਣ ਤਾਂ ਮਨੁੱਖੀ ਮਨ ਜਿਤਿਆ ਜਾ ਸਕਦਾ ਹੈ। ਪੰਜ ਵਿਕਾਰਾਂ ਦੀ ਵਿਸਤ੍ਰਿਤ ਵਿਚਾਰ ਇਸ ਤਰ੍ਹਾਂ ਹੈ:

### 10.7.1 ਕਾਮ

ਮਨੁੱਖ ਦੇ ਸੱਚਾਈ ਦੇ ਰਸਤੇ ਵਿਚ ਸਭ ਤੋਂ ਪਹਿਲੀ ਔਕੜ 'ਕਾਮ' ਹੈ। ਗੁਰਬਾਣੀ ਵਿਚ ਇਸ ਨੂੰ ਮਹਾਂਬਲੀ ਕਿਹਾ ਗਿਆ ਹੈ। ਵਡੇ-ਵਡੇ ਰਿਸ਼ੀ-ਮੁਨੀ, ਜੋਧੇ, ਸੂਰਮੇ ਤੇ ਪੀਰ-ਵਲੀ ਆਦਿ ਕਾਮ ਤੋਂ ਨਹੀਂ ਬਚ ਸਕੇ। ਸ੍ਰੀ ਗੁਰੂ ਨਾਨਕ ਦੇਵ ਜੀ ਸਹਿਸਕ੍ਰਿਤੀ ਸਲੋਕਾਂ ਵਿਚ ਕਾਮ ਪ੍ਰਥਾਇ ਫੁਰਮਾਉਂਦੇ ਹਨ ਕਿ ਕਾਮ ਅਧੀਨ ਹੋਏ ਮਨੁੱਖ ਨੂੰ ਨਰਕ ਤੁਲ ਸਜ਼ਾ ਮਿਲਦੀ ਹੈ। ਅਜਿਹਾ ਮਨੁੱਖ ਜਨਮ-ਮਰਨ ਦੇ ਗੇੜ ਵਿਚ ਪੈ ਜਾਂਦਾ ਹੈ। ਕਾਮ ਵਸ ਹੋਏ ਮਨੁੱਖ ਦਾ ਚਿਤ ਕਾਬੂ ਵਿਚ ਨਹੀਂ ਰਹਿੰਦਾ, ਉਸਦਾ ਕੀਤਾ ਜਪ-ਤਪ ਸਭ ਖਤਮ ਹੋ ਜਾਂਦਾ ਹੈ :

*ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥...*

ਕਾਮ ਪਸ਼ੂ ਸੁਭਾਅ ਹੈ, ਜਿਹੜਾ ਕੁਦਰਤਿ ਨੇ ਮਨੁੱਖੀ ਮਨ ਵਿਚ ਰਖਿਆ ਹੈ। ਗੁਰਬਾਣੀ ਦੀ ਸੇਧ ਨਾਲ ਇਸ ਨੂੰ ਕਾਬੂ ਕੀਤਾ ਜਾ ਸਕਦਾ ਹੈ :

*ਨਿਜ ਨਾਰੀ ਸਿਉਂ ਨੇਹੁ ਤੁਮ ਨਿਤ ਬਢਈਓ॥*
*ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨਾ ਜਈਓ॥*

ਉਕਤ ਅਸੂਲ ਉਤੇ ਚਲਣ ਦਾ ਭਾਈ ਗੁਰਦਾਸ ਜੀ ਨੇ ਬੜਾਂ. ਸੁੰਦਰ ਢੰਗ ਦਸਿਆ ਹੈ :

*ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾ ਧੀਆਂ ਜਾਣੈ॥*

ਇਸ ਅਸੂਲ ਨੂੰ ਅਪਨਾ ਕੇ ਇਸ ਉਤੇ ਅਮਲ ਕਰਨ ਦੀ ਬਹੁਤ ਲੋੜ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਅਨੁਸਾਰ ਮਨੁੱਖ ਨੂੰ ਪਸ਼ੂਪੁਣੇ ਤੋਂ ਉਚਾ ਉਠ ਕੇ ਕਰਤੇ ਦੀ ਰਚਨਾ ਵਿਚ ਸਚ-ਝੂਠ ਦਾ ਨਿਰਨਾ ਕਰਕੇ ਕਾਮ ਆਦਿਕ ਪਸ਼ੂ ਬਿਰਤੀਆਂ ਅਧੀਨ ਨਹੀਂ ਹੋਣਾ ਚਾਹੀਦਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗਉੜੀ ਰਾਗ ਵਿਚ ਫੁਰਮਾਂਦੇ ਹਨ :

*ਸਾਧੋ ਰਚਨਾ ਰਾਮ ਬਨਾਈ॥*
*ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ॥*
*ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ॥...*

### **10**.7.2 ਕ੍ਰੋਧ

ਮਨੁੱਖ ਦੀ ਸੱਚਾਈ ਦੇ ਰਸਤੇ ਵਿਚ ਆਉਣ ਵਾਲੀ ਦੂਸਰੀ ਰੁਕਾਵਟ ਕ੍ਰੋਧ (ਗੁੱਸਾ) ਹੈ। ਕ੍ਰੋਧ ਤੇ ਅਕਲ ਇਕੋ ਸਮੇਂ ਇਕਠੇ ਕੰਮ ਨਹੀਂ ਕਰਦੇ। ਇਸ ਲਈ ਕ੍ਰੋਧ ਦੌਰਾਨ ਜੇਕਰ ਮਨੁੱਖ ਸੋਚਣਾ ਸ਼ੁਰੂ ਕਰ ਦੇਵੇ ਤਾਂ ਕ੍ਰੋਧ ਘਟ ਜਾਂਦਾ ਹੈ। ਕ੍ਰੋਧ ਵਧਣ ਲਗ ਪਵੇ ਤਾਂ ਸੋਚ ਘਟਣ ਲਗ ਜਾਂਦੀ ਹੈ। ਕ੍ਰੋਧ ਮਨੁੱਖ ਨੂੰ ਆਪਣੇ ਸਾਥੀਆਂ ਦੀ ਨਿਗਾਹ ਵਿਚ ਵੀ ਖੁਆਰ ਕਰਦਾ ਹੈ। ਕ੍ਰੋਧੀ ਨਾਲ ਕੋਈ ਵੀ ਪਿਆਰ ਨਹੀਂ ਕਰਦਾ। ਸਹਿਸਕ੍ਰਿਤੀ ਸਲੋਕਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

*ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ॥*
*ਬਿਖਯੰਤ ਜੀਵੰ ਵਸ੍ੰ ਕਰੋਤਿ ਨਿਰਤ੍ੰ ਕਰੋਤਿ ਜਥਾ ਮਰਕਟਹ॥*
*ਅਨਿਕ ਸਾਸਨ ਤਾੜੰਤਿ ਜਮਦੂਤਹ ਤਵ ਸੰਗੇ ਅਧਮੰ ਨਰਹ॥*
*ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖ੍ਯ੍ਾ ਕਰੋਤਿ॥*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਅਨੁਸਾਰ ਮਨੁੱਖ ਨੇ ਕ੍ਰੋਧ ਨੂੰ ਮਨ ਵਿਚ ਸੁਚਜੀ ਥਾਂ ਦੇਣੀ ਹੈ। ਕ੍ਰੋਧ ਦੇ ਭਾਵ ਨੂੰ ਵਸ ਵਿਚ ਰਖਣਾ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿਚ ਮਨੁੱਖ ਬੁਜ਼ਦਿਲ ਤੇ ਕਾਇਰ ਬਣ ਜਾਵੇਗਾ।

### **10**.7.3 ਲੋਭ

ਸੱਚਾਈ ਦੇ ਰਸਤੇ ਵਿਚ ਤੀਜੀ ਮੁਸ਼ਕਲ ਮਨੁੱਖ ਦੇ ਸਾਹਮਣੇ ਲੋਭ ਦੀ ਹੈ। ਲੋਭੀ ਆਦਮੀ ਦਾ ਨਾ ਕੋਈ ਧਰਮ ਹੁੰਦਾ ਹੈ ਤੇ ਨਾ ਹੀ ਕੋਈ ਅਸੂਲ। ਉਸ ਦਾ ਧਰਮ ਤੇ ਅਸੂਲ ਲਾਲਚ ਹੁੰਦਾ ਹੈ। ਗੁਰੂ ਸਾਹਿਬ ਲੋਭ ਵਿਚ ਫਸੇ ਮਨੁੱਖਾਂ ਦੀ ਸਥਿਤੀ ਇਸ ਪ੍ਰਕਾਰ ਦਰਸਾਉਂਦੇ ਹਨ :

*ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥*
*ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥...*

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੦)

ਲੋਭੀ ਮਨੁੱਖ ਅਤਿ ਅੰਨ੍ਹਾਂ ਬੋਲਾ ਹੋ ਕੇ ਮਾਇਆ ਦੇ ਲਾਲਚ ਵਿਚ ਫਸਿਆ ਰਹਿੰਦਾ ਹੈ। ਲੋਭੀ ਦਾ ਨਾ ਕੋਈ ਮਿਤਰ ਹੁੰਦਾ ਹੈ ਤੇ ਨਾ ਕੋਈ ਸਾਕ-ਸੰਬੰਧੀ। ਲੋਭੀ ਮਨੁੱਖ ਦੇ ਮਨ ਵਿਚ ਝੂਠ ਦਾ ਪਸਾਰਾ ਹੁੰਦਾ ਹੈ। ਇਸ ਲਈ ਲੋਭੀ ਦਾ ਵਿਸਾਹ ਨਹੀਂ ਕੀਤਾ ਜਾਂਦਾ :

*ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥*
*ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ॥*

ਬਾਬਾ ਫਰੀਦ ਜੀ ਲੋਭੀ ਦੇ ਮਨ ਨੂੰ ਟੁੱਟੇ ਹੋਏ ਛਪਰ ਨਾਲ ਤੁਲਨਾ ਕਰਦੇ ਹਨ। ਬਾਬਾ ਫਰੀਦ ਜੀ ਕਹਿੰਦੇ ਹਨ ਕਿ ਲੋਭ ਹੈ ਤਾਂ ਪਿਆਰ ਨਹੀਂ ਤੇ ਜੇ ਪਿਆਰ ਦਾ ਕੋਈ ਦਾਅਵਾ ਕਰਦਾ ਹੈ ਤਾਂ ਉਹ ਸਭ ਕੂੜ ਹੈ :

*ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤਾ ਕੂੜਾਂ. ਨੇਹੁ॥*
*ਕਿਚਰ ਝਤਿ ਲਘਾਈਐ ਛਪਰਿ ਤੁਟੈ ਮੇਹੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੮)

**10**.7.4 ਮੋਹੁ

ਮੋਹੁ ਵੀ ਇਕ ਪਸ਼ੂ ਬਿਰਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਮੋਹੁ ਦੇ ਜਾਲ ਵਿਚ ਆਦਮੀ ਐਨਾ ਫਸ ਜਾਂਦਾ ਹੈ ਕਿ ਉਹ ਆਪਣੇ ਨਿਸ਼ਾਨੇ, ਆਦਰਸ਼ ਤੇ ਅਸੂਲ ਸਾਰਾ ਕੁਝ ਭੁਲ ਜਾਂਦਾ ਹੈ। ਮੋਹੁ ਦੇ ਜਾਲ ਵਿਚ ਫਸ ਕੇ ਜੀਵ ਨਿਕਲ ਨਹੀਂ ਸਕਦਾ। ਕੋਈ ਪੂਰਾ ਗੁਰੂ, ਮੁਰਸ਼ਦ ਜਾਂ ਪੀਰ ਮਿਲੇ ਤਾਂ ਮਨੁੱਖ ਨੂੰ ਸੋਝੀ ਆਉਂਦੀ ਹੈ ਤੇ ਉਸਦੇ ਮਨ ਦੀਆਂ ਅੱਖਾਂ ਤੋਂ ਪਰਦਾ ਦੂਰ ਹੋਣ ਲਗਦਾ ਹੈ। ਮੋਹੁ ਨਾ ਕੇਵਲ ਪਰਮਾਰਥ ਦੇ ਰਾਹ ਵਿਚ ਹੀ ਰੋੜਾਂ. ਬਣਦਾ ਹੈ, ਸਗੋਂ ਮਨੁੱਖਾ ਜੀਵਨ ਦੀ ਰੋਜ਼ ਮਰਾ ਜ਼ਿੰਦਗੀ ਵਿਚ ਵੀ ਇਹ ਟੋਏ-ਟਿਬੇ ਖੜੇ ਕਰੀ ਰਖਦਾ ਹੈ। ਇਨ੍ਹਾਂ ਟੋਇਆਂ-ਟਿਬਿਆਂ ਬਾਰੇ ਬਾਬਾ ਫਰੀਦ ਫੁਰਮਾਉਂਦੇ ਹਨ :

*ਫਰੀਦਾ ਮਨੁ ਮੈਦਾਨੁ ਕਰ ਟੋਏ ਟਿਬੇ ਲਾਹਿ॥*
*ਅਗੈ ਮੂਲ ਨ ਆਵਸੀ ਦੋਜਕ ਸੰਦੀ ਭਾਹਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੧)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਨੁੱਖ ਨੂੰ ਸਮਝਾਉਂਦੇ ਹਨ ਕਿ ਜਿਹੜੇ ਸਾਕ-ਸੰਬੰਧੀ ਉਸ ਨਾਲ ਹਰ ਵੇਲੇ ਰਹਿੰਦੇ ਹਨ, ਉਹ ਸਭ ਸੁਖ ਦੇ ਭਾਈਵਾਲ ਹਨ। ਦੁਖ ਵਿਚ ਸਭ ਨਸ ਜਾਂਦੇ ਹਨ ਤੇ ਮਰਨ ਵੇਲੇ ਸਭ ਪ੍ਰੇਤ-ਪ੍ਰੇਤ ਕਹਿ ਕੇ ਮਨੁੱਖ ਤੋਂ ਦੂਰ ਹੋ ਜਾਂਦੇ ਹਨ। ਇਸ ਲਈ ਮਨੁੱਖ ਨੂੰ ਖੁਦਗਰਜ਼ ਸੰਬੰਧੀਆਂ ਦੇ ਮੋਹ ਵਿਚ ਨਹੀਂ ਫਸਣਾ ਚਾਹੀਦਾ :

*ਪ੍ਰੀਤਮ ਜਾਨਿ ਲੇਹੁ ਮਨ ਮਾਹੀ॥*
*ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ॥...*

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੪)

ਗੁਰੂ ਸਾਹਿਬ ਨੇ ਜਿਥੇ ਮੋਹੁ ਨੂੰ ਨਿੰਦਿਆ ਹੈ, ਉਥੇ ਪ੍ਰੇਮ ਨੂੰ ਉਨ੍ਹਾਂ ਨੇ ਸਲਾਹਿਆ ਵੀ ਹੈ। ਅਸਲ ਵਿਚ ਮੋਹੁ ਇਸ਼ਕ ਮਿਜਾਜ਼ੀ ਤੇ ਪ੍ਰੇਮ ਇਸ਼ਕ ਹਕੀਕੀ ਹੈ। ਮੋਹੁ ਸਥੂਲ ਹੈ ਤੇ ਪ੍ਰੇਮ ਸੂਖਮ। ਮੋਹੁ ਦੁਨੀਆਂ ਵਿਚ ਖਚਿਤ ਕਰਦਾ ਹੈ, ਬੇਚੈਨੀ ਚਿੰਤਾ ਤੇ ਅਸ਼ਾਤੀ ਪੈਦਾ ਕਰਦਾ ਹੈ ਅਤੇ ਪ੍ਰੇਮ, ਵੈਰਾਗ ਪੈਦਾ ਕਰਕੇ ਸੁਖ, ਸ਼ਾਂਤੀ ਤੇ ਅਨੰਦ ਦਿੰਦਾ ਹੈ। ਰਬ ਦੀ ਖਲਕਤ ਨਾਲ ਕੀਤਾ ਹੋਇਆ ਸਚਾ ਪ੍ਰੇਮ ਰਬ ਦੇ ਨੇੜੇ ਲੈ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਂਦੇ ਹਨ ਕਿ ਦੁਨੀਆਂ ਵਿਚ ਪ੍ਰਚਲਿਤ ਬਾਹਰਲੇ ਸਾਧਨ ਮੋਹ ਤੇ ਪਖੰਡ ਹਨ ਤੇ ਸਚਾ ਪ੍ਰੇਮ ਜੀਵ ਨੂੰ ਪ੍ਰਭੂ ਨਾਲ ਮਿਲਾਂਦਾ ਹੈ :

*ਸਾਚ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥*

(*ਸ਼ਬਦਾਰਥ ਦਸਮ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ 21)

**10**.7.5 ਹੰਕਾਰ

ਸੱਚਾਈ ਦੇ ਰਸਤੇ ਵਿਚ ਮਨੁੱਖ ਦੀ ਵਿਚ ਪੰਜਵੀਂ ਔਕੜ 'ਹੰਕਾਰ' ਹੈ। ਹੰਕਾਰ ਮਨੁੱਖੀ ਮਨ ਵਿਚ ਪਾਪਾਂ ਦਾ ਬੀਜ ਬੀਜਦਾ ਹੈ। ਇਸ ਕਰਕੇ ਉਹ ਜਨਮ-ਮਰਨ, ਭਾਵ ਚੁਰਾਸੀ ਲਖ ਜੂਨਾਂ ਵਿਚ ਭਟਕਣ ਦਾ ਕਾਰਨ ਬਣਦਾ ਹੈ। ਦੁਨੀਆਂ ਵਿਚ ਸਾਰੇ ਦੁਖ ਅਤੇ ਝਗੜੇ ਮੈਂ ਤੇ ਮੇਰੀ ਦੇ ਹਨ। ਗੁਰਬਾਣੀ ਦੇ ਆਸ਼ੇ ਅਨੁਸਾਰ ਸੰਸਾਰ ਦੀ ਉਤਪਤੀ 'ਹਉਮੈ' ਕਰਕੇ ਹੋਈ ਹੈ। ਜਨਮ ਤੋਂ ਮਰਨ ਤਕ ਸਾਰੇ ਜੀਵਨ ਦਾ ਵਰਤਾਰਾ ਹਉਮੈ ਵਿਚ ਹੀ ਹੁੰਦਾ ਹੈ। ਗੁਰਬਾਣੀ ਵਿਚ ਹਉਮੈ ਨੂੰ ਦੀਰਘ ਰੋਗ ਕਿਹਾ ਗਿਆ ਹੈ :

*ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸ ਮਾਹਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੬)

ਮਨੁੱਖ ਜੇਕਰ ਇਹ ਸਮਝੇ ਕਿ ਦੁਨੀਆਂ ਵਿਚ ਸਭ ਕੁਝ ਪਰਮਾਤਮਾ ਦੇ ਹੁਕਮ ਵਿਚ ਹੋ ਰਿਹਾ ਹੈ। ਉਹ ਜੋ ਕੁਝ ਵੀ ਕਰਦਾ ਹੈ, ਪਰਮਾਤਮਾ ਦੇ ਹੁਕਮ ਵਿਚ ਹੀ ਕਰਦਾ ਹੈ। ਇਸ ਤਰ੍ਹਾਂ ਸੋਚਣ ਨਾਲ ਮਨੁੱਖ ਭਾਣੇ ਵਿਚ ਆ ਸਕਦਾ ਹੈ। ਹੁਕਮ ਅਥਵਾ ਭਾਣੇ ਨੂੰ ਮੰਨਣ ਵਾਲਾ ਫਿਰ ਹੰਕਾਰ ਨਹੀਂ ਕਰਦਾ ਤੇ ਹਉਮੈ ਦੇ ਰੋਗ ਤੋਂ ਬਚਿਆ ਰਹਿੰਦਾ ਹੈ।

**10.7.6 ਝੂਠ**

ਸੱਚਾਈ ਦੀ ਅਣਹੋਂਦ ਦਾ ਨਾਂ 'ਕੂੜ', ਭਾਵ ਝੂਠ ਹੈ। ਸੱਚਾਈ ਦੀ ਅਣਹੋਂਦ ਵਿਚ 'ਕੂੜ' ਭਰਪੂਰ ਰੂਪ ਵਿਚ ਆਪਣੀ ਕਰਾਮਾਤ ਦਿਖਾਉਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਆਦਮੀ ਖਾਣ ਵਾਲੇ ਨਮਾਜ਼ ਪੜ੍ਹਦੇ ਹਨ, ਕਰਦ ਚਲਾਉਣ ਵਾਲਿਆਂ ਦੀ ਗਰਦਨ ਦੁਆਲੇ ਜਨੇਊ ਹੈ, ਉਨ੍ਹਾਂ ਦੇ ਘਰ ਵਿਚ ਬ੍ਰਾਹਮਣ ਸੰਖ ਵਜਾਉਂਦੇ ਹਨ, ਉਨ੍ਹਾਂ ਨੂੰ ਵੀ ਉਹੀ ਸੁਆਦ ਆਉਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਅਜਿਹੇ ਲੋਕਾਂ ਦੀ ਪੂੰਜੀ ਤੇ ਵਣਜ ਸਭ ਝੂਠਾ ਹੈ। ਝੂਠ ਬੋਲ ਕੇ ਉਹ ਭੋਜਨ ਛਕਦੇ ਹਨ। ਲੱਜਾ ਅਤੇ ਪਵਿਤਰਤਾ ਅਜਿਹੇ ਲੋਕਾਂ ਤੋਂ ਬਹੁਤ ਦੂਰ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਝੂਠ ਉਨ੍ਹਾਂ ਸਾਰਿਆਂ ਨੂੰ ਭਰਿਪੂਰ ਕਰ ਰਿਹਾ ਹੈ :

*ਮਾਣਸ ਖਾਣੇ ਕਰਹਿ ਨਿਵਾਜ॥*
*ਛੁਰੀ ਵਗਾਇਨਿ ਤਿਨ ਗਲਿ ਤਾਗ॥*
*ਤਿਨ ਘਰਿ ਬ੍ਰਾਹਮਣ ਪੂਰਹਿ ਨਾਦ॥*
*ਉਨ੍ਹਾ ਭਿ ਆਵਹਿ ਓਈ ਸਾਦ॥*
*ਕੂੜੀ ਰਾਸਿ ਕੂੜਾਂ. ਵਾਪਾਰੁ॥*
*ਕੂੜੁ ਬੋਲਿ ਕਰਹਿ ਆਹਾਰੁ॥*
*ਸਰਮ ਧਰਮ ਕਾ ਡੇਰਾ ਦੂਰਿ॥*
*ਨਾਨਕ ਕੂੜੁ ਰਹਿਆ ਭਰਪੂਰਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੧)

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਸਮਕਾਲ ਵਿਚ ਪਸਰੇ ਝੂਠ ਦੇ ਪਸਾਰੇ ਦੀ ਝਲਕ ਪੇਸ਼ ਕਰਦੇ ਹੋਏ ਦਸਦੇ ਹਨ ਕਿ ਕਲਿਜੁਗ ਕੈਂਚੀ ਦੇ ਨਿਆਈਂ ਹੈ, ਰਾਜੇ ਬੁਚੜ ਬਣੇ ਹੋਏ ਹਨ, ਸੱਚਾਈ ਖੰਭ (ਪਰ) ਲਾ ਕੇ ਪੰਛੀ ਦੇ ਨਿਆਈਂ ਕਿਤੇ ਦੂਰ ਉਡ ਗਿਆ ਹੈ। ਝੂਠ ਦੀ ਇਸ ਮਸਿਆ ਦੀ ਰਾਤ ਅੰਦਰ ਸਚ ਦਾ ਚੰਦ ਕਿਤੇ ਚੜ੍ਹਿਆ ਹੋਇਆ ਨਹੀਂ ਦਿਸਦਾ। ਗੁਰੂ ਸਾਹਿਬ ਕਹਿੰਦੇ ਹਨ ਕਿ ਮੈਂ ਖੋਜ ਕਰਕੇ ਜਾਂ ਲਭ ਕੇ ਪਰੇਸ਼!ਾਂਨ ਹੋ ਗਿਆ ਹਾਂ, ਹਨੇਰੇ ਵਿਚ ਮੈਨੂੰ ਰਸਤਾ ਨਹੀਂ ਲਭ ਰਿਹਾ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਹੰਕਾਰ ਕਰਕੇ ਮਨੁੱਖ ਤਕਲੀਫ ਸਹਿੰਦਾ ਹੋਇਆ ਵਿਰਲਾਪ ਕਰਦਾ ਹੈ। ਉਹ ਕਿਹੜਾਂ. ਤਰੀਕੇ ਹੈ, ਜਿਸ ਦੁਆਰਾ ਜੀਵ ਮੁਕਤ ਹੋ ਸਕਦਾ ਹੈ?

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*
*ਹਉ ਭਾਲਿ ਵਿਕੁੰਨੀ ਹੋਈ॥*
*ਆਧੇਰੈ ਰਾਹੁ ਨ ਕੋਈ॥*
*ਵਿਚਿ ਹਉਮੈ ਕਰਿ ਦੁਖੁ ਰੋਈ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੫)

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਸਮਕਾਲੀ ਰਾਜਸੀ ਪ੍ਰਬੰਧ ਤੋਂ ਬਿਨਾਂ ਧਾਰਮਿਕ ਹਾਲਾਤ ਦੀ ਝਲਕ ਵੀ ਪੇਸ਼ ਕਰਦੇ ਹਨ। ਗੁਰੂ ਸਾਹਿਬ ਦਸਦੇ ਹਨ ਕਿ ਉਨ੍ਹਾਂ ਦੇ ਸਮੇਂ ਧਾਰਮਿਕ ਸ਼੍ਰੇਣੀ ਸੱਚਾਈ ਨੂੰ ਤਿਲਾਂਜਲੀ ਦੇ ਕੇ ਝੂਠ ਦੀ ਪੈਰਵੀ ਕਰਨ ਲਗ ਗਏ ਸਨ। ਗੁਰੂ ਸਾਹਿਬ ਦੇ ਸਮੇਂ ਤਿੰਨ ਪ੍ਰਮੁਖ ਧਾਰਮਿਕ ਧਿਰਾਂ ਸਨ, ਕਾਜ਼ੀ, ਬ੍ਰਾਹਮਣ ਅਤੇ ਜੋਗੀ। ਇਹ ਤਿੰਨੋਂ ਆਪੋ-ਆਪਣਾ ਫਰਜ਼ ਛਡ ਚੁਕੇ ਸਨ। ਕਾਜ਼ੀ (ਕਾਦੀ) ਦਾ ਫਰਜ਼ ਸੀ ਨਿਆਂ ਕਰਨਾ, ਪਰੰਤੂ ਉਹ ਰਿਸ਼ਵਤ ਲੈ ਕੇ ਅਨਿਆਂ ਕਰਨ ਲਗ ਗਿਆ ਸੀ, ਜਿਸ ਕਾਰਨ ਗੁਰੂ ਸਾਹਿਬ ਕਹਿੰਦੇ ਹਨ ਕਿ ਉਹ ਝੂਠ ਬੋਲ ਕੇ ਮਾਨੋ ਗੰਦਗੀ ਖਾ ਰਿਹਾ ਹੋਵੇ। ਬ੍ਰਾਹਮਣ ਨੇ ਕਰਮ-ਕਾਂਡ ਦੇ ਨਾਂ ਉਤੇ ਭੋਲੇ-ਭਾਲੇ ਲੋਕਾਂ ਦੀ ਐਨੀ ਲੁਟ ਕੀਤੀ ਕਿ

ਮਾਨੋ ਉਹ ਲੋਕਾਂ ਦੇ ਖੂਨ ਵਿਚ ਇਸ਼ਨਾਨ ਕਰਦਾ ਹੋਵੇ। ਤੀਜੀ ਸ਼੍ਰੇਣੀ ਜੋਗੀਆਂ ਦੀ ਸੀ, ਜਿਹੜੇ ਧਰਮ ਕਮਾਉਣ ਲਈ ਘਰ-ਬਾਰ ਛਡ ਕੇ ਜੰਗੱਲਾਂ ਵਿਚ ਚਲੇ ਜਾਂਦੇ ਸਨ। ਗੁਰੂ ਸਾਹਿਬ ਦਸਦੇ ਹਨ ਕਿ ਜੋਗੀ ਲੋਕ ਅੰਨ੍ਹਿਆਂ ਦੇ ਨਿਆਈ ਸਨ, ਜਿਨ੍ਹਾਂ ਨੂੰ ਆਪਣੀ ਕਲਿਆਣ ਦਾ ਰਸਤਾ ਪਤਾ ਨਹੀਂ ਸੀ। ਇਨ੍ਹਾਂ ਤਿੰਨਾਂ ਸ਼੍ਰੇਣੀਆਂ ਨੇ ਮਨੁੱਖਤਾ ਨੂੰ ਓਜਾੜ ਵਾਲੇ ਪਾਸੇ ਹੀ ਧਕਿਆ। ਗੁਰ ਫੁਰਮਾਣ ਹੈ :

*ਕਾਦੀ ਕੂੜੁ ਬੋਲਿ ਮਲੁ ਖਾਇ॥*
*ਬ੍ਰਾਹਮਣੁ ਨਾਵੈ ਜੀਆ ਘਾਇ॥*
*ਜੋਗੀ ਜੁਗਤਿ ਨ ਜਾਣੈ ਅੰਧੁ॥*
*ਤੀਨੇ ਓਜਾੜ ਕਾ ਬੰਧੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੨)

ਸ੍ਰੀ ਗੁਰੂ ਨਾਨਕ ਦੇਵ ਜੀ ਝੂਠ ਦੀ ਡੂੰਘੀ ਤਸਵੀਰ ਪੇਸ਼ ਕਰਦੇ ਹੋਏ ਫੁਰਮਾਉਂਦੇ ਹਨ ਕਿ ਰਾਜਾ, ਪਰਜਾ ਸਣੇ ਸਾਰਾ ਸੰਸਾਰ ਹੀ ਝੂਠਾ ਹੈ। ਮਹਿਲ-ਮਾੜੀਆਂ, ਸਣੇ ਇਨ੍ਹਾਂ ਨੂੰ ਬਣਾਉਣ ਵਾਲੇ, ਸਭ ਝੂਠੇ ਹਨ। ਸੋਨਾ-ਚਾਂਦੀ ਸਭ ਝੂਠ ਹੈ, ਇਨ੍ਹਾਂ ਨੂੰ ਪਾਉਣ ਵਾਲੇ ਵੀ ਝੂਠੇ ਹਨ। ਝੂਠੀ ਹੈ ਮਨੁੱਖਾ ਦੇਹੀ, ਝੂਠੀ ਪੁਸ਼ਾਕ ਅਤੇ ਝੂਠੀ ਹੈ ਲਾਸਾਨੀ ਸੁੰਦਰਤਾ। ਪਤੀ ਅਤੇ ਪਤਨੀ ਦੋਨੋ ਝੂਠੇ ਹਨ, ਕਿਉਂਕਿ ਇਹ ਖਪਿ-ਖਪਿ ਕੇ ਖੁਆਰ ਹੁੰਦੇ ਹਨ। ਝੂਠਾ ਆਦਮੀ ਝੂਠ ਨੂੰ ਪਿਆਰ ਕਰਨ ਦੇ ਚਕਰ ਵਿਚ ਸਿਰਜਨਹਾਰ ਪਰਮਾਤਮਾ ਨੂੰ ਭੁਲਾ ਦਿੰਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਇਹ ਸਾਰਾ ਸੰਸਾਰ ਬਿਨਸਣਹਾਰ ਹੈ, ਇਸ ਨਾਲ ਕਿਸੇ ਨਾਲ ਪਾਈ ਦੋਸਤੀ ਸਦਾ ਚਿਰ ਲਈ ਨਹੀਂ ਨਿਭ ਸਕਦੀ। ਇਥੋਂ ਤਕ ਕਿ ਮਖਿਆਲ ਤੇ ਇਸ ਤੋਂ ਬਣਨ ਵਾਲਾ ਸ਼ਹਿਦ ਦੋਨੋ ਝੂਠੇ ਹਨ। ਗੁਰੂ ਸਾਹਿਬ ਉਪਦੇਸ਼ ਦਿੰਦੇ ਹਨ ਕਿ ਇਕ ਪਰਮਾਤਮਾ ਤੋਂ ਬਗੈਰ ਸਭ ਝੂਠੇ ਹਨ :

*ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥*
*ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥...*
*ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੮)

ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸਮਾਜ ਦੇ ਹਾਲਾਤ ਇਹ ਹਨ ਕਿ ਲੱਜਾ ਅਤੇ ਸੱਚਾਈ ਦੋਨੋ ਅਲੋਪ ਹੋ ਗਏ ਹਨ ਅਤੇ ਝੂਠ ਆਗੂ ਬਣੀ ਬੈਠਾ ਹੈ :

*ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੨)

ਸ੍ਰੀ ਗੁਰੂ ਨਾਨਕ ਦੇਵ ਜੀ ਦਾਅਵਾ ਕਰਦੇ ਹਨ ਕਿ ਝੂਠ ਦਾ ਖਾਤਮਾ ਹੋ ਜਾਵੇਗਾ ਅਤੇ ਅੰਤ ਨੂੰ ਸਚ ਹੀ ਪ੍ਰਬਲ ਹੋਵੇਗਾ :

*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੩)

ਮਨੁੱਖ ਜੇਕਰ ਨਿਰਵਿਕਾਰ ਹੋ ਕੇ ਨਿਮਰਤਾ ਅਤੇ ਪ੍ਰੇਮ ਨਾਲ 'ਸਚੇ' ਪਰਮਾਤਮਾ ਨੂੰ ਯਾਦ ਕਰੇ ਤਾਂ ਨਿਸਚੇ ਹੀ ਉਸ ਨੂੰ ਰਬੀ ਗਿਆਨ ਪ੍ਰਾਪਤ ਹੋ ਸਕਦਾ ਹੈ। ਇਸ ਗਿਆਨ-ਪ੍ਰਾਪਤੀ ਨਾਲ ਮਨੁੱਖ ਸਦੀਵੀ 'ਸਚੁ' ਨੂੰ ਹਰ ਪਲ, ਹਰ ਸਮੇਂ ਤੇ ਹਰ ਸਥਾਨ 'ਤੇ ਮਹਿਸੂਸ ਕਰਦਾ ਹੈ। ਇਸ ਅਵਸਥਾ ਵਿਚ ਜਗਿਆਸੂ 'ਸੱਚਾਈ' ਦੇ ਮਾਰਗ 'ਤੇ ਚਲਦਾ ਹੈ। ਇਸ ਮਾਰਗ 'ਤੇ ਚਲਣਾ ਬਹੁਤ ਕਠਿਨ ਹੈ। ਜੀਵਨ ਵਿਚ ਕਿਸੇ ਪ੍ਰਕਾਰ ਦਾ ਦੁਖ ਆਉਣ ਦੀ ਸੂਰਤ ਵਿਚ ਸੱਚਾਈ 'ਤੇ ਚਲਣ ਵਾਲਾ ਵਿਆਕਤੀ ਘਬਰਾਉਂਦਾ ਨਹੀਂ। ਇਤਿਹਾਸ ਗਵਾਹ ਹੈ ਕਿ 'ਸੱਚਾਈ' ਦੇ ਮਾਰਗ 'ਤੇ ਚਲਦਿਆਂ ਕਈ ਵਾਰ 'ਸਲੀਬ' 'ਤੇ ਚੜ੍ਹਨਾ ਪੈ ਜਾਂਦਾ ਹੈ, 'ਜ਼ਹਿਰ' ਦਾ ਪਿਆਲਾ ਪੀਣਾ ਪੈ ਜਾਂਦਾ ਹੈ, ਤਤੀ ਤਵੀ 'ਤੇ ਬੈਠਣਾ ਪੈ ਸਕਦਾ ਹੈ, ਸੀਸ ਕਟਵਾਉਣਾ ਪੈ ਸਕਦਾ ਹੈ। ਇਸ ਤੋਂ ਵੀ ਅਗੇ ਸਚ, ਨੇਕੀ ਅਤੇ ਧਾਰਮਿਕ ਸੁਤੰਤਰਤਾ ਦੀ ਸਥਾਪਤੀ ਲਈ ਆਪਣਾ ਸਰਬੰਸ ਵੀ ਵਾਰਣਾ ਪੈ ਸਕਦਾ ਹੈ। ਹਾਂ, ਇਕ ਗੱਲ ਜ਼ਰੂਰ ਹੈ ਕਿ ਅਜਿਹੀ ਗੁੜ੍ਹਤੀ ਵਾਲੇ 'ਮਹਾਂਪੁਰਸ਼' ਮੌਤ ਨੂੰ ਫਤਿਹ ਕਰਕੇ 'ਸੱਚਾਈ' ਦੇ ਮਤਵਾਲੇ ਹੋ ਜਾਂਦੇ ਹਨ।

### 10.8 ਸੱਚਾਈ : ਪ੍ਰਾਪਤੀ ਦੇ ਸਾਧਨ

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਸੰਸਾਰ ਵਿਚ ਛੇ ਗੁਣ (ਸਚ, ਸੰਤੋਖ, ਗਿਆਨ, ਧਿਆਨ, ਦਇਆ ਅਤੇ ਖਿਮਾ) ਮਨੁੱਖ ਨੂੰ ਸ੍ਰੇਸ਼ਟ ਬਣਾਉਂਦੇ ਹਨ। ਇਨ੍ਹਾਂ 'ਚੋਂ ਸੱਚਾਈ ਸ਼੍ਰੋਮਣੀ ਹੈ, ਜਿਸ ਨਾਲ ਬਾਕੀ ਸਾਰੇ ਗੁਣ ਸਬੰਧਿਤ ਹਨ। ਗੁਰੂ ਸਾਹਿਬ ਦੇ ਕਥਨ ਅਨੁਸਾਰ ਸਚ ਦਾ ਵਰਤ ਰਖਣ ਵਾਲਾ, ਸੰਤੁਸ਼ਟਤਾ (ਸੰਤੋਖ) ਨੂੰ ਤੀਰਥ (ਯਾਤਰਾ ਅਸਥਾਨ) ਸਮਝਣ ਵਾਲਾ, ਗਿਆਨ ਅਤੇ ਧਿਆਨ (ਸਿਮਰਨ) ਰੂਪੀ ਇਸਨਾਨ ਕਰਨ ਵਾਲਾ, ਲੋੜਵੰਦਾਂ ਨੂੰ ਦੇਵ ਰੂਪ ਜਾਣ ਕੇ ਉਨ੍ਹਾਂ 'ਤੇ ਦਇਆ ਕਰਨ ਵਾਲਾ, ਗਲਤੀ ਦੀ ਮੁਆਫੀ ਦੇਣ ਵਾਲਾ ਸ੍ਰੇਸ਼ਟ ਪੁਰਸ਼ ਹੈ :

*ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥*
*ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪ੍ਰਧਾਨ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੫)

ਉਕਤ ਗੁਣਾਂ ਦੀ ਸੰਖੇਪ ਵਿਚਾਰ ਹੇਠ ਦਿਤੇ ਅਨੁਸਾਰ ਹੈ :

### **10**.8.1 ਸੰਤੋਖ

'ਸੰਤੋਖ' ਤੋਂ ਭਾਵ, ਪ੍ਰਾਪਤ ਸਾਧਨਾਂ ਅਨੁਸਾਰ ਨਿਰਬਾਂਹ ਕਰਨਾ ਹੈ। ਸੰਤੋਖੀ ਪੁਰਸ਼ ਸੱਚਾਈ ਉਤੇ ਚਲਦਾ ਹੋਇਆ ਪਰਮਾਤਮਾ ਦੀ ਰਜ਼ਾ ਵਿਚ ਆਪਣਾ ਜੀਵਨ ਬਤੀਤ ਕਰਦਾ ਹੈ। "ਸੰਤੋਖ, ਮਨ ਦੀ ਉਸ ਅਵਸਥਾ ਦਾ ਨਾਂ ਹੈ, ਜਿਸ ਨਾਲ ਮਨ ਦੀ ਸਾਰੀ ਭਟਕਣਾ ਖਤਮ ਹੋ ਜਾਂਦੀ ਹੈ। ਲਾਲਸਾਵਾਂ ਖਤਮ ਹੋਣ ਤੋਂ ਬਾਅਦ ਮਨ ਟਿਕਾਉ ਅਤੇ ਸ਼ਾਂਤੀ ਵਿਚ ਆ ਜਾਂਦਾ ਹੈ। ਇਸ ਨਾਲ ਸਬਰ ਅਤੇ ਸ਼ੁਕਰ ਦੀ ਭਾਵਨਾ ਪੈਦਾ ਹੁੰਦੀ ਹੈ।" 'ਸੰਤੋਖ' ਤੋਂ ਬਿਨਾਂ ਸੱਚਾਈ ਉਤੇ ਨਹੀਂ ਚਲਿਆ ਜਾ ਸਕਦਾ। ਜੇਕਰ ਮਨ ਅੰਦਰ ਸੰਤੋਖ ਨਹੀਂ ਤਾਂ ਮਨੁੱਖ ਬੇਈਮਾਨੀ ਦੇ ਰਸਤੇ ਉਤੇ ਚਲਣ ਲਗੇ ਦੇਰ ਨਹੀਂ ਲਗਾਉਂਦਾ।

ਸੰਤੋਖੀ ਪੁਰਸ਼ ਨੂੰ 'ਸਤਿ' ਮਿਲਦਾ ਹੈ, ਉਹ ਸਚ ਬੋਲਦਾ ਹੈ ਤੇ ਮਾਲਕ ਨੂੰ ਭਾਉਂਦਾ ਹੈ, ਉਸ ਤੋਂ ਕਦੇ ਵਿਛੜਦਾ ਨਹੀਂ, ਉਸ ਵਿਚ ਗੁਰਮਤਿ ਦੁਆਰਾ ਸਮਾਅ ਜਾਂਦਾ ਹੈ :

*ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ॥*
*ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੬੪)

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ 'ਸਤਿ' ਤੇ 'ਸੰਤੋਖ' ਵਿਚ ਰਹਿੰਦੇ ਹੋਏ, ਗੁਰੂ ਦੀ ਸ਼ਰਨ ਵਿਚ ਜਾ ਕੇ ਖਿਮਾ ਧਾਰਨ ਕਰਨੀ ਚਾਹੀਦੀ ਹੈ। ਗੁਰ-ਸੰਗਤ ਵਿਚ ਜਾ ਕੇ ਆਪਣੀ ਆਤਮਾ ਚੀਨ੍ਹ ਕੇ ਪਰਮਾਤਮਾ ਨੂੰ ਚੀਨ੍ਹਿਆਂ ਹੀ ਮਨੁੱਖ ਦਾ ਨਿਸਤਾਰਾ ਹੋ ਸਕਦਾ ਹੈ :

*ਸਤ ਸੰਤੋਖਿ ਰਹਹੁ ਜਨ ਭਾਈ॥*
*ਖਿਮਾ ਗਹਹੁ ਸਤਿਗੁਰ ਸਰਣਾਈ॥*
*ਆਤਮੁ ਚੀਨਿ ਪਰਾਤਮੁ ਚੀਨਹੁ*
*ਗੁਰ ਸੰਗਤਿ ਇਹੁ ਨਿਸਤਾਰਾ ਹੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੩੦)

### **10**.8.2 ਗਿਆਨੁ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗਿਆਨ ਦਾ ਪ੍ਰਗਟਾਅ ਬਿਬੇਕ, ਬੁਧਿ, ਮਤਿ, ਗੁਰਮਤਿ ਆਦਿ ਸ਼ਬਦਾਂ ਰਾਹੀਂ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਗਿਆਨ' ਅਧਿਆਤਮਿਕ ਗਿਆਨ ਦਾ ਵਾਚਕ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦ੍ਰਿਸ਼ਟੀ ਵਿਚ ਦ੍ਰਿਸ਼ਟਮਾਨ ਪਸਾਰਾ ਇੰਦਰੀਆਂ ਦਾ ਭੁਲੇਖਾ ਹੈ, ਕਿਉਂਕਿ ਸਤਿ ਕੇਵਲ ਪਰਮਾਤਮਾ ਹੈ, ਜਿਹੜਾ ਸਰੀਰਕ ਇੰਦਰੀਆਂ ਨਾਲ ਨਹੀਂ ਸਗੋਂ ਆਤਿਮਕ ਅਨੁਭਵ ਦੁਆਰਾ ਗ੍ਰਹਿਣ ਹੋ ਸਕਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਦ੍ਰਿਸ਼ਟਮਾਨ ਪਸਾਰਾ ਸਤਿ ਨਹੀਂ, ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਜਗਿਆਸੂ ਨੂੰ ਦ੍ਰਿਸ਼ਟਮਾਨ ਜਗਤ ਵਿਚ ਵਿਆਪਕ ਕਰਤਾਰੀ ਜੋਤਿ ਦਾ ਅਨੁਭਵ ਕਰਨ ਲਈ ਪ੍ਰੇਰਿਤ ਕਰਦੀ ਹੈ। ਗੁਰ ਫੁਰਮਾਣ ਹੈ :

*ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗੱਲ ਭਵਨ ਤੇਰੀ ਮਾਇਆ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੧)

ਗਿਆਨ ਦਾ ਪ੍ਰਮੁਖ ਉਦੇਸ਼ ਸੱਚਾਈ ਦਾ ਅਨੁਭਵ ਕਰਨਾ ਹੈ। ਗਿਆਨ-ਸਿਧਾਂਤ ਦਾ ਕੇਂਦਰ-ਬਿੰਦੂ ਹੀ 'ਸਚੁ' ਹੈ। ਵਿਅਕਤੀ ਜਦੋਂ ਕਿਸੇ ਕਿਸਮ ਦੀ ਜਾਣਕਾਰੀ ਹਾਸਿਲ ਕਰਦਾ ਹੈ, ਉਸ ਨੂੰ ਕਿਸੇ ਤਥ ਜਾਂ ਸੱਚਾਈ ਬਾਰੇ ਪਤਾ ਚਲਦਾ ਹੈ। ਕਈ ਸੱਚਾਈਆਂ ਐਨੀਆਂ ਪ੍ਰਤਖ ਨਹੀਂ ਹੁੰਦੀਆਂ ਕਿ ਉਨ੍ਹਾਂ ਨੂੰ ਇੰਦ੍ਰੀਆਂ ਰਾਹੀਂ ਦੇਖਿਆ ਜਾ ਸਕੇ। ਇਸ ਅਵਸਥਾ ਵਿਚ ਮਨੁੱਖ ਬੁੱਧੀ ਦੀ ਮਦਦ ਨਾਲ ਗੁਪਤ ਸੱਚਾਈਆਂ ਦੀ ਭਾਲ ਕਰਦਾ ਹੈ। ਅਜਿਹੀ ਸੱਚਾਈ ਬੌਧਿਕ ਸਮਰਥਾ ਤੋਂ ਪਰੇ, ਕੋਈ ਗੈਬੀ ਸੱਚਾਈ ਹੁੰਦੀ ਹੈ, ਜੋ ਅੰਤਰਬੋਧੀ (intuition) ਢੰਗ ਨਾਲ ਪ੍ਰਗਟ ਹੋ ਸਕਦੀ ਹੈ। ਅਜਿਹੀ ਸੱਚਾਈ ਦੀ ਭਾਲ ਲਈ ਮਨੁੱਖ ਨੂੰ ਆਪਣੇ ਅੰਦਰੋਂ ਸੰਭਵ-ਸ਼ਕਤੀਆਂ ਵਿਕਸਿਤ ਕਰਨ ਦੀ ਲੋੜ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰਵਉਚ ਸੱਚਾਈ ਨੂੰ ਜਾਣਨ ਦਾ ਮਾਰਗ ਇਸ ਤਰ੍ਹਾਂ ਦਰਸਾਇਆ ਹੈ :

*ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥*
*ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥*
*ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੫)

**10**.8.3 ਧਿਆਨੁ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਮੁ ਵਿਚ ਲਿਵ ਜੋੜਣ ਨੂੰ ਧਿਆਨ ਦੀ ਸੰਗਿਆ ਦਿਤੀ ਗਈ ਹੈ। ਨਾਮੁ ਨੂੰ ਮਨੁੱਖੀ ਜੀਵਨ ਦੇ ਪਰਮ ਉਦੇਸ਼, ਭਾਵ ਪਰਮਾਤਮਾ ਦੀ ਪ੍ਰਾਪਤੀ ਦਾ ਇਕ ਮਾਤਰ ਸਾਧਨ ਦਰਸਾਇਆ ਗਿਆ ਹੈ। ਨਾਮੁ ਜਪਣ ਨਾਲ ਮਨ ਦੀ ਮੈਲ ਧੋਤੀ ਜਾਂਦੀ ਹੈ। ਮਨੁੱਖ ਦਾ ਅੰਦਰਲਾ ਆਪਾ ਸਰਬ ਵਿਆਪਕ ਪਰਮਾਤਮਾ ਨਾਲ ਇਕ-ਮਿਕ ਹੋ ਜਾਵੇ, ਅਥਵਾ ਮਨੁੱਖ ਦੀ ਨਾਮੁ ਨਾਲ ਲਿਵ ਲਗ ਜਾਵੇ ਤਾਂ ਮਨੁੱਖ ਨੂੰ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ। ਇਸ ਕਰਕੇ ਸੁਖਾਂ ਦਾ ਅਸਲੀ ਸੋਮਾ ਨਾਮੁ ਹੀ ਹੈ। ਸ੍ਰੀ ਗੁਰੂ ਅਰਮਦਾਸ ਜੀ ਕਹਿੰਦੇ ਹਨ ਕਿ ਜਿਹੜਾ ਵਿਅਕਤੀ ਨਾਮੁ ਵਿਚ ਧਿਆਨ ਲਗਾਉਂਦਾ ਹੈ, ਭਾਵ ਸਤਿ ਦੀ ਕਮਾਈ ਕਰਦਾ ਹੈ, ਉਸ ਅੰਦਰ ਸੱਚਾਈ ਟਿਕਦੀ ਹੈ ਅਤੇ ਉਹ ਸਤਿਪੁਰਖ ਦੀ ਸੇਵਾ ਕਰਕੇ ਪਰਮਾਤਮਾ ਵਿਚ ਲੀਨ ਹੋ ਸਕਦਾ ਹੈ :

*ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੬੦)

**10**.8.4 ਦਇਆ

ਭਾਈ ਵੀਰ ਸਿੰਘ ਨੇ ਦਇਆ ਦੇ ਅਰਥ ਤਰਸ, ਮਿਹਰ, ਕ੍ਰਿਪਾ ਆਦਿ ਕੀਤੇ ਹਨ। ਦਇਆ ਦਾ ਅਰਥ ਹੈ ਰਹਿਮ, ਕਰੁਣਾ, ਕਿਸੇ ਨੂੰ ਦੁਖ ਨਾ ਦੇਣਾ, ਅਹਿੰਸਾ ਆਦਿ। ਗੁਰਬਾਣੀ ਵਿਚ ਦਰਸਾਇਆ ਗਿਆ ਹੈ ਕਿ ਜਿਸ ਪ੍ਰਾਣੀ ਅੰਦਰ ਸਾਰੇ ਜੀਵਾਂ ਲਈ ਦਇਆ ਹੈ ਉਹ ਜੀਵ ਹੀ ਅਸਲ ਸੱਚਾਈ ਨਾਲ ਜੁੜ ਸਕਦਾ ਹੈ।

ਦਇਆ ਧਰਮ ਦਾ ਮੂਲ ਹੈ। ਦਇਆ-ਹੀਣ ਮਨੁੱਖ ਕਦੇ ਸੱਚਾਈ ਦੇ ਰਸਤੇ 'ਤੇ ਨਹੀਂ ਤੁਰ ਸਕਦਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਸੰਤੋਖੀ ਵਿਅਕਤੀ ਦੇ ਮਨ ਵਿਚ ਬੜੀ ਦਇਆ ਹੁੰਦੀ ਹੈ, ਉਹ ਬਿਨਾਂ ਕਿਸੇ ਵਿਤਕਰੇ ਦੇ ਸਾਰੇ ਜੀਵਾਂ ਉਤੇ ਦਇਆ ਕਰਦਾ ਹੈ :

*ਮਨਿ ਸੰਤੋਖੁ ਸਰਬ ਜੀਅ ਦਇਆ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੯੯)

**10**.8.5 ਖਿਮਾ

ਖਿਮਾ ਇਕ ਬਹੁਤ ਵੱਡਾ ਗੁਣ ਹੈ। ਇਸ ਸਦਕਾ ਵਡੀ ਤੋਂ ਵਡੀ ਸਮਸਿਆ ਦਾ ਹਲ ਕੀਤਾ ਜਾ ਸਕਦਾ ਹੈ। ਭਗਤ ਕਬੀਰ ਜੀ ਅਨੁਸਾਰ ਜਿਥੇ ਬ੍ਰਹਮਬੋਧ ਹੈ, ਉਥੇ ਹੀ ਧਰਮ ਹੈ ਅਤੇ ਜਿਥੇ ਝੂਠ ਹੈ, ਉਥੇ ਪਾਪ ਦਾ ਵਰਤਾਰਾ ਹੈ। ਇਸੇ ਤਰ੍ਹਾਂ ਜਿਥੇ ਲੋਭ ਹੈ, ਉਥੇ ਮੌਤ ਦਾ ਡਰ ਵੀ ਹੈ ਅਤੇ ਜਿਥੇ ਖਿਮਾ ਵਰਤੇ ਉਥੇ ਵਾਹਿਗੁਰੂ ਆਪ ਵਰਤਦਾ ਹੈ :

*ਕਬੀਰ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥*
*ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ,੧੩੭੨)

ਸੱਚਾਈ ਦੇ ਰਸਤੇ ’ਤੇ ਚਲਣ ਲਈ ਵਿਕਤੀ ਅੰਦਰ ਖਿਮਾ ਕਰਨ ਦਾ ਗੁਣ ਹੋਣਾ ਲਾਜ਼ਮੀ ਹੈ, ਕਿਉਂਕਿ ਸੱਚਾਈ ਦੇ ਮਾਰਗ ’ਤੇ ਚਲਦੇ ਹੋਏ ਅਨੇਕ ਵਾਰ ਲੋਕਾਂ ਦੀਆਂ ਗਲਤੀਆਂ ਮੁਆਫ ਕਰਨੀਆਂ ਪੈਂਦੀਆਂ ਹਨ। ਗੁਰਮਤਿ ਵਿਚ ਬਦਲੇ ਦੀ ਭਾਵਨਾ ਦੀ ਕੋਈ ਗੁੰਜਾਇਸ਼ ਨਹੀਂ, ਬਲਕਿ ਗੁਰੂ ਸਾਹਿਬ ‘ਖਿਮਾ’ ਦਾ ਆਦੇਸ਼ ਕਰਦੇ ਹਨ :

*ਖਿਮਾ ਗਹਹੁ ਸਤਿਗੁਰ ਸਰਣਾਈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੩੦)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੱਚਾਈ ’ਤੇ ਚਲਣ ਲਈ ਇਕ ਅਹਿਮ ਨੁਕਤਾ ਦਰਸਾਇਆ ਹੈ ਕਿ ਜੇ ਕੋਈ ਇਨਸਾਨ ਆਪਣੇ ਗੁਨਾਹਾਂ ਲਈ ਪਸ਼ਚਾਤਾਪ ਕਰਦਾ ਹੈ ਤਾਂ ਉਸ ਦੀਆਂ ਗਲਤੀਆਂ ਮੁਆਫ ਕਰ ਦਿਤੀਆਂ ਜਾਣ, ਕਿਉਂਕਿ ਪਰਮਾਤਮਾ ਖੁਦ ਬਖਸ਼ੰਦ ਹੈ, ਗੁਨਾਹ ਮੁਆਫ ਕਰਨਾ ਉਸਦਾ ਬਿਰਦ ਹੈ। ਇਸ ਲਈ ਉਸ ਦੇ ਪਿਆਰਿਆਂ ਨੂੰ ਵੀ ਉਸਦੇ ਨਕਸ਼ੇ ਕਦਮਾਂ ਉਤੇ ਚਲਣਾ ਚਾਹੀਦਾ ਹੈ।

ਇਸ ਪ੍ਰਕਾਰ ਪੰਜ ਗੁਣਾਂ (ਸੰਤੋਖ, ਗਿਆਨ, ਧਿਆਨ, ਦਇਆ ਅਤੇ ਖਿਮਾ) ਰਾਹੀਂ ਮਨੁੱਖ ਅੰਦਰ ਸੱਚਾਈ ਪ੍ਰਵੇਸ਼ ਕਰ ਸਕਦੀ ਹੈ, ਜਿਸ ਸਦਕਾ ਮਨੁੱਖ ਸ੍ਰੇਸ਼ਟ ਪਦ ਗ੍ਰਹਿਣ ਕਰ ਸਕਦਾ ਹੈ।

### **10.**9 ਸੱਚਾਈ : ਨਿਸ਼!ਾਂਨੀਆਂ

ਸੱਚਾਈ ਨੂੰ ਗੁਰਮਤਿ ਨੇ ਮਨੁੱਖੀ ਜੀਵਨ ਦਾ ਮੁਖ ਧੁਰਾ ਅਤੇ ਆਧਾਰ ਮੰਨਿਆ ਹੈ ਅਤੇ ਸੱਚਾਈ ਦੀ ਜੁਗਤਿ ਨਾਲ ਪਰਮਾਰਥਕ ਪਰਮ ਸਚ ਵਲ ਪਹੁੰਚਣ ਦੇ ਪੜਾਂਵਾਂ ਬਾਰੇ ਗੁਰਬਾਣੀ ਵਿਚ ਸੰਕੇਤ ਮਿਲਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ‘ਆਸਾ ਦੀ ਵਾਰ’ ਵਿਚ ਸੱਚਾਈ ਦੀਆਂ ਕੁਝ ਨਿਸ਼ਾਨੀਆਂ ਦਾ ਵਰਨਣ ਕਰਦੇ ਹਨ। ਜੇਕਰ ਇਹ ਨਿਸ਼!ਾਂਨੀਆਂ ਮਨੁੱਖ ਵਿਚ ਪ੍ਰਗਟ ਨਾ ਹੋਣ ਤਾਂ ਸਮਝ ਲਵੋ ਕਿ ਉਹ ਹਲੇ ‘ਮਨ’, ‘ਬਚਨ’, ਅਤੇ ‘ਕਰਮ’ ਕਰਕੇ ‘ਸਚੁ’ ਦਾ ਉਪਾਸ਼ਕ ਨਹੀਂ ਬਣਿਆ, ਬਲਕਿ ‘ਕੂੜ’ ਨੂੰ ਸਚ-ਰੂਪੀ ਮਿਠੇ ਵਿਚ ਲਪੇਟ ਕੇ ਪੇਸ਼ ਕਰਨ ਦੀ ਚਤੁਰਾਈ ਦੁਆਰਾ ਪਖੰਡ ਕਰ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਅਨੁਸਾਰ ਲੋਕ ਤੇ ਪਰਲੋਕ ਵਿਚ ਮਾਣ ਪ੍ਰਾਪਤ ਕਰਨ ਲਈ ਮਨੁੱਖ ਨੇ ਹਿਰਦਾ ਸ਼ੁਧ ਤੇ ਸਚਾ ਕਰਨ ਦੇ ਨਾਲ-ਨਾਲ ‘ਸਚੁ’ ਨੂੰ ਪਿਆਰ ਕਰਨਾ ਹੈ। ਅਜਿਹਾ ਕਰਦਿਆਂ ਮਨੁੱਖ ਪਾਪਾਂ ਰੂਪੀ ਬਿਮਾਰੀਆਂ ਤੋਂ ਮੁਕਤ ਹੋ ਕੇ ‘ਸਚੁ’ ਨਾਲ ਮੇਲ ਪ੍ਰਾਪਤ ਕਰਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਕੋਈ ਆਦਮੀ ਸਚਾ ਤਾਂ ਜਾਣਿਆ ਜਾ ਸਕਦਾ ਹੈ ਜੇਕਰ ਉਸ ਦੇ ਦਿਲ ਵਿਚ ਸੱਚਾਈ ਹੋਵੇ। ਅਜਿਹੇ ਵਿਅਕਤੀ ਦੀ ਝੂਠ ਰੂਪੀ ਮੈਲ ਲਹਿ ਜਾਂਦੀ ਹੈ ਅਤੇ ਉਹ ਆਪਣੀ ਦੇਹਿ ਨੂੰ ਧੋ ਕੇ ਸਾਫ-ਸੁਥਰੀ ਕਰ ਲੈਂਦਾ ਹੈ। ਸਤਿਪੁਰਖ ਨੂੰ ਪਿਆਰ ਕਰਨ ਵਾਲਾ ਵਿਅਕਤੀ ਹੀ ਸਚਾ ਬਣ ਸਕਦਾ ਹੈ। ਕਿਸੇ ਜਗਿਆਸੂ ਦਾ ਹਿਰਦਾ ਜਦੋਂ ਨਾਮੁ ਨੂੰ ਸੁਣ ਕੇ ਪ੍ਰਸੰਨ ਹੋ ਜਾਂਦਾ ਹੈ ਤਾਂ ਉਹ ਪ੍ਰਾਣੀ ਮੁਕਤੀ ਹਾਸਿਲ ਕਰ ਲੈਂਦਾ ਹੈ। ਵਿਅਕਤੀ ਸਚਾ ਤਾਂ ਹੀ ਸਮਝਿਆ ਜਾਂਦਾ ਹੈ ਜੇਕਰ ਉਹ ਜੀਵਨ ਦੇ ਸਚੇ ਰਸਤੇ ਨੂੰ ਜਾਣਦਾ ਹੈ। ਦੇਹਿ ਦੀ ਪੈਲੀ ਨੂੰ ਬਣਾ ਸੁਆਰ ਕੇ ਮਨੁੱਖ ਇਸ ਅੰਦਰ ਸਿਰਜਨਹਾਰ ਦਾ ਨਾਮੁ ਰੂਪੀ ਬੀਜ ਬੀਜਦਾ ਹੈ। ਜੀਵ ਕੇਵਲ ਤਦ ਹੀ ਸੱਚਾਈ ਧਾਰਨ ਕਰ ਸਕਦਾ ਹੈ ਜੇਕਰ ਉਹ ਸਚੀ ਸਿਖਿਆ ਪ੍ਰਾਪਤ ਕਰਦਾ ਹੈ। ਹੋਰ ਜੀਵਾਂ ਉਤੇ ਤਰਸ ਕਰਕੇ ਆਪਣੀ ਕਮਾਈ ਵਿਚੋਂ ਪੁੰਨ-ਦਾਨ ਕਰਨ ਵਾਲਾ ਜਗਿਆਸੂ ਸੱਚਾਈ ਪ੍ਰਾਪਤ ਕਰ ਸਕਦਾ ਹੈ। ਕੇਵਲ ਤਦ ਹੀ ਵਿਅਕਤੀ ਸਚਾ ਜਾਣਿਆ ਜਾਂਦਾ ਹੈ, ਜਦ ਉਹ ਆਪਣੇ ਦਿਲ ਦੇ ਧਰਮ-ਅਸਥਾਨ ਉਤੇ ਵਸਦਾ ਹੈ। ਅਜਿਹਾ ਜਗਿਆਸੂ ਸਚੇ ਗੁਰੂ ਤੋਂ ਸਿਖਿਆ ਲੈਂਦਾ ਹੈ ਅਤੇ ਗੁਰੂ ਦੀ ਰਜ਼ਾ ਅਨੁਸਾਰ ਵਿਚਰਦਾ ਹੈ। ਗੁਰੂ ਸਾਹਿਬ ਦਸਦੇ ਹਨ ਕਿ ਸੱਚਾਈ ਸਾਰਿਆਂ ਲਈ ਇਕ ਦਵਾਈ ਨਿਆਈ ਹੈ, ਜਿਹੜੀ ਮਨੁੱਖ ਦੇ ਹਿਰਦੇ ਵਿਚੋਂ ਪਾਪਾਂ ਨੂੰ ਧੋ ਕੇ ਬ!ਾਂਹਰ ਕਢ ਦਿੰਦੀ ਹੈ। ਸੱਚਾਈ ਦੇ ਮਾਰਗ ਉਤੇ ਚਲਣ ਵਾਲੇ ਜਗਿਆਸੂਆਂ ਨੂੰ ਗੁਰੂ ਸਾਹਿਬ ਬੇਨਤੀ ਕਰਨ ਦਾ ਢੰਗ ਇਸ ਤਰ੍ਹਾਂ ਸਿਖਾਉਂਦੇ ਹਨ :

*ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥*
*ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥...*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੮)

### **10.**10 ਸੱਚਾਈ : ਲੱਛਣ

- ਸੱਚਾਈ ਉਹ ਹੈ ਜਿਸ ਲਈ ਪ੍ਰਮਾਣ ਅਤੇ ਆਧਾਰ ਦੀ ਲੋੜ ਨਹੀਂ, ਜਿਸ ਲਈ ਪ੍ਰਮਾਣ ਦੀ ਲੋੜ ਪਵੇ, ਉਹ ਸੱਚਾਈ ਤੋਂ ਕੋਈ ਵਖਰੀ ਚੀਜ਼ ਹੈ।

- ਸੱਚਾਈ ਆਪ ਮੁਹਾਰੇ ਪ੍ਰਗਟ ਹੁੰਦੀ ਹੈ। ਉਸ ਨੂੰ ਕਿਸੇ ਸਹਾਰੇ ਦੀ ਲੋੜ ਨਹੀਂ ਹੁੰਦੀ। ਮਿਸਾਲ ਵਜੋਂ, ਰੋਜ਼ਾਨਾ ਜ਼ਿੰਦਗੀ ਵਿਚ ਮਨੁੱਖ ਨੂੰ ਇਕ ਝੂਠ ਲਕਾਉਣ ਲਈ ਕਈ ਹੋਰ ਝੂਠ ਬੋਲਣੇ ਪੈਂਦੇ ਹਨ।
- ਇਹ ਸਰਬ-ਸਾਂਝੀ ਕੀਮਤ ਹੈ। ਸੱਚਾਈ ਹਰ ਥਾਂ ਇਕੋ ਅਰਥ ਰਖਦੀ ਹੈ। ਇਸ ਕੀਮਤ ਦੀ (value) ਨਹੀਂ ਘਟਦੀ, ਨਾ ਇਹ ਵਧਦੀ ਹੈ। ਇਹ ਸਦਾ ਥਿਰ ਹੈ। ਇਹ ਅਨੁਪਮ ਹੈ, ਭਾਵ ਜੋ ਆਪਣੇ ਆਪ ਵਿਚ ਹੈ। ਇਹ ਨਿਰਪੇਖ ਸੱਚਾਈ ਹੈ (absolute truth)। ਗੁਰਬਾਣੀ ਦੇ ਫੁਰਮਾਣ *ਬੇਦ ਕਤੇਬ ਸੰਸਾਰ ਹਬ!ਾਂ ਹੂੰ ਬਾਂਹਰਾ॥ ਨਾਨਕ ਤਾ ਪਾਤਿਸਾਹੁ ਦਿਸੈ ਜਾਹਰਾ॥* ਅਨੁਸਾਰ ਸਚ ਆਪਣੇ ਆਪ ਵਿਚ ਜਾਹਰ ਹੈ। ਇਸ ਨੂੰ ਵੇਦਾਂ-ਕਤੇਬਾਂ ਦੇ ਹਵਾਲੇ ਦੀ ਲੋੜ ਨਹੀਂ। ਕਿਸੇ ਦੇ ਆਧਾਰ ਉਤੇ ਜਿਹੜੀ ਸੱਚਾਈ ਹੁੰਦੀ ਹੈ, ਉਸਨੂੰ ਸਾਪੇਖ ਸੱਚਾਈ ਕਿਹਾ ਜਾਂਦਾ ਹੈ।
- ਸਚ, ਕਦੇ ਪੁਰਾਣਾ ਨਹੀਂ ਹੁੰਦਾ, ਬੇਅਸਰ ਨਹੀਂ ਹੁੰਦਾ ਸਗੋਂ ਇਸਦਾ ਤੇਜ ਪ੍ਰਤਾਪ ਹਰ ਸਮੇਂ, ਹਰ ਜੁਗ, ਹਰ ਕਾਲ ਵਿਚ ਬਣਿਆ ਹੀ ਰਹਿੰਦਾ ਹੈ : *ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ॥* (ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੬)।
- 'ਸਚੁ' ਨੂੰ ਧਿਆਉਣ ਵਾਲਿਆਂ ਅੰਦਰ ਸੱਚਾਈ ਪ੍ਰਵੇਸ਼ ਕਰ ਜਾਂਦੀ ਹੈ : *ਨਾਨਕ ਸਚੁ ਧਿਆਇਨਿ ਸਚੁ॥* (ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੩)
- ਸੱਚਾਈ ਸਮਸਤ ਰੋਗਾਂ ਦੀ ਦਵਾਈ ਹੈ, ਜਿਹੜੀ ਪਾਪਾਂ ਨੂੰ ਧੋ ਕੇ ਬ!ਾਹਰ ਕਢ ਦਿੰਦੀ ਹੈ : *ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥ ਨਾਨਕ ਵਖਾਣੈ ਬੇਨਤੀ ਜੇ ਸਚੁ ਪਲੈ ਹੋਇ॥* (ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੮)।
- ਸੱਚਾਈ ਆਧਾਰਿਤ ਜੀਵਨ ਹੀ ਅਨੰਦ ਭਰਪੂਰ ਜੀਵਨ ਹੋ ਸਕਦਾ ਹੈ। ਇਸ ਕਰਕੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਚ ਰਖੀਆਂ ਤਿੰਨ ਵਸਤੂਆਂ ਵਿਚੋਂ ਸੱਚਾਈ ਨੂੰ ਮੁਢਲਾ ਸਥਾਨ ਪ੍ਰਾਪਤ ਹੈ : *ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥* (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)।

## 10.11 ਸਾਰ

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਸਚੁ, ਪਿਆਰ ਅਤੇ ਸੁੰਦਰਤਾ ਆਦਿ ਕੀਮਤਾਂ ਵਿਚੋਂ ਸੱਚਾਈ ਇਕ ਮਹੱਤਵਪੂਰਨ ਕੀਮਤ ਹੈ। 'ਸੱਚਾਈ' ਜੀਵਨ ਵਿਚ ਗ੍ਰਹਿਣ ਕਰਨ ਵਾਲੀ 'ਕੀਮਤ' ਹੈ, ਜਿਸ ਦਾ ਸਬੰਧ ਮਨੁੱਖੀ ਸ਼ਖਸੀਅਤ ਨਾਲ ਹੈ। ਸੱਚਾਈ ਨਾਲ ਅੰਤਰ-ਸਬੰਧਿਤ ਕੀਮਤਾਂ ਹਨ- ਸਚ, ਸੱਚਾਈ ਤੇ ਸਚਿਆਰ। ਇਹ ਤਿੰਨੇ ਵਖ-ਵਖ ਜ਼ਰੂਰ ਪ੍ਰਤੀਤ ਹੁੰਦੀਆਂ ਹਨ, ਪਰੰਤੂ ਇਹ ਤਿੰਨੇ ਇਕ ਰੂਪ ਹਨ। ਸਚੁ ਦਾ ਸਬੰਧ ਬ੍ਰਹਮ ਅਥਵਾ ਅਕਾਲਪੁਰਖ ਨਾਲ ਹੈ, ਸੱਚਾਈ ਦਾ ਸਬੰਧ ਵਿਅਕਤੀ ਨਾਲ ਹੈ ਅਤੇ ਸਚਿਆਰ ਇਕ 'ਪਦ' ਹੈ। ਇਨ੍ਹਾਂ ਤਿੰਨਾਂ ਦੇ ਕੇਂਦਰ ਵਿਚ ਸੱਚਾਈ ਹੈ, ਸਚੁ ਅਤੇ ਸਚਿਆਰ ਇਸ ਦੇ ਬਰਾਬਰ ਚਲਦੇ ਹਨ। 'ਸੱਚਾਈ' ਦਾ ਸੋਮਾ ਸਦੀਵੀ 'ਸਚੁ', ਭਾਵ ਪਰਮਾਤਮਾ ਹੈ। ਸੱਚਾਈ ਦਾ ਸਬੰਧ ਧਰਮ ਅਤੇ ਸਾਧਨਾ ਦੇ ਨਾਲ-ਨਾਲ ਸਮਾਜ ਅਤੇ ਨੈਤਿਕਤਾ ਨਾਲ ਵੀ ਹੈ। ਧਾਰਮਿਕ ਪੱਧਰ ਉਤੇ ਸੱਚਾਈ ਦਾ ਰੂਪ ਵਿਹਾਰਕ ਹੈ, ਸਮਾਜਿਕ ਪੱਧਰ ਉਤੇ ਸੱਚਾਈ ਨਿਆਂ ਨਾਲ ਜੁੜੀ ਹੋਈ ਹੈ ਅਤੇ ਨੈਤਿਕ ਪੱਧਰ ਉਤੇ ਸੱਚਾਈ ਦਾ ਸਬੰਧ ਪੰਜ ਵਿਕਾਰਾਂ ਅਤੇ ਝੂਠ ਨਾਲ ਹੈ। ਗੁਰਬਾਣੀ ਦੀ ਰੌਸ਼ਨੀ ਵਿਚ ਸੱਚਾਈ-ਪ੍ਰਾਪਤੀ ਦੇ ਸਾਧਨ ਪੰਜ ਗੁਣ (ਸੰਤੋਖ, ਗਿਆਨ, ਧਿਆਨ, ਦਇਆ ਅਤੇ ਖਿਮਾ) ਹਨ। ਸੱਚਾਈ ਤੋਂ ਹੀ ਸੰਤੋਖ, ਧੀਰਜ, ਨਿਮਰਤਾ, ਬਹਾਦਰੀ, ਵਰਗੇ ਕਈ ਹੋਰ ਗੁਣ ਵਿਕਸਤ ਹੁੰਦੇ ਹਨ।

## 10.12 ਸਹਾਇਕ ਪੁਸਤਕ ਸੂਚੀ


1. ਰਾਧਾ ਕ੍ਰਿਸ਼ਨਨ (ਡਾ.), *ਪੂਰਬ ਅਤੇ ਪੱਛਮ*, ਬੁਕ ਲਿੰਕਜ਼, ਅੰਮ੍ਰਿਤਸਰ, 1994.
2. ਰੂਪ ਸਿੰਘ (ਸੰਪਾ.), *ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ,* ਧਰਮ ਪ੍ਰਚਾਰ ਕਮੇਟੀ (ਸ਼੍ਰੋ.ਗੁ.ਪ੍ਰੰ.ਕਮੇਟੀ), ਸ੍ਰੀ ਅੰਮ੍ਰਿਤਸਰ, 2012.
3. ਜਸਵੰਤ ਸਿੰਘ ਨੇਕੀ, *ਗੁਰਮਤਿ ਮਨੋਵਿਗਿਆਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2009.

4. ਜੋਧ ਸਿੰਘ, *ਸਿੱਖ ਭਗਤੀ : ਸਰੂਪ ਤੇ ਆਧਾਰ,* ਵੀਜ਼ਨ ਐਂਡ ਵੈਂਚਰ, ਪਟਿਆਲਾ, 1996.
5. ਹਰਿਭਜਨ ਸਿੰਘ, *ਗੁਰਮਤਿ ਵਿਆਖਿਆਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1985.
6.ਪਰਮਵੀਰ ਸਿੰਘ (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ : ਚਿੰਤਨ ਅਤੇ ਵਿਚਾਰਧਾਰਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.
7. Avtar Singh, *Ethics of The Sikhs,* Punjabi University, Patiala, 1996 (IIIrd edition)

## 10.13 ਅਭਿਆਸ ਲਈ ਪ੍ਰਸ਼ਨ

1. ਸੱਚਾਈ ਤੋਂ ਕੀ ਭਾਵ ਹੈ ? ਵਿਸਤ੍ਰਿਤ ਜਾਣਕਾਰੀ ਦਿਉ।
2. ਸੱਚਾਈ ਦੇ ਅਰਥ, ਪਰਿਭਾਸ਼ਾ ਅਤੇ ਸਰੂਪ ਉਤੇ ਨੋਟ ਲਿਖੋ।
3. ਸਿੱਖ ਧਰਮ ਵਿਚ ਮਿਲਦੇ ਸੱਚਾਈ ਦੇ ਸਰੂਪ ਬਾਰੇ ਜਾਣਕਾਰੀ ਦਿਉ।
4. ਸੱਚਾਈ ਪ੍ਰਾਪਤੀ ਦੇ ਸਾਧਨਾਂ ਬਾਰੇ ਤੁਸੀਂ ਕੀ ਜਾਣਦੇ ਹੋ? ਸੰਖੇਖ ਵਰਨਣ ਕਰੋ।
5. ਸੱਚਾਈ ਦੇ ਲੱਛਣਾਂ ’ਤੇ ਨੋਟ ਲਿਖੋ।

**PROGRAMME: CERTIFICATE COURSE ON VALUE AND LEARNING OF SIKHISM**

**COURSE: VALUES AND VIRTUES**

**SEMESTER-I**

**UNIT 11 – HUMILITY**

**STRUCTURE**

**11.**0 ਉਦੇਸ਼
**11.**1 ਜਾਣ ਪਛਾਣ
**11.**2 ਨਿਮਰਤਾ : ਅਰਥ
**11.**3 ਨਿਮਰਤਾ : ਪਰਿਭਾਸ਼ਾ
**11.**4 ਨਿਮਰਤਾ : ਕਿਸਮਾ
**11.**4.1 ਅੰਦਰੂਨੀ ਨਿਮਰਤਾ
**11.**4.2 ਬਾਹਰੀ ਨਿਮਰਤਾ
**11.**5 ਨਿਮਰਤਾ : ਇਤਿਹਾਸਿਕ ਦ੍ਰਿਸ਼ਟਾਂਤ
**11.**6 ਨਿਮਰਤਾ ਦੀ ਮਹੱਤਤਾ
**11.**7 ਨਿਮਰਤਾ ਦੀ ਅਣਹੋਂਦ ਦਾ ਕਾਰਨ : ਹਉਮੈਂ
**11.**8 ਹਉਮੈਂ ਦਾ ਤਿਆਗ
**11.**9 ਨਿਮਰਤਾ-ਪ੍ਰਾਪਤੀ ਦੇ ਸਾਧਨ
**11.**9.1 ਨਾਮੁ ਜਪਣਾ
**11.**9.2 ਭਾਉ ਭਗਤਿ
**11.**9.3 ਪਵਿੱਤਰ ਹਿਰਦਾ
**11.**9.4 ਉਚੀ ਮਤਿ
**11.**9.5 ਖਿਮਾ
**11.**10 ਨਿਮਰਤਾ ਧਾਰਨ ਕਰਨ ਦੀ ਜੁਗਤਿ
**11.**11 ਨਿਮਰਤਾ ਦਾ ਫਲ
**11.**12 ਨਿਮਰਤਾ ਅਤੇ ਨਿਰਬਲਤਾ
**11.**13 ਸਾਰ
**11.14** ਸਹਾਇਕ ਪੁਸਤਕ ਸੂਚੀ
**11.15** ਅਭਿਆਸ ਲਈ ਪ੍ਰਸ਼ਨ

**11.**0 ਉਦੇਸ਼

ਧਰਮਾਂ ਵਿਚ 'ਆਚਾਰ-ਵਿਧਾਨ' (ethics) ਦੀ ਬਹੁਤ ਮਹੱਤਤਾ ਹੁੰਦੀ ਹੈ। ਦੂਜੇ ਸ਼ਬਦਾਂ ਵਿਚ 'ਆਚਾਰ-ਵਿਧਾਨ' (ਨੈਤਿਕਤਾ) ਕਿਸੇ ਵੀ ਧਰਮ ਦਾ ਅਨਿਖੜ ਅੰਗ ਹੈ। ਨੈਤਿਕਤਾ ਦਾ ਇਕ ਗੁਣ 'ਨਿਮਰਤਾ' ਹੈ। ਨਿਮਰਤਾ, ਹਲੀਮੀ, ਦੀਨਤਾ, ਨਿਰਮਾਣਤਾ ਕੁਝ ਐਸੀਆਂ ਭਾਵਨਾਵਾਂ ਹਨ ਜਿਹੜੀਆਂ ਗੁਰਮਤਿ ਦਾ ਅਧਾਰ ਹਨ।

ਸਿੱਖ ਧਰਮ ਵਿਚ ਨਿਮਰਤਾ ਨੂੰ ਬਹੁਤ ਮਹੱਤਵ ਦਿਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਨਿਮਰਤਾ ਤੇ ਹਲੀਮੀ ਤੋਂ ਹੀ ਸੇਵਾ, ਸਿਮਰਨ, ਦਿਆਲਤਾ, ਕਿਰਪਾਲਤਾ ਤੇ ਹਮਦਰਦੀ ਵਰਗੇ ਗੁਣ ਵਿਕਸਿਤ ਹੁੰਦੇ ਹਨ। ਨਿਮਰਤਾ ਤੋਂ ਹੀ ਮਨੁੱਖੀ ਸਮਾਜ ਵਿਚ ਆਪਸੀ ਪ੍ਰੇਮ-ਪਿਆਰ, ਹਮਦਰਦੀ ਤੇ ਅਪਣੱਤ ਦਾ ਪਾਸਾਰ ਹੁੰਦਾ ਹੈ। ਦੁਨੀਆਂ ਨਿਮਰ, ਮਿੱਠ-ਬੋਲੜੇ ਅਤੇ ਹਸਮੁੱਖ ਸੁਭਾਅ ਵਾਲੇ ਮਨੁੱਖਾਂ ਨੂੰ ਹੀ ਪਸੰਦ ਕਰਦੀ ਅਤੇ ਸਤਿਕਾਰ ਕਰਦੀ ਹੈ।

ਇਸ ਪਾਠ ਦਾ ਮਨੋਰਥ ਸਿੱਖ ਧਰਮ ਵਿਚ ਮਿਲਦੇ 'ਨਿਮਰਤਾ' ਦੇ ਸਰੂਪ ਨੂੰ ਜਾਣਨਾ ਹੈ। ਇਸ ਜਤਨ ਵਿਚ ਸਿੱਖ ਇਤਿਹਾਸ ਤੇ ਗੁਰਬਾਣੀ ਤੋਂ ਮਦਦ ਲਈ ਗਈ ਹੈ। ਪਾਠ ਵਿਚ 'ਨਿਮਰਤਾ' ਦੇ ਅਰਥ, ਪਰਿਭਾਸ਼ਾ, ਆਦਿ ਸਮਝ ਕੇ 'ਨਿਮਰਤਾ' ਦੀ ਬਹੁ-ਪਖੀ ਚਰਚਾ ਕੀਤੀ ਗਈ ਹੈ।

**11.1 ਜਾਣ ਪਛਾਣ**

ਨਿਮਰਤਾ ਇਕ ਅਜਿਹੀ ਭਾਵਨਾ ਹੈ ਜਿਹੜੀ ਸਮੁੱਚੇ ਧਰਮਾਂ ਦਾ ਅਧਾਰ ਹੈ। ਅਸਲ ਵਿਚ ਸਿੱਖ ਧਰਮ ਦੀ ਨੀਂਹ ਹੀ 'ਨਿਮਰਤਾ' ਹੈ। ਪਰਮਾਤਮਾ ਨੇ ਸਭ ਜੀਵਾਂ ਨੂੰ ਪ੍ਰੇਮ, ਦਲੇਰੀ, ਗਿਆਨ, ਨਿਆਂ ਅਤੇ ਖਿਮਾ ਆਦਿ ਗੁਣਾਂ ਦੇ ਨਾਲ-ਨਾਲ 'ਨਿਮਰਤਾ' ਦਾ ਅਨਮੋਲ ਗੁਣ ਵੀ ਬਖਸ਼ਿਆ ਹੈ। ਇਹ ਇਕ ਅਜਿਹਾ ਗੁਣ ਹੈ ਜਿਹੜਾ ਹਮਦਰਦੀ, ਸੇਵਾ, ਕਿਰਪਾਲਤਾ, ਤਿਆਗ ਤੇ ਹੋਰ ਕਈ ਗੁਣਾਂ ਦਾ ਸੋਮਾ ਹੈ। ਨਿਮਰਤਾ ਪਿਆਰ, ਸੰਤੋਖ ਤੇ ਆਪਸੀ ਮੇਲ-ਜੋਲ ਵਧਾਉਂਦੀ ਹੈ। ਨਿਮਰਤਾ ਕੜਵਾਹਟ ਦੂਰ ਕਰਕੇ ਖੁਸ਼ਗਵਾਰ ਮਾਹੌਲ ਸਿਰਜਦੀ ਹੈ। ਇਹ ਸਭ ਦੁਸ਼ਮਣੀਆਂ ਤੇ ਝਗੜੇ ਖਤਮ ਕਰ ਸਕਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮਨੁੱਖ ਨੂੰ ਪਰਮਾਤਮਾ ਨਾਲ ਜੋੜਨ ਲਈ ਜਿਥੇ ਅਗਵਾਈ ਦਿੰਦੀ ਹੈ, ਉਥੇ ਮਨੁੱਖੀ ਸਮਾਜ ਵਿਚ ਸਫਲਤਾ ਪੂਰਵਕ ਵਿਚਰਨ ਲਈ ਜੀਵਨ-ਜਾਚ ਵੀ ਬਖਸ਼ਦੀ ਹੈ। ਇਸ ਜੀਵਨ ਸ਼ੈਲੀ ਵਿਚ 'ਨਿਮਰਤਾ' ਦਾ ਗੁਣ ਸਮਸਤ ਚੰਗਿਆਈਆਂ ਦਾ ਤਤ ਹੈ। ਗੁਰਬਾਣੀ ਦੀ ਦ੍ਰਿਸ਼ਟੀ ਵਿਚ ਪ੍ਰਭੂ-ਮਿਲਾਪ ਲਈ 'ਨਿਮਰਤਾ' ਇਕ ਜ਼ਰੂਰੀ ਸ਼ਰਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਪਰਮਾਤਮਾ ਨੂੰ 'ਸਤਿ' ਦੀ ਸੰਗਿਆ ਦਿੰਦੇ ਹੋਏ ਫ਼ੁਰਮਾਉਂਦੇ ਹਨ ਕਿ ਮਨੁੱਖ 'ਸਤਿ' ਨਾਲ ਜੁੜ ਕੇ 'ਸਚਿਆਰਾ' ਬਣ ਸਕਦਾ ਹੈ, ਪਰ ਸਚਿਆਰਾ ਬਣਨ ਲਈ ਜ਼ਰੂਰੀ ਸ਼ਰਤ ਇਹ ਹੈ ਕਿ ਉਹ ਆਪਣੀ 'ਹਉਮੈ' ਛਡ ਕੇ 'ਹੁਕਮੁ' ਅਨੁਸਾਰ ਆਪਣਾ ਜੀਵਨ ਬਤੀਤ ਕਰੇ। 'ਹੁਕਮੁ' ਅਨੁਸਾਰ ਉਹ ਮਨੁੱਖ ਹੀ ਚਲ ਸਕਦਾ ਹੈ ਜਿਸ ਵਿਚ ਨਿਮਰਤਾ ਹੁੰਦੀ ਹੈ। ਸਿੱਖ ਧਰਮ ਦੀ ਪ੍ਰਥਮ ਵਿਸ਼ੇਸ਼ਤਾ 'ਨਿਮਰਤਾ' ਹੈ; ਦੂਜੀ ਵਿਸ਼ੇਸ਼ਤਾ 'ਹੋਰ ਨਿਮਰਤਾ' ਹੈ। ਇਸੇ ਤਰ੍ਹਾਂ ਤੀਜੀ ਵਿਸ਼ੇਸ਼ਤਾ 'ਹੋਰ ਵਧ ਨਿਮਰਤਾ' ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿਚ ਆਪਣੇ ਆਪ ਨੂੰ ਢਾਡੀ, ਦਾਸ, ਨੀਚਾ ਅੰਦਰਿ ਨੀਚੁ ਆਦਿ ਕਿਹਾ ਹੈ। ਇਸ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬ ਕਥਿਤ ਉਚੀ ਜਾਤ ਵਿਚੋਂ ਹੁੰਦੇ ਹੋਏ ਵੀ ਆਪਣੇ ਆਪ ਨੂੰ 'ਨੀਚ' ਹੀ ਕਹਿੰਦੇ ਹਨ। ਅਜਿਹੀਆਂ ਅਨੇਕ ਹੋਰ ਮਿਸਾਲਾਂ ਗੁਰਬਾਣੀ ਤੇ ਸਿੱਖ ਇਤਿਹਾਸ ਵਿਚੋਂ ਪ੍ਰਾਪਤ ਹੁੰਦੀਆਂ ਹਨ।

ਨਿਮਰ ਹੋਣ ਨਾਲ ਹੋਰਾਂ ਦਾ ਸਤਿਕਾਰ ਬਣਿਆ ਰਹਿੰਦਾ ਹੈ ਅਤੇ ਆਪਸੀ ਪ੍ਰੇਮ ਵੀ ਵਧਦਾ ਹੈ। ਨਿਮਰਤਾ, ਗੁਣੀ ਜਨਾਂ ਦੀ ਸੰਗਤ ਕੀਤਿਆਂ ਪ੍ਰਾਪਤ ਹੋ ਸਕਦੀ ਹੈ। ਸਤਿਸੰਗਤ ਦੀ ਬਰਕਤ ਨਾਲ ਨਿਮਰਤਾ ਦਾ ਗੁਣ ਆ ਵਸਦਾ ਹੈ। ਨਿਮਰਤਾ ਦਾ ਇਹ ਗੁਣ ਉਸ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ ਜਿਸ ਉਤੇ ਅਕਾਲਪੁਰਖ ਦੀ ਕਿਰਪਾ ਹੁੰਦੀ ਹੈ।

**11.2 ਨਿਮਰਤਾ : ਅਰਥ**

ਭਾਈ ਵੀਰ ਸਿੰਘ ਜੀ ਨੇ 'ਨਿਮਰਤਾ' ਲਈ 'ਹਲੇਮੀ' ਸ਼ਬਦ ਵਰਤਿਆ ਹੈ, ਜਿਹੜਾ ਅਰਬੀ ਭਾਸ਼ਾ ਦੇ ਸ਼ਬਦ 'ਹਿਲਮ' ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਨਿਮਰਤਾ, ਧੀਰਜ ਜਾਂ ਸ਼ਾਂਤ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਨਿਮਰਤਾ' ਤੋਂ ਭਾਵ ਹੈ ਨੀਵਾਂ ਹੋਣਾ, ਹਲੀਮੀ, ਨਿਰਅਭਿਮਾਨਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿਮਰਤਾ ਪਦ ਨੂੰ ਸੁਭਾਉ, ਨਿਮਰ, ਨਿਵਣ, ਨਿਮਾਣੀ, ਮਸਕੀਨ, ਹਲੇਮੀ (ਹਲੀਮੀ) ਆਦਿ ਸ਼ਬਦਾਂ ਦੁਆਰਾ ਪ੍ਰਗਟ ਕੀਤਾ ਗਿਆ ਹੈ।

**11.3 ਨਿਮਰਤਾ : ਪਰਿਭਾਸ਼ਾ**

ਵਿਦਵਾਨਾਂ ਨੇ ਨਿਮਰਤਾ ਨੂੰ ਬਹੁਤ ਸਾਰੇ ਪੱਖਾਂ ਤੋਂ ਪਰਿਭਾਸ਼ਿਤ ਕੀਤਾ ਹੈ, ਪਰੰਤੂ ਸਰਵ-ਪ੍ਰਵਾਨਿਤ ਪਰਿਭਾਸ਼ਾ ਅਨੁਸਾਰ, "ਨਿਮਰਤਾ ਮਨੁੱਖੀ ਜੀਵਨ ਦਾ ਇਕ ਬਹੁਮੁਲਾ ਗੁਣ ਹੈ ਜਿਹੜਾ ਮਨੁੱਖਾ ਜ਼ਿੰਦਗੀ ਨੂੰ ਸਰਲ, ਸਪੱਸ਼ਟ ਅਤੇ ਸੁਚੱਜਾ ਬਨਾਉਣ ਵਿਚ ਅਹਿਮ ਯੋਗਦਾਨ ਪਾਉਂਦਾ ਹੈ।"

## **11**.4 ਨਿਮਰਤਾ : ਕਿਸਮਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਧਿਐਨ ਕੀਤਿਆਂ ਨਿਮਰਤਾਂ ਦੀਆਂ ਕਿਸਮਾਂ ਬਾਰੇ ਪਤਾ ਚਲਦਾ ਹੈ। ਗੁਰਬਾਣੀ ਵਿਚ ਇਕ ਨਿਮਰਤਾ ਉਹ ਦਰਸਾਈ ਗਈ ਹੈ, ਜਿਹੜੀ ਮਨੁੱਖੀ ਸ਼ਖਸੀਅਤ ਦਾ ਗਹਿਣਾ ਹੈ, ਭਾਵ ਸਚੀ ਨਿਮਰਤਾ। ਦੂਜੇ ਪਾਸੇ ਝੂਠੀ ਨਿਮਰਤਾ ਹੈ, ਜਿਹੜੀ ਮਨੁੱਖੀ ਪਖੰਡੀ ਬਣ ਕੇ ਧਾਰਨ ਕਰਦਾ ਹੈ। ਇਨ੍ਹਾਂ ਦੀ ਵਿਚਾਰ ਹੇਠ ਦਿਤੇ ਅਨੁਸਾਰ ਹੈ :

### **11**.4.1 ਅੰਦਰੂਨੀ ਨਿਮਰਤਾ

ਸਿੱਖ ਦਾ ਆਦਰਸ਼ 'ਵਾਹਿਗੁਰੂ' ਰੂਪ ਹੋ ਕੇ ਵਾਹਿਗੁਰੂ ਵਿਚ ਸਮਾਉਣਾ ਹੈ। ਇਸ ਆਦਰਸ਼ ਦੀ ਪੂਰਤੀ ਹਿਤ ਗੁਰਸਿੱਖ ਜਦੋਂ ਬੰਦਗੀ ਕਰਦਾ ਅਕਾਲਪੁਰਖ ਦੀ ਨੇੜਤਾ ਦਾ ਨਿਘ ਮਾਣਦਾ ਹੈ ਤਾਂ ਉਸਨੂੰ ਅਹਿਸਾਸ ਹੁੰਦਾ ਹੈ ਕਿ ਪਰਮਾਤਮਾ ਸ੍ਰਿਸ਼ਟੀ ਦਾ ਕਰਤਾ ਹੋਣ ਨਾਤੇ ਸਮਸਤ ਸ਼ਕਤੀਆਂ ਦਾ ਸੋਮਾ ਹੋਣ ਦੇ ਨਾਲ-ਨਾਲ ਸਰਬਸ਼ਕਤੀਮਾਨ ਹੈ। ਇਸ ਦੇ ਬਾਵਜੂਦ ਵੀ ਉਹ ਅਤਿਅੰਤ ਨਿਰਮਾਣ ਹੈ। ਇਸ ਲਈ ਸਚੀ ਨਿਮਰਤਾ ਧਾਰਨ ਕਰਨੀ ਜਗਿਆਸੂ ਲਈ ਮੁਢਲੀ ਸ਼ਰਤ ਹੈ। ਗੁਰ ਵਾਕ ਹੈ :

*ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੀਂ ਚੁਨਿਓ ਨਾ ਜਾਈ॥*
*ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ॥*

ਅਸਲ ਨਿਮਰਤਾ ਵਾਲੇ ਮਨੁੱਖ ਵਿਚ ਦੰਭ (ਪਖੰਡ) ਨਹੀਂ ਹੁੰਦਾ, ਪਰੰਤੂ ਅਜਿਹੇ ਮਨੁੱਖ ਸੰਸਾਰ ਵਿਚ ਬਹੁਤ ਥੋੜੇ ਹਨ। ਨਿਮਰਤਾ ਦੀ ਕੋਈ ਰੀਸ ਨਹੀਂ ਹੋ ਸਕਦੀ। ਨਿਮਰ ਭਾਵ ਵਾਲਾ ਵਿਅਕਤੀ ਭਾਵੇਂ ਲੋਕਾਂ ਦੀ ਵਧੀਕੀ ਸਹਾਰਦਾ ਹੈ, ਪਰ ਮਨ ਕਾਬੂ ਵਿਚ ਰਖਣ ਨਾਲ ਉਸ ਦੀ ਆਤਮਿਕ ਅਵਸਥਾ ਬੜੀ ਉੱਚੀ ਹੁੰਦੀ ਹੈ। ਗੁਰਬਾਣੀ ਵਿਚ ਸ਼ੇਰ ਤੇ ਗਿੱਦੜ ਦੀ ਉਦਾਹਰਣ ਨਾਲ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜਦੋਂ ਨਿਮਰਤਾ ਰੂਪੀ ਗਿੱਦੜ, ਸ਼ੇਰ ਰੂਪੀ ਹੰਕਾਰ ਨੂੰ ਖਾ ਜਾਂਦਾ ਹੈ, ਤਾਂ ਜੰਗੱਲ ਰੂਪੀ ਹਿਰਦੇ ਦੇ ਸਾਰੇ ਫੁੱਲ ਖਿੜ ਪੈਂਦੇ ਹਨ :

*ਜਬ ਹੀ ਸਿਆਰੁ ਸਿੰਘ ਕਉ ਖਾਇ॥*
*ਫੂਲਿ ਰਹੀ ਸਗੱਲੀ ਬਨਰਾਇ॥*

ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਚਿਕੜ ਤੇ ਕਮਲ ਫੁੱਲ ਦੀ ਉਦਹਾਰਣ ਦੇ ਕੇ ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਚਿਕੜ ਨੀਵੀਂ ਥਾਂ 'ਤੇ ਹੋਣ ਕਾਰਨ ਕਮਲ ਦਾ ਫੁੱਲ ਚਿੱਕੜ ਵਿਚ ਖਿੜਦਾ ਹੈ, ਭਾਵ ਨਿਮਰਤਾ ਵਿਚ ਹੀ ਸਭ ਕੁਝ ਹੈ :

*ਨੀਚ ਕੀਚ ਨਿਮ੍ਰਿਤ ਘਨੀ ਕਰਨੀ ਕਮਲ ਜਮਾਲ॥*

ਸਚੀ ਨਿਮਰਤਾ ਮਨੁੱਖ ਨੂੰ ਵੱਡਾ ਬਣਾਉਂਦੀ ਹੈ। ਨਿਮਰ ਮਨੁੱਖ ਮਹਾਨ ਹੁੰਦਾ ਹੈ। ਉਹ ਸੁਖੀ ਰਹਿੰਦਾ ਹੈ ਤੇ ਵਾਹਿਗੁਰੂ ਉਸ 'ਤੇ ਪ੍ਰਸ਼ਨ ਹੁੰਦਾ ਹੈ। ਅਜਿਹਾ ਮਨੁੱਖ ਸਾਰਿਆਂ ਨਾਲੋਂ ਵੱਡਾ ਗਿਣਿਆ ਜਾਂਦਾ ਹੈ :

*ਆਪਸ ਕਉ ਜੋ ਜਾਣੈ ਨੀਚਾ॥*
*ਸੋਊ ਗੱਲੀਐ ਸਭ ਤੇ ਊਚਾ॥*

ਭਾਈ ਵੀਰ ਸਿੰਘ ਜੀ ਦੇ ਸ਼ਬਦਾਂ ਵਿਚ ਆਕੜ ਵਾਲੇ ਸਾਰੇ ਬੂਟੇ ਨਦੀ ਭੰਨ ਤੋੜਦੀ ਹੈ ਤੇ ਵਹਾਅ ਕੇ ਲੈ ਜਾਂਦੀ ਹੈ। ਪਰ ਜੋ ਝੁਕ ਜਾਣ, ਉਹ ਬੂਟੇ ਨਦੀ ਕਦੇ ਨਹੀਂ ਤੋੜ ਸਕਦੀ :

*ਸਾਗਰ ਪੁਛਦਾ ਨਦੀਏ!*
*ਸਾਰੇ ਬੂਟੇ ਬੂਟੀਆਂ ਲਿਆਵੇਂ*
*ਪਰ ਨਾ ਕਦੇ ਬੈਂਤ ਦਾ ਬੂਟਾ*
*ਇਥੇ ਆਣ ਪੁਚਾਵੇਂ?*
*ਨਦੀ ਆਖਦੀ - ਆਕੜ ਵਾਲੇ ਸਭ ਬੂਟੇ ਪੁਟ ਸਕਾਂ*
*ਪਰ ਜੋ ਝੁਕੇ ਵਗੇ ਰਉ ਰੁਖ ਨੂੰ*
*ਪੇਸ਼ ਨਾ ਉਸ ਤੇ ਜਾਵੇ।"*

### **11**.4.2 ਬਾਹਰੀ ਨਿਮਰਤਾ

ਸ੍ਰੀ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਨਿਮਰਤਾ ਵਿਖਾਵੇ ਵਾਲੀ ਨਹੀਂ ਹੋਣੀ ਚਾਹੀਦੀ। ਮਨੁੱਖ ਦਿਲੋਂ ਨਿਮਰ ਹੋਣਾ ਚਾਹੀਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਹਰ ਕੋਈ ਆਪਣੀ ਖਾਤਰ ਨਿਵਦਾ ਹੈ, ਓਪਰੇ ਦੀ ਖਾਤਰ ਕੋਈ ਨਹੀਂ ਨਿਉਂਦਾ। ਤਕੜੀ ਦਾ ਦ੍ਰਿਸ਼ਟਾਂਤ ਦਿੰਦੇ ਹੋਏ ਗੁਰੂ ਸਾਹਿਬ ਦਸਦੇ ਹਨ ਕਿ ਤਕੜੀ ਦੇ ਪਲੜੇ ਵਿਚ ਜੇਕਰ ਕੋਈ ਚੀਜ਼ ਰਖ ਕੇ ਜੋਖੀ ਜਾਵੇ ਤਾਂ ਭਾਰੀ ਪੱਲੜਾ ਹੀ ਨੀਵਾਂ ਹੁੰਦਾ ਹੈ। ਇਸੇ ਤਰ੍ਹਾਂ ਗੁਰੂ ਸਾਹਿਬ ਦਸਦੇ ਹਨ ਕਿ ਹਿਰਨ ਦਾ ਸ਼ਿਕਾਰ ਕਰਨ ਵਾਲਾ ਸ਼ਿਕਾਰੀ ਵੀ ਦੁਗਣਾ ਨਿਵਦਾ ਹੈ। ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ ਸੀਸ ਝੁਕਾਉਣ ਨਾਲ ਕੁਝ ਵੀ ਪ੍ਰਾਪਤ ਨਹੀਂ ਹੁੰਦਾ, ਜਦੋਂ ਤਕ ਵਿਅਕਤੀ ਦਾ ਮਨ ਭੈੜੇ ਪਾਸੇ ਜਾਣੋਂ ਨਹੀ ਰੁਕਦਾ :

*ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥*
*ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥*
*ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥*
*ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੦)

ਡਾ. ਜਸਵੰਤ ਸਿੰਘ ਨੇਕੀ ਅਨੁਸਾਰ, "ਦੁਨੀਆਵੀ ਹੰਕਾਰ ਛਡ ਕੇ ਜੇਕਰ ਕੋਈ ਪਾਰਸਾਈ ਦਾ ਅਭਿਮਾਨ ਹੀ ਅੰਦਰ ਪਾ ਲੈਂਦਾ ਹੈ, ਤਾਂ ਉਸ ਦੀ ਨਿਮਰਤਾ ਝੂਠੀ ਹੈ। ਉਹ ਤਾਂ ਨਿਮਰਤਾ ਦਾ ਦੰਭ (ਪਖੰਡ) ਕਰਦਾ ਹੈ। ਉਹ ਤਾਂ ਅਭਿਮਾਨ ਵਿਚ ਨਿਉਂਦਾ ਹੈ। ਨਿਉਂਦਾ ਹੈ, ਕਿ ਉਸ ਦੀ ਪ੍ਰਭਤਾ ਹੋਰ ਵਧੇ। ਜਾਂ ਫਿਰ, ਜੋ ਅੰਦਰੋਂ ਦੋਸ਼ੀ ਹੁੰਦਾ ਹੈ, ਉਹ ਬਹੁਤ ਜ਼ਿਆਦਾ ਨਿਉਂਦਾ ਹੈ। ਅਸਲ ਨਿਮਰਤਾ ਤਾਂ ਮਨ ਦੀ ਹੁੰਦੀ ਹੈ, ਸਿਜਦਿਆਂ ਦੀ ਨਹੀਂ। ਇਸੇ ਲਈ ਸਿੱਖੀ ਵਿਚ ਮਨ ਨੀਵਾਂ ਤੇ ਮਤਿ ਉਚੀ ਰਖਣ ਦਾ ਆਦੇਸ਼ ਹੈ। "

ਐਸੇ ਲੋਕ ਵੀ ਹੁੰਦੇ ਹਨ, ਜੋ ਸ਼ਕਲ ਦੇ ਸੁੰਦਰ ਤੇ ਬੋਲ ਦੇ ਮਧੁਰ ਹੁੰਦੇ ਹਨ, ਪਰ ਦਿਲ ਅੰਦਰ ਕਿਸੇ ਬਦਲੇ ਦੀ ਭਾਵਨਾ ਲਈ ਫਿਰਦੇ ਹਨ। ਉਹ ਜੋ ਨਿਵਣ ਤਾਂ ਸਮਝੋ ਝੂਠਾ ਨਿਵਦੇ ਹਨ, ਉਹਨਾਂ ਵਲੋਂ ਖ਼ਬਰਦਾਰ ਰਹਿਣਾ ਹੀ ਬਣਦਾ ਹੈ।

ਨਿਵ-ਨਿਵ ਕੇ ਤੇ ਝੁਕ-ਝੁਕ ਕੇ ਗੱਲਾਂ ਕਰਨੀਆਂ ਤੇ ਸਲਾਮਾਂ ਕਰਨੀਆਂ, ਨਿਮਰਤਾ ਨਹੀਂ, ਸਗੋਂ ਇਸ ਤਰ੍ਹਾਂ ਕਰਨਾ 'ਧੋਖਾ' ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖ ਦੇ ਇਸ ਸੁਭਾਅ ਤੋਂ ਵਾਕਿਫ਼ ਹਨ। ਉਹ ਕਹਿੰਦੇ ਹਨ ਕਿ ਬਹੁਤੇ ਲੋਕ ਆਪਣੀ ਸੁਆਰਥ ਲਈ ਹੋਰਾਂ ਅਗੇ ਝੁਕਦੇ ਹਨ ਤੇ ਨਿਮਰਤਾ ਦਾ ਵਿਖਾਵਾ ਕਰਦੇ ਹਨ। ਉਹ ਦਿਖਾਵੇ ਵਾਲੀ ਨਿਮਰਤਾ ਉਨ੍ਹਾਂ ਦਾ ਸੁਭਾਅ ਨਹੀਂ ਹੁੰਦੀ। ਸਹੀ ਨਿਮਰਤਾ ਨੂੰ ਪਰਖਣ ਦਾ ਮਿਆਰ ਇਹ ਹੈ ਕਿ ਨਿਮਰਤਾ ਵਾਲਾ ਮਨੁੱਖ ਕਿਸੇ ਡਰ, ਗ਼ਰਜ਼ ਜਾਂ ਕਪਟ ਲਈ ਨਿਮਰਤਾ ਨੂੰ ਬੁਰਕਾ ਤਾਂ ਨਹੀਂ ਬਣਾ ਰਿਹਾ। ਕਸੂਰਵਾਰ ਮਨੁੱਖ ਨੂੰ ਜਦੋਂ ਕਿਸੇ ਤੋਂ ਦੰਡ ਦਾ ਡਰ ਹੁੰਦਾ ਹੈ ਤਾਂ ਉਹ ਤਰਲੇ ਕੱਢਦਾ ਹੈ। ਉਨ੍ਹਾਂ ਤਰਲਿਆਂ ਨੂੰ ਨਿਮਰਤਾ ਨਹੀਂ ਕਿਹਾ ਜਾ ਸਕਦਾ। ਇਸੇ ਤਰ੍ਹਾਂ ਸਵਾਰਥੀ ਮਨੁੱਖ ਵੀ ਬੜੀ ਨਿਮਰਤਾ ਨਾਲ ਗੱਲਾਂ ਕਰਦਾ ਹੈ, ਪਰ ਇਸ ਨਿਮਰਤਾ ਨੂੰ ਵੀ ਨਿਮਰਤਾ ਨਹੀਂ ਕਿਹਾ ਜਾ ਸਕਦਾ ਤੇ ਧੋਖਾ ਦੇਣ ਵਾਲਾ ਵੀ ਬੜੀਆਂ ਮਿਠੀਆਂ ਤੇ ਨਿਮਰ ਗੱਲਾਂ ਕਰਦਾ ਹੈ। ਇਸ ਪ੍ਰਕਾਰ 'ਨਿਮਰਤਾ' ਬੜੇ ਨਿਰਸੁਆਰਥ, ਨਿਰਮਲ ਤੇ ਨਿਡਰ ਹਿਰਦੇ ਦਾ ਗੁਣ ਹੈ। ਇਹ ਕਾਇਰਾਂ, ਕਪਟੀਆਂ ਤੇ ਪਾਪੀਆਂ ਦੇ ਵਸ ਦੀ ਨਹੀਂ। ਨਿਮਰਤਾ ਤਾਂ ਉਹ ਲੋਕ ਕਰਦੇ ਹਨ, ਜੋ ਆਪਣਾ ਆਪ ਵੰਡਾਦੇ ਹਨ। ਇਹ ਤਾਂ ਬੜੇ ਉਦਾਰ-ਚਿਤ ਲੋਕਾਂ ਦਾ ਲਕਸ਼ ਹੈ।

### 11.5 ਨਿਮਰਤਾ : ਇਤਿਹਾਸਿਕ ਦ੍ਰਿਸ਼ਟਾਂਤ

ਸਿੱਖ ਇਤਿਹਾਸ ਇਸ ਤਥ ਦੀ ਪੁਸ਼ਟੀ ਕਰਦਾ ਹੈ ਕਿ ਗੁਰੂ ਸਾਹਿਬਾਨ ਨੇ ਕੇਵਲ ਨਿਮਰਤਾ ਦਾ ਸਿਧਾਂਤ ਹੀ ਨਹੀਂ ਦਿਤਾ, ਬਲਕਿ ਉਸਨੂੰ ਅਮਲੀ ਜੀਵਨ ਰਾਹੀਂ ਪ੍ਰਚਾਰਿਆ ਵੀ ਹੈ। ਮਿਸਾਲ ਵਜੋਂ, ਭਾਈ ਲਹਣਾ ਜੀ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਉਨ੍ਹਾਂ ਦੇ ਘਰ ਦਾ ਰਾਹ ਪੁੱਛਦੇ ਹਨ ਤਾਂ ਗੁਰੂ ਸਾਹਿਬ ਆਪ ਭਾਈ ਲਹਣਾ ਜੀ ਨੂੰ ਘੋੜੇ 'ਤੇ ਬਿਠਾ ਕੇ ਆਪਣੇ ਘਰ ਲੈ ਆਏ। ਰਸਤੇ ਵਿਚ ਗੁਰੂ ਸਾਹਿਬ ਨੇ ਭਾਈ ਲਹਣਾ ਜੀ ਨੂੰ ਆਪਣੇ ਬਾਰੇ ਕੁਝ ਨਹੀਂ ਦਸਿਆ ਕਿ ਜਿਸ 'ਗੁਰੂ' ਦੀ ਭਾਲ ਵਿਚ ਉਹ ਆਏ ਹਨ, ਉਹੀ 'ਨਾਨਕ' (ਗੁਰੂ) ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ, ਬਾਬਾ ਸਿਰੀਚੰਦ ਜਦੋਂ ਸ੍ਰੀ ਗੁਰੂ ਰਾਮਦਾਸ ਜੀ ਨੂੰ ਮਿਲਣ ਗਏ ਤਾਂ ਗੁਰੂ ਸਾਹਿਬ ਨੇ ਬਾਬਾ ਜੀ ਦਾ ਬੜੀ ਨਿਮਰਤਾ ਨਾਲ ਸਵਾਗਤ ਕੀਤਾ। ਬਾਬਾ ਜੀ ਨੇ ਗੁਰੂ ਸਾਹਿਬ ਨੂੰ ਪੁਛਿਆ ਕਿ, "ਤੁਸੀਂ ਦਾਹੜੀ ਇੰਨੀ ਕਿਉਂ ਵਧਾਈ ਹੋਈ ਹੈ"। ਗੁਰੂ ਸਾਹਿਬ ਨੇ ਜਵਾਬ ਵਜੋਂ ਕਿਹਾ ਕਿ, "ਇਹ ਤੁਹਾਡੇ ਵਰਗੇ

ਮਹਾਂਪੁਰਸ਼ਾਂ ਦੇ ਚਰਨ ਸਾਫ ਕਰਨ ਲਈ ਵਧਾਈ ਹੋਈ ਹੈ।"

ਇਸੇ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜਦੋਂ ਸ੍ਰੀ ਗੁਰੂ ਅਮਰ ਦਾਸ ਜੀ ਨੂੰ ਗੁਰਿਆਈ ਬਖਸ਼ੀ ਤਾਂ ਗੁਰੂ ਸਾਹਿਬ ਦੇ ਸਪੁੱਤਰ, ਭਾਈ ਦਾਤੂ, ਜਿਹੜੇ ਆਪਣੇ ਆਪ ਨੂੰ ਗੁਰਿਆਈ ਦਾ ਅਸਲੀ ਹੱਕਦਾਰ ਸਮਝਦੇ ਸਨ, ਨਾਰਾਜ਼ ਹੋ ਗਏ। ਉਨ੍ਹਾਂ ਨੇ ਕਰੋਧ ਵਿਚ ਸ੍ਰੀ ਗੁਰੂ ਅਮਰ ਦਾਸ ਜੀ ਨੂੰ ਜ਼ੋਰ ਨਾਲ ਲੱਤ ਮਾਰੀ। ਗੁਰੂ ਸਾਹਿਬ ਨੇ ਬੜੀ ਨਿਮਰਤਾ ਨਾਲ ਮੁਆਫੀ ਮੰਗੀ ਤੇ ਕਿਹਾ ਕਿ, "ਮੇਰੀਆਂ ਸਖਤ ਹੱਡੀਆਂ ਕਾਰਨ ਤੁਹਾਨੂੰ ਤਕਲੀਫ ਹੋਈ ਹੋਣੀ ਹੈ।"

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਿਲ ਮਾਤਾ ਗੰਗਾ ਜੀ ਪੁੱਤਰ ਪ੍ਰਾਪਤੀ ਦੀ ਇਛਾ ਨੂੰ ਮੁਖ ਰਖਦੇ ਹੋਏ, ਗੁਰੂ ਸਾਹਿਬ ਦੀ ਆਗਿਆ ਨਾਲ ਜਦੋਂ ਬਾਬਾ ਬੁੱਢਾ ਜੀ ਕੋਲ ਬੇਨਤੀ ਕਰਨ ਜਾਣ ਸਮੇਂ ਆਪਣੇ ਨਾਲ ਸੇਵਕਾਂ ਨੂੰ ਲੈ ਕੇ ਰਥ 'ਤੇ ਸਵਾਰ ਹੋ ਕੇ ਜਾਂਦੇ ਹਨ ਤਾਂ ਬਾਬਾ ਬੁੱਢਾ ਜੀ ਘੋੜਿਆਂ ਦੀ ਟਾਪਾਂ ਸੁਣ ਕੇ ਆਪਣੇ ਸੇਵਕਾਂ ਤੋਂ ਪੁੱਛਦੇ ਹਨ ਕਿ ਕਿਸ ਨੂੰ ਭਾਜੜਾਂ ਪਈਆਂ ਹਨ ? ਸੇਵਕ ਬਾਬਾ ਬੁੱਢਾ ਜੀ ਨੂੰ ਦਸਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਿਲ (ਮਾਤਾ ਗੰਗਾ ਜੀ) ਉਨ੍ਹਾਂ ਕੋਲ ਆ ਰਹੇ ਹਨ। ਬਾਬਾ ਜੀ ਦੇ ਮੁਖਾਰਬਿੰਦ ਤੋਂ ਸਹਿਜ ਸੁਭਾਏ ਨਿਕਲਦਾ ਹੈ ਕਿ, "ਗੁਰੂ ਘਰ ਦਿਆਂ ਨੂੰ ਅਜ ਭੀੜਾਂ ਕਿਉਂ ਪਈਆਂ ਹੋਈਆਂ ਹਨ?" ਮਾਤਾ ਜੀ ਰਥ ਤੋਂ ਉਤਰ ਕੇ ਪੁੱਤਰ ਜਾਚਨਾ ਕਰਦੇ ਹਨ, ਪਰੰਤੂ ਬਾਬਾ ਬੁੱਢਾ ਜੀ ਗੱਲ ਇਧਰ ਉਧਰ ਕਰਕੇ ਉਨ੍ਹਾਂ ਨੂੰ ਵਾਪਿਸ ਤੋਰ ਦਿੰਦੇ ਹਨ। ਮਾਤਾ ਗੰਗਾ ਜੀ ਵਾਪਿਸ ਪਰਤ ਕੇ ਗੁਰੂ ਸਾਹਿਬ ਨੂੰ ਗਿੱਲਾ ਕਰਦੇ ਹਨ ਕਿ ਬਾਬਾ ਬੁੱਢਾ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਨਹੀਂ ਕੀਤੀ। ਗੁਰੂ ਸਾਹਿਬ ਦੁਆਰਾ ਪੁੱਛਣ 'ਤੇ ਕਿ, "ਤੁਸੀਂ ਮਿਲਣ ਕਿਵੇਂ ਗਏ ਸੀ?" ਤਾਂ ਮਾਤਾ ਜੀ ਨੇ ਉਤਰ ਦਿਤਾ ਕਿ ਸੇਵਕਾਂ ਨਾਲ ਰਥ 'ਤੇ ਚੜ੍ਹ ਕੇ ਗਏ ਸੀ। ਗੁਰੂ ਸਾਹਿਬ ਨੇ ਮਾਤਾ ਜੀ ਨੂੰ ਸਮਝਾਉਂਦਿਆਂ ਕਿਹਾ ਕਿ, "ਮਹਾਂਪੁਰਸ਼ਾ ਕੋਲ ਬੇਨਤੀ ਕਰਨ ਲਈ ਜਾਣ ਦਾ ਢੰਗ ਹਲੀਮੀ ਤੇ ਨਿਮਰਤਾ ਵਾਲਾ ਹੋਣਾ ਚਾਹੀਦਾ ਹੈ।" ਅਗੱਲੇ ਦਿਨ ਮਾਤਾ ਜੀ ਅੰਮ੍ਰਿਤ ਵੇਲੇ ਉਠ ਕੇ, ਆਪਣੇ ਹਥੀਂ ਪ੍ਰਸ਼ਾਦੇ ਤਿਆਰ ਕਰਕੇ, ਨੰਗੇ ਪੈਰੀਂ ਬਾਬਾ ਬੁੱਢਾ ਜੀ ਕੋਲ ਜਾ ਪਹੁੰਚੇ। ਬਾਬਾ ਬੁੱਢਾ ਜੀ ਨੇ ਜਦੋਂ ਮਾਤਾ ਜੀ ਨੂੰ ਇਸ ਤਰ੍ਹਾਂ ਆਉਂਦੇ ਦੇਖਿਆ ਤਾਂ ਦੌੜ ਕੇ ਅਗੇ ਗਏ, ਭਰਵਾਂ ਸਤਿਕਾਰ ਕੀਤਾ, ਆਉਣ ਦਾ ਕਾਰਨ ਪੁਛੇ ਬਿਨਾਂ ਹੀ ਅਸੀਸਾਂ ਤੇ ਸ਼ੁਭ ਕਾਮਨਾਵਾਂ ਦੀ ਝੜੀ ਲਗਾ ਦਿਤੀ। ਮਾਤਾ ਜੀ ਨੇ ਪਿਆਰ ਨਾਲ ਉਨ੍ਹਾਂ ਨੂੰ ਪ੍ਰਸ਼!ਾਂਦਾ ਛਕਾਇਆ ਤਾਂ ਪ੍ਰਸ਼ਾਦਾ ਛਕਦੇ-ਛਕਦੇ ਉਨ੍ਹਾਂ ਗੰਢੇ ਨੂੰ ਮੁਕਾ ਮਾਰ ਕੇ ਭੰਨਿਆ ਅਤੇ ਸਹਿਜ ਸੁਭਾਏ ਹੀ ਕਹਿ ਦਿਤਾ ਕਿ, "ਮਾਤਾ ਆਪ ਜੀ ਦੀ ਕੁਖ ਨੂੰ ਸੂਰਬੀਰ ਬਲੀ ਪੁੱਤਰ ਭਾਗ ਲਾਵੇਗਾ। ਉਹ ਦੁਸ਼ਟਾਂ ਦੇ ਸਿਰ ਇਵੇਂ ਫੇਹੇਗਾ ਜਿਵੇਂ ਮੈਂ ਪਿਆਜ਼ ਨੂੰ ਮੁਕਾ ਮਾਰ ਕੇ ਫੇਹ ਦਿਤਾ ਹੈ।" ਬਾਬਾ ਬੁੱਢਾ ਜੀ ਦੇ ਬਚਨਾਂ ਸਦਕਾ ਮਾਤਾ ਗੰਗਾ ਜੀ ਦੀ ਕੁਖੋਂ ਸ੍ਰੀ ਗੁਰੂ ਹਰਿਗਬਿੰਦ ਸਾਹਿਬ ਨੇ ਪ੍ਰਕਾਸ਼ ਲਿਆ ਅਤੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਭਗਤੀ ਦੇ ਨਾਲ-ਨਾਲ ਸ਼ਕਤੀ ਦਾ ਪ੍ਰਵਾਹ ਚਲਾਇਆ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਵਾਰ ਭਾਈ ਚੂਹੜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਹੋਇਆ ਤੇ ਅਰਜ਼ ਗੁਜ਼ਾਰੀ, "ਸਚੇ ਪਾਤਸ਼!ਾਂਹ, ਸਿੱਖੀ ਦੀ ਸੋਝੀ ਬਖ਼ਸ਼ੋ।" ਗੁਰੂ ਸਾਹਿਬ ਨੇ ਕਰੁਨਾ ਦੇ ਘਰ ਵਿਚ ਆ ਕੇ ਕਿਹਾ, "ਸਿੱਖੀ ਦੀ ਜੜ੍ਹ ਨਿਮਰਤਾ ਹੈ। ਜੇ ਨਿਮਰਤਾ ਨਹੀਂ ਤਾਂ ਸਿੱਖੀ ਦਾ ਬੀਜ ਪ੍ਰਫੁੱਲਤ ਨਹੀਂ ਹੁੰਦਾ। ਸੇਵਾ ਟਹਿਲ ਸਿੱਖੀ ਦਾ ਟਾਹਣ ਹੈ। ਉਦਮ ਨਾਲ, ਉਮਾਹ ਨਾਲ, ਕ੍ਰਿਆਸ਼ੀਲ ਹੋ ਕੇ ਸੇਵਾ ਕਰਨੀ। ਪਤਰ ਸਾਧ ਸੰਗਤ ਹੈ—ਇਸ ਦੀ ਘਣ-ਪਤਰੀ ਛਾਂ ਵਿਚ ਹੀ ਠੰਢਕ ਹੈ। ਫੁੱਲ 'ਸਬਦ' ਦੀ ਸੋਝੀ ਹੈ—ਇਸ ਤੋਂ ਹੀ ਅੰਦਰਲਾ ਮਨ ਖਿੜਦਾ ਹੈ ਤੇ ਜੀਵਨ ਮਹਿਕਦਾ ਹੈ। ਫੁੱਲ, ਦੇਹ ਵਿਚ ਵਿਦੇਸ਼ ਦੀ ਪ੍ਰਾਪਤੀ ਹੈ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕਰਕੇ ਉਸ ਨੂੰ ਬਹੁਤ ਬਲੀ ਤੇ ਪ੍ਰਤਾਪੀ ਬਣਾ ਦਿਤਾ। ਗੁਰੂ ਸਾਹਿਬ ਨੇ ਖਾਲਸੇ ਨੂੰ ਤਾਕੀਦ ਕੀਤੀ ਕਿ ਉਸ ਨੇ ਇਸ ਇਲਾਹੀ ਸ਼ਕਤੀ ਦੀ ਦੁਰਵਰਤੋਂ ਕਰਕੇ ਅਪਜਸ ਨਹੀਂ ਖਟਣਾ, ਸਗੋਂ ਨਿਮਰਤਾ ਨੂੰ ਜ਼ਿੰਦਗੀ ਦਾ ਗਹਿਣਾ ਬਣਾ ਕੇ ਇਸ ਸ਼ਕਤੀ ਦਾ ਸਦ ਉਪਯੋਗ ਕਰਨਾ ਹੈ। ਇਸ ਸ਼ਕਤੀ ਨਾਲ ਗਰੀਬ!ਾਂ ਦੀ ਰਖਿਆ ਕਰਨੀ ਹੈ, ਨਿਤਾਣੇ ਨੂੰ ਸਹਾਰਾ ਦੇਣਾ ਹੈ, ਉਸ ਦੀ ਹਿਫਾਜ਼ਤ ਕਰਨੀ ਹੈ।

ਗੁਰੂ ਸਾਹਿਬ ਖੁਦ ਅਕਾਲਪੁਰਖ ਦੇ ਸਪੁੱਤਰ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਬਹੁਤ ਹੀ ਨਿਮਰ ਤੇ ਹਲੀਮ ਦਸਦੇ ਹਨ। ਉਨ੍ਹਾਂ ਦੀ ਬਾਣੀ ਵਿਚ ਫੁਰਮਾਣ ਹੈ :

*ਜੇ ਹਮ ਕੋ ਪਰਮੇਸਰ ਉਚਰਿਹੈ॥*
*ਤੇ ਸਭ ਨਰਕਿ ਕੁੰਡ ਮਹਿ ਪਰਿਹੈ...*
*ਮੈ ਹੋ ਪਰਮ ਪੁਰਖ ਕੋ ਦਾਸਾ॥*

*ਦੇਖਨਿ ਆਯੋ ਜਗਤ ਤਮਾਸਾ॥*

(ਸ੍ਰੀ ਦਸਮ ਗ੍ਰੰਥ ਸਾਹਿਬ, ੫੭)

ਖੁਦ ਅਕਾਲ ਰੂਪ ਹੋ ਕੇ ਵੀ ਆਪਣੇ ਆਪ ਨੂੰ ਪਰਮਾਤਮਾ ਦਾ ਦਾਸ ਕਹਿਣਾ ਇਸ ਗੱਲ ਦਾ ਲਖਾਇਕ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਿਮਰਤਾ ਦੇ ਪੁੰਜ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖਾਲਸੇ ਨੂੰ ਵੀ ਇਹੋ ਗੁੜ੍ਹਤੀ ਦਿਤੀ ਹੈ ਕਿ ਸਭ ਸ਼ਕਤੀਆਂ ਦਾ ਸੁਾਮੀ ਹੋਣ ਦੇ ਬਾਵਜੂਦ ਗੁਰੂ ਦਾ ਸਿੱਖ ਨਿਮਰਤਾ ਦੀ ਸਾਖਿਆਤ ਮੂਰਤੀ ਹੈ। ਉਸ ਕੋਲ ਮਾਣ ਹੁੰਦਿਆਂ ਹੋਇਆਂ ਵੀ ਉਹ ਨਿਮਾਣਾ ਹੈ ਤੇ ਤਾਣ ਹੁੰਦਿਆਂ ਹੋਇਆਂ ਵੀ ਉਹ ਨਿਤਾਣਾ ਹੈ। ਹਰੇਕ ਸਿੱਖ ਦੀ ਜ਼ਿੰਦਗੀ ਦੇ ਇਹ ਮੁਢਲੇ ਗੁਣ ਹਨ, ਜਿਨ੍ਹਾਂ ਨੂੰ ਅਧਾਰ ਬਣਾ ਕੇ ਉਹ ਗੁਰਬਾਣੀ ਦੇ ਲੜ ਲਗਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ *ਗਿਆਨ ਰਤਨਾਵਲੀ* ਵਿਚ ਕਹਿੰਦੇ ਹਨ ਕਿ ਜਿਸ ਤਰ੍ਹਾਂ ਫੁਹਾਰੇ ਦਾ ਪਾਣੀ ਜਿੰਨਾ ਨੀਵਾਂ ਹੁੰਦਾ ਹੈ, ਉਤਨਾ ਹੀ ਉਚਾ ਜਾਂਦਾ ਹੈ। ਇਸੇ ਤਰ੍ਹਾਂ ਨੀਵੇਂ ਮਨ ਵਾਲੇ ਵਿਅਕਤੀ ਵਾਹਿਗੁਰੂ ਪਰਮੇਸ਼ਰ ਦੀ ਪ੍ਰਾਪਤੀ ਕਰਦੇ ਹਨ :

> *ਬਾਬੇ ਕਿਹਾ, "ਫਵਾਰੇ ਦਾ ਜਲ ਜਿਤਨਾ ਨੀਵਾਂ ਜਾਂਦਾ ਹੈ ਤਿਤਨਾ ਹੀ ਉਚਾ ਚੜ੍ਹਦਾ ਹੈ। ਤੈਸੇ ਜੋ ਮਨ ਨੀਵਾਂ ਕਰਦੇ ਹਨ, ਸੋ ਉਚੀ ਪਦਵੀ ਕਰਤਾਰ ਦੀ ਨੂੰ ਪ੍ਰਾਪਤ ਹੁੰਦੇ ਹਨ।"*

*ਜਨਮਸਾਖੀ ਭਾਈ ਬਾਲਾ* ਵਿਚ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਮਰਤਾ ਧਾਰਨ ਕਰਨ ਦਾ ਹੀ ਆਦੇਸ਼ ਦਿਤਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ, "ਨਿਵਣਾ ਸਭ ਅਗੇ, ਖਿਮਾ ਕਰਨੀ, ਮਿਠਾ ਬੋਲਣਾ—ਇਹ ਤ੍ਰੈ ਵਚਨ ਯਾਦ ਰਖਣੇ।"

### **11**.6 ਨਿਮਰਤਾ ਦੀ ਮਹੱਤਤਾ

ਗੁਰਬਾਣੀ ਵਿਚ ਨਿਮਰਤਾ ਦੀ ਮਹੱਤਤਾ ਦ੍ਰਿੜ ਕਰਵਾਈ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜਿਹੜੇ ਜੀਵ ਕਥਿਤ ਨੀਵੀਆਂ ਵਿਚੋਂ ਨੀਵੀਂ ਜਾਤੀ ਨਾਲ ਸੰਬੰਧਿਤ ਹੀ ਨਹੀਂ, ਬਲਕਿ ਮਾੜਿਆਂ ਵਿਚੋਂ ਸਭ ਤੋਂ ਮਾੜੇ ਹਨ, ਨਾਨਕ ਉਨ੍ਹਾਂ ਦੀ ਸੰਗਤ ਕਰਨਾ ਲੋਚਦਾ ਹੈ। ਵਡੇ ਲੋਕਾਂ ਦੀ ਬਰਾਬਰੀ ਕਰਨ ਦੀ ਰੀਸ ਉਹ ਕਿਉਂ ਕਰਨ? :

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੫)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੰਮਲ ਰੁਖ ਦੀ ਮਿਸਾਲ ਦੇ ਕੇ 'ਮਿਠਤੁ' (ਨਿਮਰਤਾ) ਦੇ ਲਛਣ ਦਰਸਾਏ ਹਨ। ਗੁਰੂ ਸਾਹਿਬ ਦਸਦੇ ਹਨ ਕਿ ਜਿਸ ਤਰ੍ਹਾਂ ਸਿੰਮਲ ਦਾ ਰੁਖ ਤੀਰ ਵਰਗਾ ਸਿਧਾ, ਲੰਮਾ ਤੇ ਬਹੁਤ ਮੋਟਾ ਹੁੰਦਾ ਹੈ। ਉਸ ਦੇ ਸਰਪ ਨੂੰ ਵੇਖ ਕੇ ਪੰਛੀ ਫਲ ਦੀ ਆਸ ਵਿਚ ਆਉਂਦੇ ਹਨ, ਪਰ ਇਸ ਦੇ ਫਲ ਫਿਕੇ ਅਤੇ ਫੁੱਲ ਬੇਸੁਆਦੇ ਹੋਣ ਕਾਰਨ ਪੰਛੀ ਨਿਰਾਸ ਹੋ ਕੇ ਚਲੇ ਜਾਂਦੇ ਹਨ। ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ 'ਮਿਠਤ' (ਨਿਮਰਤਾ) ਨੀਵੀਂ ਹੁੰਦੀ ਹੈ, ਜਿਹੜੀ ਸਭ 'ਚੰਗਿਆਈਆ' ਦਾ ਤਤ ਹੈ :

*ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥*
*ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥*
*ਫਲ ਫਿਕੇ ਫੁੱਲ ਬਕਬਕੇ ਕੰਮਿ ਨ ਆਵਹਿ ਪਤ॥*
*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੦)

ਉਕਤ ਪੰਕਤੀਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦ੍ਰਿੜ ਕਰਵਾਉਂਦੇ ਹਨ ਕਿ ਮਹਾਨ ਸ਼ਖ਼ਸੀਅਤ ਉਹ ਹੀ ਹੈ ਜਿਸ ਵਿਚ ਨਿਮਰਤਾ ਹੈ। ਨਿਮਰਤਾ ਦਾ ਪ੍ਰਤਖ ਰੂਪ ਮਿਠਾ ਬੋਲ ਹੈ। ਨਿਮਰਤਾ ਤੇ ਮਿਠਾਸ ਦਾ ਸਹੀ ਰੂਪ ਪਰਉਪਕਾਰੀ ਸੁਭਾਅ ਹੈ। ਕਿਸੇ ਦੇ ਕੰਮ ਆਉਣ ਦੀ ਤੀਬਰ ਇਛਾ ਹੈ ਤੇ ਕਿਸੇ ਦੇ ਕੰਮ ਆਉਣ ਦੀ ਸਮਰਥਾ ਹੈ। ਇਛਾ ਹੋਵੇ ਪਰ ਜਿੰਨਾ ਚਿਰ ਕੋਈ ਗੱਲ ਕਿਸੇ ਮਨੁੱਖ ਦੇ ਸੁਭਾਅ ਵਿਚ ਸ਼ਾਮਿਲ ਨਾ ਹੋਵੇ, ਉਹ ਮਨੁੱਖ ਤੋਂ ਹੋ ਆਉਣੀ

ਸੰਭਵ ਨਹੀਂ। ਦੂਜੇ ਪਾਸੇ ਜੇਕਰ ਇਛਾ ਵੀ ਹੋਵੇ, ਸੁਭਾਅ ਵੀ ਹੋਵੇ ਪਰ ਕਿਸੇ ਦੇ ਕੰਮ ਆ ਸਕਣ ਲਈ ਮਨੁੱਖ ਕੋਲ ਕੋਈ ਸਮਰਥਾ, ਸਮਿਗਰੀ, ਧਨ ਪਦਾਰਥ ਹੀ ਨਾ ਹੋਵੇ ਤਾਂ ਵੀ ਪਰਉਪਕਾਰ ਸੰਭਵ ਨਹੀਂ। ਸੋ, ਸਿਠਾਸ ਕੇਵਲ ਸੋਹਣੇ ਸ਼ਬਦਾਂ ਨਾਲ ਦੂਜੇ ਦਾ ਘਰ ਪੂਰਾ ਕਰਨਾ ਨਹੀਂ, ਜਾਂ ਸਭਿਅਕ ਸ਼ਬਦਾਂ ਵਿਚ ਕਿਸੇ ਨੂੰ ਟਾਲਣਾ ਨਹੀਂ, ਸਗੋਂ ਦੂਜੇ ਦੇ ਕੰਮ ਆਉਣ ਦੀ ਤੀਬਰ ਇਛਾ ਹੈ। ਨਿਮਰਤਾ, ਮਿਠਾਸ ਤੇ ਸੇਵਾ ਇਕਠੇ ਤੁਰਦੇ ਹਨ। ਮਹਾਨ ਸ਼ਖ਼ਸੀਅਤ ਇਕ ਸੁਭਾਅ ਹੈ ਜੋ ਨਿਮਰਤਾ ਤੇ ਸੇਵਾ ਵਿਚੋਂ ਪ੍ਰਗਟ ਹੁੰਦਾ ਹੈ। ਸਿੰਮਲ ਵਿਚ ਇਹ ਸੁਭਾਅ ਨਹੀਂ ਹੈ। ਉਹ ਵੱਡਾ ਉਚਾ ਹੈ, ਉਸ ਨਾਲ ਫੁੱਲ ਤੇ ਫਲ ਵੀ ਹਨ, ਪਰ ਉਹ ਕਿਸੇ ਪੰਛੀ ਦੇ ਕੰਮ ਨਹੀਂ ਆ ਸਕਦਾ। ਉਸ ਵਿਚ ਕੰਮ ਆਉਣ ਦੀ ਇਛਾ ਨਹੀਂ ਹੈ।

ਸੰਸਾਰ ਵਿਚ ਮਹਾਨਤਾ ਦਾ ਆਮ ਪ੍ਰਵਾਨਿਤ ਮਿਆਰ ਇਹ ਹੈ ਕਿ ਮਨੁੱਖ ਧਨਾਢ ਹੋਵੇ ਤੇ ਬਾਹਰ'" ਸਭਿਅਕ ਹੋਣ ਦਾ ਆਡੰਬਰ ਕਰੇ। ਇਸ ਸੰਦਰਭ ਵਿਚ ਮਨੁੱਖ ਦੀ ਸਾਰੀ ਮਹਾਨਤਾ ਧਨ ਨਾਲ ਸੰਬੰਧਿਤ ਹੈ, ਉਸ ਅੰਦਰ ਮਨੁੱਖੀ ਸ਼ਖ਼ਸੀਅਤ ਦੇ ਸਹੀ ਗੁਣ ਭਾਵੇਂ ਹੋਣ ਜਾਂ ਨਾ ਹੋਣ। ਪਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਨਤਾ ਦੇ ਇਸ ਮਿਆਰ ਦਾ ਪੂਰਨ ਤੌਰ 'ਤੇ ਖੰਡਨ ਕਰਦੇ ਹਨ। ਉਹ ਕਹਿੰਦੇ ਹਨ ਕਿ ਸਿੰਮਲ ਦਾ ਰੁਖ ਵੇਖਣ ਵਿਚ ਬੜਾਂ. ਉਚਾ, ਲੰਮਾ, ਚੌੜਾਂ. ਤੇ ਗੁਫੇਦਾਰ ਹੈ, ਉਸ ਦਾ ਬਾਹਰਲਾ ਰੂਪ ਬੜਾਂ. ਮਹਾਨ ਹੈ, ਪਰ ਉਸ ਦੀ ਇਹ ਮਹਾਨਤਾ ਕੋਈ ਮਹਾਨਤਾ ਨਹੀਂ, ਕਿਉਂਕਿ ਉਸ ਦਾ ਧਨ ਕਿਸੇ ਦੇ ਕੰਮ ਨਹੀਂ ਆਉਂਦਾ। ਧਨ ਹੋਣਾ ਜ਼ਰੂਰੀ ਹੈ, ਪਰ ਧਨ ਦੀ ਠੀਕ ਵਰਤੋਂ ਕਰਨੀ ਉਸ ਤੋਂ ਵੀ ਜ਼ਰੂਰੀ ਹੈ। ਇਸ ਦੇ ਨਾਲ ਇਹ ਵੀ ਹੈ ਕਿ ਜਿਹੜਾ ਧਨ ਕਿਸੇ ਦੇ ਕੰਮ ਨਹੀਂ ਆਉਂਦਾ, ਉਹ ਕੁਝ ਸਮੇਂ ਮਗਰੋਂ ਧਨਾਢ ਪੁਰਸ਼ ਲਈ ਵੀ ਬੇ-ਰਸ ਤੇ ਫਿਕਾ ਹੋ ਜਾਂਦਾ ਹੈ। ਧਨ ਤੇ ਸਮਰਥਾ ਉਹ ਹੀ ਰਸਦਾਇਕ ਰਹਿ ਸਕਦੇ ਹਨ ਜੋ ਸੇਵਾ ਵਿਚ ਲਗਦੇ ਹਨ—ਨਹੀਂ ਤੇ "ਫਲ ਫਿਕੇ, ਫੁੱਲ ਬਕਬਕੇ" ਹੋ ਜਾਂਦੇ ਹਨ।

ਫਰੀਦ ਜੀ ਜੀਵ ਨੂੰ ਸੰਬੋਧਿਤ ਹੁੰਦੇ ਹੋਏ ਕਹਿੰਦੇ ਹਨ ਕਿ ਹੇ ਭੈਣ! ਨਿਮਰਤਾ ਸ਼ਬਦ ਹੈ, ਖਿਮਾ ਨੇਕੀ ਹੈ ਅਤੇ ਜ਼ੁਬ!ਂਨ ਦੀ ਮਿਠਾਸ ਜਵੇਹਰ ਵਰਗਾ ਮੰਤਰ ਹੈ। ਜੇਕਰ ਤੂੰ ਇਹ ਤਿੰਨੇ ਵੇਸ ਕਰ ਲਵੇਂ, ਭਾਵ ਇਨ੍ਹਾਂ ਤਿੰਨਾਂ ਗੁਣਾਂ ਨੂੰ ਧਾਰਨ ਕਰ ਲਵੇਂ, ਤਾਂ ਤੇਰਾ ਪਤੀ (ਪਰਮੇਸਰ) ਤੇਰੇ ਵਸ ਵਿਚ ਆ ਜਾਵੇਗਾ :

*ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬ!ਾਂ ਮਣੀਆ ਮੰਤੁ॥*
*ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੪)

ਭਾਈ ਗੁਰਦਾਸ ਜੀ ਨਿਮਰਤਾ ਲਈ 'ਗਰੀਬੀ' ਸ਼ਬਦ ਵਰਤਦਿਆਂ ਪੈਰਾਂ ਦੀ ਮਿਸਾਲ ਦਿੰਦੇ ਹੋਇ ਕਹਿੰਦੇ ਹਨ ਕਿ ਮਨੁੱਖਾ ਦੇਹ ਮਿਟੀ ਨਿਆਈ ਹੈ, ਜਿਸ ਵਿਚ ਜੀਭ ਨਕੀਬੀ ਦਾ ਕੰਮ ਕਰਦੀ ਹੈ। ਅਖਾਂ ਰੰਗ-ਰੂਪ ਦੇਖਦੀਆਂ ਹਨ, ਕੰਨ ਰਾਗ-ਨਾਦ ਸੁਣਾਉਂਦੇ ਹਨ। ਨਕ ਦਾ ਚੰਗੀਆਂ ਵਾਸ਼ਨਾਵਾਂ ਵਿਚ ਧਿਆਨ ਹੈ, ਪੰਜੇ (ਸਬਦ, ਸਪਰਸ਼, ਰਸ, ਰੂਪ, ਗੰਧ) ਦੂਤ ਭੈੜੀ ਤਰਤੀਬ ਵਾਲੇ ਹਨ, ਭਾਵ ਕੰਨ ਸਬਦ ਨੂੰ, ਤੁਚਾ ਸਪਰਸ਼ ਨੂੰ, ਰੂਪ ਨੇਤ੍ਰ ਨੂੰ, ਜੀਭ ਰਸ ਨੂੰ ਅਤੇ ਨਕ ਗੰਧ ਨੂੰ ਚਾਹੁੰਦੇ ਹਨ:

*ਮਾਣਸ ਦੇਹ ਸੁ ਖੇਹ ਹੈ ਤਿਸੁ ਵਿਚਿ ਜੀਭੈ ਲਈ ਨਕੀਬੀ।*
*ਅਖੀ ਦੇਖਨਿ ਰੂਪ ਰੰਗ ਰਾਗ ਨਾਦ ਕੰਨ ਕਰਨਿ ਰਕੀਬੀ।*
*ਨਕਿ ਸੁਵਾਸੁ ਨਿਵਾਸੁ ਹੈ ਪੰਜੇ ਦੂਤ ਬੁਰੀ ਤਰਤੀਬੀ।*
*ਸਭਦੂੰ ਨੀਵੇ ਚਰਨ ਹੋਇ ਆਪ ਗਵਾਇ ਨਸੀਬ ਨਸੀਬੀ।*
*ਹਉਮੈ ਰੋਗੁ ਮਿਟਾਇਦਾ ਸਤਿਗੁਰ ਪੂਰਾ ਕਰੈ ਤਬੀਬੀ।*
*ਪੈਰੀ ਪੈ ਰਹਰਾਸਿ ਕਰਿ ਗੁਰ ਸਿਖ ਸੁਣਿ ਗੁਰ ਸਿਖ ਮਨੀਬੀ।*
*ਮੁਰਦਾ ਹੋਇ ਮੁਰੀਦ ਗਰੀਬੀ॥*

(*ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ -੪/੩)

ਅਧਿਆਤਮਕ ਤੌਰ 'ਤੇ ਉਹੀ ਜੀਵ ਤਕੜਾਂ. ਹੁੰਦਾ ਹੈ, ਜਿਹੜਾ ਨਿਮਰਤਾ ਦਾ ਅਭਿਆਸ ਕਰਦਾ ਹੈ। ਸਾਧੂ ਲੋਕ, ਜਿਨ੍ਹਾਂ ਨੇ ਆਪਣੇ ਆਪ ਨੂੰ ਸਾਧ ਲਿਆ ਹੁੰਦਾ ਹੈ, ਉਹ ਜਾਣਦੇ ਹਨ ਕਿ ਨਿਮਰਤਾ ਉਨ੍ਹਾਂ ਦੀ ਰਾਖੀ ਕਰਦੀ ਹੈ। ਸਲੋਕ ਸਹਸਕ੍ਰਿਤੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ ਕਿ ਸਾਧੂ ਲੋਕ ਰੂਹਾਨੀ ਜੋਧਿਆਂ ਦੀ ਅਜਿਤ ਫ਼ੌਜ ਹੁੰਦੇ ਹਨ, ਜਿਨ੍ਹਾਂ ਦੇ ਸਰੀਰਾਂ ਨੂੰ ਨਿਮਰਤਾ ਦੇ ਜ਼ਰਾ ਬਕਤਰ ਦੀ ਸੁਰਖਿਆ ਪ੍ਰਾਪਤ ਹੁੰਦੀ ਹੈ :

*ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ॥*

ਨੀਵਾਂ ਹੋਣ ਨਾਲ ਮਨੁੱਖ ਦੀ ਹੋਂਦ ਖਤਮ ਨਹੀਂ ਹੁੰਦੀ, ਸਗੋਂ ਉਹ ਕਿਸੇ ਵਡੇਰੀ ਹੋਂਦ ਨਾਲ ਜੁੜ ਕੇ ਅਸੀਮ ਹੋ ਜਾਂਦਾ ਹੈ। ਗੁਰਬਾਣੀ ਵਿਚ ਇਸ ਭਾਵ ਨੂੰ ਹੋਰ ਸਪਸ਼ਟ ਕੀਤਾ ਗਿਆ ਹੈ :

*ਜੋ ਦੀਸੈ ਗੁਰਸਿਖੜਾਂ. ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥*

## 11.7 ਨਿਮਰਤਾ ਦੀ ਅਣਹੋਂਦ ਦਾ ਕਾਰਨ : ਹਉਮੈਂ

ਨਿਮਰਤਾ ਦੀ ਅਣਹੋਂਦ ਦਾ ਇਕ ਕਾਰਨ 'ਹਉਮੈ' ਹੈ। ਮਨੁੱਖ ਜੋ ਕੁਝ ਵੀ ਕਰਦਾ ਹੈ, 'ਮੈਂ-ਮੇਰੀ' ਦੀ ਭਾਵਨਾ ਅਧੀਨ ਕਰਦਾ ਹੈ : 'ਮੈਂ ਇਹ ਕੀਤਾ', 'ਇਹ ਮੈਂ ਸੋਚਿਆ' ਆਦਿ। ਜੋ ਕੁਝ ਵੀ ਇਹ ਸੋਚਦਾ ਹੈ, ਆਪਣੀ 'ਮੈਂ' ਅਧੀਨ ਸੋਚਦਾ ਹੈ; ਜੋ ਕੁਝ ਵੀ ਇਹ ਮੰਗਦਾ ਹੈ, ਆਪਣੀ 'ਹਉਂ' ਲਈ ਮੰਗਦਾ ਹੈ, ਜੋ ਕੁਝ ਵੀ ਇਹ ਕਰਦਾ ਹੈ, ਆਪਣੇ 'ਅਹੰ' ਦੇ ਹਿਤ ਲਈ ਕਰਦਾ ਹੈ। ਇਸ ਦੀ ਐਸੀ ਸੋਚਣੀ ਅਹੰ-ਮਤਿ ਹੈ। ਇਸੇ ਕਾਰਨ ਮਨੁੱਖ ਆਫਰਿਆ ਫਿਰਦਾ ਹੈ।

ਹਉਮੈ ਹੀ ਅਹੰਕਾਰ ਦਾ ਰੂਪ ਧਾਰਨ ਕਰਦੀ ਹੈ। ਅਹੰਕਾਰੀ ਤਾਂ ਕੋਈ ਉਪਦੇਸ਼ ਗ੍ਰਹਿਣ ਹੀ ਨਹੀਂ ਕਰਦਾ। ਸੋ ਉਸ ਦੀ ਮਤਿ ਭ੍ਰਸ਼ਟ ਹੋ ਜਾਂਦੀ ਹੈ। ਦੂਜੇ ਪਾਸੇ ਨਿਮਰਤਾ ਵਿਚ ਢਲਣ ਵਾਲੇ ਮਨ 'ਗੁਰੂ' ਦੀ ਨਿਰਮਲ ਮਤਿ ਗ੍ਰਹਿਣ ਕਰਦਾ ਹੈ :

*ਮਤਿ ਹੋਦੀ ਹੋਇ ਇਆਣਾ॥*
*ਤਾਣ ਹੋਦੇ ਹੋਇ ਨਿਤਾਣਾ॥*
*ਅਣਹੋਦੇ ਆਪੁ ਵੰਡਾ.ਏ॥*
*ਕੋ ਐਸਾ ਭਗਤੁ ਸਦਾਏ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੪)

ਗੁਰਮਤਿ ਵਿਚ ਆਪਣੇ ਆਪ ਨੂੰ ਨੀਵਾਂ ਜਾਣਨ ਵਾਲੇ ਦੀ ਉਚੀ ਪਦਵੀ ਗਿਣੀ ਜਾਂਦੀ ਹੈ। 'ਮਸਕੀਨਾਂ' ਨੂੰ ਹੀ ਆਤਮਿਕ ਸੁਖ ਪ੍ਰਾਪਤ ਹੁੰਦਾ ਹੈ, ਅਹੰਕਾਰੀ ਤਾਂ ਆਪਣੇ ਅਹੰਕਾਰ ਵਿਚ ਹੀ ਗੱਲਦੇ ਹਨ। ਸਿੱਖੀ ਵਿਚ ਨੀਵਾਂ ਮਨ ਹੀ ਜਿਤਦਾ ਹੈ, ਅਹੰਕਾਰੀ ਮਨ ਹਾਰਦਾ ਹੈ। ਮਨ ਨੂੰ ਨੀਵਾਂ ਰਖਣ ਵਾਲਾ ਮਨੁੱਖ ਕਦੇ ਡਿਗਦਾ ਨਹੀਂ, ਉਹ ਕਦੇ ਨਮੋਸ਼ ਨਹੀਂ ਹੁੰਦਾ। ਨਿਮਰਤਾ ਵਿਚ ਮਨ ਸਦਾ ਰੁਸ਼ਨਾਇਆ ਰਹਿੰਦਾ ਹੈ। ਉਸ ਦੀ ਸ਼ਰਧਾ ਸਦਾ ਨਰੋਈ ਰਹਿੰਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਜੀਵ-ਇਸਤਰੀ ਨੂੰ ਸਮਝਾਉਂਦੇ ਹੋਏ ਫ਼ੁਰਮਾਉਂਦੇ ਹਨ ਕਿ 'ਸ਼ਹੁ' ਦੀ ਪ੍ਰਾਪਤੀ ਕਰਨੀ ਹੈ ਤਾਂ ਮਾਣ ਨਾ ਕਰ :

*ਇਆਨੜੀਏ ਮਾਨੜਾਂ. ਕਾਇ ਕਰੇਹਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੨)

ਸ੍ਰੀ ਗੁਰੂ ਅਰਜਨ ਦੇਵ ਜੀ ਹਉਮੈ ਦੂਰ ਕਰਕੇ ਸਾਧੂ ਲੋਕਾਂ ਦੀ ਚਰਨ ਧੂੜ ਹੋਣ ਲਈ ਪ੍ਰੇਰਨਾ ਦਿੰਦੇ ਹਨ :

*ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ॥*
*ਉਪਾਵ ਸਿਆਣਪ ਸਗੱਲ ਛਡਿ ਗੁਰ ਕੀ ਚਰਣੀ ਲਾਗੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੫)

ਸ੍ਰੀ ਗੁਰੂ ਨਾਨਕ ਦੇਵ ਜੀ ਇਸਤਰੀ ਨੂੰ ਆਪਣੀ ਸਸ ਅਗੇ ਨਿਮਰਤਾ ਧਾਰਨ ਕਰਨ ਦੀ ਤਾਕੀਦ ਕਰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਇਕ ਸਸ ਆਪਣੀ ਨੂੰਹ ਨੂੰ ਕਹਿੰਦੀ ਹੈ, "ਹੇ ਭਾਰੇ ਥਣਾਂ ਵਾਲੀਏ, ਕੁਝ ਗੰਭੀਰਤਾ ਦਾ ਸਬੂਤ ਤਾਂ ਦੇ।" ਤਾਂ ਨੂੰਹ ਕਹਿੰਦੀ ਹੈ, "ਮੈਂ ਕੀ ਕਰਾਂ, ਭਾਰੇ ਥਣ ਮੈਨੂੰ ਤੇਰੇ ਅਗੇ ਝੁਕਣ ਤੋਂ ਰੋਕ ਲੈਂਦੇ ਹਨ।" ਤਦ ਸਸ ਕਹਿੰਦੀ ਹੈ, "ਪਹਾੜਾ ਜਿਡੇ ਉਚੇ ਮਹਲ ਵੀ ਮੈਂ ਢਹਿੰਦੇ ਵੇਖੇ ਹਨ, ਇਸ ਲਈ ਤੂੰ ਆਪਣੇ ਥਣਾਂ ਦਾ ਮਾਣ ਛਡ ਦੇ।" ਗੁਰ ਵਾਕ ਹੈ :

*ਉਤੰਗੀ ਪੈਓਹਰੀ ਗਹਿਰੀ ਗੰਭੀਰੀ॥*
*ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ॥*
*ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ॥*

*ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੦)

**11.**8 ਹਉਮੈਂ ਦਾ ਤਿਆਗ

ਨਿਮਰਤਾ ਅਤੇ ਹੰਕਾਰ, ਦੋ ਅਜਿਹੀਆਂ ਭਾਵਨਾਵਾਂ ਹਨ, ਜਿਹੜੀਆਂ ਹਰ ਮਨੁੱਖ ਵਿਚ ਮੌਜੂਦ ਹਨ। ਗੁਰਬਾਣੀ ਦਾ ਅਧਿਐਨ ਕਰਨ ਉਪਰੰਤ ਪਤਾ ਚਲਦਾ ਹੈ ਕਿ ਬਾਣੀ ਮਨੁੱਖ ਨੂੰ ਨਿਮਰਤਾ ਨਾਲ ਜਿਉਣਾ ਸਿਖਾਉਂਦੀ ਹੈ ਤੇ ਹੰਕਾਰ ਕਰਨ ਤੋਂ ਵਰਜਦੀ ਹੈ। ਮਨੁੱਖ ਜਦੋਂ ਮੁੜ-ਮੁੜ ਜਤਨ ਕਰਕੇ ਹਉਮੈ ਵਲੋਂ ਮਰਦਾ ਹੈ ਤਾਂ ਉਸਨੂੰ ਕੁਝ ਪ੍ਰਾਪਤ ਹੁੰਦਾ ਹੈ :

*ਮਰਿ ਮਰਿ ਜੀਵੈ ਤਾ ਕਿਛੁ ਪਾਏ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੩)

ਗੁਰੂ ਸਾਹਿਬ ਜੀਵ ਨੂੰ ਸਮਝਾਉਂਦੇ ਹਨ ਕਿ ਤੂੰ ਆਪਣੇ ਮਨ ਦਾ ਹੰਕਾਰ ਛਡ ਕੇ ਨਿਮਰਤਾ ਧਾਰਨ ਕਰ :

*ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੪੧)

ਗੁਰਬਾਣੀ ਦੀ ਸੇਧ ਅਨੁਸਾਰ ਮਨੁੱਖ ਨੂੰ ਜਗਤ ਵਿਚ ਰਹਿੰਦੇ ਹੋਏ ਨਿਮਰਤਾ ਨਾਲ ਵਿਚਰਨਾ ਚਾਹੀਦਾ ਹੈ, ਅਜਿਹਾ ਕਰਨ ਨਾਲ ਜੀਵ ਪਰਮਾਤਮਾ ਦੀ 'ਨਦਰਿ' ਦਾ ਪਾਤਰ ਬਣ ਕੇ ਆਪਣਾ ਜੀਵਨ ਸਫਲ ਕਰ ਲੈਂਦਾ ਹੈ :

*ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੯)

ਨਿਮਰਤਾ ਦੀ ਅਣਹੋਂਦ ਕਾਰਨ ਵਡੇ-ਵਡੇ ਹੰਕਾਰੀ ਮਨੁੱਖ ਤਬ!ਹ ਹੋ ਜਾਂਦੇ ਹਨ। ਗੁਰੂ ਸਾਹਿਬ ਦਸਦੇ ਹਨ ਕਿ ਹੰਕਾਰੀ ਮਨੁੱਖ ਮਾਂ ਦੇ ਗਰਬ ਵਿਚ ਹੀ ਗੱਲ ਜਾਂਦੇ ਹਨ :

*ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੭੮)

ਇਸ ਲਈ ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਆਪਣਾ ਹੰਕਾਰ ਤਿਆਗ ਕੇ ਸਭ ਜੀਵਾਂ ਦੀ ਚਰਨ-ਧੂੜ ਬਣ ਜਾਵੇ। ਅਜਿਹਾ ਕਰਨ ਨਾਲ ਹੀ ਮਨੁੱਖ ਪਰਮਾਤਮਾ ਦੀ ਨੇੜਤਾ ਹਾਸਿਲ ਕਰ ਸਕਦਾ ਹੈ :

*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*

**11.**9 ਨਿਮਰਤਾ-ਪ੍ਰਾਪਤੀ ਦੇ ਸਾਧਨ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮਨੁੱਖ ਨੂੰ ਸੋਝੀ ਕਰਵਾਉਂਦੀ ਹੈ ਕਿ 'ਨਿਮਰਤਾ' ਪ੍ਰਾਪਤ ਕਰਨ ਦਾ ਸਰਵ-ਸ੍ਰੇਸ਼ਟ ਸਾਧਨ ਪ੍ਰਭੂ ਦਾ 'ਨਾਮੁ' ਹੈ। 'ਨਾਮੁ' ਦੀ ਦਾਤਿ ਪ੍ਰਾਪਤ ਕਰਨ ਲਈ ਜੀਵ ਨੂੰ ਆਪਣੇ ਮਨ ਵਿਚੋਂ ਹੰਕਾਰ ਦੀ ਨਵਿਰਤੀ ਕਰਕੇ, ਮਨ ਨੂੰ ਨਿਰਮਲ ਕਰਨਾ ਚਾਹੀਦਾ ਹੈ। 'ਨਾਮੁ' ਤੋਂ ਬਿਨਾਂ ਪ੍ਰਭੂ-ਪ੍ਰੇਮ, ਹਿਰਦੇ ਦੀ ਪਵਿਤਰਤਾ, ਉਚੀ ਮਤਿ ਅਤੇ ਖਿਮਾ ਆਦਿ ਹਨ। ਇਨ੍ਹਾਂ ਸਾਧਨਾਂ ਦੀ ਸੰਖੇਪ ਵਿਚਾਰ ਹੇਠ ਦਿਤੇ ਅਨੁਸਾਰ ਹੈ :

**11.**9.1 **ਨਾਮੁ ਜਪਣਾ**

ਭਗਤੀ ਦਾ 'ਨਿਮਰਤਾ' ਤੋਂ ਬਿਨਾਂ ਕੋਈ ਲਾਭ ਨਹੀਂ। ਭਗਤੀ ਲਈ ਜਿਥੇ ਸਿਮਰਨ, ਅਰਦਾਸ ਤੇ ਦ੍ਰਿੜਤਾ ਦੀ ਲੋੜ ਹੈ, ਉਥੇ ਨਿਮਰ ਹੋਣਾ ਵੀ ਆਵਸ਼ਕ ਹੈ । 'ਨਾਮੁ' ਜਪਣਾ ਨਿਮਰਤਾ ਤੋਂ ਹੀ ਸ਼ੁਰੂ ਹੁੰਦਾ ਹੈ ਅਤੇ ਨਿਮਰਤਾ ਉਤੇ ਹੀ ਖਤਮ ਹੁੰਦਾ ਹੈ। ਜਗਿਆਸੂ ਪਹਿਲਾਂ ਨਿਰਮਾਣ ਹੁੰਦਾ ਹੈ, ਉਸ ਦੀ ਨਿਰਮਾਣਤਾ ਅਰਜੋਈ ਜਾਂ ਅਰਦਾਸ ਦਾ ਰੂਪ ਧਾਰਦੀ ਹੈ, ਨਿਰਮਾਣ ਹੋ ਕੇ ਕੀਤੀਆਂ ਅਰਦਾਸਾਂ ਸਦਕਾ ਮਨੁੱਖ ਨੂੰ ਆਪਣੇ ਨਾਲੋਂ ਉਚੀ ਆਤਮਿਕ ਅਵਸਥਾ ਦੇ ਗੁਰਮੁਖ ਮਿਲਦੇ ਹਨ, ਜਿਹੜੇ ਉਸ ਨੂੰ ਸਿਮਰਨ ਕਰਨ ਲਈ ਪ੍ਰੇਰਦੇ ਹਨ। ਨਾਮ-ਸਿਮਰਨ ਦੇ ਅਭਿਆਸ ਨਾਲ ਗੁਰਸਿਖ ਅਕਾਲਪੁਰਖ ਦੀ ਨੇੜਤਾ ਪ੍ਰਾਪਤ ਕਰਦਾ ਹੈ। ਇਹ ਨੇੜਤਾ ਹਾਸਿਲ ਕਰਕੇ ਜਗਿਆਸੂ ਅੰਦਰ ਅਥਾਹ ਸ਼ਕਤੀਆਂ ਆ ਜਾਂਦੀਆਂ ਹਨ, ਜਿਸ ਸਦਕਾ ਸਹਿਜ-ਸੁਭਾਅ ਮਨੁੱਖ ਅੰਦਰ ਹੰਕਾਰ ਪ੍ਰਵੇਸ਼ ਕਰ ਜਾਂਦਾ ਹੈ। ਦੂਜੇ ਪਾਸੇ ਜਿਹੜੇ ਜਗਿਆਸੂ ਇਨ੍ਹਾਂ ਸ਼ਕੀਆਂ ਨੂੰ ਜਜ਼ਬ ਕਰ ਲੈਂਦੇ ਹਨ, ਉਹ ਨਿਮਰ ਹੋ ਜਾਂਦੇ ਹਨ।

**11.**9.2 **ਭਾਉ ਭਗਤਿ**

ਗੁਰਬਾਣੀ ਅਨੁਸਾਰ ਨਿਮਰਤਾ ਤੇ ਹਲੀਮੀ ਵਾਹਿਗੁਰੂ ਪ੍ਰਾਪਤੀ ਦਾ ਇਕ ਸਾਧਨ ਹੈ। ਮਨੁੱਖ ਜਦੋਂ ਪ੍ਰੇਮ-ਭਗਤੀ ਕਰਕੇ ਆਪਣੇ ਆਪ ਨੂੰ ਨੀਵਾਂ ਅਖਵਾਉਂਦਾ ਹੈ ਤਾਂ ਉਹ ਮੁਕਤੀ ਪ੍ਰਾਪਤ ਕਰਦਾ ਹੈ:

*ਭਾਉ ਭਗਤਿ ਕਰਿ ਨੀਚੁ ਸਦਾਏ॥*
*ਤਉ ਨਾਨਕ ਮੋਖੰਤਰੁ ਪਾਏ॥*

**11.**9.3 ਪਵਿੱਤਰ ਹਿਰਦਾ

ਮਨੁੱਖ ਦੀ ਮਹਾਨਤਾ, ਨਿਰਸੁਆਰਥ ਹੋ ਕੇ, ਮਨ ਨਿਰਮਲ ਕਰਕੇ ਤੇ ਨਿਡਰ ਹੋਣ ਉਤੇ ਨਿਰਭਰ ਹੈ। ਇਹ ਸਭ ਮਨੁੱਖ ਦੇ ਅੰਦਰਲੇ ਦੈਵੀ ਗੁਣ ਹਨ, ਜਿਹੜੇ ਮਿਠਾਸ ਤੇ ਨਿਮਰਤਾ ਦੇ ਬਾਹਰਲੇ ਵਤੀਰੇ ਵਿਚੋਂ ਪ੍ਰਗਟ ਹੁੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਨੂੰ 'ਕੁਸੁਧ ਹਿਰਦੇ' ਦੇ ਮੁਕਾਬਲੇ ਤੇ 'ਸ਼ੁਧ ਹਿਰਦਾ' ਮੰਨਦੇ ਹਨ। ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ ਪਵਿਤਰ ਤੇ ਸ਼ੁਧ ਹਿਰਦਾ ਹੀ ਨਿਮਰਤਾ ਦਾ ਧਾਰਨੀ ਹੋ ਸਕਦਾ ਹੈ। ਮਨੁੱਖ ਨੇ ਆਪਣਾ ਸਰੀਰ ਅੰਤ ਸਮੇਂ ਸੰਸਾਰ ਵਿਚ ਹੀ ਛੱਡ ਜਾਣਾ ਹੈ, ਪਰ ਆਪਣੀ ਕੀਤੀ ਚੰਗਿਆਈ ਜਾਂ ਬੁਰਾਈ ਉਸ ਨੇ ਨਹੀਂ ਛੱਡ ਕੇ ਜਾਣੀ, ਕਿਉਂਕਿ ਮਨੁੱਖ ਨੂੰ ਉਸਦਾ ਫਲ ਪ੍ਰਾਪਤ ਹੋਣਾ ਹੈ। ਸੰਸਾਰ ਵਿਚ ਰਹਿੰਦੇ ਹੋਏ ਕੀਤੀਆਂ ਆਪ-ਹੁਦਰੀਆਂ ਤੇ ਮਨਮਾਨੀਆਂ ਕਾਰਨ, ਮਨੁੱਖ ਨੂੰ ਦੁਖ ਦੀ ਪ੍ਰਾਪਤੀ ਹੁੰਦੀ ਹੈ। ਇਸ ਦਸ਼ਾ ਵਿਚ ਮਨੁੱਖ ਨੂੰ ਆਪਣੇ ਅਗੁਣਾਂ 'ਤੇ ਪਛਤਾਵਾ ਹੁੰਦਾ ਹੈ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਮਨੁੱਖ ਦਾ ਹਿਰਦਾ ਸ਼ੁਧ ਤਾਂ ਹੋ ਸਕਦਾ ਹੈ ਜੇਕਰ ਉਸ ਨੂੰ ਸੱਚਾਈ ਤੇ ਅਸਲੀਅਤ ਦਾ ਗਿਆਨ ਹੋਵੇ ਅਤੇ ਮਨੁੱਖ ਉਸ ਅਨੁਸਾਰ ਆਪਣਾ ਜੀਵਨ ਬਤੀਤ ਕਰੇ।

ਨਿਮਰਤਾ ਵਾਲਾ ਵਤੀਰਾ ਜੋ ਸ਼ੁਧ ਮਨ ਵਿਚੋਂ ਪੈਦਾ ਹੁੰਦਾ ਹੈ, ਮਨੁੱਖ ਲਈ ਚੰਗਾ ਫਲ ਪੈਦਾ ਕਰਦਾ ਹੈ ਤੇ 'ਰਿਦਾ ਕੁਸੁਧ' ਉਸ ਲਈ ਮਾੜੇ ਫਲ ਪੈਦਾ ਕਰਦਾ ਹੈ। ਇਹ ਅਟਲ ਸੱਚਾਈ ਹੈ ਕਿ ਪਦਾਰਥਕ ਉਨਤੀ ਕਾਇਮ ਰਹਿਣ ਵਾਲੀ ਨਹੀਂ, ਪਰੰਤੂ ਮਨ ਦੀ ਨਿਰਮਲਤਾ ਕਾਇਮ ਰਹਿਣ ਵਾਲੀ ਸ਼ੈਅ ਹੈ। ਨਿਰਮਲ ਮਨ ਮਨੁੱਖ ਦੀ ਬ!ਾਂਹਰਲੀ ਸੁੰਦਰਤਾ ਵੀ ਬਣਾਉਂਦਾ ਹੈ ਤੇ ਕਪਟੀ ਮਨ ਮਨੁੱਖ ਨੂੰ ਕਰੂਪ ਬਣਾਉਂਦਾ ਹੈ। ਕਪਟੀ ਮਨ ਵਾਲਾ ਮਨੁੱਖ ਕਦੇ ਸੁੰਦਰਤਾ ਦਾ ਪ੍ਰਭਾਵ ਨਹੀਂ ਪਾ ਸਕਦਾ। ਇਸ ਲਈ ਮਨੁੱਖ ਦੀ ਜੇਕਰ ਇਛਾ ਹੈ ਕਿ ਉਹ ਸੋਹਣਾ ਦਿਸੇ, ਤਾਂ ਉਸਨੂੰ ਨਿਰਮਲ ਮਨ ਘੜਨਾ ਹੀ ਪਵੇਗਾ, ਕਿਉਂਕਿ ਸੁੰਦਰਤਾ ਦਾ ਆਧਾਰ ਸੁੰਦਰ ਨਿਰਮਲ ਮਨ ਹੈ।

**11.**9.4 ਉਚੀ ਮਤਿ

ਵਾਹਿਗੁਰੂ ਦੀ ਕਿਰਪਾ ਸਦਕਾ ਜੀਵ ਦੀ ਮਤਿ ਉਚੀ ਹੋ ਸਕਦੀ ਹੈ। ਮਤਿ ਦਾ ਰਾਖਾ ਵਾਹਿਗੁਰੂ ਨਾ ਹੋਵੇ ਤਾਂ ਉਹ ਨੀਵੇਂ ਦਰਜੇ ਦੀ ਹੀ ਰਹਿੰਦੀ ਹੈ। ਵਾਹਿਗੁਰੂ ਦੇ ਪ੍ਰੇਮ ਤੋਂ ਹੀਣੀ ਮਤਿ ਅੰਦਰ ਨਿਮਰਤਾ ਨਹੀਂ ਸਮਾਅ ਸਕਦੀ। ਮਨੁੱਖ ਦੀ ਬੁੱਧੀ ਤਾਂ ਕਦੇ ਵੀ ਭ੍ਰਿਸ਼ਟ ਹੋ ਸਕਦੀ ਹੈ। ਇਸ ਦਾ ਮਾਣ ਨਹੀਂ ਕੀਤਾ ਜਾ ਸਕਦਾ। ਇਸ ਲਈ ਮਤਿ ਦੀ ਰਖਿਆ ਸਦਾ ਵਾਹਿਗੁਰੂ ਜੀ ਪਾਸੋਂ ਮੰਗਣੀ ਚਾਹਦੀ ਹੈ। ਚੰਗੀ ਮੰਦੀ ਹਰ ਤਰ੍ਹਾਂ ਦੀ ਮਤਿ ਦਾ ਮਾਲਕ ਆਪ ਵਾਹਿਗੁਰੂ ਹੀ ਹੈ।

**11.**9.5 ਖਿਮਾ

ਖਿਮਾ ਪਿਆਰ ਦਾ ਉਚਤਮ ਪ੍ਰਗਟਾਵਾ ਹੈ। ਇਸ ਦੀ ਬਰਕਤ ਨਾਲ ਹੀ ਟੁਟੇ ਰਿਸ਼ਤੇ ਮੁੜ ਜੁੜ ਜਾਂਦੇ ਹਨ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਇਕ ਵਾਰ ਸੰਗਤ ਨੂੰ ਉਪਦੇਸ਼ ਕਰਦੇ ਸਮੇਂ ਖਿਮਾ ਬਾਰੇ ਕਿਹਾ ਕਿ ਖਿਮਾ ਕਰਨੀ ਮਹਾ ਤਪ ਹੈ, ਖਿਮਾ ਕਰਨੀ ਹੀ ਦੇਸ਼ ਦਾਨ ਕਰਨ ਤੁਲ ਹੈ, ਖਿਮਾ ਕਰਨੀ ਹੀ ਤੀਰਥ ਇਸ਼ਨਾਨ ਹੈ, ਜੀਵ ਦੀ ਕਲਿਆਣ ਖਿਮਾ ਕਰਨ ਨਾਲ ਹੀ ਸੰਭਵ ਹੈ, ਖਿਮਾ ਤੋਂ ਵੱਡਾ ਗੁਣ ਕੋਈ ਨਹੀਂ। ਭਗਤ ਕਬੀਰ ਜੀ ਦਸਦੇ ਹਨ ਕਿ ਜਿਥੇ ਖਿਮਾ ਵਰਤੇ ਉਥੇ ਵਾਹਿਗੁਰੂ ਆਪ ਵਰਤਦਾ ਹੈ :

*ਕਬੀਰ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥*
*ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥*

ਗੁਰਮਤਿ ਵਿਚ ਬਦਲੇ ਦੀ ਭਾਵਨਾ ਦੀ ਕੋਈ ਗੁੰਜਾਇਸ਼ ਨਹੀਂ, ਬਲਕਿ ਗੁਰੂ ਸਾਹਿਬ 'ਖਿਮਾ' ਦਾ ਆਦੇਸ਼ ਕਰਦੇ ਹਨ :

*ਖਿਮਾ ਗਹਹੁ ਸਤਿਗੁਰ ਸਰਣਾਈ॥*

**11.**10 ਨਿਮਰਤਾ ਧਾਰਨ ਕਰਨ ਦੀ ਜੁਗਤਿ

ਨਿਮਰਤਾ ਧਾਰਨ ਕਰਨ ਲਈ ਭਗਤ ਕਬੀਰ ਜੀ ਕਹਿੰਦੇ ਹਨ ਕਿ ਪਰਮਾਤਮਾ ਦਾ ਦਾਸ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜਿਸ ਤਰ੍ਹਾਂ ਧਰਤੀ ਉਪਰ 'ਧੂੜ' ਹੁੰਦੀ ਹੈ :

*ਕਬੀਰ ਰੋੜਾਂ. ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ॥*
*ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ॥*

ਭਗਤ ਕਬੀਰ ਜੀ ਅਨੁਸਾਰ ਆਪਣੇ ਆਪ ਨੂੰ ਸਭ ਤੋਂ ਬੁਰਾ ਸਮਝਣ ਨਾਲ ਜੀਵ ਵਿਚ ਨਿਮਰਤਾ ਦੀ ਭਾਵਨਾ ਜਾਗ੍ਰਿਤ ਹੁੰਦੀ ਹੈ। ਭਗਤ ਜੀ ਦਾ ਸੁਝਾਅ ਹੈ ਕਿ ਜੇਕਰ ਜੀਵ ਆਪਣੇ ਆਪ ਨੂੰ ਸਭ ਤੋਂ ਮੰਦਾ ਸਮਝੇ, ਉਹ ਸਮਝੇ ਕਿ ਮੈਨੂੰ ਛਡ ਕੇ ਹੋਰ ਸਾਰੇ ਜੀਵ ਭਲੇ ਹਨ, ਇਸ ਤਰ੍ਹਾਂ ਦਾ ਗਿਆਨ ਜੀਵ ਨੂੰ ਪ੍ਰਾਪਤ ਹੋਣ ਨਾਲ ਉਹ ਭਗਤਾਂ ਦਾ ਮਿਤਰ ਬਣ ਜਾਂਦਾ ਹੈ :

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੪)

ਬਾਬਾ ਫਰੀਦ ਜੀ ਨੇ ਵੀ ਨਿਮਰਤਾ ਧਾਰਨ ਕਰਨ ਦੀ ਜੁਗਤਿ ਬਾਰੇ ਦਸਦੇ ਹੋਏ ਮਨੁੱਖ ਨੂੰ 'ਦਭ' ਦੀ ਤਰ੍ਹਾਂ ਨਿਮਰ ਹੋਣ ਲਈ ਉਪਦੇਸ਼ ਕਰਦੇ ਹਨ। ਭਗਤ ਜੀ ਦਸਦੇ ਹਨ ਕਿ ਹੇ ਜੀਵ! ਜੇ ਤੂੰ ਮਾਲਕ (ਪਰਮਾਤਮਾ) ਨੂੰ ਹਰ ਥਾਂ ਵੇਖਣਾ ਚਾਹੁੰਦਾ ਹੈਂ ਤਾਂ ਰਸਤੇ ਦੀ 'ਦਭ' (ਕੁਸਾ) ਵਰਗਾ ਬਣ ਜਾ, ਜਿਸ ਦੇ ਇਕ ਬੂਟੇ ਨੂੰ ਤੋੜਦੇ ਸਮੇਂ ਲੋਕ ਕਈ ਹੋਰ ਬੂਟੇ ਪੈਰਾਂ ਹੇਠ ਲਤਾੜ ਦਿੰਦੇ ਹਨ। ਭਗਤ ਫਰੀਦ ਜੀ ਕਹਿੰਦੇ ਹਨ ਕਿ ਹੇ ਜੀਵ! ਜੇ ਤੂੰ ਇਹੋ ਜਿਹਾ ਸੁਭਾਅ ਬਣਾ ਲਵੇਂ ਤਾਂ ਤੂੰ ਮਾਲਕ ਦੇ ਦਰ 'ਤੇ ਕਬੂਲ ਹੋ ਜਾਵੇਂਗਾ :

*ਫਰੀਦਾ ਥੀਉ ਪਵਾਹੀ ਦਭੁ॥*
*ਜੇ ਸਾਂਈ ਲੋੜਹਿ ਸਭੁ॥*
*ਇਕੁ ਛਿਜਹਿ ਬਿਆ ਲਤਾੜੀਅਹਿ॥*
*ਤਾਂ ਸਾਈ ਦੈ ਦਰਿ ਵਾੜੀਅਹਿ॥*

ਭਾਈ ਗੁਰਦਾਸ ਜੀ ਧਰਤੀ ਦਾ ਦ੍ਰਿਸ਼ਟਾਤ ਦੇ ਕੇ ਮਨੁੱਖ ਨੂੰ ਨਿਮਰਤਾ ਦਾ ਧਾਰਨੀ ਹੋਣ ਲਈ ਇਉਂ ਸਿਖਿਆ ਦਿੰਦੇ ਹਨ :

*ਸਭਦੂੰ ਨੀਵੀ ਧਰਤਿ ਹੈ ਆਪੁ ਗਵਾਇ ਹੋਇ ਓਡੀਣੀ ।*
*ਧੀਰਜੁ ਧਰਮੁ ਸੰਤੋਖੁ ਦ੍ਰਿੜੁ ਪੈਰਾ ਹੇਠਿ ਰਹੈ ਲਿਵਲੀਣੀ।*
*ਸਾਧ ਜਨਾਂ ਚਰਣ ਛੁਹਿ ਆਢੀਣੀ ਹੋਈ ਲਾਖੀਣੀ।*
*ਅੰਮ੍ਰਿਤ ਬੂੰਦ ਸੁਹਾਵਣੀ ਛਹਬਰ ਛਲਕ ਰੇਣੁ ਹੋਇ ਰੀਣੀ।*
*ਮਿਲਿਆ ਮਾਣੁ ਨਿਮਾਣੀਐ ਪਿਰਮ ਪਿਆਲਾ ਪੀਇ ਪਤੀਣੀ।*
*ਜੋ ਬੀਜੈ ਸੋਈ ਲੁਣੈ ਸਭ ਰਸ ਕਸ ਬਹੁ ਰੰਗ ਰੰਗੀਣੀ।*
*ਗੁਰਮੁਖਿ ਸੁਖ ਫਲੁ ਹੈ ਮਸਕੀਣੀ॥*

ਫਰੀਦ ਜੀ ਨੇ ਨਿਮਰਤਾ ਦੀ ਸਿਖਰ ਨੂੰ ਛੂੰਹਦੇ ਹੋਏ ਦਸਦੇ ਹਨ ਕਿ ਹੇ ਜੀਵ! ਜੇ ਕੋਈ ਮਨੁੱਖ ਕਿਸੇ ਗਲਤ-ਫਹਿਮੀ ਕਰਕੇ ਤੇਰੇ ਮੁਕੀਆਂ ਮਾਰਦਾ ਹੈ ਤਾਂ ਤੈਨੂੰ ਬਦਲੇ ਵਿਚ ਉਸ ਨੂੰ ਮਾਰਨਾ ਨਹੀਂ ਚਾਹੀਦਾ, ਸਗੋਂ ਉਸ ਕੋਲੋਂ ਮੁਆਫੀ ਮੰਗ ਕੇ ਆਪਣੇ ਘਰ ਜਾਣਾ ਚਾਹੀਦਾ ਹੈ :

*ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ॥*
*ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ॥*

ਅਜਿਹੀ ਨਿਮਰਤਾ ਜਦੋਂ ਮਨੁੱਖ ਵਿਚ ਆ ਜਾਂਦੀ ਹੈ ਤਾਂ ਉਹ ਨੈਤਿਕਤਾ ਦਾ ਸਿਖਰ ਮੰਨਿਆ ਜਾਂਦਾ ਹੈ।

**11.11 ਨਿਮਰਤਾ ਦਾ ਫਲ**

ਭਗਤ ਕਬੀਰ ਜੀ ਫੁਰਮਾਉਂਦੇ ਹਨ ਕਿ ਸਾਰੇ ਮਨੁੱਖਾਂ ਦੇ ਚਰਨਾਂ ਦੀ ਧੂੜ ਜਾਚਨਾ ਕਰਨ ਨਾਲ, ਭਾਵ ਨਿਮਰਤਾ ਧਾਰਨ ਕਰਨ ਨਾਲ ਸਾਰੇ ਧਰਮਾਂ ਤੇ ਪੁੰਨਾਂ ਦਾ ਫਲ ਪ੍ਰਾਪਤ ਹੁੰਦਾ ਹੈ। ਭਗਤ ਜੀ ਦਸਦੇ ਹਨ ਕਿ ਇਹ ਮਨ ਤਾਂ ਬਨ (ਜੰਗਲ) ਦਾ ਉਡਨ ਪੰਖੇਰੂ ਹੈ, ਜਿਸ ਦਾ ਸੁਭਾਅ ਟਿਕ ਕੇ ਬੈਠਣ ਦਾ ਨਹੀਂ :

*ਸਗਲ ਧਰਮ ਪੁੰਨ ਫਲ ਪਾਵਹੁ ਧੂਰਿ ਬਾਛਹੁ ਸਭ ਜਨ ਕਾ॥*
*ਕਹੈ ਕਬੀਰੁ ਸੁਨਹੁ ਰੇ ਸੰਤਹੁ ਇਹੁ ਮਨੁ ਉਡਨ ਪੰਖੇਰੂ ਬਨ ਕਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੫੩)

**11.**12 ਨਿਮਰਤਾ ਅਤੇ ਨਿਰਬਲਤਾ

ਨਿਮਰਤਾ ਅਤੇ ਨਿਰਬਲਤਾ ਵਿਚ ਬੜਾ ਅੰਤਰ ਹੁੰਦਾ ਹੈ। ਨਿਰਬਲ ਵਿਅਕਤੀ ਅੰਦਰ ਨਿਮਰਤਾ ਨਹੀਂ ਹੋ ਸਕਦੀ। ਦੂਜੇ ਪਾਸੇ ਮਾਣ ਕਰਨ ਦੇ ਸਭ ਸਾਧਨ ਮੌਜੂਦ ਹੁੰਦਿਆਂ ਮਾਣ ਨਾ ਕਰਨਾ, ਨਿਮਰਤਾ ਹੁੰਦੀ ਹੈ। ਭਾਈ ਗੁਰਦਾਸ ਜੀ ਅਨੁਸਾਰ ਪਰਮਾਤਮਾ ਨੂੰ ਅਜਿਹੀ ਨਿਮਰਤਾ ਹੀ ਪ੍ਰਵਾਨ ਹੈ :

*ਹਉ ਤਿਸੁ ਵਿਟਹੁ ਵਾਰਿਆ ਹੋਦੈ ਤਾਣਿ ਜੁ ਹੋਇ ਨਿਤਾਣਾ।*
*ਹਉ ਤਿਸੁ ਵਿਟਹੁ ਵਾਰਿਆ ਹੋਦੈ ਮਾਣਿ ਜੁ ਰਹੈ ਨਿਮਾਣਾ।*
*ਹਉ ਤਿਸੁ ਵਿਟਹੁ ਵਾਰਿਆ ਛੋਡਿ ਸਿਆਣਪ ਹੋਇ ਇਆਣਾ।...*
*ਦੀਨ ਦੁਨੀ ਦਰਗਾਹ ਪਰਵਾਣਾ।*

ਨਿਮਰਤਾ, ਇਕ ਅਜਿਹੀ ਸ਼ਕਤੀ ਹੈ, ਜਿਸ ਅਧੀਨ ਦੁਨੀਆਂ ਦੀ ਵਡੀ ਤੋਂ ਵਡੀ ਸ਼ਕਤੀ ਝੁਕਣ ਲਈ ਮਜ਼ਬੂਰ ਹੋ ਜਾਂਦੀ ਹੈ। ਤਾਕਤ ਨਾਲ ਦੁਨੀਆਂ ਜਿਤਣ ਵਾਲਾ ਵਿਅਕਤੀ ਤਾਕਤਵਰ ਕਹਾਉਂਦਾ ਹੈ, ਪਰੰਤੂ ਨਿਮਰਤਾ ਵਾਲਾ ਜਗਿਆਸੂ ਆਪਣਾ ਆਪ ਨੂੰ ਜਿਤਦਾ ਹੈ। ਨਿਰਮਾਣ ਪੁਰਸ਼ ਨੂੰ ਦੁਨੀਆਂ ਦੀ ਕੋਈ ਸ਼ਕਤੀ ਹਰਾ ਨਹੀਂ ਸਕਦੀ। ਕਈ ਵਾਰ ਨਿਮਰ ਵਿਅਕਤੀ ਦੀ ਜ਼ਾਹਿਰਾ 'ਹਾਰ' ਹੀ ਉਸ ਦੀ ਜਿਤ ਬਣ ਜਾਂਦੀ ਹੈ :

*ਗਰੀਬੀ ਗਦਾ ਹਮਾਰੀ॥*
*ਖੰਨਾ ਸਗੱਲ ਰੇਨੁ ਛਾਰੀ॥*
*ਇਸੁ ਆਗੈ ਕੋ ਨਾ ਟਿਕੈ ਵੇਕਾਰੀ॥*

ਇਕ ਗੱਲ ਸਪਸ਼ਟ ਹੈ ਕਿ ਖਾਲਸੇ ਦੀ ਨਿਮਰਤਾ, ਉਸ ਦੀ ਕਮਜ਼ੋਰੀ ਨਹੀਂ, ਨਿਰਬਲਤਾ ਨਹੀਂ, ਹਾਲਾਤਾਂ ਨਾਲ ਸਮਝੌਤਾ ਵੀ ਨਹੀਂ, ਸਗੋਂ ਇਹ ਖਾਲਸੇ ਦੇ ਖੂਬਸੂਰਤ ਸੁਭਾਅ ਦਾ ਇਕ ਗੁਣ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਇਸ ਗੱਲ ਨੂੰ ਸਪਸ਼ਟ ਕਰਦੇ ਹੋਏ ਕਹਿੰਦੇ ਹਨ ਕਿ :

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥*

ਉਕਤ ਸਲੋਕ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਗੁਰੂ ਦੇ ਸਿੱਖ ਨੇ ਹਲੀਮ ਤਾਂ ਜ਼ਰੂਰ ਰਹਿਣਾ ਹੈ ਪਰ ਨਾ ਕਿਸੇ ਨੂੰ ਡਰਾਉਣਾ ਹੈ ਅਤੇ ਨਾ ਹੀ ਕਿਸੇ ਤੋਂ ਡਰਨਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵੀ ਇਸ ਬਾਰੇ ਤਾਕੀਦ ਕਰਦੇ ਹਨ ਕਿ ਇਤਨਾ ਨਿਰਬਲ, ਨਿਤਾਣਾ ਤੇ ਨਿਮਾਣਾ ਹੋ ਕੇ ਵੀ ਨਹੀਂ ਜਿਉਣਾ ਕਿ ਹਰ ਕੋਈ ਪਤ ਨੂੰ ਹੀ ਹਥ ਪਾ ਲਵੇ। ਪਤ ਹੀਣ ਮਨੁੱਖ ਦਾ ਜਿਉਣਾ, ਜਿਉਣਾ ਨਹੀਂ, ਉਹ ਤਾਂ ਆਤਮ-ਘਾਤ ਨਾਲੋਂ ਵੀ ਮਾੜੀ ਜ਼ਿੰਦਗੀ ਹੈ :

*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥*

ਪਤ ਨੂੰ ਸੰਭਾਲ ਕੇ ਰਖਦੇ ਹੋਏ ਨਿਮਰਤਾ ਦਾ ਦਾਮਨ ਨਾ ਛਡਣਾ, ਸਿੱਖ ਦੀ ਜ਼ਿੰਦਗੀ ਦਾ ਹੁਨਰ ਹੈ। ਇਸ ਨਾਲ ਮਤ ਨੀਵੀਂ ਤੇ ਪਤ ਉਚੀ ਹੁੰਦੀ ਹੈ ਅਤੇ ਨਾਮ ਦਾ ਪ੍ਰਗਾਸ ਹੁੰਦਾ ਹੈ :

*ਹੋਇ ਨਿਮਾਣੀ ਢਹਿ ਪਵਾ ਪੂਰੇ ਸਤਿਗੁਰ ਪਾਸਿ॥*
*ਨਿਮਾਣਿਆ ਗੁਰੁ ਮਾਣੁ ਹੈ ਗੁਰੁ ਸਤਿਗੁਰੁ ਕਰੇ ਸਾਬਾਸਿ॥*

**11.**13 ਸਾਰ

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ 'ਨਿਮਰਤਾ' ਦਾ ਗੁਣ ਸਮਸਤ ਗੁਣਾਂ ਤੇ ਚੰਗਿਆਈਆਂ ਵਿਚੋਂ ਸ੍ਰੇਸ਼ਟ ਹੈ। ਆਪਣੇ ਆਪ ਨੂੰ ਨੀਵਾਂ ਸਮਝਣ ਵਾਲੇ ਜੀਵ, ਲੋਕਾਂ ਦੀ ਨਜਰ ਵਿਚ ਸਭ ਤੋਂ ਉਚੇ ਗਿਣੇ ਜਾਂਦੇ ਹਨ। ਅਜਿਹੇ

ਮਨੁੱਖ ਮਨ ਕਰਕੇ ਸਾਰਿਆਂ ਦੀ ਚਰਨ-ਧੂੜ ਬਣ ਕੇ ਰਹਿੰਦੇ ਹਨ। ਇਸ ਦੇ ਵਿਰੁਧ ਕੇਵਲ ਬਾਹਰੀ ਪੱਧਰ ’ਤੇ ਗਰੀਬੀ (ਨਿਮਰਤਾ) ਦਿਖਾਉਣ ਵਾਲੇ ਲੋਕ ਗੁਰੂ ਸਾਹਿਬ ਨੇ ਪ੍ਰਵਾਨ ਨਹੀਂ ਕੀਤੇ। ਇਸ ਤਰ੍ਹਾਂ ਦੇ ਲੋਕ ਅੰਦਰੋਂ ਹੰਕਾਰੀ ਹੁੰਦੇ ਹਨ, ਪਰੰਤੂ ਬਾਹਰ’ੋਂ ਉਹ ਪਖੰਡ ਕਰਕੇ ਹੋਰਾਂ ਨੂੰ ਭਰਮਾਉਂਦੇ ਹਨ। ਗੁਰੂ ਸਾਹਿਬਾਨ ਨੇ ‘ਨਿਮਰਤਾ’ ਦਾ ਕੇਵਲ ਸਿਧਾਂਤ ਹੀ ਨਹੀਂ ਦਿਤਾ, ਬਲਕਿ ਇਤਿਹਾਸਕ ਦ੍ਰਿਸ਼ਟੀ ਤੋਂ ਅਮਲੀ ਜੀਵਨ ਰਾਹੀਂ ‘ਨਿਮਰ’ ਬਣ ਕੇ ਦਿਖਾਇਆ ਵੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ‘ਨਿਮਰਤਾ’ ਧਾਰਨ ਕਰਨ ਉਤੇ ਬਹੁਤ ਜ਼ੋਰ ਦਿਤਾ ਗਿਆ ਹੈ। ਨਿਮਰਤਾ ਦੀ ਅਣਹੋਂਦ ਦਾ ਕਾਰਨ ‘ਹਉਮੈ’ ਹੈ, ਜਿਸ ਦਾ ਤਿਆਗ ਕੀਤੇ ਬਿਨਾਂ ਮਨੁੱਖ ਅੰਦਰ ‘ਨਿਮਰਤਾ’ ਪ੍ਰਵੇਸ਼ ਨਹੀਂ ਕਰ ਸਕਦੀ। ਗੁਰਬਾਣੀ ਵਿਚ ਨਿਮਰਤਾ-ਪ੍ਰਾਪਤੀ ਦੇ ਸਾਧਨ ਬ!ਂਖੂਬੀ ਦਰਸਾਏ ਗਏ ਹਨ, ਜਿਵੇਂ ‘ਨਾਮੁ ਜਪਣਾ’; ‘ਭਾਉ ਭਗਤਿ’; ‘ਪਵਿਤਰ ਹਿਰਦਾ’; ‘ਉਚੀ ਮਤਿ’ ਅਤੇ ‘ਖਿਮਾ’ ਆਦਿ। ਇਨ੍ਹਾਂ ਸਾਧਨਾਂ ਤੋਂ ਬਿਨਾਂ ਨਿਮਰਤਾ ਧਾਰਨ ਕਰਨ ਦੀ ਜੁਗਤਿ ਵੀ ਗੁਰਬਾਣੀ ਵਿਚ ਦਰਸਾਈ ਗਈ ਹੈ। ‘ਨਿਮਰਤਾ’ ਦੇ ਸੰਦਰਭ ਵਿਚ ਮਹੱਤਵਪੂਰਨ ਗੱਲ ਇਹ ਹੈ ਕਿ ਨਿਮਰਤਾ ਅਤੇ ਨਿਰਬਲਤਾ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਨਿਰਬਲ ਵਿਅਕਤੀ ਅੰਦਰ ਕਦੇ ਨਿਮਰਤਾ ਨਹੀਂ ਆ ਸਕਦੀ। ਦੂਜੇ ਪਾਸੇ ਹਰੇਕ ਕਿਸਮ ਦਾ ਮਾਣ ਅਤੇ ਤਾਣ ਹੋਣ ਦੇ ਬਾਵਜੂਦ ਮਾਣ ਨਾ ਕਰਨਾ, ਨਿਮਰਤਾ ਹੁੰਦੀ ਹੈ।

## 11.14 ਸਹਾਇਕ ਪੁਸਤਕ ਸੂਚੀ


1. ਰੂਪ ਸਿੰਘ (ਸੰਪਾ.), *ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ,* ਧਰਮ ਪ੍ਰਚਾਰ ਕਮੇਟੀ (ਸ਼੍ਰੋ.ਗੁ.ਪ੍ਰੰ.ਕਮੇਟੀ), ਸ੍ਰੀ ਅੰਮ੍ਰਿਤਸਰ, 2012.
2. ਜਸਵੰਤ ਸਿੰਘ ਨੇਕੀ, *ਗੁਰਮਤਿ ਮਨੋਵਿਗਿਆਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2009.
3. ਜਸਵੰਤ ਸਿੰਘ ਨੇਕੀ, *ਅਰਦਾਸ : ਦਰਸ਼ਨ, ਰੂਪ, ਅਭਿਆਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010 (ਅਠਵੀਂ ਵਾਰ).
4. ਤਾਰਨ ਸਿੰਘ, *ਸਿੱਖ ਧਰਮ ਦੇ ਰਹਿਸ ਤੇ ਰਮਜ਼,* ਨਿਊ ਬੁੱਕ ਕੰਪਨੀ, ਜਲੰਧਰ, 1991.
5. ਭਗਤ ਸਿੰਘ (ਗਿਆਨੀ), *ਕਥਾ ਉਪਦੇਸ਼ ਸਾਗਰ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2002 (ਪੰਜਵੀਂ ਵਾਰ)।
6. Avtar Singh, *Ethics of The Sikhs,* Punjabi University, Patiala, 1996 (IIIrd edition)


## 11.15 ਅਭਿਆਸ ਲਈ ਪ੍ਰਸ਼ਨ

1. ਨਿਮਰਤਾ ਤੋਂ ਕੀ ਭਾਵ ਹੈ ?
2. ਨਿਮਰਤਾ ਦੇ ਅਰਥ ਸਪਸ਼ਟ ਕਰਕੇ ਇਸ ਦੀਆਂ ਕਿਸਮਾਂ ਬਾਰੇ ਚਰਚਾ ਕਰੋ।
3. ਨਿਮਰਤਾ ਦੀ ਮਹੱਤਤਾ ਉਤੇ ਨੋਟ ਲਿਖੋ।
4. ਨਿਮਰਤਾ-ਪ੍ਰਾਪਤੀ ਦੇ ਸਾਧਨਾਂ ਬਾਰੇ ਜਾਣਕਾਰੀ ਦਿਉ।
5. ਨਿਮਰਤਾ ਦਾ ਹਉਮੈਂ ਨਾਲ ਵਿਰੋਧ ਹੈ। ਵਿਆਖਿਆ ਕਰੋ।

## PROGRAMME: CERTIFICATE COURSE ON VALUE AND LEARNING OF SIKHISM

### COURSE: VALUES AND VIRTUES

### SEMESTER-I

---

### UNIT 12 – CONTENTMENT

---

**STRUCTURE**


12.0 ਉਦੇਸ਼

12.1 ਜਾਣ ਪਛਾਣ

12.2 ਸੰਤੋਖ : ਅਰਥ

12.3 ਸੰਤੋਖ : ਪਰਿਭਾਸ਼ਾ

12.4 ਸੰਤੋਖ : ਕਿਸਮਾ

12.5 ਸੰਤੋਖ : ਮਹੱਤਤਾ

12.6 ਸੰਤੋਖ ਪ੍ਰਾਪਤੀ ਦੇ ਸਾਧਨ

12.6.1 'ਗੁਰੂ'

12.6.2 'ਨਾਮੁ'

12.6.3 ਸਤਿਸੰਗਤ

12.6.4 ਸੇਵਾ

12.6.5 ਪ੍ਰਭੂ ਪ੍ਰੇਮ

12.6.6 ਅਰਦਾਸ

12.6.7 ਸਾਦਾ ਜੀਵਨ

12.6.8 ਭਾਣਾ

12.6.9 ਨਦਰਿ

12.7 ਸੰਤੋਖੀ ਮਨੁੱਖ ਦੇ ਲਛਣ

12.7.1 ਸੁਕ੍ਰਿਤੁ ਕਰਨ ਵਾਲਾ

12.7.2 ਦਇਆਵਾਨ

12.7.3 ਸਹਜਿ ਦਾ ਧਾਰਨੀ

12.7.4 ਹੁਕਮੀ

12.7.5 ਸੁਚਾ ਆਚਰਣ

12.8 ਸੰਤੋਖ-ਹੀਣ ਮਨੁੱਖ ਦੀ ਦਸ਼ਾ

12.8.1 ਭੁਖ

12.8.2 ਲੋਭ

12.9 ਸਾਰ

12.10 ਸਹਾਇਕ ਪੁਸਤਕ ਸੂਚੀ

12.11 ਅਭਿਆਸ ਲਈ ਪ੍ਰਸ਼ਨ

## 12.0 ਉਦੇਸ਼

ਹਰੇਕ ਧਰਮ ਵਿਚ ਸਦਗੁਣਾਂ ਦੀ ਵਿਸ਼ੇਸ਼ਤਾ ਦੇਖਣ ਨੂੰ ਮਿਲਦੀ ਹੈ। ਇਨ੍ਹਾਂ ਸਦਗੁਣਾਂ ਵਿਚੋਂ 'ਸੰਤੋਖ' ਇਕ ਮਹੱਤਵਪੂਰਨ ਸਦਗੁਣ ਹੈ। 'ਸੰਤੋਖ' ਤੋਂ ਭਾਵ, ਜੀਵ ਨੂੰ ਕਰਮਾਂ ਅਨੁਸਾਰ ਪ੍ਰਾਪਤ ਹੋਏ ਧਨ-ਪਦਾਰਥ ਅਨੁਸਾਰ ਨਿਰਬਾਹ ਕਰਨਾ ਹੈ। ਸੰਤੋਖੀ ਪੁਰਸ਼ ਪਰਮਾਤਮਾ ਦੀ ਰਜ਼ਾ ਵਿਚ ਆਪਣਾ ਜੀਵਨ-ਨਿਰਬਾਹ ਕਰਦਾ ਹੈ। 'ਸੰਤੋਖ' ਦੀ ਨਿਸ਼ਾਨੀ ਇਹ ਹੈ ਕਿ ਸਭ ਪਾਸਿਉਂ ਦੁਖਾਂ ਵਿਚ ਘਿਰੇ ਹੋਣ ਦੇ ਬਾਵਜੂਦ, ਕਿਸੇ ਤੋਂ ਮਾਣ-ਆਦਰ ਨਾ ਮਿਲਣ ਦੀ ਸੂਰਤ ਵਿਚ, ਹਰ ਕਿਸੇ ਤੋਂ ਅਪਜਸ ਪ੍ਰਾਪਤ ਹੋਣ 'ਤੇ ਵੀ ਸੰਤੋਖੀ ਪੁਰਸ਼ ਪ੍ਰਸੰਨ ਚਿਤ ਰਹਿੰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਨੂੰ 'ਸੰਤੋਖ' ਧਾਰਨ ਕਰਨ ਲਈ ਅਨੇਕ ਥਾਂ ਤਾਕੀਦ ਕੀਤੀ ਗਈ ਹੈ। ਜੀਵ ਨੂੰ ਚਾਹੀਦਾ ਹੈ ਕਿ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਸਦਾ ਹੀ ਸੰਤੋਖੀ ਬਣ ਕੇ ਰਹੇ। ਇਸ ਪਾਠ ਦਾ ਮਨੋਰਥ ਸਿੱਖ ਧਰਮ ਵਿਚ ਮਿਲਦੇ 'ਸੰਤੋਖ' ਦੇ ਸਰੂਪ ਨੂੰ ਸਮਝਣਾ ਹੈ। ਪਾਠ ਵਿਚ 'ਸੰਤੋਖ' ਦੇ ਵੱਖ-ਵੱਖ ਪਹਿਲੂਆਂ 'ਤੇ ਵਿਚਾਰ ਕੀਤੀ ਗਈ ਹੈ।

## 12.1 ਜਾਣ ਪਛਾਣ

ਭਾਰਤੀ ਅਤੇ ਸਾਮੀ ਧਰਮ ਪਰੰਪਰਾ ਵਿਚ 'ਸੰਤੋਖ' ਨੂੰ ਸਦਗੁਣ ਵਜੋਂ ਪ੍ਰਵਾਨ ਕੀਤਾ ਗਿਆ ਹੈ, ਜਿਸ ਦਾ ਮਨੁੱਖੀ ਨੈਤਿਕ ਜੀਵਨ ਵਿਚ ਬਹੁਤ ਮਹੱਤਵ ਹੈ। 'ਸੰਤੋਖ' ਦੇ ਬਰਾਬਰ 'ਸਬਰ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਖਾਸਕਰ ਸੂਫ਼ੀ ਸਾਧਕਾਂ ਵਿਚ 'ਸਬਰ' ਦਾ ਬਹੁਤ ਮਹੱਤਵ ਹੈ। ਇਸ ਨੂੰ ਸੂਫ਼ੀ-ਸਾਧਨਾ ਦਾ ਇਕ ਪੜਾਅ ਮੰਨਿਆ ਗਿਆ ਹੈ। 'ਸਬਰ' ਸਦਕਾ ਸੂਫੀ ਸਾਧਕ ਦੁਨਿਆਵੀ ਸੁਖਾਂ ਦਾ ਤਿਆਗ ਕਰਕੇ 'ਫ਼ਕਰ' ਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ, ਜਿਥੇ ਉਸ ਲਈ ਅੱਲ੍ਹਾ-ਪ੍ਰਾਪਤੀ ਦਾ ਉਦੇਸ਼ ਉਚੇਰਾ ਹੁੰਦਾ ਹੈ।

ਭਾਰਤੀ ਦਰਸ਼ਨ ਵਿਚ 'ਸੰਤੋਖ' ਨੂੰ ਸਦਾ ਮਹੱਤਵ ਦਿਤਾ ਜਾਂਦਾ ਰਿਹਾ ਹੈ। ਜੈਨ ਧਰਮ ਅਨੁਸਾਰ ਅਜਿਹੀ ਅਵਸਥਾ ਸਾਰੀਆਂ ਦੁਨਿਆਵੀ ਇਛਾਵਾਂ ਉਤੇ ਜਿਤ ਪ੍ਰਾਪਤ ਕਰਨਾ ਹੈ। ਬੁਧ ਧਰਮ ਵਿਚ ਵੀ ਅਸ਼ਟਾਂਗ ਮਾਰਗ ਦੇ ਨਿਯਮਾਂ ਵਿਚ 'ਸੰਤੋਖ' ਦਾ ਅਹਿਮ ਸਥਾਨ ਹੈ। ਬੁੱਧ ਧਰਮ ਵਿਚ 'ਸੰਤੋਖ' ਤੋਂ ਭਾਵ ਹੈ ਕਿ ਕਰਤਵ ਧਰਮ ਦੀ ਪਾਲਨਾ ਕਰਦੇ ਹੋਏ, ਪ੍ਰਾਲਬਧ ਅਨੁਸਾਰ ਜੋ ਕੁਝ ਵੀ ਮਿਲੇ, ਉਸ ਵਿਚ ਤ੍ਰਿਪਤ ਰਹਿਣਾ ਅਤੇ ਕਿਸੇ ਪ੍ਰਕਾਰ ਦੀ ਕਾਮਨਾ, ਇਛਾ ਜਾਂ ਤ੍ਰਿਸ਼ਨਾ ਨਾ ਕਰਨਾ।

ਸਿੱਖ ਧਰਮ ਵਿਚ ਵੀ ਗੁਰੂ ਸਾਹਿਬਾਨ ਨੇ ਨਿਵੇਕਲੇ ਢੰਗ ਨਾਲ 'ਸੰਤੋਖ' 'ਤੇ ਪ੍ਰਕਾਸ਼ ਪਾਇਆ ਹੈ। ਗੁਰੂ ਸਾਹਿਬਾਨ ਦਾ ਵਿਚਾਰ ਹੈ ਕਿ 'ਸੰਤੋਖ' ਤੋਂ ਬਿਨਾਂ ਇੰਦਰੀਆਂ ਨੂੰ ਵਸ ਵਿਚ ਨਹੀਂ ਕੀਤਾ ਜਾ ਸਕਦਾ। ਜੇਕਰ ਮਨ ਅੰਦਰ ਸੰਤੋਖ ਨਹੀਂ ਤਾਂ ਸਾਰੇ ਕਰਮ ਵਿਅਰਥ ਹਨ, ਕਿਉਂਕਿ ਪਰਮਾਤਮਾ ਦੀ ਭਗਤੀ ਕੀਤੀ ਤਾਂ ਹੀ ਸਫਲ ਹੈ ਜੇਕਰ ਜਗਿਆਸੂ ਅੰਦਰ ਜਤ, ਸਤ ਅਤੇ ਸੰਤੋਖ ਵਰਗੇ ਗੁਣ ਹੋਣ।

ਗੁਰਮਤਿ ਅਨੁਸਾਰ ਮਨੁੱਖ ਆਪਣੇ ਸੁਆਰਥ ਲਈ ਨਾ ਕੇਵਲ ਧਰਮ ਅਤੇ ਸੰਤੋਖ ਵਰਗੇ ਸਦਾਚਾਰਕ ਗੁਣਾਂ ਤੋਂ ਵਾਂਝਾ ਰਹਿ ਜਾਂਦਾ ਹੈ, ਸਗੋਂ ਆਪਣੇ ਸ੍ਵੈ-ਮਾਣ ਨੂੰ ਗੁਆ ਕੇ ਲੋਭ-ਲਾਲਚ ਦਾ ਹਲਕਾਇਆ ਹੋਇਆ ਦਰ-ਦਰ ਦੀਆਂ ਠੋਕਰਾਂ ਖਾਂਦਾ ਹੈ। ਇਸ ਪ੍ਰਕਾਰ ਜੀਵ ਆਪਣੇ ਜੀਵਨ-ਪੰਧ ਤੋਂ ਭਟਕ ਜਾਂਦਾ ਹੈ ਤੇ ਉਸ ਨੂੰ ਕਦੇ 'ਸੰਤੋਖ' ਪ੍ਰਾਪਤ ਨਹੀਂ ਹੁੰਦਾ।

## 12.2 ਸੰਤੋਖ : ਅਰਥ

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ *ਮਹਾਨ ਕੋਸ਼* ਵਿਚ 'ਸਬਰ' ਦੇ ਅਰਥ 'ਸੰਤੋਖ' ਵਜੋਂ ਕੀਤੇ ਹਨ। ਅਸਲ ਵਿਚ ਸਬਰ-ਸੰਤੋਖ ਸ਼ਬਦ ਦੀ ਵਰਤੋਂ ਇਕਠੀ ਕੀਤੀ ਜਾਂਦੀ ਹੈ, ਕਿਉਂਕਿ ਇਨ੍ਹਾਂ ਦੇ ਗੁਣਾਂ ਤੇ ਭਾਵਾਂ ਨੂੰ ਨਿਖੇੜਿਆ ਨਹੀਂ ਜਾ ਸਕਦਾ। ਭਾਈ ਵੀਰ ਸਿੰਘ ਅਨੁਸਾਰ 'ਸੰਤੋਖ' ਨੂੰ ਸੰਸਕ੍ਰਿਤ ਵਿਚ 'ਸੰਤੋਸ਼' ਕਿਹਾ

ਜਾਂਦਾ ਹੈ ( 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' , ਪੰਨਾ 96)। 'ਸੰਤੋਸ਼' ਦੀ ਵਿਉਤਪਤੀ 'ਤੁਸ਼' ਧਾਤੂ ਤੋਂ ਹੋਈ ਹੈ, ਜਿਸ ਦਾ ਅਰਥ ਹੈ, ਖੁਸ਼ ਹੋਣਾ। ਇਸ ਪ੍ਰਕਾਰ ਭਾਈ ਵੀਰ ਸਿੰਘ ਜੀ ਨੇ 'ਸੰਤੋਖ' ਦੇ ਅਰਥ ਪ੍ਰਸੰਨ, ਰਜ ਅਤੇ ਸਬਰ ਆਦਿ ਕੀਤੇ ਹਨ। ਡਾ. ਜਸਵੰਤ ਸਿੰਘ ਨੇਕੀ ਦਾ ਵੀ ਮਤਿ ਹੈ ਕਿ 'ਸੰਤੋਖ' ਸੰਸਕ੍ਰਿਤ ਦੇ 'ਸੰਤੋਸ਼' ਦਾ ਤਦਭਵ ਰੂਪ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਸਮਤੁਸ਼' (ਤਸ੍ = ਖ਼ੁਸ਼ੀ) ਦਾ ਅਰਥ ਹੈ, ਪਰਮਾਤਮਾ ਦੁਆਰਾ ਦਿਤੇ ਪਦਾਰਥਾਂ ਵਿਚ ਪ੍ਰਸੰਨ ਰਹਿਣਾ। ਪੰਜਾਬੀ ਵਿਚ ਇਸ ਦਾ ਅਰਥ ਹੈ 'ਰਜ' ਅਥਵਾ 'ਸਬਰ'।

### 12.3 ਸੰਤੋਖ : ਪਰਿਭਾਸ਼ਾ

ਡਾ. ਜਸਵੰਤ ਸਿੰਘ ਨੇਕੀ ਅਨੁਸਾਰ, "ਸੰਤੋਖ ਕੁਦਰਤਿ ਦਾ ਥੰਮ੍ਹ ਹੈ। ਇਸ ਨੇ ਧਰਤੀ ਨੂੰ ਧਾਰਿਆ ਹੋਇਆ ਹੈ। ਜਦ ਜਤਨ ਜਾਂ ਪੁਰਸ਼ਾਰਥ ਕਰਨ 'ਤੇ ਵੀ ਕਿਸੇ ਫਲ ਦੀ ਪ੍ਰਾਪਤੀ ਨਾ ਹੋਵੇ ਜਾਂ ਬਹੁਤ ਘਟ ਪ੍ਰਾਪਤੀ ਹੋਵੇ, ਐਸੀ ਹਾਲਤ ਵਿਚ ਮਨੁੱਖ ਦੀ ਸਹਿਜ ਅਵਸਥਾ ਰਹਿਣੀ ਤੇ ਮਨ ਕਰਕੇ ਦੁਖੀ ਨਾ ਹੋਣਾ, 'ਸੰਤੋਖ' ਅਖਵਾਉਂਦਾ ਹੈ।"

"ਸੰਤੋਖ, ਮਨ ਦੀ ਉਸ ਅਵਸਥਾ ਦਾ ਨਾਂ ਹੈ, ਜਿਸ ਨਾਲ ਮਨ ਦੀ ਸਾਰੀ ਭਟਕਣਾ ਖਤਮ ਹੋ ਜਾਂਦੀ ਹੈ। ਲਾਲਸਾਵਾਂ ਖਤਮ ਹੋਣ ਤੋਂ ਬਾਅਦ ਮਨ ਟਿਕਾਉ ਅਤੇ ਸ਼ਾਂਤੀ ਵਿਚ ਆ ਜਾਂਦਾ ਹੈ। ਇਸ ਨਾਲ ਸਬਰ ਅਤੇ ਸ਼ੁਕਰ ਦੀ ਭਾਵਨਾ ਪੈਦਾ ਹੁੰਦੀ ਹੈ।" ਦੂਜੇ ਸ਼ਬਦਾਂ ਵਿਚ ਸੰਤੋਖੀ ਉਹ ਵਿਅਕਤੀ ਹੈ ਜਿਹੜਾ ਪਰਮਾਤਮਾ ਤੋਂ ਕੁਝ ਨਹੀਂ ਮੰਗਦਾ, ਨਿਰੰਤਰ ਕਾਰਜ ਕਰਦਾ ਰਹਿੰਦਾ ਹੈ ਅਤੇ ਪ੍ਰਾਪਤ ਹੋਏ ਧਨ/ਪਦਾਰਥ ਦਾ ਹਰ ਸਮੇਂ ਸ਼ੁਕਰਾਨਾ ਕਰਦਾ ਹੈ।

### 12.4 ਸੰਤੋਖ : ਕਿਸਮਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਧਿਐਨ ਕਰਨ 'ਤੇ ਸਪਸ਼ਟ ਹੁੰਦਾ ਹੈ ਕਿ ਗੁਰਬਾਣੀ ਵਿਚ 'ਸੰਤੋਖ' ਦੋ ਪ੍ਰਕਾਰ ਦਾ ਦਰਸਾਇਆ ਗਿਆ ਹੈ : ਅੰਦਰੂਨੀ ਤੇ ਬਾਹਰੀ ਸੰਤੋਖ। ਅੰਦਰੂਨੀ ਸੰਤੋਖ ਤੋਂ ਭਾਵ ਉਸ ਅਵਸਥਾ ਤੋਂ ਹੈ, ਜਿਸ ਵਿਚ ਕੋਈ ਵਿਅਕਤੀ ਕਿਰਤ ਕਰਕੇ, ਕੁਛ ਨਾ ਪ੍ਰਾਪਤ ਕਰ ਸਕੇ ਅਤੇ ਰਬ ਤੇ ਗੁਰੂ ਨੂੰ ਦੋਸ਼ ਨਾ ਦੇਵੇ। ਆਪਣੇ ਕਾਰਜ ਦੀ ਪੂਰਨਤਾ ਲਈ ਗਹਿਰ ਗੰਭੀਰ ਹੋ ਕੇ ਮਨੁੱਖ ਜਤਨ ਕਰਦਾ ਰਹੇ ਅਤੇ ਨਾਕਾਮਯਾਬੀ ਤੇ ਹਾਰ ਉਸ ਦੇ ਦਿਲ ਨੂੰ ਗਮਗੀਣ ਨਾ ਕਰ ਸਕਣ।

ਦੂਜੇ ਪਾਸੇ ਬਾਹਰੀ ਸੰਤੋਖ ਉਹ ਹੈ, ਜਿਸ ਅਨੁਸਾਰ ਮਨੁੱਖ ਬਾਹਰ'" ਸੰਤੋਖੀ ਹੋਣ ਦਾ ਅਡੰਬਰ ਤਾਂ ਕਰਦਾ ਹੈ, ਪਰੰਤੂ ਅੰਦਰੋਂ ਲੋਭੀ ਹੁੰਦਾ ਹੈ। ਐਸਾ ਮਨੁੱਖ ਅੰਦਰੋਂ-ਅੰਦਰ ਆਸਾ, ਤ੍ਰਿਸ਼ਨਾ ਤੇ ਈਰਖਾ-ਦੁਵੈਖ ਵਿਚ ਸੜਦਾ ਰਹਿੰਦਾ ਹੈ। ਉਹ ਆਪਣੇ ਆਪ ਨੂੰ ਹੋਰ ਰੰਗ ਵਿਚ ਦਸ ਕੇ ਦੁਨੀਆਂ ਨੂੰ ਧੋਖਾ ਦਿੰਦਾ ਹੈ।

### 12.5 ਸੰਤੋਖ : ਮਹੱਤਤਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸੰਤੋਖ' ਦੀ ਬਹੁਤ ਮਹੱਤਤਾ ਦ੍ਰਿੜ ਕਰਵਾਈ ਗਈ ਹੈ। ਗੁਰਬਾਣੀ ਅਨੁਸਾਰ ਧਾਰਮਿਕ ਜੀਵਨ ਦਾ ਮੁਖ ਆਧਾਰ 'ਸੰਤੋਖ' ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ 'ਧਰਮ' ਆਸਰੇ ਸਾਰੀ ਸ੍ਰਿਸ਼ਟੀ ਚਲ ਰਹੀ ਹੈ। ਗੁਰੂ ਸਾਹਿਬ ਸਪਸ਼ਟ ਕਰਦੇ ਹਨ ਕਿ 'ਧਰਮ' ਦਇਆ ਤੋਂ ਉਤਪੰਨ ਹੁੰਦਾ ਹੈ, ਦਇਆ ਅਗੋਂ 'ਸੰਤੋਖ' ਅਧੀਨ ਹੈ :

*ਧੌਲੁ ਧਰਮੁ ਦਇਆ ਕਾ ਪੂਤੁ॥*
*ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥*

ਸ੍ਰੀ ਗੁਰੂ ਨਾਨਕ ਦੇਵ ਜੀ 'ਆਸਾ ਕੀ ਵਾਰ' ਵਿਚ 'ਸੰਤੋਖ' ਧਾਰਨ ਕਰਨ ਵਾਲੇ ਜਗਿਆਸੂ ਦੇ ਵਿਅਕਤ੍ਰਿਵ ਨੂੰ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਪਰਮਾਤਮਾ ਦੀ ਅਰਾਧਨਾ ਕਰਨ ਵਾਲੇ ਸੰਤੋਖੀ ਸਾਧਕ ਹੀ ਸਫਲਤਾ ਪ੍ਰਾਪਤ ਕਰਦੇ ਹਨ। ਉਹ ਕਦੇ ਮੰਦ-ਕਰਮ ਨਹੀਂ ਕਰਦੇ, ਸਗੋਂ ਚੰਗੀ ਕਿਰਤ ਕਰਦੇ ਹੋਏ ਧਰਮ ਕਮਾਉਂਦੇ ਹਨ, ਭਾਵ ਧਰਮ ਅਨੁਸਾਰੀ ਜੀਵਨ ਜਿਉਂਦੇ ਹਨ। ਉਹ ਦੁਨੀਆਂ ਦੇ ਸਾਰੇ ਬੰਧਨ ਤੋੜ ਦਿੰਦੇ ਹਨ ਅਤੇ ਸਦਾ ਅਲਪ ਆਹਾਰ ਕਰਦੇ ਹਨ। ਸਭ ਉਤੇ ਮਿਹਰਾਂ ਅਤੇ ਬਖਸ਼ਿਸ਼ਾਂ ਕਰਨ ਵਾਲੇ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਸੰਤੋਖੀ ਮਨੁੱਖ ਹੀ ਵਡਿਆਈ ਪ੍ਰਾਪਤ ਕਰਦੇ ਹਨ :

*ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ॥*
*ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥*
*ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥*

*ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥*
*ਵਡਿਆਈ ਵੱਡਾ ਪਾਇਆ॥*

ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ' ਸਾਹਿਬ ਵਿਚ ਦਸਿਆ ਹੈ ਕਿ ਹਜ਼ਾਰ ਰੁਪਏ ਕਮਾਉਣ ਵਾਲਾ ਵਿਅਕਤੀ ਲਖਾਂ ਦੀ ਕਮਾਈ ਕਰਨ ਲਈ ਭਜਿਆ ਫਿਰਦਾ ਹੈ। ਮਾਇਆ ਇਕਠੀ ਕਰਕੇ ਉਸਦੀ ਤ੍ਰਿਪਤੀ ਨਹੀਂ ਹੁੰਦੀ। ਅਨੇਕ ਪ੍ਰਕਾਰ ਦੇ ਵਿਕਾਰ ਭੋਗ ਕੇ ਵੀ ਉਹ ਰਜਦਾ ਨਹੀਂ ਅਤੇ ਖ਼ੁਆਰ ਹੋ ਕੇ ਮਰਦਾ ਹੈ। ਅਸਲ ਵਿਚ, ਸੰਤੋਖ ਧਾਰਣ ਕੀਤੇ ਬਿਨਾਂ ਕੋਈ ਵਿਅਕਤੀ ਤ੍ਰਿਪਤ ਨਹੀਂ ਹੋ ਸਕਦਾ ਅਤੇ ਉਸ ਦੇ ਸਾਰੇ ਕੰਮ-ਕਾਰ ਸੁਪਨੇ ਦੇ ਮਨੋਰਥ ਵਾਂਗ ਨਿਸਫਲ ਜਾਂਦੇ ਹਨ :

*ਸਹਸ ਖਟੇ ਲਖ ਕਉ ਉਠਿ ਧਾਵੈ॥*
*ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥*
*ਅਨਿਕ ਭੋਗ ਬਿਖਿਆ ਕੇ ਕਰੈ॥*
*ਨਹ ਤ੍ਰਿਪਤਾਵੈ ਖਪਿ ਖਪਿ ਮਰੈ॥*
*ਬਿਨਾ ਸੰਤੋਖ ਨਹੀਂ ਕਉ ਰਾਜੈ॥*
*ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥*

ਬਾਬਾ ਫ਼ਰੀਦ ਜੀ ਕਹਿੰਦੇ ਹਨ ਕਿ ਜਿਹੜਾ ਮਨ 'ਸਬਰ' ਦੀ ਕਮਾਣ ਹੋਵੇ, 'ਸਬਰ' ਦਾ ਹੀ ਚਿਲਾ ਹੋਵੇ ਅਤੇ ਸਬਰ ਦਾ ਬ!ਾਂਣ ਇਸ ਕਮਾਣ ਉਤੇ ਚੜ੍ਹਾਇਆ ਗਿਆ ਹੋਵੇ, ਤਾਂ ਪਰਮਾਤਮਾ ਉਸ ਤੀਰ ਨੂੰ ਨਿਸ਼ਾਂਨਿਓਂ ਖੁੰਜਣ ਨਹੀਂ ਦਿੰਦਾ। 'ਸਬਰ' ਵਾਲੇ ਨੂੰ ਪਰਮ-ਪਦ ਦੀ ਪ੍ਰਾਪਤੀ ਲਾਜ਼ਮੀ ਹੁੰਦੀ ਹੈ :

*ਸਬਰ ਮੰਝਿ ਕਮਾਣ ਏ ਸਬਰੁ ਕਾ ਨੀਹਣੋ॥*
*ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ॥*

ਸੰਤੋਖੀ ਅਵਸਥਾ ਨੂੰ ਜੀਵਨ ਵਿਚ ਢਾਲਣ ਦੀ ਰਮਜ਼ ਦਸਦੇ ਹੋਏ ਫਰੀਦ ਜੀ ਕਹਿੰਦੇ ਹਨ ਕਿ ਜੀਵਨ ਵਿਚ 'ਸਬਰ' ਤਾਂ ਆ ਸਕਦਾ ਹੈ ਜੇਕਰ ਪਰਮਾਤਮਾ ਦੀ ਰਜ਼ਾ ਵਿਚ ਰਹਿ ਕੇ ਜੀਵ ਗੁਜ਼ਾਰਾ ਕਰਨਾ ਸਿਖ ਲਵੇ। ਪਰਾਏ ਪਦਾਰਥਾਂ ਨੂੰ ਦੇਖ ਕੇ ਮਨ ਵਿਚ ਉਨ੍ਹਾਂ ਦੀ ਪ੍ਰਾਪਤੀ ਦੀ ਲਾਲਸਾ ਨਾ ਜਾਗੇ :

*ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥*
*ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥*

ਸ਼ੇਖ਼ ਫ਼ਰੀਦ ਸਾਹਿਬ ਜੀ ਫ਼ਰਮਾਉਂਦੇ ਹਨ ਕਿ ਸਬਰ-ਸੰਤੋਖ ਦਾ ਇਹ ਲਾਭ ਹੈ ਕਿ ਇਨਸਾਨ ਸਚਮੁਚ ਅਕਾਲਪੁਰਖ ਵਾਹਿਗੁਰੂ ਦਾ ਸਚਾ ਬੰਦਾ ਬਣ ਕੇ, ਉਸ ਨਾਲ ਜੁੜ ਜਾਂਦਾ ਹੈ ਤੇ ਵਧਦਾ-ਵਧਦਾ ਦਰਿਆ ਰੂਪ ਬਣ ਜਾਂਦਾ ਹੈ, ਜਿਹੜਾ ਕਦੇ ਉਸ ਤੋਂ ਟੁਟ ਕੇ ਸੁਕਾ ਨਾਲਾ ਨਹੀਂ ਰਹਿ ਜਾਂਦਾ :

*ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ ॥*
*ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾਂ.॥*

ਭਾਈ ਗੁਰਦਾਸ ਜੀ ਨੇ ਵੀ ਵਾਰਾਂ ਵਿਚ 'ਸੰਤੋਖ' ਦੀ ਲੋੜ ਦਰਸਾਈ ਹੈ। ਉਨ੍ਹਾਂ ਅਨੁਸਾਰ ਹਰੇਕ ਗੁਰਸਿੱਖ ਨੂੰ 'ਸੰਤੋਖ' ਧਾਰਨ ਕਰਨਾ ਚਾਹੀਦਾ ਹੈ, ਕਿਉਂਕਿ ਇਹ ਪਰਮ-ਪਦ ਦੀ ਪ੍ਰਾਪਤੀ ਦੇ ਸਮਸਤ ਸਾਧਨਾਂ ਵਿਚੋਂ ਇਕ ਹੈ :

*ਸਤਿ ਸੰਤੋਖੁ ਦਇਆ ਧਰਮੁ ਅਰਥੁ ਸਮਰਥੁ ਸਭੋ ਬੰਧਾਨਾ॥*

(*ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ -੩੦/੧੫)

ਸੰਤੋਖੀ ਪੁਰਸ਼ ਨੂੰ 'ਸਤਿ' ਮਿਲਦਾ ਹੈ, ਉਹ ਸਚ ਬੋਲਦਾ ਹੈ ਤੇ ਮਾਲਕ ਨੂੰ ਭਾਉਂਦਾ ਹੈ, ਉਸ ਤੋਂ ਕਦੇ ਵਿਛੜਦਾ ਨਹੀਂ, ਉਸ ਵਿਚ ਗੁਰਮਤਿ ਦੁਆਰਾ ਸਮਾਅ ਜਾਂਦਾ ਹੈ :

*ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ ॥*
*ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ॥*

'ਸੰਤੋਖ' ਬਾਰੇ ਇਕ ਇਤਿਹਾਸਕ ਤਥ ਤੋਂ ਵੀ ਸੇਧ ਪ੍ਰਾਪਤ ਹੁੰਦੀ ਹੈ। ਸੂਫ਼ੀ ਸੰਤਾਂ ਵਿਚ 'ਸਰਮਦ' ਇਕ ਪ੍ਰਸਿਧ ਫਕੀਰ ਹੋਇਆ ਹੈ, ਜਿਸ ਦੀਆਂ ਜੀਵਨ-ਘਟਨਾਵਾਂ ਵਿਚੋਂ ਸੰਤੋਖ ਦੇ ਮਾਇਨੇ ਸਪਸ਼ਟ ਹੁੰਦੇ ਹਨ। ਜ਼ਿਕਰਯੋਗ ਹੈ ਕਿ ਕਿਰਤੀ ਜੀਵਨ ਵਿਚੋਂ 'ਸੰਤੋਖ' ਦੀ ਝਲਕ ਸਪਸ਼ਟ ਨਜ਼ਰ ਆਉਂਦੀ ਹੈ। *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਕਵੀ ਸੰਤੋਖ ਸਿੰਘ ਨੇ ਸਰਮਦ ਦੇ ਜੀਵਨ ਵਿਚਲੀ ਸਬਰ-ਸ਼ੁਕਰ ਵਾਲੀ ਘਟਨਾ ਦਾ ਵਰਣਨ ਕੀਤਾ ਹੈ। ਕਵੀ ਅਨੁਸਾਰ ਇਕ ਸਮੇਂ ਔਰੰਗਜ਼ੇਬ ਦੀ ਸਭਾ ਵਿਚ ਰੂਮ ਦੇਸ਼ ਦੇ ਰਾਜੇ ਨੇ ਆਪਣੇ ਦੂਤ ਰਾਹੀਂ ਸਬਰ-ਸੰਤੋਖ ਦੇ ਅਰਥ ਜਾਣਨ ਲਈ ਪਤ੍ਰਿਕਾ ਭੇਜੀ। ਔਰੰਗਜ਼ੇਬ ਦੇ ਦਰਬਾਰ ਵਿਚ ਚੌਦਾਂ ਸੌ ਉਲਮਾ (ਵਿਦਵਾਨ) ਸਨ, ਪਰ ਕਿਸੇ ਤੋਂ ਵੀ ਸੰਤੋਖ ਦੇ ਅਰਥ ਨਾ ਕੀਤੇ ਗਏ। ਅੰਤ ਵਿਚ ਕਿਸੇ ਤਰੀਕੇ ਰਾਜ-ਦੂਤ ਨੂੰ ਸਰਮਦ ਫਕੀਰ ਦਾ ਪਤਾ ਲਗਾ ਅਤੇ ਉਸ ਨੇ ਸਬਰ-ਸ਼ੁਕਰ ਦੇ ਅਰਥ ਜਾਣਨ ਲਈ ਸਰਮਦ ਦੀ ਭਾਲ ਕੀਤੀ। ਉਸਨੂੰ ਪਤਾ ਚਲਿਆ ਕਿ ਸਰਮਦ ਔਰੰਗਜ਼ੇਬ ਦੀ ਕੈਦ ਵਿਚ ਹੈ। ਦੂਤ ਨੇ ਕੈਦਖਾਨੇ ਵਿਚ ਜਾ ਕੇ ਸਰਮਦ ਨੂੰ ਸਬਰ-ਸ਼ੁਕਰ ਦੇ ਮਾਇਨੇ ਕਰਨ ਲਈ ਬੇਨਤੀ ਕੀਤੀ। ਸਰਮਦ ਨੇ ਦੂਤ ਨੇ ਕਿਹਾ ਕਿ ਸਵੇਰੇ ਇਕ ਪਾਣੀ ਦੀ ਮਸ਼ਕ ਅਤੇ ਇਕ ਤਹਮਦ (ਲਕ ਢਕਣ ਲਈ ਦੋ-ਢਾਈ ਗਜ ਦਾ ਕਪੜਾਂ.) ਲੈ ਆਉਣਾ ਤਾਂ ਸਬਰ-ਸ਼ੁਕਰ ਦੇ ਅਰਥ ਸੁਣਾਵਾਂਗਾ। ਰਾਜ-ਦੂਤ ਨੇ ਸੰਧਿਆ ਸਮੇਂ ਇਹ ਦੋਵੇਂ ਚੀਜਾਂ ਦਾ ਪ੍ਰਬੰਧ ਕਰਵਾ ਲਿਆ। ਸਵੇਰ ਹੁੰਦਿਆਂ ਹੀ ਦੂਤ ਕੈਦਖਾਨੇ ਵਿਚ ਪਹੁੰਚ ਗਿਆ ਅਤੇ ਇਹ ਦੋਵੇਂ ਵਰਤੂਆਂ ਸਰਮਦ ਨੂੰ ਦੇ ਆਪਣੀ ਬੇਨਤੀ ਮੁੜ ਦੁਹਰਾਈ। ਸਰਮਦ ਨੇ ਇਸ਼ਨਾਨ ਕਰਕੇ ਤਹਮਦ ਲਕ ' ਤੇ ਬੰਨ੍ਹ ਲਈ ਅਤੇ ਦੂਤ ਨੂੰ ਅਖਾਂ ਬੰਦ ਕਰਕੇ ਬੈਠਣ ਲਈ ਕਿਹਾ। ਸਰਮਦ ਨੇ ਦੂਤ ਦੇ ਸਿਰ ਉਤੇ ਹਥ ਰਖਿਆ। ਹਥ ਰਖਦਿਆਂ ਸਾਰ ਸਰਮਦ ਨੇ ਅਜਬ ਨਜ਼ਾਰਾ ਦੇਖਿਆ। ਉਸ ਨੇ ਦੇਖਿਆ ਕਿ ਲਖਾਂ ਹੀ ਦੈਵੀ ਸ਼ਕਤੀਆਂ ਹਥ ਜੋੜ ਕੇ ਸਰਮਦ ਫਕੀਰ ਦੇ ਸਾਹਮਣੇ ਖੜ੍ਹੀਆਂ ਹਨ। ਇਹ ਸ਼ਕਤੀਆਂ ਸਰਮਦ ਤੋਂ ਮੁਗ਼ਲਾਂ ਦਾ ਤਖ਼ਤ ਪਲਟਾਉਣ ਦੀ ਆਗਿਆ ਮੰਗ ਰਹੀਆਂ ਸਨ, ਪਰ ਸਰਮਦ ਉਨ੍ਹਾਂ ਨੂੰ ਹੁਕਮ ਨਹੀਂ ਕਰ ਰਿਹਾ ਸੀ। ਇਹ ਘਟਨਾ ਵਿਖਾ ਕੇ ਸਰਮਦ ਨੇ ਦੂਤ ਦੇ ਸਿਰ ਤੋਂ ਹੱਥ ਚੁੱਕ ਲਿਆ ਅਤੇ ਪੁਛਿਆ ਤੁਹਾਡੀ ਤਸਲੀ ਹੋਈ ਕਿ ਨਹੀਂ। ਰਾਜ-ਦੂਤ ਨੇ ਕਿਹਾ ਕਿ ਕੁਝ ਸਮਝ ਨਹੀਂ ਆਇਆ, ਇਨ੍ਹਾਂ ਸ਼ਕਤੀਆਂ ਦਾ ਮੇਰੇ ਪ੍ਰਸ਼ਨ ਨਾਲ ਕੀ ਸਬੰਧ। ਸਰਮਦ ਨੇ ਦੂਤ ਨੂੰ ਸਮਝਾਉਂਦੇ ਹੋਏ ਦਸਿਆ ਕਿ ਇਹ ਨਜ਼ਾਰਾ ਤੈਨੂੰ ਸਬਰ-ਸੰਤੋਖ ਦੇ ਅਰਥ ਸਮਝਾਉਣ ਲਈ ਹੀ ਦਿਖਾਇਆ ਹੈ। ਸਰਮਦ ਕਹਿੰਦਾ ਹੈ ਕਿ ਪਰਮਾਤਮਾ ਨੇ ਮਿਹਰ ਕਰਕੇ ਬਹੁਤ ਸ਼ਕਤੀਆਂ ਬਖਸ਼ਿਸ਼ ਕੀਤੀਆਂ ਹਨ। ਇਸ ਲਈ ਮੈਂ ਰਬ ਦਾ ਸ਼ੁਕਰ ਕਰਦਾਂ ਹਾਂ। ਇਤਨੀਆਂ ਸ਼ਕਤੀਆਂ ਹੋਣ ਦੇ ਬਾਵਜੂਦ ਮੈਂ ਆਪਣਾ ਧਿਆਨ ਅਲ੍ਹਾ ਨਾਲ ਜੋੜਿਆ ਹੋਇਆ ਹੈ ਅਤੇ ਕਿਸੇ ਨੂੰ ਵੀ ਕੁਵਾਕ (ਅਪਸ਼ਬਦ) ਨਹੀਂ ਬੋਲੇ। ਐਨੀ ਸਮਰਥਾ ਹੋਣ ਦੇ ਬਾਵਜੂਦ ਵੀ ਮੈਂ ਉਸ ਦੇ ਭਾਣੇ ਵਿਚ ਕਸ਼ਟ ਸਹਿ ਰਿਹਾਂ ਹਾਂ, ਕਿਸੇ ਨੂੰ ਆਪਣੀ ਸ਼ਕਤੀ ਜ਼ਾਹਿਰ ਨਹੀਂ ਕੀਤੀ। ਇਹੋ ਸਬਰ ਹੈ। ਇਸ ਪ੍ਰਕਾਰ ਦੂਤ ਦੀ ਸਰਮਦ ਤੋਂ ਸੰਤੁਸ਼ਟੀ ਹੋਈ। ਕਵੀ ਸੰਤੋਖ ਸਿੰਘ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਇਸ ਵਾਰਤਾ ਬਾਰੇ ਇਉਂ ਲਿਖਦੇ ਹਨ :

*ਹੇਤੁ ਮਾਇਨੇ ਮਹਿਂ ਦਿਖਰਾਵਾ।*
*ਏਤੀ ਸ਼ਕਤਿ ਮੋਹਿ ਕੋ ਦੀਨਿ।*
*ਕਰੀ ਮਿਹਰ ਜਾਨਯੋ ਬਹੁ ਦੀਨ।*
*ਯਾਂਤੇ ਸ਼ੁਕਰ ਰੱਬ ਕੇ ਘਰ ਕੋ।*
*ਕਰਯੋ ਅਲਪ ਤੇ ਏਤਿਕ ਬਰ ਕੋ।*
*ਬਹੁਰ ਮੋਹਿ ਦਿਸ਼ਿ ਦੇਖਨਿ ਕਰੀਅਹਿ।*
*ਇਤੀ ਸਮਰਥ ਸਮੇਤ ਬਿਚਰੀਅਹਿ।*
*ਤਊ ਸਬਰ ਮੈਂ ਉਰ ਮਹਿ ਧਾਰਯੋ।*
*ਨਹਿਂ ਕੁਬਾਕ ਭੀ ਕਿਸੂ ਉਚਾਰਯੋ।*
*ਸਰਬ ਸਜ਼ਾਇਨਿ ਸਹੌਂ ਸਰੀਰ।*
*ਦੇਹਿਂ ਕਿਤਿਕ ਹੀ ਮੋਕਹੁ ਪੀਰ।*
*ਸਿਰ ਜਾਨੇ ਲਗ ਸਬਰ ਧਰੌਂ ਮੈਂ।*
*ਸ਼ਕਤਿ ਦਿਖਾਵਨਿ ਨਹੀਂ ਕਰੌਂ ਮੈਂ।*

(ਰਾਸਿ/ਅੰਸੂ/ਬੰਦ/ਪੰਨਾ-9/23/25-28/3630)

### 12.6 ਸੰਤੋਖ ਪ੍ਰਾਪਤੀ ਦੇ ਸਾਧਨ

ਗੁਰਬਾਣੀ ਵਿਚ 'ਸੰਤੋਖ' ਦੀ ਪ੍ਰਾਪਤੀ ਲਈ ਕਈ ਤਰ੍ਹਾਂ ਦੇ ਸਾਧਨ ਦਰਸਾਏ ਗਏ ਹਨ, ਜਿਨ੍ਹਾਂ ਵਿਚੋਂ ਗੁਰੂ, ਨਾਮੁ, ਸਤਿਸੰਗਤਿ, ਸੇਵਾ, ਪ੍ਰੇਮ-ਭਾਵ, ਅਰਦਾਸ, ਕਿਰਤ, ਸਾਦਾ ਜੀਵਨ, ਮਿਠਾ ਬੋਲਨਾ, ਹੁਕਮ, ਭਾਣਾ ਅਤੇ ਨਦਰਿ ਆਦਿ ਹਨ। ਇਨ੍ਹਾਂ ਦੀ ਸੰਖੇਪ ਵਿਚਾਰ ਹੇਠ ਦਿਤੇ ਅਨੁਸਾਰ ਹੈ :

#### 12.6.1 'ਗੁਰੂ'

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਗੁਰੂ' ਦੀ ਮਹਿਮਾ ਦਾ ਬਹੁਤ ਗੁਣ-ਗਾਣ ਹੋਇਆ ਹੈ। 'ਗੁਰੂ' ਇਕ ਅਜਿਹਾ ਜਹਾਜ ਰੂਪੀ ਸਾਧਨ ਹੈ, ਜੋ ਮਨੁੱਖ ਦਾ ਸੰਸਾਰ ਰੂਪੀ ਬੇੜਾਂ. ਪਾਰ ਲੰਘਾ ਸਕਦਾ ਹੈ। ਜੋ ਮਨੁੱਖ ਸਤਿਗੁਰੂ ਦੀ ਸ਼ਰਣ ਆ ਕੇ ਉਸਦੇ ਦੱਸੇ ਮਾਰਗ ਉਤੇ ਚਲਦਾ ਹੈ, ਉਸ ਦਾ ਜਗਤ ਵਿਚ ਆਉਣਾ ਸਫਲਾ ਹੋ ਜਾਂਦਾ ਹੈ :

*ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ॥*
*ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ॥...*

ਗੁਰੂ ਹਮੇਸ਼ਾ ਆਪਣੇ ਸੇਵਕ ਦੀ ਰਖਿਆ ਕਰਦਾ ਹੈ। ਉਸ ਦੀ ਭੈੜੀ ਮਤਿ ਧੋ ਕੇ ਨਵੀਂ ਨਰੋਈ ਕਰ ਦਿੰਦਾ ਹੈ। ਉਸਦੇ ਸਾਰੇ ਬੰਧਨ ਕਟ ਕੇ ਵਿਕਾਰਾਂ ਤੋਂ ਮੁਕਤ ਕਰ ਦਿੰਦਾ ਹੈ ਅਤੇ ਉਸ ਦਾ ਲੋਕ-ਪ੍ਰਲੋਕ ਸੰਵਾਰ ਦਿੰਦਾ ਹੈ :

*ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥*
*ਸੇਵਕ ਕਉ ਗੁਰੁ ਸਦਾ ਦਇਆਲ॥*
*ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥*
*ਗੁਰ ਬਚਨੀ ਹਰਿ ਨਾਮੁ ਉਚਰੈ॥...*

ਗੁਰਬਾਣੀ ਅਨੁਸਾਰ ਗੁਰੂ ਦਾ ਮੁਖ ਕਰਤਵ ਜੀਵ ਨੂੰ ਪਰਮਾਤਮਾ ਨਾਲ ਮਿਲਾਉਣਾ ਹੈ। ਇਸ ਲਈ ਗੁਰੂ ਜੀਵ ਨੂੰ ਵਿਸ਼ੇ-ਵਿਕਾਰਾਂ ਤੋਂ ਮੁਕਤ ਕਰਕੇ ਸਹੀ ਰਾਹ ਉਤੇ ਤੋਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਗੁਰੂ ਤੋਂ ਬਿਨਾਂ ਕਿਸੇ ਮਨੁੱਖ ਦਾ ਅਧਿਆਤਮਕ ਕਲਿਆਣ ਨਹੀਂ ਹੋ ਸਕਦਾ। ਇਸ ਲਈ ਆਪਣੇ ਜੀਵਨ ਉਦੇਸ਼ ਦੀ ਪ੍ਰਾਪਤੀ ਲਈ 'ਗੁਰੂ' ਧਾਰਨਾ ਜ਼ਰੂਰੀ ਹੈ। ਗੁਰਬਾਣੀ ਵਿਚ 'ਗੁਰੂ' ਦੀ ਮਤਿ ਨੂੰ 'ਮਾਤਾ', ਪਿਤਾ ਨੂੰ ਸੰਤੋਖ ਅਤੇ ਸਤ ਆਚਰਣ ਨੂੰ ਭਰਾ ਦੇ ਰੂਪ ਵਿਚ ਦਰਸਾਇਆ ਗਿਆ ਹੈ :

*ਮਾਤਾ ਮਤਿ ਪਿਤਾ ਸੰਤੋਖੁ॥*
*ਸਤੁ ਭਾਈ ਕਰਿ ਏਹੁ ਵਿਸੇਖੁ॥*

'ਗੁਰੂ' ਨੂੰ 'ਸੰਤੋਖ' ਦਾ ਸਰੋਵਰ ਵੀ ਕਿਹਾ ਗਿਆ ਹੈ, ਜਿਸ ਵਿਚ ਇਸ਼ਨਾਨ ਕਰਨ ਵਾਲੇ 'ਵਡਭਾਗੀ' ਦਸੇ ਗਏ ਹਨ :

*ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ ਨਾਤੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੬੯)

ਇਕ ਥਾਂ ਹੋਰ 'ਗੁਰੂ' ਨੂੰ 'ਸੰਤੋਖ' ਦਾ ਬ੍ਰਿਛ ਦਸ ਕੇ, ਧਰਮ ਅਤੇ ਗਿਆਨ ਨੂੰ ਇਸ ਦੇ ਫੁੱਲ ਅਤੇ ਫਲ ਕਿਹਾ ਗਿਆ ਹੈ :

ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁੱਲੁ ਫਲ ਗਿਆਨੁ॥

#### 12.6.2 'ਨਾਮੁ'

'ਸੰਤੋਖ' ਪ੍ਰਾਪਤੀ ਦੇ ਸਾਧਨਾਂ ਵਿਚੋਂ ਦੂਜੇ ਸਥਾਨ 'ਤੇ 'ਨਾਮੁ' ਆਉਂਦਾ ਹੈ। ਪਰਮਾਤਮਾ ਦੇ ਨਾਲ ਇਕਮਿਕ ਹੋਣ ਦਾ ਸਾਧਨ 'ਨਾਮੁ' ਹੈ। 'ਨਾਮੁ' ਦਾ ਅਰਥ ਪਰਮਾਤਮਾ ਦਾ ਨਾਮ ਜਪਣ ਜਾਂ ਉਸ ਨੂੰ ਹਰ ਪਲ ਚੇਤੇ ਰਖਣ ਤੋਂ ਹੈ। ਹਰੇਕ ਜੀਵ ਦਾ ਪਰਮ ਉਦੇਸ਼ ਪਰਮਾਤਮਾ ਨਾਲ ਮਿਲਾਪ ਹੈ, ਜਿਸ ਦੀ ਪੂਰਤੀ ਪਰਮਾਤਮਾ ਨੂੰ ਹਰ ਸਮੇਂ ਚੇਤੇ ਕਰਨ ਨਾਲ ਹੋਣੀ ਹੈ। 'ਨਾਮੁ' ਤੋਂ ਬਿਨ੍ਹਾਂ ਮਨੁੱਖ ਦਾ ਛੁਟਕਾਰਾ ਨਹੀਂ ਹੋ ਸਕਦਾ। ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਨਾਮੁ' ਦੀ ਬਹੁਤ ਵਡਿਆਈ ਕੀਤੀ ਗਈ ਹੈ। ਸਾਰੇ ਦੁਖਾਂ ਕਲੇਸ਼!ਾਂ ਦਾ ਦਾਰੂ

'ਨਾਮੁ' ਹੀ ਹੈ। 'ਨਾਮੁ' ਤੋਂ ਬਿਨ੍ਹਾਂ ਮਨੁੱਖ ਦੀ ਸਾਰੀ ਕਿਰਤ–ਵਿਰਤ ਨਿਸਫਲ ਹੈ, ਨਾਮ ਵਿਹੂਣੇ ਮਨੁੱਖ ਨਾਲੋਂ ਤਾਂ ਪਸ਼ੂ ਵੀ ਚੰਗਾ ਹੈ :

*ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥*
*ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥*

ਗੁਰਬਾਣੀ ਅੰਦਰ 'ਵਾਹਿਗਰੂ' ਸ਼ਬਦ ਨੂੰ 'ਨਾਮੁ' ਵਜੋਂ ਦਰਸਾਇਆ ਗਿਆ ਹੈ :

*ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ॥*

'ਨਾਮੁ' ਤੋਂ ਬਿਨ੍ਹਾਂ ਮਨੁੱਖ ਨੂੰ ਦੁਖ ਤੇ ਕਲੇਸ਼ ਵਿਆਪਦੇ ਹਨ। ਮਨੁੱਖ ਸੰਸਾਰ ਵਿਚ ਵਿਚਰਦਿਆਂ ਮੈਂ-ਮੇਰੀ ਕਰਦਾ ਹਉਮੈਂ ਵਿਚ ਗ੍ਰਸਤ ਰਹਿੰਦਾ ਹੈ। ਸੰਸਾਰਕ ਸੁਖਾਂ ਵਿਚ ਮਸਤ ਹੋਇਆ ਜੀਵ ਭੁਲ ਜਾਂਦਾ ਹੈ ਕਿ ਸਭ ਦ੍ਰਿਸ਼ਟਮਾਨ ਪਸਾਰਾ ਬਿਨਸਨਹਾਰ ਹੈ ਅਤੇ ਸਚੇ 'ਨਾਮੁ' ਤੋਂ ਬਿਨ੍ਹਾਂ ਮਨੁੱਖ ਦਾ ਸੰਸਾਰ ਉਤੇ ਆਉਣਾ ਸਫਲ ਨਹੀਂ ਹੋ ਸਕਦਾ। ਇਸ ਪ੍ਰਕਾਰ ਜਿਹੜਾ ਪ੍ਰਾਣੀ ਆਪਣੇ ਹਿਰਦੇ ਵਿਚ 'ਨਾਮੁ' ਵਸਾਉਂਦਾ ਹੈ, ਪਰਮਾਤਮਾ ਦੇ ਚਰਨ ਕਮਲਾਂ ਵਿਚ ਆਪਣਾ ਮਨ ਜੋੜਦਾ ਹੈ, ਉਸ ਮਨੁੱਖ ਦਾ ਜੀਵਨ ਸੰਤੋਖੀ ਜੀਵਨ ਬਣ ਜਾਂਦਾ ਹੈ :

*ਮਨਿ ਸੰਤੋਖੁ ਸਬਦਿ ਗੁਰ ਰਾਜੇ॥*
*ਜਪਿ ਗੋਬਿੰਦੁ ਪੜਦੇ ਸਭਿ ਕਾਜੇ॥*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਇਆ ਗਿਆ ਹੈ ਕਿ ਮਨੁੱਖਤਾ ਦੇ ਕਲਿਆਣ ਲਈ ਪਰਮਾਤਮਾ ਦਾ ਅੰਮ੍ਰਿਤ 'ਨਾਮੁ' ਜੀਵਨ–ਆਧਾਰ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਨਾਮੁ' ਨਾਲ ਸਤੁ ਅਤੇ ਸੰਤੋਖੁ ਦੀ ਵੀਚਾਰ ਵੀ ਦ੍ਰਿੜ ਕਰਵਾਈ ਹੈ।

*ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥*
*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥...*

ਸੰਤੋਖੀ ਵਿਅਕਤੀ ਪਰਮਾਤਮਾ ਪਾਸੋਂ ਕੇਵਲ 'ਨਾਮੁ' ਹੀ ਮੰਗਦਾ ਹੈ, ਕਿਉਂਕਿ ਨਾਮੁ ਤੋਂ ਬਿਨਾਂ ਸਭ ਪਦਾਰਥ ਦੁਖ ਦੇਣ ਵਾਲੇ ਹਨ। ਨਾਮੁ ਰਾਹੀਂ ਹੀ ਮਨੁੱਖ ਨੂੰ 'ਸੰਤੋਖ' ਆਉਂਦਾ ਹੈ :

*ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥*
*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥*

ਅਸਲ ਸੰਤੋਖ ਤਾਂ ਸਚੇ ਵਾਹਿਗੁਰੂ ਦਾ ਧਿਆਨ ਕਰਨਾ ਹੈ। ਪਰਮਾਤਮਾ ਦੇ 'ਨਾਮੁ' ਤੋਂ 'ਸੰਤੋਖ' ਪ੍ਰਾਪਤ ਹੁੰਦਾ ਹੈ। ਨਾਮ–ਰਤਨ ਜੇਕਰ ਕਿਸੇ ਮਨੁੱਖ ਨੂੰ ਮਿਲ ਜਾਵੇ, ਉਸਨੂੰ ਸਭ ਖ਼ਜ਼ਾਨੇ ਮਿਲ ਜਾਂਦੇ ਹਨ। 'ਸੰਤੋਖ' ਦੇ ਆਉਣ ਨਾਲ ਮਨ ਪਰਮਾਤਮਾ ਨੂੰ ਪਾ ਲੈਂਦਾ ਹੈ, ਫਿਰ ਉਹ ਕਿਸੇ ਤੋਂ ਮੰਗਣ ਨਹੀਂ ਜਾਂਦਾ :

*ਨਾਮ ਰਤਨੁ ਜਿਨਿ ਪਾਇਆ ਦਾਨੁ॥*
*ਤਿਸੁ ਜਨ ਹੋਏ ਸਗੱਲ ਨਿਧਾਨ॥*
*ਸੰਤੋਖੁ ਆਇਆ ਮਨਿ ਪੂਰਾ ਪਾਇ॥*
*ਫਿਰਿ ਫਿਰਿ ਮਾਗੱਲ ਕਾਹੇ ਜਾਇ॥*

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਮਨੁੱਖ ਨੂੰ ਸਚ, ਸੰਤੋਖ ਅਤੇ ਰਹਿਮ ਦੀ ਕਮਾਈ ਕਰਨੀ ਚਾਹੀਦੀ ਹੈ। ਜੀਵਨ ਦੀ ਇਹ ਰਹੁ–ਰੀਤ ਪਰਮ ਸ੍ਰੇਸ਼ਟ :

*ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ॥*

### 12.6.3 ਸਤਿਸੰਗਤ

ਮਨੁੱਖੀ ਸ਼ਖਸੀਅਤ ਦੇ ਵਿਗਾਸ ਵਿਚ 'ਸੰਗਤ' ਦਾ ਅਹਿਮ ਯੋਗਦਾਨ ਹੁੰਦਾ ਹੈ। ਗੁਰਬਾਣੀ ਵਿਚ ਅਨੇਕ ਥਾਂ ਭਲੇ ਤੇ ਸਿਆਣੇ ਪੁਰਸ਼!ਾਂ ਦੀ ਸੰਗਤ ਕਰਨ ਦਾ ਉਪਦੇਸ਼ ਦਿਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਭਗਤ ਕਬੀਰ ਜੀ ਚੰਦਨ ਦੇ ਬੂਟੇ ਦੀ ਉਦਾਹਰਣ ਦੇ ਕੇ ਮਨੁੱਖ ਨੂੰ ਸਮਝਾਉਂਦੇ ਹਨ ਕਿ ਜਿਵੇਂ ਚੰਦਨ ਦੇ ਬੂਟੇ ਦੀ ਖੁਸ਼ਬੂ ਨਾਲ ਸਾਰਾ ਵਾਤਾਵਰਨ ਸੁਗੰਧਿਤ ਹੋ ਜਾਂਦਾ ਹੈ, ਉਸੇ ਤਰ੍ਹਾਂ ਭਲੇ ਲੋਕਾਂ ਦੀ ਸੰਗਤ ਕਰਨ ਨਾਲ ਜੀਵ ਗੁਣੀ ਬਣਦਾ ਹੈ। ਮਨੁੱਖ ਜਿਸ ਤਰ੍ਹਾਂ ਦੀ ਸੰਗਤ ਕਰਦਾ ਹੈ, ਉਹੋ ਜਿਹਾ ਹੀ ਉਸ ਨੂੰ ਫਲ ਪ੍ਰਾਪਤ ਹੁੰਦਾ ਹੈ :

*ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥*

*ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥*

ਗੁਰਬਾਣੀ ਵਿਚ ਉਨ੍ਹਾਂ ਜੀਵਾਂ ਨੂੰ ਵਡਭਾਗੀ ਕਿਹਾ ਗਿਆ ਹੈ, ਜਿਨ੍ਹਾਂ ਨੂੰ ਸਤਿਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਭਾਈ ਸੰਤੋਖ ਸਿੰਘ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਦਸਦੇ ਹਨ ਕਿ ਅਜਿਹੇ ਸੁਭਾਗੇ ਜੀਵ ਪਰਮਾਤਮਾ ਦੇ ਪ੍ਰੇਮ ਵਿਚ ਰੰਗੇ ਹੋਏ ਹਨ :

*ਰਤਿ ਰੰਗੇ ਸਤਿਸੰਗ ਸਮਾਜੂ।*
*ਸਿਮਰਨ ਬਿਨਾ ਅਨਤ ਨਹਿਂ ਕਾਜੂ।*
*ਤਨ ਮਨ ਸੌਂਪ ਦੀਨ ਨਿਜ ਸਾਂਈ।*
*ਚਾਕਰ ਪਏ ਏਕ ਲਿਵਲਾਈ॥*

ਸਤਿਸੰਗਤ ਕਰਨ ਵਾਲੇ ਮਨੁੱਖ ਅੰਦਰ ਸਹਿਜ-ਸੁਭਾਅ ਸੰਤੋਖ ਪ੍ਰਵੇਸ਼ ਕਰ ਜਾਂਦਾ ਹੈ। ਉਹ ਕਦੇ ਵੀ ਕਿਸੇ ਦਾ ਬੁਰਾ ਨਹੀਂ ਚਿਤਵਦਾ, ਕਿਸੇ ਨਾਲ ਈਰਖਾ ਨਹੀਂ ਕਰਦਾ। ਉਸ ਨੂੰ ਕੋਈ ਵੀ ਵੈਰੀ ਜਾਂ ਦੁਸ਼ਮਨ ਨਹੀਂ ਦਿਸਦਾ। ਅਜਿਹਾ ਮਨੁੱਖ ਸਾਰੇ ਜੀਵਾਂ ਵਿਚ ਇਕ ਪਰਮਾਤਮਾ ਦੀ ਜੋਤਿ ਦੇ ਹੀ ਦਰਸ਼ਨ ਕਰਦਾ ਹੈ:

*ਬਿਸਰਿ ਗਈ ਸਭ ਤਾਤਿ ਪਰਾਈ॥*
*ਜਬ ਤੇ ਸਾਧਸੰਗਤਿ ਮੋਹਿ ਪਾਈ॥*

ਗੁਰਬਾਣੀ ਅਨੁਸਾਰ ਜਿਹੜੇ ਮਨੁੱਖ ਗੁਰਮੁਖਾਂ ਦੀ ਸੰਗਤ ਕਰਦੇ ਹਨ, ਉਹ ਆਪਣੇ ਜੀਵਨ ਨੂੰ ਗੁਰੂ ਆਸ਼ੇ ਅਨੁਸਾਰ ਢਾਲ ਲੈਂਦੇ ਹਨ, ਜਿਸ ਸਦਕਾ ਉਨ੍ਹਾਂ ਅੰਦਰ 'ਸੰਤੋਖ' ਆ ਵਸਦਾ ਹੈ :

*ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ॥*
*ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ॥*
*ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ॥*

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ 'ਸਤਿ' ਤੇ 'ਸੰਤੋਖ' ਵਿਚ ਰਹਿੰਦੇ ਹੋਏ, ਗੁਰੂ ਦੀ ਸ਼ਰਨ ਵਿਚ ਜਾ ਕੇ ਖਿਮਾ ਧਾਰਨ ਕਰਨੀ ਚਾਹੀਦੀ ਹੈ। ਗੁਰ-ਸੰਗਤ ਵਿਚ ਜਾ ਕੇ ਆਪਣੀ ਆਤਮਾ ਚੀਨ੍ਹ ਕੇ ਪਰਮਾਤਮਾ ਨੂੰ ਚੀਨ੍ਹਿਆਂ ਹੀ ਮਨੁੱਖ ਦਾ ਨਿਸਤਾਰਾ ਹੋ ਸਕਦਾ ਹੈ **:**

*ਸਤ ਸੰਤੋਖਿ ਰਹਹੁ ਜਨ ਭਾਈ॥*
*ਖਿਮਾ ਗਹਹੁ ਸਤਿਗੁਰ ਸਰਣਾਈ॥*
*ਆਤਮੁ ਚੀਨਿ ਪਰਾਤਮੁ ਚੀਨਹੁ*
*ਗੁਰ ਸੰਗਤਿ ਇਹੁ ਨਿਸਤਾਰਾ ਹੇ॥*

### 12.6.4 ਸੇਵਾ

ਸੇਵਾ ਸੰਸਕ੍ਰਿਤ ਸ਼ਬਦ 'ਸੇਵ' ਤੋਂ ਬਣਿਆ ਹੈ। ਸੇਵਾ ਤੋਂ ਭਾਵ ਹੈ ਕਿਸੇ ਦੀ ਖਿਦਮਤ ਕਰਨਾ, ਪੂਜਾ ਕਰਨਾ, ਸਤਿਕਾਰ ਕਰਨਾ ਆਦਿ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਸੇਵਾ ਤੋਂ ਬਿਨਾਂ 'ਗੁਰੂ' ਦੇ ਦਰਬਾਰ ਵਿਚ ਕੋਈ ਵਿਅਕਤੀ ਪ੍ਰਵਾਨ ਨਹੀਂ ਹੋ ਸਕਦਾ। ਸੇਵਾ ਤੋਂ ਭਾਵ ਹੈ 'ਮੈਂ' ਦਾ ਪੂਰਨ ਅਭਾਵ ਕਰਕੇ, ਤਨ-ਮਨ ਨਾਲ ਅਕਾਲਪੁਰਖ ਅਗੇ ਸੰਪੂਰਨ ਸਮਰਪਨ ਕਰਨਾ। ਦੂਜੇ ਸ਼ਬਦਾਂ ਵਿਚ ਤਨ, ਮਨ ਤੇ ਧਨ ਕਰਕੇ ਸਰੀਰਕ, ਮਾਨਸਿਕ ਦੁਖ ਦਰਦ ਦੂਰ ਕਰਨਾ ਸੇਵਾ ਹੈ :

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥*

ਗੁਰਬਾਣੀ ਵਿਚ ਸਰੀਰ ਤੇ ਹਥਾਂ ਦੁਆਰਾ ਸੇਵਾ ਕਰਨ ਨੂੰ ਤਰਜੀਹ ਦਿਤੀ ਗਈ ਹੈ। ਲੰਗਰ ਵਿਚ ਜੂਠੇ ਭਾਂਡੇ ਮਾਂਜਣੇ, ਜੋੜੇ ਝਾੜਨੇ, ਰੋਗੀਆਂ ਤੇ ਫਟੜਾਂ. ਦੀ ਮਲ੍ਹਮ-ਪਟੀ ਕਰਨੀ, ਸਾਧ-ਸੰਗਤ ਨੂੰ ਪਖਾ ਝਲਣਾ, ਪਾਣੀ ਢੋਣਾ ਆਦਿ ਤਨ ਦੀ ਸੇਵਾ ਹੈ :

*ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥*

ਅਜਿਹੀ ਸੇਵਾ ਪਰਮਾਤਮਾ ਨੂੰ ਧਿਆਉਣ ਵਾਲਾ ਸੰਤੋਖੀ ਪੁਰਸ਼ ਹੀ ਕਰ ਸਕਦਾ ਹੈ :

*ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ॥*

12.6.5 **ਪ੍ਰਭੂ ਪ੍ਰੇਮ**

ਭਾਈ ਵੀਰ ਸਿੰਘ ਅਨੁਸਾਰ ਪ੍ਰਭੂ ਪ੍ਰੇਮ ਤੋਂ ਭਾਵ ਪਿਆਰ, ਪ੍ਰੀਤੀ ਅਤੇ ਸਨੇਹ ਹੈ। ਪ੍ਰਭੂ ਦਾ ਪ੍ਰੇਮ, ਸਿਮਰਨ ਅਤੇ ਸ਼ਰਧਾ ਭਾਵਨਾ ਨਾਲ ਪ੍ਰਾਪਤ ਹੁੰਦਾ ਹੈ। ਇਸ ਲਈ ਹਉਮੈ ਤੇ ਤਿਆਗ ਦੀ ਲੋੜ ਹੈ। ਪਤੰਗਾ, ਜਿਵੇਂ ਦੀਪਕ ਦੇਖ ਕੇ ਮਦਹੋਸ਼ ਹੋ ਜਾਂਦਾ ਹੈ ਅਤੇ ਆਪਣੀ ਜਾਨ ਕੁਰਬ!ਾਂਣ ਕਰ ਦਿੰਦਾ ਹੈ, ਇਸੇ ਤਰ੍ਹਾਂ ਜਿਹੜਾ ਜਗਿਆਸੂ ਪਰਮੇਸ਼ਵਰ ਦੇ 'ਨਾਮੁ' ਤੋਂ ਆਪਾ ਵਾਰ ਦਿੰਦਾ ਹੈ, ਉਹ ਇਸ ਮਾਰਗ ' ਤੇ ਚਲ ਕੇ ਸਫਲ ਹੁੰਦਾ ਹੈ। ਪ੍ਰੀਤਮ ਦੇ ਪ੍ਰੇਮ ਵਿਚ ਜਿਸ ਮਨੁੱਖ ਦਾ ਹਿਰਦਾ ਮਗੱਲ ਹੋਇਆ ਰਹਿੰਦਾ ਹੈ, ਉਸ ਅੰਦਰ ਆਪਣੇ ਪ੍ਰੀਤਮ ਨਾਲੋਂ ਰਤੀ ਭਰ ਵੀ ਵਿਥ ਨਹੀਂ ਰਹਿੰਦੀ। ਗੁਰਬਾਣੀ ਵਿਚ ਅਜਿਹੇ ਪ੍ਰੇਮ ਨੂੰ ਦਰਸਾਉਣ ਲਈ ਪਤੰਗੇ ਦੀ ਉਦਾਹਰਣ ਦਿਤੀ ਗਈ ਹੈ। ਪਤੰਗਾ ਜਗਦੇ-ਦੀਵੇ ਦੇ ਪਿਆਰ ਵਿਚ ਇਤਨਾ ਮਸਤ ਹੋ ਜਾਂਦਾ ਹੈ ਕਿ ਪਿਆਰੇ ਨੂੰ ਯਾਦ ਕਰਦਿਆਂ ਉਸ ਨੂੰ ਆਪਣੇ ਸਰੀਰ ਦੀ ਸੁਧ-ਬੁਧ ਨਹੀਂ ਰਹਿੰਦੀ। ਉਹ ਪਤੰਗਾ ਜਗਦੇ ਦੀਵੇ ਦੀ ਲਾਟ ਉਤੇ ਸੜ ਮਰਦਾ ਹੈ। ਗੁਰ ਫੁਰਮਾਨ ਹੈ :

*ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ॥*
*ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ॥*

ਪ੍ਰਭੂ-ਪ੍ਰੇਮ ਵਿਚ ਜਗਿਆਸੂ ਅੰਦਰ ਸੰਤੋਖ ਦੀ ਭਾਵਨਾ ਪੈਦਾ ਹੁੰਦੀ ਹੈ। ਸੰਤੋਖੀ ਮਨੁੱਖ ਪ੍ਰਭੂ ਪ੍ਰੇਮ ਵਿਚ ਭਿਜਿਆ, ਹਰ ਪਲ, ਹਰ ਜੀਵ ਵਿਚ ਉਸੇ ਦੀ ਹੋਂਦ ਪ੍ਰਤੀਤ ਕਰਦਾ ਹੈ। ਉਸ ਅੰਦਰ ਤ੍ਰਿਪਤੀ ਆ ਜਾਂਦੀ ਹੈ।

12.6.6 **ਅਰਦਾਸ**

ਭਾਈ ਵੀਰ ਸਿੰਘ ਅਨੁਸਾਰ ਅਰਦਾਸ ਤੋਂ ਭਾਵ ਬੇਨਤੀ, ਪ੍ਰਾਰਥਨਾ ਹੈ। ਗੁਰਬਾਣੀ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਮਨੁੱਖ ਨੂੰ ਹਰ ਸਮੇਂ ਹਰ ਕਾਰਜ ਲਈ ਅਰਦਾਸ ਕਰਨ ਦੀ ਤਾਕੀਦ ਕੀਤੀ ਹੈ। ਗੁਰਬਾਣੀ, ਪ੍ਰਾਣੀ ਮਾਤਰ ਨੂੰ ਕੇਵਲ ਪਰਮਾਤਮਾ ਦੇ ਅਗੇ ਅਰਦਾਸ ਕਰਨ ਤੇ ਸਭ ਦਾਤਾਂ ਉਸ ਤੋਂ ਮੰਗਣ ਦੀ ਹੀ ਪ੍ਰੇਰਨਾ ਦਿੰਦੀ ਹੈ :

*ਸਭੁ ਕੋ ਤੇਰਾ ਤੂੰ ਸਭਸੁ ਦਾ ਤੂੰ ਸਭਨਾ ਰਾਸਿ॥*
*ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ॥*

ਅਧਿਆਤਮਿਕ ਪੰਧ ਵਿਚ ਜਗਿਆਸੂ ਨੂੰ ਹਰ ਪਲ ਸੁਚੇਤ ਹੋ ਕੇ ਵਿਚਰਨਾ ਪੈਂਦਾ ਹੈ। ਉਹ ਨਹੀਂ ਜਾਣਦਾ ਕਿ ਕਿਸ ਸਮੇਂ ਕਿਹੜੇ ਵਿਕਾਰ ਨੇ ਉਸਨੂੰ ਢਾਹ ਲੈਣਾ ਹੈ। ਇਸ ਲਈ ਜਗਿਆਸੂ ਨੂੰ ਹਰ ਸਮੇਂ ਵਿਕਾਰਾਂ ਤੋਂ ਬਚਾਅ ਲਈ ਅਤੇ ਸਬਰ-ਸੰਤੋਖ ਦੀ ਪ੍ਰਾਪਤੀ ਲਈ ਗੁਰੂ ਸਾਹਿਬ ਦੇ ਸਨਮੁਖ ਅਰਦਾਸ ਕਰਨੀ ਬਣਦੀ ਹੈ। ਅਸਲ ਵਿਚ ਅਰਦਾਸ ਵੀ ਬੰਦਗੀ ਹੈ। ਸ਼ੁਕਰਾਨੇ ਨਾਲ ਭਰਿਆ ਜਗਿਆਸੂ ਜਦੋਂ ਹਰ ਪਲ ਅਕਾਲਪੁਰਖ ਦੇ ਸਨਮੁਖ ਬੇਨਤੀ ਕਰਦਾ ਹੈ ਤਾਂ ਉਸਦੇ ਜੀਵਨ ਵਿਚ ਸੰਤੋਖ ਆਪ ਮੁਹਾਰੇ ਆ ਜਾਂਦਾ ਹੈ।

12.6.7 **ਸਾਦਾ ਜੀਵਨ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਨੂੰ ਪੂਰੀ ਕਾਇਨਾਤ ਦਾ ਸਰਦਾਰ ਦਰਸਾਇਆ ਗਿਆ ਹੈ। ਮਨੁੱਖਾ ਜਨਮ ਬੜਾਂ. ਅਨਮੋਲ ਹੈ, ਜਿਹੜਾ 'ਗੋਬਿੰਦ' ਦੀ ਪ੍ਰਾਪਤੀ ਲਈ ਮਿਲਿਆ ਹੈ। ਇਸ ਲਈ ਅਨਮੋਲ ਮਨੁੱਖਾ ਜੀਵਨ ਨੂੰ ਖਾਣ-ਪੀਣ ਤੇ ਹੰਢਾਉਣ ਵਿਚ ਅਜਾਈਂ ਨਹੀਂ ਗਵਾਉਣਾ ਚਾਹੀਦਾ। ਗੁਰਮਤਿ ਅਨੁਸਾਰ ਜੀਵ ਅੰਦਰ ਸੰਤੋਖ ਤਾਂ ਆ ਸਕਦਾ ਹੈ ਜੇਕਰ ਉਹ ਸਾਦਾ ਜੀਵਨ ਬਤੀਤ ਕਰੇ। ਗੁਰਬਾਣੀ ਵਿਚ ਮਨੁੱਖ ਨੂੰ ਘਟ ਖਾਣ ਅਤੇ ਘਟ ਸੌਣ ਦੀ ਤਾਕੀਦ ਕੀਤੀ ਗਈ ਹੈ, ਕਿਉਂਕਿ ਵਧ ਖਾਣ ਨਾਲ ਨੀਂਦ ਵੀ ਵਧ ਆਉਂਦੀ ਹੈ। ਅਸਲ ਵਿਚ ਸੰਤੋਖੀ ਜੀਵਨ ਦੀ ਨਿਸ਼ਾਨਦੇਹੀ ਕਰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਵਿਅਕਤੀ ਸੰਜਮ ਵਿਚ ਰਹਿ ਕੇ ਪਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੈ:

*ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥*

*ਸੀਲ ਸੰਤੋਖ ਸਦਾ ਨਿਰਬ!ਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ॥*

*ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਮੋ ਲਯਾਵੈ॥*

*ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖ ਕਹ ਪਾਵੈ॥*

(*ਸ੍ਰੀ ਦਸਮ ਗ੍ਰੰਥਸਾਹਿਬ,* ਸ਼ਬਦ ਹਜਾਰੇ, ੧-੪)

ਸੰਤੋਖੀ ਜੀਵਨ ਵਾਲਾ ਮਨੁੱਖ ਮਿਠਾ ਬੋਲਣ ਵਾਂਗ ਮਾਲਕ ਨੂੰ ਰੀਝਾਉਣ ਦਾ ਪ੍ਰਮੁਖ ਸਾਧਨ ਹੈ :

*ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ॥*
*ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ॥*

12.6.8 **ਭਾਣਾ**

ਗੁਰਬਾਣੀ ਵਿਚ ਭਾਣਾ ਮੰਨਣ ਦਾ ਆਦਰਸ਼ ਪ੍ਰਮੁੱਖ ਹੈ। ਸੰਸਾਰ ਵਿਚ ਜੋ ਕੁਝ ਵੀ ਵਰਤਦਾ ਹੈ, ਰਬੀ ਭਾਣੇ ਵਿਚ ਹੀ ਹੁੰਦਾ ਹੈ। ਦੂਜੇ ਪਾਸੇ 'ਮਨ' ਦਾ ਹਠ ਭਾਣੇ ਦਾ ਵਿਰੋਧੀ ਹੈ। ਮਨ ਦੇ ਹਠ ਕਾਰਨ ਮਨੁੱਖ ਰੱਬੀ ਭਾਣਾ ਨਹੀਂ ਮੰਨਦਾ। ਇਸ ਲਈ ਮਨ ਅਰਪਨ ਕਰਨਾ ਹੀ ਭਾਣਾ ਮੰਨਣਾ ਹੈ। ਇਸ ਪ੍ਰਥਾਇ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

*ਤੇਰਾ ਭਾਣਾ ਸਭੁ ਕਿਛੁ ਹੋਵੈ॥*
*ਮਨਹਠਿ ਕੀਚੈ ਅੰਤਿ ਵਿਗੋਵੈ॥*

ਭਾਣਾ ਹੁਕਮ ਹੈ, ਰਬ ਦੀ ਮਰਜ਼ੀ ਹੈ, ਅਕਾਲਪੁਰਖ ਦੀ ਰਜ਼ਾ ਹੈ। ਭਾਣਾ ਮੰਨਣਾ ਇਕ ਉੱਚ ਆਦਰਸ਼ ਹੈ। ਗੁਰੂ ਸਾਹਿਬ ਨੇ ਕੇਵਲ ਵਰਤ ਰਹੀ ਘਟਨਾ ਨੂੰ ਭਾਣੇ ਵਜੋਂ ਪ੍ਰਵਾਨ ਕਰਨ ਨੂੰ ਹੀ ਨਹੀਂ ਕਿਹਾ, ਸਗੋਂ ਉਸਨੂੰ ਮਿਠਾ ਕਰਕੇ ਮੰਨਣ ਦਾ ਉਪਦੇਸ਼ ਵੀ ਦਿਤਾ ਹੈ :

*ਤੇਰਾ ਕੀਆ ਮੀਠਾ ਲਾਗੈ॥*
*ਹਰਿ ਨਾਮੁ ਪਦਰਥੁ ਨਾਨਕੁ ਮਾਂਗੈ॥*

ਭਾਣਾ ਮੰਨਣ ਵਾਲੇ ਮਨੁੱਖ ਸੰਤੋਖੀ ਹੁੰਦੇ ਹਨ। ਸੰਤੋਖ ਹੈ ਹੀ ਰਬ ਦਾ ਸ਼ੁਕਰ। ਪਰਮਾਤਮਾ ਜੋ ਕੁਝ ਵੀ ਮਨੁੱਖ ਨੂੰ ਦੇ ਰਿਹਾ ਹੈ, ਉਸਦੀ ਰਜ਼ਾ ਵਿਚ ਰਾਜ਼ੀ ਰਹਿ ਕੇ, ਸ਼ੁਕਰਾਨਾ ਕਰਨਾ ਹੀ ਸੰਤੋਖ ਦੀ ਨਿਸ਼ਾਨੀ ਹੈ। ਦਰਅਸਲ, ਸੰਤੋਖੀ ਜੀਵ ਨੂੰ ਸਮਝ ਹੁੰਦੀ ਹੈ ਕਿ ਉਸਦੇ ਕੀਤਿਆਂ ਕੁਝ ਨਹੀਂ ਹੋਣਾ। ਉਸਦਾ ਵਿਸ਼ਵਾਸ ਹੁੰਦਾ ਹੈ ਕਿ ਅਕਾਲਪੁਰਖ ਨੇ ਹਰ ਮਨੁੱਖ ਦੇ ਜਨਮ ਤੋਂ ਪਹਿਲਾਂ ਉਸਦਾ ਰਿਜ਼ਕ ਲਿਖਿਆ ਹੈ :

*ਪਹਿਲੋ ਦੇ ਤੈਂ ਰਿਜਕੁ ਸਮਾਹਾ॥*
*ਪਿਛੋ ਦੇ ਤੈਂ ਜੰਤੁ ਉਪਾਹਾ॥*

12.6.9 **ਨਦਰਿ**

'ਨਦਰਿ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਹਨ : ਕਿਰਪਾ, ਮਿਹਰ, ਦਇਆ, ਮਿਹਰਬ!ਾਂਨੀ, ਬਖਸ਼ਿਸ਼, ਪ੍ਰਸਾਦਿ, ਨਜ਼ਰ, ਦ੍ਰਿਸ਼ਟੀ, ਨਿਗਾਹ, ਆਦਿ। ਹਰ ਧਰਮ ਵਿਚ ਨਦਰਿ, ਪ੍ਰਸਾਦਿ ਜਾਂ ਬਖਸ਼ਿਸ਼ ਦਾ ਕਿਸੇ ਨਾ ਕਿਸੇ ਰੂਪ ਵਿਚ ਜ਼ਿਕਰ ਜ਼ਰੂਰ ਮਿਲਦਾ ਹੈ। ਪਰੰਤੂ ਗੁਰਬਾਣੀ ਵਿਚ ਇਸ ਦੀ ਮਹੱਤਤਾ ਵਿਸ਼ੇਸ਼ ਉਲੇਖਨੀਯ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਾਮ-ਮਾਰਗ ਵਿਚ ਭਗਤੀ, ਸਿਮਰਨ ਅਤੇ ਸਦਾਚਾਰ ਦੇ ਨਾਲ-ਨਾਲ ਇਲਾਹੀ ਨਦਰਿ, ਬਖਸ਼ਿਸ਼, ਕਿਰਪਾ ਦ੍ਰਿਸ਼ਟੀ, ਪ੍ਰਸਾਦਿ ਉਤੇ ਵੀ ਪੂਰਾ ਜ਼ੋਰ ਦਿਤਾ ਹੈ। ਅਕਾਲਪੁਰਖ ਦੀ ਨਦਰਿ ਦੇ ਨਾਲ ਮਨੁੱਖ ਦਾ ਮਨ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ, ਦੁਬਿਧਾ ਖਤਮ ਹੋ ਜਾਂਦੀ ਹੈ, ਉਸ ਦਾ ਜੀਵਨ ਸੰਤੋਖੀ ਬਣ ਜਾਂਦਾ ਹੈ। ਗੁਰੂ ਦੀ ਕਿਰਪਾ ਸਦਕਾ ਜੀਵ 'ਨਾਮੁ' ਦੀ ਵਡਿਆਈ ਨਾਲ ਭਰਪੂਰ ਹੋ ਜਾਂਦਾ ਹੈ, ਕਿਉਂਕਿ ਨਾਮ ਦੇ ਤੁਲ ਹੋਰ ਕੋਈ ਬਖਸ਼ਿਸ ਨਹੀਂ ਹੈ।

ਸੰਤੋਖ ਤਾਂ ਕਿਸੇ ਵੀ ਘਾਲਨਾ ਨਾਲ ਪ੍ਰਾਪਤ ਨਹੀਂ ਹੁੰਦਾ। ਇਹ ਤਾਂ ਵਾਹਿਗੁਰੂ ਦੀ ਦਾਤਿ ਹੈ :

*ਸੰਤੋਖੁ ਨ ਆਵਤ ਕਹੂੰ ਕਾਜ॥*

12.7 **ਸੰਤੋਖੀ ਮਨੁੱਖ ਦੇ ਲਛਣ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਿਥੇ ਸੰਤੋਖ-ਪ੍ਰਾਪਤੀ ਦਾ ਮਾਰਗ ਦਰਸਾਉਂਦੀ ਹੈ, ਉਥੇ ਬਾਣੀ ਵਿਚ ਸੰਤੋਖੀ ਮਨੁੱਖ ਦੇ ਲਛਣ ਵੀ ਦਰਸਾਏ ਗਏ ਹਨ, ਜਿਨ੍ਹਾਂ ਦੀ ਵਿਚਾਰ ਹੇਠ ਦਿਤੇ ਅਨੁਸਾਰ ਹੈ :

12.7.1 **ਸੁਕ੍ਰਿਤੁ ਕਰਨ ਵਾਲਾ**

ਭਾਈ ਵੀਰ ਸਿੰਘ ਅਨੁਸਾਰ ਕਿਰਤ ਤੋਂ ਭਾਵ ਹੈ ਕੀਤੇ ਹੋਏ ਕਰਮ ਅਤੇ ਉਹ ਮਿਹਨਤ ਹੈ, ਜਿਸ ਨਾਲ ਰੋਜ਼ੀ ਕਮਾਈ ਜਾਵੇ। ਇਸ ਨੂੰ ਧਰਮ ਦੀ ਕਮਾਈ ਜਾਂ ਦਸਾਂ ਨਹੁੰਆਂ ਦੀ ਕਿਰਤ ਵੀ ਕਿਹਾ ਜਾਂਦਾ ਹੈ। ਕਿਸੇ ਦਾ ਹਕ ਮਾਰ ਕੇ, ਜ਼ੋਰ-ਜ਼ਬਰ ਆਦਿ ਦੁਆਰਾ ਕੀਤੀ ਕਮਾਈ ਕਦੇ ਵੀ ਕਿਰਤ ਨਹੀਂ ਹੋ ਸਕਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗ੍ਰਹਿਸਥ ਨੂੰ ਪ੍ਰਧਾਨਤਾ ਦਿਤੀ ਗਈ ਹੈ। ਗ੍ਰਹਿਸਥ ਜੀਵਨ ਨੂੰ ਸਹੀ ਤਰੀਕੇ ਨਾਲ ਚਲਾਉਣ ਲਈ ਉਦਮ ਕਰਨਾ ਜ਼ਰੂਰੀ ਹੈ। ਇਸ ਲਈ ਗੁਰਬਾਣੀ ਵਿਚ ਕਿਹਾ ਗਿਆ ਹੈ ਕਿ ਗ੍ਰਹਿਸਥ ਚਲਾਉਣ ਲਈ ਸੁਕ੍ਰਿਤ ਵਾਲਾ ਉਦਮ ਕਰਨਾ ਜ਼ਰੂਰੀ ਹੈ :

*ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ॥*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਕਿਰਤ ਨਾਲ ਜੋੜਿਆ ਹੈ। ਉਨ੍ਹਾਂ ਨੇ ਕਿਰਤ ਕਰਨ ਅਤੇ ਨਾਮ ਜਪਣ ਵਾਲੇ ਨੂੰ ਹੀ ਸਚਾ ਧਰਮੀ ਕਿਹਾ ਹੈ। ਅਜਿਹਾ ਧਰਮੀ ਮਨੁੱਖ ਹੀ ਗਿਆਨ ਦਾ ਅਧਿਕਾਰੀ ਹੈ। ਗੁਰੂ ਸਾਹਿਬ ਨੇ ਧਰਮ ਦੇ ਨਾਂ ਉਤੇ ਵਿਹਲੇ ਬੈਠ ਕੇ ਛਕਣ ਵਾਲਿਆਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਗੁਰੂ ਸਾਹਿਬ ਅਨੁਸਾਰ ਪਰਮਾਤਮਾ ਦੀ ਪ੍ਰਾਪਤੀ ਵਿਹਲੜ ਮਨੁੱਖ ਨਹੀਂ ਕਰ ਸਕਦਾ। ਕੇਵਲ ਉਹ ਵਿਅਕਤੀ ਹੀ ਕਰ ਸਕਦਾ ਹੈ ਜਿਹੜਾ ਆਪ ਕੰਮ ਕਰਕੇ ਖਾਂਦਾ ਹੈ ਅਤੇ ਪਰਉਪਕਾਰ ਹਿਤ ਕੁਝ ਖਰਚ ਵੀ ਕਰਦਾ ਹੈ :

*ਘਾਲਿ ਖਾਇ ਕਿਛੁ ਹਥਹੁ ਦੇਇ॥*

*ਨਾਨਕ ਰਾਹੁ ਪਛਾਣਹਿ ਸੇਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੫)

ਸੰਤੋਖੀ ਪੁਰਸ਼ ਆਪਣੀ ਦਸਾਂ ਨੁਹਾਂ ਦੀ ਕਿਰਤ ਕਰਕੇ ਖਟੇ ਹੋਏ ਧਨ ਨਾਲ ਨਿਰਬਾਹ ਕਰਦਾ ਹੈ। ਦੁਨੀਆਂ ਵਿਚ ਜਿਸ ਵਿਅਕਤੀ ਨੂੰ ਰੋਟੀ ਖਾਣ ਨੂੰ ਮਿਲ ਰਹੀ ਹੈ ਤੇ ਬੈਠਣ ਲਈ ਨਿਕਾ ਜਿਹਾ ਠਿਕਾਣਾ ਹੈ, ਉਹ ਨਾ ਕਿਸੇ ਦਾ ਗ਼ੁਲਾਮ ਹੈ ਅਤੇ ਨਾ ਉਹ ਕਿਸੀ ਦਾ ਮਾਲਕ ਹੈ। ਉਸ ਇਨਸਾਨ ਨੂੰ ਖ਼ੁਸ਼ ਰਹਿਣਾ ਚਾਹੀਦਾ ਹੈ, ਕਿਉਂਕਿ ਉਹ 'ਪਰਾਏ ਧਨ' ਨੂੰ ਮਿਟੀ ਸਮਾਨ ਜਾਣਦਾ ਹੋਇਆ ਕਦੇ ਵੀ ਗ੍ਰਹਿਣ ਨਹੀਂ ਕਰਦਾ। ਉਹ ਪਰਾਏ ਹਕ ਨੂੰ ਜ਼ਹਿਰ ਸਮਝਦਾ ਹੈ:

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥*
*ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧)

ਗੁਰਬਾਣੀ ਵਿਚ ਮਨੁੱਖ ਨੂੰ ਸਬਰ-ਸੰਤੋਖ ਧਾਰਨ ਕਰਨ ਦੀ ਪ੍ਰੇਰਨਾ ਅਨੇਕ ਵਾਰ ਦਿਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਸੰਤੋਖੀ ਵਿਅਕਤੀ ਦੀ ਸ਼ਖਸੀਅਤ ਬਾਰੇ ਦਸਦੇ ਹਨ ਕਿ ਸੰਤੋਖੀ ਮਨੁੱਖ ਹੀ ਧਰਮ ਅਨੁਸਾਰ ਜੀਵਨ ਜਿਉਂਦੇ ਹੋਏ ਸੇਵਾ ਵਿਚ ਸਫਲਤਾ ਪ੍ਰਾਪਤ ਕਰਦੇ ਹਨ। 'ਸੰਤੋਖ' ਦਾ ਅਰਥ ਵਿਹਲੇ ਕਰਮਹੀਨ ਬਣ ਕੇ ਬੈਠੇ ਰਹਿਣਾ ਨਹੀਂ। ਅਜਿਹਾ ਵਿਅਕਤੀ ਸੰਤੋਖੀ ਨਹੀਂ, ਬਲਕਿ ਆਲਸੀ ਹੁੰਦਾ ਹੈ। ਗੁਰਬਾਣੀ ਵਿਚ ਸੰਤੋਖੀ ਵਿਅਕਤੀ ਹੀ ਸਹੀ ਅਰਥਾਂ ਵਿਚ ਸੇਵਾ ਕਰਨ ਵਾਲਾ ਮੰਨਿਆ ਗਿਆ ਹੈ, ਅਜਿਹੇ ਵਿਅਕਤੀ ਕਦੇ ਵੀ ਮੰਦ ਕਰਮ ਨਹੀਂ ਕਰਦੇ :

*ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ॥*
*ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥*
*ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾਂ. ਖਾਇਆ॥*
*ਤੂੰ ਬਖਸੀਸੀ ਅਗੱਲਾ ਨਿਤ ਦੇਵਹਿ ਚੜਹਿ ਸਵਾਇਆ॥*
*ਵਡਿਆਈ ਵੱਡਾ ਪਾਇਆ॥*

ਧਨ, ਮਾਲ ਤੇ ਹੋਰ ਸਭ ਸਮਗਰੀ ਜਿਸਮ ਨਾਲ ਸੰਬੰਧ ਰਖਦੀਆਂ ਹਨ, ਇਹ ਅੰਤ ਸਮੇਂ ਮਨੁੱਖ ਦੇ ਨਾਲ ਜਾਣ ਵਾਲੀਆਂ ਚੀਜ਼ਾਂ ਨਹੀਂ। ਗੁਰਬਾਣੀ ਦੀ ਸੇਧ ਅਨੁਸਾਰ ਕਾਰੂ ਵਰਗੇ ਚਾਲੀ ਗੰਜ ਖ਼ਜ਼ਾਨਿਆਂ ਦੇ ਬਾਦਸ਼ਾਹ, ਰਾਵਨ ਵਰਗੇ ਸੋਨੇ ਦੀ ਲੰਕਾ ਰਖਣ ਵਾਲੇ, ਦੁਨੀਆਂ ਜਿਤਣ ਵਾਲਾ ਸਿਕੰਦਰ ਬਾਦਸ਼ਾਹ, ਇਹ ਸਭ ਦੁਨੀਆਂ ਤੋਂ ਖਾਲੀ ਹਥ ਚਲੇ ਗਏ, ਫਿਰ ਆਮ ਮਨੁੱਖ ਦੀ ਗੱਲ ਹੀ ਕੀ ਹੈ? ਗੁਰ ਵਾਕ ਹੈ :

*ਮੂਰਖੁ ਰਾਵਨੁ ਕਿਆ ਲੇ ਗਇਆ॥*

ਪਾਪ ਤੇ ਅਤਿਆਚਾਰ ਨਾਲ ਕਮਾਇਆ ਹੋਇਆ ਧਨ ਦੁਖਦਾਈ ਹੁੰਦਾ ਹੈ। ਪਹਿਲਾਂ ਤਾਂ ਉਸਦਾ ਅਸਰ ਉਸਦੇ ਵਰਤਣ ਵਾਲੇ 'ਤੇ ਪੈਂਦਾ ਹੈ, ਜਿਸ ਨਾਲ ਉਸਦਾ ਮਨ ਨਹੀਂ ਟਿਕਦਾ। ਗਲਤ ਤਰੀਕੇ ਨਾਲ ਕਮਾਇਆ ਹੋਇਆ ਧਨ, ਗਲਤ ਕੰਮਾਂ ਵਿਚ ਹੀ ਲਗ ਜਾਂਦਾ ਹੈ।

ਸੁਕ੍ਰਿਤ ਕਰਕੇ ਕਮਾਇਆ ਧਨ, ਲੋਕ-ਪਰਲੋਕ ਵਿਚ ਸੁਖਦਾਈ ਹੁੰਦਾ ਹੈ। ਜੇਕਰ ਕੋਈ ਦੁਨੀਆਂ ਵਿਚ ਧਰਮ ਦੀ ਕਿਰਤ ਕਰਕੇ ਗਰੀਬ ਹੈ ਤੇ ਉਸ ਅੰਦਰ ਪਰਮਾਤਮਾ ਨੇ 'ਸੰਤੋਖ' ਬਖ਼ਸ਼ਿਆ ਹੈ ਤਾਂ ਉਹ ਗਰੀਬ ਵੀ ਰਜਿਆ ਹੋਇਆ ਧਨੀ ਹੈ। ਧਨਵਾਨ ਪੁਰਸ਼ ਭਾਵੇਂ ਕਰੋੜਪਤੀ ਹੋਵੇ, ਸੰਤੋਖ ਤੋਂ ਬਿਨਾਂ ਭੁਖਿਆਂ ਦਾ ਭੁਖਾ ਤੇ ਕੰਗਾਲਾਂ ਦਾ ਕੰਗਾਲ ਹੀ ਰਹਿੰਦਾ ਹੈ, ਕਿਉਂਕਿ ਅਜਿਹੇ ਭੁਖਿਆਂ ਦੀ ਕਦੇ ਵੀ ਭੁਖ ਨਹੀਂ ਉਤਰ ਸਕਦੀ। ਉਨ੍ਹਾਂ ਨੂੰ ਭਾਵੇਂ ਸਭ ਦੁਨੀਆਂ ਦੇ ਪਦਾਰਥ ਪ੍ਰਾਪਤ ਹੋ ਜਾਣ, ਕਿਉਂਕਿ 'ਸੰਤੋਖ' ਤੋਂ ਬਿਨਾਂ ਕੋਈ ਰਜ ਨਹੀਂ ਸਕਦਾ। ਉਸਦੀ ਤ੍ਰਿਸ਼ਨਾ ਦਿਨੋਂ-ਦਿਨ ਵਧਦੀ ਹੈ। ਅਗੱਲੀ ਵਿਚ ਜਿਸ ਤਰ੍ਹਾਂ ਲਕੜਾਂ. ਪਾਣ ਨਾਲ ਅਗ ਹੋਰ ਤੇਜ਼ ਹੋ ਜਾਂਦੀ ਹੈ, ਉਸੇ ਤਰ੍ਹਾਂ ਪਦਾਰਥਾਂ ਦੇ ਵਧਣ ਨਾਲ ਭੁਖ ਵਧਦੀ ਹੈ :

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥*
*ਪਰੈ ਪਰੈ ਹੀ ਕਉ ਲੁਝੀ ਹੇ॥*

12.7.2 **ਦਇਆਵਾਨ**

ਦਇਆ ਧਰਮ ਦਾ ਮੂਲ ਹੈ। ਦਇਆ-ਹੀਣ ਮਨੁੱਖ ਕਦੇ ਧਰਮੀ ਨਹੀਂ ਹੋ ਸਕਦਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਸੰਤੋਖੀ ਵਿਅਕਤੀ ਦੇ ਮਨ ਵਿਚ ਬੜੀ ਦਇਆ ਹੁੰਦੀ ਹੈ, ਉਹ ਬਿਨਾਂ ਕਿਸੇ ਵਿਤਕਰੇ ਦੇ ਸਾਰੇ ਜੀਵਾਂ ਉਤੇ ਦਇਆ ਕਰਦਾ ਹੈ :

*ਮਨਿ ਸੰਤੋਖੁ ਸਰਬ ਜੀਅ ਦਇਆ॥*

ਸੰਤੋਖੀ ਵਿਅਕਤੀ ਧੀਰਜ ਦੀ ਮੂਰਤਿ ਹੁੰਦਾ ਹੈ। ਉਹ ਮਾਨ ਪ੍ਰਤਿਸ਼ਠਾ ਤੇ ਸਮਰੱਥਾ ਰੱਖਦਾ ਹੋਇਆ ਵੀ ਲੋਕਾਂ ਦੇ ਅਪਰਾਧਾਂ ਅਥਵਾ ਗੁਨਾਹਾਂ ਨੂੰ ਬਖ਼ਸ਼ ਦਿੰਦਾ ਹੈ। ਦੁਨੀਆਂ ਵਿਚ ਲੋਕਾਂ ਨੂੰ ਤਰਕੀ ਕਰਦੇ ਤੇ ਮਾਣ ਵਡਿਆਈ ਮਿਲਦੇ ਦੇਖ ਕੇ ਦਿਲੋਂ ਖ਼ੁਸ਼ ਹੁੰਦਾ ਹੈ।

6.7.3 **'ਸਹਜਿ' ਦਾ ਧਾਰਨੀ**

ਸਤਿਗੁਰੂ ਦੀ ਬਖਸ਼ਿਸ਼ ਨਾਲ ਜਿਨ੍ਹਾਂ ਦੇ ਮਨਾਂ ਅੰਦਰ ਸੰਤੋਖ ਆ ਜਾਂਦਾ ਹੈ, ਉਹ ਪਰਮਾਤਮਾ ਨਾਲ ਇਕਮਿਕ ਹੋ ਜਾਂਦੇ ਹਨ। ਭਾਈ ਗੁਰਦਾਸ ਜੀ ਗੁਰਮੁਖ ਉਸ ਨੂੰ ਮੰਨਦੇ ਹਨ, ਜਿਸ ਨੇ ਆਪਾ ਭਾਵ ਗੁਆ ਕੇ, ਸੰਤੋਖ ਧਾਰਨ ਕਰਕੇ 'ਸਹਜਿ' ਪਦ ਪ੍ਰਾਪਤ ਕਰ ਲਿਆ ਹੈ :

*ਗੁਰਮੁਖਿ ਆਪੁ ਗਵਾਇ ਆਪੁ ਪਛਾਣਿਆ।*
*ਗੁਰਮੁਖਿ ਸਤਿ ਸੰਤੋਖੁ ਸਹਜਿ ਸਮਾਣਿਆ।*

ਜਿਸ ਪਾਸ ਸੰਤੋਖ ਨਹੀਂ, ਉਹ ਗ਼ਰੀਬ ਹੈ। ਸੰਤੋਖਵਾਨ ਜਿੰਨਾ ਅਮੀਰ ਕੋਈ ਨਹੀਂ ਹੁੰਦਾ। ਇਸ ਕਰਕੇ ਸੰਤੋਖੀ ਪੁਰਸ਼ ਦੇ ਜੰਜਾਲ ਖ਼ਤਮ ਹੋ ਜਾਂਦੇ ਹਨ।

12.7.4 **ਹੁਕਮੀ**

'ਹੁਕਮ' ਤੋਂ ਭਾਵ ਹੈ ਅਕਾਲਪੁਰਖ ਦੀ ਰਜ਼ਾ, ਭਾਣਾ ਆਦਿ। ਰਬੀ ਹੁਕਮ ਅਨੁਸਾਰ ਹੀ ਸ੍ਰਿਸ਼ਟੀ ਦੇ ਜੀਵ ਆਪੋ-ਆਪਣੇ ਕੰਮ ਕਰ ਰਹੇ ਹਨ। ਇਹ ਸਾਰਾ ਜਗਤ, ਖੰਡ-ਬ੍ਰਹਿਮੰਡ ਸਭ ਉਸ ਦੇ ਹੁਕਮ ਵਿਚ ਹੀ ਬਝੇ ਹੋਏ ਹਨ :

*ਹੁਕਮੇ ਆਇਆ ਹੁਕਮਿ ਸਮਾਇਆ॥*

*ਹੁਕਮੇ ਦੀਸੈ ਜਗਤੁ ਉਪਾਇਆ॥...*

ਗੁਰਬਾਣੀ ਇਸ ਗੱਲ ਦੀ ਹਾਮੀ ਭਰਦੀ ਹੈ ਕਿ ਸਭ ਕੁੱਝ ਅਕਾਲਪੁਰਖ ਦੇ ਹੁਕਮ ਵਿੱਚ ਹੋਣ ਕਾਰਨ ਮਨੁੱਖ ਨੂੰ ਰੱਬੀ ਹੁਕਮ ਸਤਿ ਕਰਕੇ ਮੰਨਣਾ ਚਾਹੀਦਾ ਹੈ। ਅਕਾਲਪੁਰਖ ਦੀ ਰਜ਼ਾ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਵਾਲੇ ਜੀਵਾਂ ਅੰਦਰੋਂ ਹਉਮੈ ਨਾਸ ਹੋ ਜਾਂਦੀ ਹੈ। ਅਜਿਹੇ ਪ੍ਰਾਣੀ ਚਿੰਤਾ ਮੁਕਤ ਹੋ ਕੇ ਸਭ ਕੁਝ ਪਰਮਾਤਮਾ ਦੇ ਆਸਰੇ ਛੱਡ

ਦਿੰਦੇ ਹਨ। ਪਰਮਾਤਮਾ ਦੇ ਹੁਕਮ ਜਾਂ ਰਜ਼ਾ ਵਿਚ ਰਹਿਣ ਵਾਲਾ ਵਿਅਕਤੀ ਹਰ ਅਵਸਥਾ ਵਿਚ ਸੰਤੁਸ਼ਟ ਰਹਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਅਨੁਸਾਰ ਮਨੁੱਖ ਨੇ ਥੋੜ-ਚਿਰੇ ਸੰਸਾਰਕ ਸੁਖ ਤਿਆਗ ਕੇ ਸੱਚ ਤੇ ਨੇਕੀ ਦੇ ਮਾਰਗ ਉਤੇ ਚਲਣਾ ਹੈ, ਜਿਸ ਨਾਲ ਉਸ ਨੂੰ ਸੰਤੋਖ ਦੀ ਪ੍ਰਾਪਤੀ ਹੋਵੇਗੀ। ਸੰਤੋਖੀ ਜਗਿਆਸੂ ਦੁਬਿਧਾ ਤੋਂ ਮੁਕਤ ਹੋ ਕੇ ਇਕ ਪਰਮਾਤਮਾ ਦੀ ਟੇਕ ਰਖਦਾ ਹੋਇਆ ਆਪਣਾ ਜੀਵਨ ਬਤੀਤ ਕਰਦਾ ਹੈ :

*ਜੇਤਾ ਦੇਹਿ ਤੇਤਾ ਹਉ ਖਾਉ॥*
*ਬਿਆ ਦਰੁ ਨਾਹੀ ਕੈ ਦਰਿ ਜਾਉ॥*

### 12.7.5 ਸੁਚਾ ਆਚਰਣ

ਧਰਮ ਕਰਮ ਕਰਦਿਆਂ ਮਨੁੱਖ ਦੇ ਰਾਹ ਵਿਚ ਕਈ ਰੁਕਾਵਟਾਂ ਆਉਂਦੀਆਂ ਹਨ, ਜਿਨ੍ਹਾਂ ਨੂੰ ਗੁਰਬਾਣੀ ਵਿਚ 'ਵਿਕਾਰ' ਕਿਹਾ ਗਿਆ ਹੈ। ਇਨ੍ਹਾਂ ਵਿਕਾਰਾਂ ਦੀ ਗਿਣਤੀ ਪੰਜ ਹੈ : ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ। ਇਹ ਵਿਕਾਰ ਪਸ਼ੂਆਂ ਤੇ ਮਨੁੱਖਾਂ ਵਿਚ ਸਾਂਝੇ ਹਨ। ਇਸ ਲਈ ਜਿਹੜਾ ਮਨੁੱਖ ਆਪਣੀ ਸਮਝ ਤੋਂ ਕੰਮ ਨਹੀਂ ਲੈਂਦਾ, ਆਪਣੀ ਮਤਿ ਨੂੰ ਉਚਾ ਕਰਕੇ ਆਪਣੀ ਵਿਚਾਰ ਦੀ ਅਗਵਾਈ ਵਿਚ ਜੀਵਨ ਬਤੀਤ ਨਹੀਂ ਕਰਦਾ, ਉਸਦੀ ਕਰਤੂਤ ਪਸ਼ੂਆਂ ਵਾਲੀ ਹੈ :

*ਕਰਤੂਤਿ ਪਸੂ ਕੀ ਮਾਨਸ ਜਾਤਿ॥*
*ਲੋਕ ਪਚਾਰਾ ਕਰੈ ਦਿਨੁ ਰਾਤਿ॥*

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਜਿਹੜੇ ਮਨੁੱਖ ਆਪਣੇ ਪਸ਼ੂਪੁਣੇ ਤੋਂ ਉਚੇ ਨਹੀਂ ਉਠਦੇ ਉਹ ਅਸਲ ਵਿਚ ਮਨੁੱਖਾ ਦੇਹੀ ਅੰਦਰ ਪਸ਼ੂ ਹਨ :

*ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ॥*

ਮਨੁੱਖ ਬਣਨ ਦਾ ਭਾਵ ਮਨ ਨੂੰ ਪਸ਼ੂਪੁਣੇ ਵਿਚੋਂ ਕਢ ਕੇ ਦੇਵਤੇਪੁਣੇ ਵਿਚ ਲਿਆਉਣਾ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਮਨ ਨੂੰ ਜਿਤਿਆ ਜਾਵੇ। ਮਨੁੱਖੀ ਮਨ, ਵਿਚਾਰ ਸ਼ਕਤੀ ਨਾਲ ਹਮੇਸ਼ਾ ਜੰਗ ਕਰਦਾ ਰਹਿੰਦਾ ਹੈ। ਮਨੁੱਖ ਨੂੰ ਇਨਸਾਨੀਅਤ ਤੋਂ ਹੇਠਾਂ ਸੁਟਣ ਲਈ ਮਨ ਕੋਲ ਪੰਜ ਵਡੇ ਹਥਿਆਰ ਹਨ, ਜਿਨ੍ਹਾਂ ਨੂੰ ਗੁਰਬਾਣੀ ਵਿਚ 'ਪੰਚ ਦੂਤ' ਕਿਹਾ ਗਿਆ ਹੈ। ਇਹ ਮਨੁੱਖ ਦੇ ਪੰਜ ਦੁਸ਼ਮਨ ਹਨ, ਜਿਹੜੇ ਕਿ 'ਮਹਾਂ ਅਸਾਧ' (...*ਪੰਚ ਦੂਤ ਸੰਗਿ ਮਹਾ ਅਸਾਧ॥*) ਹਨ। ਇਹ 'ਮਹਾਂ ਅਸਾਧ' 'ਪੰਚ ਦੂਤ' ਹਰ ਸਮੇਂ ਮਨੁੱਖ ਦੇ ਅੰਗ-ਸੰਗ ਰਹਿੰਦੇ ਹਨ।

ਅਧਿਆਤਮ ਦੇ ਰਸਤੇ ਵਿਚ ਸਭ ਤੋਂ ਪਹਿਲਾ ਵਿਕਾਰ ਮਹਾਂਬਲੀ ਕਾਮ ਹੈ। ਵੱਡੇ-ਵੱਡੇ ਰਿਸ਼ੀ-ਮੁਨੀ, ਜੋਧੇ, ਸੂਰਮੇ ਤੇ ਪੀਰ-ਵਲੀ ਕਾਮ ਤੋਂ ਨਹੀਂ ਬਚ ਸਕੇ। ਕਾਮ ਪ੍ਰਥਾਇ ਸ੍ਰੀ ਗੁਰੂ ਨਾਨਕ ਦੇਵ ਜੀ ਸਹਸਕ੍ਰਿਤੀ ਸਲੋਕਾਂ ਵਿਚ ਫੁਰਮਾਂਦੇ ਹਨ :

*ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥*
*ਚਿਤ ਹਰਣੰ ਤ੍ਰੈ ਲੋਕ ਗੰਮ੍ਹੰ ਜਤ ਤਪ ਸੀਲ ਬਿਦਾਰਣਹ॥*
*ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ॥*
*ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ॥*

'ਸੰਤੋਖ' ਦਾ ਇਕ ਲਛਣ ਜਤਿ-ਸਤਿ ਵਿਚ ਪ੍ਰਪਕ ਹੋਣਾ ਵੀ ਹੈ। ਸੰਤੋਖੀ ਪੁਰਸ਼ ਆਪਣੀ ਇਸਤਰੀ ਨਾਲ ਸੰਤੁਸ਼ਟ ਰਹਿੰਦਾ ਹੈ, ਜਿਸ ਪ੍ਰਥਾਇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ :

*ਨਿਜ ਨਾਰੀ ਸਿਉਂ ਨੇਹੁ ਤੁਮ ਨਿਤ ਬਢਈਓ॥*
*ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨਾ ਜਈਓ॥*

ਭਾਈ ਗੁਰਦਾਸ ਜੀ ਅਨੁਸਾਰ ਆਪਣੇ ਤੋਂ ਵੱਡੀਆਂ ਨੂੰ ਮਾਵਾਂ, ਛੋਟੀਆਂ ਨੂੰ ਧੀਆਂ ਤੇ ਹਾਣ ਦੀਆਂ ਨੂੰ ਭੈਣਾਂ ਜਾਣਨਾ ਸੰਤੋਖ ਦੀ ਹੀ ਨਿਸ਼ਾਨੀ ਹੈ :

*ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ॥*

### 12.8 ਸੰਤੋਖ-ਹੀਣ ਮਨੁੱਖ ਦੀ ਦਸ਼ਾ

ਗੁਰਬਾਣੀ ਵਿਚ ਜਿਥੇ ਸੰਤੋਖ-ਪ੍ਰਾਪਤੀ ਦੇ ਸਾਧਨ ਦ੍ਰਿੜ ਕਰਵਾਏ ਗਏ ਹਨ, ਉਥੇ ਨਾਲ ਹੀ ਸੰਤੋਖੀ ਮਨੁੱਖ ਦੇ ਲੱਛਣ ਵੀ ਬਾਣੀ ਵਿਚੋਂ ਦੇਖਣ ਨੂੰ ਮਿਲਦੇ ਹਨ। ਇਸ ਦੇ ਨਾਲ ਹੀ ਸੰਤੋਖ-ਹੀਣ ਮਨੁੱਖ ਦੀ ਦਸ਼ਾ ਬਾਰੇ ਵੀ ਗੁਰਬਾਣੀ ਵਿਚ ਵਿਚਾਰ ਮਿਲਦੇ ਹਨ, ਜਿਨ੍ਹਾਂ ਬਾਰੇ ਹੇਠ ਲਿਖੇ ਅਨੁਸਾਰ ਉਲੇਖ ਹੈ :

12.8.1 **ਭੁਖ**

ਦੁਨੀਆਂ ਵਿਚ ਆ ਕੇ ਜੇ ਜੀਵ ਸੰਤੋਖ ਧਾਰਨ ਕਰ ਲਵੇ, ਤਾਂ ਬੜਾਂ. ਪ੍ਰਸੰਨ ਰਹਿੰਦਾ ਹੈ, ਜੇ ਸੰਤੋਖ ਨਾ ਹੋਵੇ ਤਾਂ ਉਸਨੂੰ ਰਜ ਨਹੀਂ ਆਉਂਦਾ। ਗੁਰਬਾਣੀ ਦਾ ਅਟਲ ਫੁਰਮਾਣ ਹੈ ਕਿ 'ਬਿਨਾਂ ਸੰਤੋਖ ਨਹੀ ਕੋਊ ਰਾਜੈ', ਭਾਵ ਸੰਤੋਖ ਤੋਂ ਬਿਨਾਂ ਕਦੇ ਕਿਸੇ ਨੂੰ ਰਜ ਨਹੀਂ ਆਉਂਦਾ। ਸੰਤੋਖਵਾਨ ਦਾ ਅੰਦਰਲਾ ਰਜਿਆ ਹੁੰਦਾ ਹੈ, ਫਿਰ ਉਸ ਅੰਦਰ ਕੋਈ ਕਾਮਨਾ ਨਹੀਂ ਪੈਦਾ ਹੁੰਦੀ। ਦੂਜੇ ਪਾਸੇ ਕਿਸੇ ਭੁਖੇ ਮਨੁੱਖ ਨੂੰ ਜੇ ਦੁਨੀਆਂ ਦੇ ਸਮੁਚੇ ਪਦਾਰਥ ਵੀ ਮਿਲ ਜਾਣ ਤਾਂ ਵੀ ਉਹ ਰਜਦਾ ਨਹੀਂ, ਕਿਉਂਕਿ ਰਜਾਉਣ ਵਾਲਾ ਕੇਵਲ ਸੰਤੋਖ ਹੈ :

*ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥*

12.8.2 **ਲੋਭ**

ਧਰਮ ਦੀ ਦੁਨੀਆਂ ਵਿਚ ਸੰਤੋਖ ਵਡੀ ਚੀਜ਼ ਹੈ। ਸੰਤੋਖੀ ਵਿਅਕਤੀ ਦੀ ਸਾਰੇ ਉਸਤਤਿ ਕਰਦੇ ਹਨ। ਸੰਤੋਖੀ ਪਾਸ ਸਭ ਲੋਕ ਅਨੇਕ ਪ੍ਰਕਾਰ ਦੇ ਪਦਾਰਥ ਲੈ ਕੇ ਹਾਜ਼ਰ ਹੁੰਦੇ ਹਨ, ਪਰੰਤੂ ਲੋਭੀ ਦੇ ਕੋਈ ਲਾਗੇ ਨਹੀਂ ਲਗਦਾ। ਗੁਰ ਫੁਰਮਾਣ ਹੈ :

*ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥*
*ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ॥*

ਦਰਅਸਲ, ਲੋਭੀ ਆਦਮੀ ਦਾ ਨਾ ਕੋਈ ਧਰਮ ਹੁੰਦਾ ਹੈ ਅਤੇ ਨਾ ਹੀ ਕੋਈ ਅਸੂਲ। ਉਸ ਦਾ ਧਰਮ ਤੇ ਅਸੂਲ ਕੇਵਲ ਲਾਲਚ ਹੁੰਦਾ ਹੈ। ਲੋਭੀ ਤੇ ਲਾਲਚੀ ਆਦਮੀ ਨੂੰ ਗੁਰੂ ਸਾਹਿਬ ਨੇ ਹਲਕਾਏ ਕੁਤੇ ਨਾਲ ਤਸ਼ਬੀਹ ਦਿਤੀ ਹੈ। ਜਿਵੇਂ ਹਲਕਾਏ ਕੁਤੇ ਨੂੰ ਟੇਕ ਨਹੀਂ ਹੁੰਦੀ, ਉਸੇ ਤਰ੍ਹਾਂ ਲੋਭੀ ਆਦਮੀ ਦਾ ਮਨ ਵੀ ਸਦਾ ਭਜ-ਨਠ ਵਿਚ ਰਹਿੰਦਾ ਹੈ :

*ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥*
*ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥*

ਬਾਬਾ ਫਰੀਦ ਜੀ ਲੋਭੀ ਦੇ ਮਨ ਦੀ ਟੁਟੇ ਹੋਏ ਛਪਰ ਨਾਲ ਤੁਲਨਾ ਕਰਦੇ ਹਨ। ਬਾਬਾ ਫਰੀਦ ਜੀ ਕਹਿੰਦੇ ਹਨ ਕਿ ਲੋਭ ਹੈ ਤਾਂ ਪਿਆਰ ਨਹੀਂ, ਜੇ ਪਿਆਰ ਦਾ ਕੋਈ ਦਾਅਵਾ ਕਰਦਾ ਹੈ ਤਾਂ ਉਹ ਸਭ ਕੂੜ ਹੈ :

*ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤਾ ਕੂੜਾਂ. ਨੇਹੁ॥*
*ਕਿਚਰ ਝਤਿ ਲਘਾਈਐ ਛਪਰਿ ਤੁਟੈ ਮੇਹੁ॥*

12.9 **ਸਾਰ**

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ 'ਸੰਤੋਖ' ਇਕ ਮਹੱਤਵਪੂਰਨ ਸਦਗੁਣ ਹੈ। ਕਰਮਾਂ ਅਨੁਸਾਰ ਪ੍ਰਾਪਤ ਹੋਏ ਧਨ-ਪਦਾਰਥ ਅਨੁਸਾਰ ਨਿਰਬ!ਹ ਕਰਨਾ ਸੰਤੋਖ ਹੁੰਦਾ ਹੈ। ਭਾਰਤੀ ਅਤੇ ਸਾਮੀ ਧਰਮ ਪਰੰਪਰਾ ਵਿਚ 'ਸੰਤੋਖ' ਬਾਰੇ ਉਲੇਖ ਪ੍ਰਾਪਤ ਹੁੰਦਾ ਹੈ। ਸਿੱਖ ਧਰਮ ਵਿਚ ਵੀ ਸੰਤੋਖ ਦੀ ਨਿਵੇਕਲੀ ਵਿਆਖਿਆ ਕੀਤੀ ਮਿਲਦੀ ਹੈ। ਗੁਰੂ ਸਾਹਿਬਾਨ ਦਾ ਵਿਚਾਰ ਹੈ ਕਿ 'ਸੰਤੋਖ' ਤੋਂ ਬਿਨਾਂ ਇੰਦਰੀਆਂ ਨੂੰ ਵਸ ਵਿਚ ਨਹੀਂ ਕੀਤਾ ਜਾ ਸਕਦਾ। ਜੇਕਰ ਮਨ ਅੰਦਰ ਸੰਤੋਖ ਨਹੀਂ ਤਾਂ ਤਪ ਅਤੇ ਹੋਰ ਸਾਰੇ ਕਰਮ ਨਿਹਫਲ ਹਨ, ਕਿਉਂਕਿ ਪਰਮਾਤਮਾ ਦੀ ਭਗਤੀ ਕੇਵਲ ਉਹੀ ਵਿਅਕਤੀ ਕਰ ਸਕਦਾ ਹੈ ਜਿਸ ਅੰਦਰ ਜਤ, ਸਤ ਅਤੇ ਸੰਤੋਖ ਵਰਗੇ ਗੁਣ ਹੋਣ। ਗੁਰਬਾਣੀ ਵਿਚ 'ਸੰਤੋਖ' ਦੋ ਪ੍ਰਕਾਰ ਦਾ ਦਰਸਾਇਆ ਗਿਆ ਹੈ : ਅੰਦਰੂਨੀ ਤੇ ਬਾਹਰੀ। ਧਾਰਮਿਕ ਜੀਵਨ ਦਾ ਮੁੱਖ ਆਧਾਰ 'ਸੰਤੋਖ' ਹੀ ਹੈ। ਪਰਮਾਤਮਾ ਦੀ ਅਰਾਧਨਾ ਕਰਨ ਵਾਲੇ ਸੰਤੋਖੀ ਸਾਧਕ ਹੀ ਸਫਲਤਾ ਪ੍ਰਾਪਤ ਕਰਦੇ ਹਨ। ਉਹ ਕਦੇ ਮੰਦ-ਕਰਮ ਨਹੀਂ ਕਰਦੇ, ਸਗੋਂ ਚੰਗੀ ਕਿਰਤ ਕਰਦੇ ਹੋਏ ਧਰਮ ਕਮਾਉਂਦੇ ਹਨ। ਅਸਲ ਵਿਚ, ਸੰਤੋਖ ਧਾਰਣ ਕੀਤੇ ਬਿਨਾਂ ਕੋਈ ਵਿਅਕਤੀ ਤ੍ਰਿਪਤ ਨਹੀਂ ਹੋ ਸਕਦਾ। ਗੁਰਬਾਣੀ ਵਿਚ ਸੰਤੋਖ ਪ੍ਰਾਪਤੀ ਦੇ ਕਈ ਸਾਧਨ ਦ੍ਰਿੜ ਕਰਵਾਏ ਗਏ ਹਨ, ਜਿਵੇਂ 'ਗੁਰੂ' ; 'ਨਾਮੁ' ; ਸਤਿਸੰਗਤ; ਸੇਵਾ; ਪ੍ਰਭੂ ਪ੍ਰੇਮ; ਅਰਦਾਸ; ਸਾਦਾ ਜੀਵਨ; ਭਾਣਾ ਅਤੇ ਨਦਰਿ ਆਦਿ। ਇਸੇ ਤਰ੍ਹਾਂ ਸੰਤੋਖੀ ਮਨੁੱਖ ਦੇ ਲਛਣ ਵੀ ਗੁਰਬਾਣੀ ਵਿਚੋਂ ਪ੍ਰਕਾਸ਼ਮਾਨ ਹੁੰਦੇ ਹਨ, ਜਿਨ੍ਹਾਂ ਵਿਚੋਂ ਸੁਕ੍ਰਿਤੁ;

ਦਇਆ; ਸਹਜਿ; ਹੁਕਮ ਅਤੇ ਸੁਚਾ ਆਚਰਣ ਆਦਿ ਵਿਸ਼ੇਸ਼ ਹਨ। ਇਸ ਦੇ ਨਾਲ ਹੀ ਗੁਰਬਾਣੀ ਵਿਚ ਸੰਤੋਖ-ਹੀਣ ਮਨੁੱਖ ਦੀ ਦਸ਼!ਾਂ ਬਾਰੇ ਵੀ ਚਾਣਨਾ ਪਾਇਆ ਗਿਆ ਹੈ। ਸੰਤੋਖੀ ਜਗਿਆਸੂ ਹੀ ਸਰਵ-ਉਚ ਅਧਿਆਤਮਿਕ ਅਵਸਥਾ ਪ੍ਰਾਪਤ ਕਰ ਸਕਦਾ ਹੈ। ਸੰਤੋਖੀ ਬਿਰਤੀ ਗਹ੍ਰਿਣ ਕਰਕੇ 'ਲੋਭ' ਤੋਂ ਪੈਦਾ ਹੋਣ ਵਾਲੇ ਸਾਰੇ ਵਿਕਾਰ ਜਾਂ ਦੁਰਾਚਾਰ ਵੀ ਖਤਮ ਹੋ ਜਾਂਦੇ ਹਨ। ਇਸ ਤਰ੍ਹਾਂ 'ਸੰਤੋਖ' ਜਿਥੇ ਅਧਿਆਤਮਿਕ ਪੱਧਰ 'ਤੇ ਪ੍ਰਭੂ-ਮਿਲਾਪ ਦਾ ਵਸੀਲਾ ਹੈ, ਉਥੇ ਸਮਾਜਿਕ ਪੱਧਰ 'ਤੇ ਵੀ 'ਸੰਤੋਖ' ਨਿਰੋਆ ਸਮਾਜ ਸਿਰਜਣ ਵਿਚ ਸਹਾਈ ਹੁੰਦਾ ਹੈ।

## 12.10 ਸਹਾਇਕ ਪੁਸਤਕ ਸੂਚੀ


1. ਸਰੂਪ ਸਿੰਘ ਅਲੱਗ, *ਗੁਰਬਾਣੀ ਸੰਕਲਪ*, ਅਲੱਗ ਸ਼ਬਦ ਯੁਗ ਚੈਰੀਟੇਬਲ ਟਰਸਟ, ਲੁਧਿਆਣਾ, 2003 (ਚੌਥੀ ਵਾਰ)।
2. ਜਸਵੰਤ ਸਿੰਘ ਨੇਕੀ, *ਗੁਰਮਤਿ ਮਨੋਵਿਗਿਆਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2009.
3. ਰੂਪ ਸਿੰਘ (ਸੰਪਾ.), *ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ,* ਧਰਮ ਪ੍ਰਚਾਰ ਕਮੇਟੀ (ਸ਼੍ਰੋ.ਗੁ.ਪ੍ਰੰ.ਕਮੇਟੀ), ਸ੍ਰੀ ਅੰਮ੍ਰਿਤਸਰ, 2012.
4. ਭਗਤ ਸਿੰਘ (ਗਿਆਨੀ), *ਕਥਾ ਉਪਦੇਸ਼ ਸਾਗਰ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2002 (ਪੰਜਵੀਂ ਵਾਰ)।
5. Avtar Singh, *Ethics of The Sikhs,* Punjabi University, Patiala, 1996 (IIIrd edition)


## 12.11 ਅਭਿਆਸ ਲਈ ਪ੍ਰਸ਼ਨ

1. ਸੰਤੋਖ ਤੋਂ ਕੀ ਭਾਵ ਹੈ?
2. ਸੰਤੋਖ ਦੇ ਅਰਥ, ਪਰਿਭਾਸ਼ਾ ਤੇ ਮਹੱਤਤਾ ਬਾਰੇ ਚਰਚਾ ਕਰੋ।
3. ਸੰਤੋਖ-ਪ੍ਰਾਪਤੀ ਦੇ ਸਾਧਨਾਂ ਉਤੇ ਨੋਟ ਲਿਖੋ।
4. ਸੰਤੋਖੀ ਮਨੁੱਖ ਦੇ ਲੱਛਣਾਂ ਬਾਰੇ ਜਾਣਕਾਰੀ ਦਿਉ।
5. ਸੰਤੋਖ-ਪ੍ਰਾਪਤੀ ਦੀਆਂ ਰੁਕਾਵਟਾਂ ਬਾਰੇ ਦੱਸੋ।